read more on:
www.parwazparkashan.com

ISSN 2321- 4449

# ਕਹਾਣੀ ਧਾਰਾ

43

ਅਕਤੂਬਰ-ਦਸੰਬਰ,2016

ਮੁੱਲ : 40/-



Year:11 Issue No.43

'KAHANI DHARA'(PUNJABI QUARTERLY) Oct.-Dec.,2016 R.N.I. Regd No. PUN PUN 2006/19971



**ਅਕਤੂਬਰ-ਦਸੰਬਰ,2016 ਅੰਕ :43**

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

ਕਹਾਣੀ ਧਾਰਾ

**e-mail:**
kahanidhara@gmail.com
bhagwantrasulpuri@gmail.com

ਸੰਪਾਦਕ
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:
Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,
10 ਅੰਕ: ਡਾਲਰ:40, ਤੇ ਪੌਂਡ: 35
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਨਵੰਬਰ, 2016)

✪ ਸੰਪਾਦਕੀ
ਸਾਡੇ ਸਮਕਾਲ 'ਚ ਪੰਜਾਬੀ ਕਹਾਣੀ, ਆਲੋਚਨਾ ਅਤੇ ਫਿਲਮਾਂ-2
✪ ਕਹਾਣੀਆਂ
1. ਹਨੇਰੇ ਦੀ ਫ਼ਰਦ/ਬਲੀਜੀਤ -5
2. ਰੁਲਦਾ / ਗੋਵਰਧਨ ਗੱਬੀ-16
3. ਕਿਆ ਕੋ ਆਖਿ ਸੁਣਾਏ /ਇੱਛੂਪਾਲ-34
4. ਵਾਹਿਗੁਰੂ ਜੀ ਕਾ ਅੱਲ਼ਾ-ਹੂ...!/ ਗੁਰਪ੍ਰੀਤ ਸਹਿਜੀ-41
5. ਗੋਲਡਨ ਬੈਗ / ਐਸ. ਐੱਚ. ਡਿੰਪਲ-54
ਯਾਦਾਂ: ਜ਼ਾਤ ਦੀ ਸਾਂਝ/ਦਵਿੰਦਰ ਮੰਡ-60
✪ ਮੁਲਾਕਾਤ
''ਔਰਤ ਅਤੇ ਦਲਿਤਾਂ, ਲਈ ਸੰਸਦ ਵਿਚ ਰਾਖਵਾਂਕਰਨ ਕੋਈ ਦਾਨ ਨਹੀ''
- ਪੂਨਮ ਸਿੰਘ-68
✪ ਆਲੋਚਨਾ-
1.ਸੰਘਣੇ ਕਥਾ ਬੋਧ ਵਾਲੇ ਬਿਰਤਾਂਤ ਤੇ ਨਵੀਆਂ ਕਥਾਤਮਕ ਜੁਗਤਾਂ ਵਾਲਾ ਕਹਾਣੀ ਸੰਗ੍ਰਹਿ: ਚਾਰ ਤੱਤ ਦਾ ਪੁਤਲਾ /
- ਸਰਬਜੀਤ ਸਿੰਘ (ਡਾ.)-94
2.ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ: ਵਰਤਮਾਨ ਅਤੇ ਭਵਿੱਖ
- ਡਾ. ਰਵੀ ਰਵਿੰਦਰ-102
3. ਪੰਜਾਬੀ ਭਾਸ਼ਾ ਦੀ ਕੈਨੇਡਾ ਵਿਚ ਸਥਿਤੀ
- ਡਾ. ਭੁਪਿੰਦਰ ਕੌਰ-107
4. ਸਰਹੱਦੀ ਲੋਕਾਂ ਦੀ ਦਾਸਤਾਨ:ਹਿੰਦ-ਪਾਕ ਬਾਰਡਰਨਾਮਾ -ਡਾ. ਪਰਗਟ ਸਿੰਘ-113
5. 1990 ਤੋਂ ਬਾਅਦ ਦੀ ਪੰਜਾਬੀ ਕਹਾਣੀ : ਵਿਭਿੰਨ ਪਾਸਾਰ - ਨਿੰਦਰਪਾਲ ਕੌਰ-120
6.ਹੁੰਗਾਰਾ-128

Titel: :Tribal Painting ;By:Subhash Singh Vyam, Bhopal

✓ ***It is acknowledged that a Grant-in-Aid (towards small publications of other languages) of 20,000 (Rupees Twenty thousand only) has been contributed by the Central Institute of Indian Languages, Mysore towards the publication of 'KAHANI DHARA'(Punjabi) during the financial year 2015-2016***



**ਸੰਪਾਦਕੀ**

# ਸਾਡੇ ਸਮਕਾਲ 'ਚ ਪੰਜਾਬੀ ਕਹਾਣੀ, ਆਲੋਚਨਾ ਅਤੇ ਫਿਲਮਾਂ

ਸਮਕਾਲੀ ਦੌਰ 'ਚ ਜੇਕਰ ਅਸੀਂ ਪੰਜਾਬੀ ਸਾਹਿਤ 'ਤੇ ਨਜ਼ਰ ਮਾਰੀਏ ਤਾਂ ਇੰਝ ਲਗਦਾ ਹੈ ਜਿਵੇਂ ਪੰਜਾਬੀ ਸਾਹਿਤ ਖੜੋਤ ਦਾ ਸ਼ਿਕਾਰ ਹੋ ਗਿਆ ਹੈ। ਸਮਕਾਲੀ ਪਰਚਿਆਂ ਨੂੰ ਚੰਗੇ ਸਾਹਿਤ ਦੀ ਤੋਟ ਤਾਂ ਹਮੇਸ਼ਾਂ ਆਉਂਦੀ ਹੈ ਪਰ ਪਿਛਲੇ ਸਮੇਂ ਵਿਚ ਵਧੇਰੇ ਆਉਣ ਲੱਗ ਪਈ ਹੈ। ਕਹਾਣੀਆਂ ਲਿਖੀਆਂ ਜਾ ਰਹੀਆਂ ਹਨ। ਦੂਜੀ ਪੀੜ੍ਹੀ ਦੇ ਕਹਾਣੀਕਾਰਾਂ ਤੇ ਤੀਜੀ ਪੀੜ੍ਹੀ ਦੇ ਕਹਾਣੀਕਾਰਾਂ ਦੇ ਨਾਲ ਨਾਲ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹਨ ਨੂੰ ਮਿਲ ਰਹੀ ਹਨ। ਪੁਸਤਕਾਂ ਵੀ ਛਪੀ ਜਾਂਦੀਆਂ ਹਨ। ਹਰ ਕਹਾਣੀਕਾਰ ਇਹ ਦਾਅਵਾ ਕਰ ਰਿਹਾ ਹੈ ਬਈ ਮੈਂ ਪਹਿਲੀ ਨਾਲੋਂ ਵੱਖਰੀ ਕਿਸਮ ਦੀ ਕਹਾਣੀ ਲਿਖ ਰਿਹਾ ਹਾਂ... ਮੇਰੀ ਕਹਾਣੀ ਗੁੰਝਲਦਾਰ ਹੈ, ਮੈਂ ਪ੍ਰਯੋਗ ਕਰ ਰਿਹਾ ਹਾਂ, ਮੇਰੇ ਵਿਸ਼ੇ ਨਵੇਂ ਹਨ... ਮੇਰੇ ਪਾਤਰ ਦੁਰਲੱਭ ਹਨ... ਵਗੈਰਾ-ਵਗੈਰਾ...। ਪਰ ਜਦੋਂ ਰਚਨਾ ਨੂੰ ਪੜ੍ਹੀਦਾ ਹੈ ਉਸ ਵਿਚੋਂ ਨਵਾਂ ਕੁਝ ਵੀ ਨਹੀਂ ਪੜ੍ਹਨ ਨੂੰ ਮਿਲਦਾ। ਜੋ ਦੇਰ ਤੀਕ ਕਹਾਣੀ ਚੇਤੇ ਰਹਿ ਸਕੇ। ਪਾਤਰ ਦਿਮਾਗ਼ 'ਚ ਫਸ ਜਾਵੇ ਜਾਂ ਦ੍ਰਿਸ਼ ਦਿਮਾਗ਼ 'ਚ ਘਰ ਕਰ ਜਾਵੇ। ਕਦੇ ਕਦੇ ਹੀ ਕਹਾਣੀ ਪੜ੍ਹਨ ਨੂੰ ਮਿਲਦੀ ਹੈ। ਤੀਜੀ ਪੀੜ੍ਹੀ ਦੇ ਕਹਾਣੀਕਾਰ ਤਾਂ ਆਪਣੇ ਆਪ ਨੂੰ ਦੁਹਰਾਉਣ ਲੱਗੇ ਹੋਏ ਦਿਸਦੇ ਹਨ। ਚੌਥੀ ਪੀੜ੍ਹੀ ਦੇ ਕਈ ਕਹਾਣੀਕਾਰ ਵੀ ਇਸ ਪ੍ਰਵਿਰਤੀ ਦਾ ਸ਼ਿਕਾਰ ਹੋਈ ਜਾ ਰਹੇ ਹਨ। ਪਰ ਤੀਜੀ ਤੇ ਚੌਥੀ ਪੀੜ੍ਹੀ ਦੇ ਲੇਖਕਾਂ ਨੇ ਅਨੇਕਾਂ ਯਾਦਗਾਰੀ ਕਹਾਣੀਆਂ ਵੀ ਸਾਨੂੰ ਦਿੱਤੀਆਂ ਹਨ ਇਸ ਨੂੰ ਝੁਠਲਾਇਆ ਨਹੀਂ ਜਾ ਸਕਦਾ।1990 ਦੇ ਆਸ-ਪਾਸ ਇਕ ਸਮਾਂ ਇਹ ਵੀ ਆਇਆ ਜਦੋਂ ਚੌਥੀ ਪੀੜ੍ਹੀ ਦੀ ਨਿਸ਼ਾਨਦੇਹੀ ਹੋਣ ਲੱਗੀ। ਦੋ ਦਹਾਕਿਆਂ ਦੌਰਾਨ ਵੀਹ ਕੁ ਕਹਾਣੀਕਾਰਾਂ ਨੇ ਚੌਥੀ ਪੀੜ੍ਹੀ ਵਜੋਂ ਆਪਣੀ ਪਛਾਣ ਬਣਾਉਣੀ ਸ਼ੁਰੂ ਕਰ ਦਿੱਤੀ। ਕੁਝ ਕਹਾਣੀਕਾਰ ਤੀਜੀ ਤੇ ਚੌਥੀ ਪੀੜ੍ਹੀ ਦੇ ਵਿਚਕਾਰ ਫਸ ਗਏ। ਖ਼ੈਰ ਨਿਸਚੇ ਹੀ ਇਸ ਪੀੜ੍ਹੀ ਦੇ ਕਹਾਣੀਕਾਰਾਂ ਨੇ ਇਕ ਥਾਂ ਖੜ ਗਈ ਪੰਜਾਬੀ ਕਹਾਣੀ ਨੂੰ ਅੱਗੇ ਤੋਰਿਆ। ਇਹ ਕਹਾਣੀਕਾਰ ਨਵੇਂ ਵਿਸ਼ੇ ਲੈ ਕੇ ਆਏ, ਇਨ੍ਹਾਂ ਦੀ ਕਹਾਣੀ ਦਾ ਅੰਦਾਜ਼ ਨਵੇਕਲਾ ਸੀ। ਚਿਹਨ ਨਵੇਂ ਸਨ ਤੇ ਇਨ੍ਹਾਂ ਨਗੀਨੇ, ਸ਼ਬਦ ਜਾਲ਼ ਬੁਣਨ ਤੋਂ ਗੁਰੇਜ਼ ਕੀਤਾ। ਕਹਾਣੀ ਬਹੁ ਪਰਤੀ ਤੇ ਬਹੁ ਦਿਸ਼ਾਵੀ ਹੋਣ ਲੱਗ ਪਈ। ਪਾਤਰ ਖੁੱਲ ਕੇ ਆਪਣੇ ਅਸਤਿਤਵ ਨਾਲ ਵਿਚਰਨ ਲੱਗੇ। ਉਹ ਵਿਸ਼ੇ ਜੋ ਵਰਜ਼ਿਤ ਸਨ, ਜਿਨ੍ਹਾਂ ਵਿਸ਼ਿਆ ਤੇ ਪਹਿਲਾਂ ਲਿਖਿਆ ਨਹੀਂ ਗਿਆ ਸੀ, ਜੋ ਪਾਤਰ ਹਾਸ਼ੀਏ ਤੇ ਪਏ ਸਨ ਉਹ ਕਹਾਣੀ ਦੇ ਕੇਂਦਰ 'ਚ ਆਉਣ ਲੱਗ ਪਏ। ਰਿਸ਼ਤਿਆਂ ਦੇ ਸਮੀਕਰਨ ਤੇ ਨੈਤਿਕਤਾ ਦੇ ਮਾਪਦੰਡ ਨਵੇਂ ਬਣਨ ਲੱਗੇ। ਇਸ ਨਵੀਂ ਕਹਾਣੀ ਸਮਝਣ ਲਈ ਸਾਡੇ ਕੋਲ ਨਾਨਕ ਸਿੰਘ, ਪ੍ਰੀਤ ਲੜੀ, ਸੇਖੋਂ, ਸੁਜਾਨ ਸਿੰਘ, ਅਜੀਤ ਕੌਰ, ਸੁਖਵੰਤ ਕੌਰ ਮਾਨ, ਮੋਹਨ ਭੰਡਾਰੀ, ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼, ਅਤਰਜੀਤ, ਕਿਰਪਾਲ ਕਜ਼ਾਕ, ਗੋਰਖੀ, ਪਰਗਟ ਸਿੰਘ ਸਿੱਧੂ, ਰਾਮ ਸਰੂਪ ਅਣਖੀ, ਨਛੱਤਰ, ਲਿੱਟ ਅਤੇ ਹੋਰ ਅਨੇਕਾਂ ਦੀ ਕਹਾਣੀ ਮੌਜੂਦ ਸੀ। ਅਕਾਦਮਿਕ ਪੱਧਰ 'ਤੇ ਗਲਪ ਆਲੋਚਕਾਂ ਨੇ ਚੌਥੀ ਪੀੜ੍ਹੀ ਦੀ ਕਹਾਣੀ ਤੇ ਕਹਾਣੀਕਾਰਾਂ ਨੂੰ ਪੱਕੀ ਪੀਡੀ ਪਛਾਣ ਦੇਣੀ ਸ਼ੁਰੂ ਕਰ ਦਿੱਤੀ। ਖੋਜ ਵਿਦਿਆਰਥੀਆਂ ਨੂੰ ਆਪਣੀ ਖੋਜ ਲਈ ਨਵੇਂ ਵਿਸ਼ੇ ਮਿਲਣ ਲੱਗੇ। ਅੱਜ ਇਸ ਪੀੜ੍ਹੀ ਦੇ ਹਰ ਕਹਾਣੀਕਾਰ ਨੇ 30 ਤੋਂ 50 ਦੇ

ਕਰੀਬ ਕਹਾਣੀਆਂ ਲਿਖ ਲਈ ਹਨ। ਤਿੰਨ-ਤਿੰਨ, ਚਾਰ-ਚਾਰ ਕਹਾਣੀ ਸੰਗ੍ਰਹਿ ਹਰ ਇਕ ਦੇ ਛਪ ਚੁੱਕੇ ਹਨ। ਕਹਾਣੀਕਾਰ ਨੂੰ ਸਮਝਣ ਲਈ ਐਨੀ ਸਮੱਗਰੀ ਕਾਫੀ ਹੁੰਦੀ ਹੈ। ਕੁਝ ਇਕ ਦੀ ਗਿਣਤੀ ਵੱਧ ਵੀ ਹੋ ਸਕਦੀ ਹੈ। ਸਮਕਾਲੀ ਦੌਰ ਵਿਚ ਵੀ ਕਹਾਣੀ ਸੰਗ੍ਰਹਿ ਛਪ ਰਹੇ ਹਨ। ਸਮਕਾਲੀ ਸਮੇਂ ਵਿਚ ਖੜ ਕੇ ਜਦੋਂ ਮੈਂ ਇਨ੍ਹਾਂ ਸਮੁੱਚੀਆਂ ਕਹਾਣੀਆਂ ਨੂੰ ਜਿਹਨ 'ਚ ਚਿਤਵ ਕੇ ਵੇਖਦਾ ਹਾਂ ਤਾਂ ਲੱਗਦਾ ਹੈ ਕਿ ਇਸ ਪੀੜ੍ਹੀ ਦੀ ਕਹਾਣੀ ਇਕ ਥਾਂ ਆ ਕੇ ਰੁਕ ਗਈ ਹੈ। ਬਹੁਤੇ ਲੇਖਕ ਆਪਣੇ ਆਪ ਨੂੰ ਹੀ ਦੁਹਰਾਉਣ ਲੱਗ ਪਏ ਹਨ। ਉਨ੍ਹਾਂ ਦੇ ਕਹਾਣੀ ਖੇਤਰ ਵਿਚ ਆਪਣੇ ਬਣਾਏ ਹੋਏ ਰਿਕਾਰਡ ਟੁੱਟ ਨਹੀਂ ਰਹੇ। ਉਨ੍ਹਾਂ ਦੀ ਸਮਕਾਲੀ ਸਮੇਂ ਵਿਚ ਲਿਖੀਆਂ ਕਹਾਣੀਆਂ ਦੀ ਉਨੀ ਚਰਚਾ ਨਹੀਂ ਹੁੰਦੀ ਜਿੰਨੀ ਚਰਚਾ ਉਨ੍ਹਾਂ ਦੀਆਂ ਮੁਢਲੀਆਂ ਕਹਾਣੀਆਂ ਦੀ ਹੁੰਦੀ ਸੀ। ਜਿਨ੍ਹਾਂ ਕਹਾਣੀਆਂ ਨੇ ਉਨ੍ਹਾਂ ਦੀ ਬਤੌਰ ਕਹਾਣੀਕਾਰ ਦੇ ਤੌਰ ਤੇ ਪਛਾਣ ਬਣਾਈ ਸੀ। ਚਲ ਰਹੇ ਦਹਾਕੇ 'ਚ ਅਨੇਕਾਂ ਸੱਭਿਆਚਾਰਕ, ਸਮਾਜਿਕ, ਪਰਿਵਾਰਕ, ਆਰਥਿਕ, ਮਾਨਸਿਕ, ਤਬਦੀਲੀਆਂ ਵੱਡੀ ਪੱਧਰ ਤੇ ਵਾਪਰੀਆਂ ਹਨ। ਮੇਰਾ ਕਿੱਤਾ ਹੀ ਸਮਕਾਲੀ ਸਾਹਿਤ ਖਾਸ ਕਰਕੇ ਕਹਾਣੀ ਪੜ੍ਹਨਾ ਹੈ ਤਾਂ ਮੈਨੂੰ ਲਗਦਾ ਹੈ ਕਿ ਕਈ ਕਹਾਣੀਕਾਰ ਘਟਨਾਵਾਂ ਚੋਂ ਕਹਾਣੀਆਂ ਘੜਨ ਲਗ ਪਏ ਹਨ। ਕਹਾਣੀ ਸਹਿਜ ਗਤੀ ਵਿਚ ਉਨ੍ਹਾਂ ਕੋਲ ਨਹੀਂ ਆ ਰਹੀ ਜਾਂ ਨਵੀਂ ਜ਼ਿੰਦਗੀ ਦਾ ਲੁਕਵਾ ਸੱਚ ਫੜ੍ਹਿਆ ਨਹੀਂ ਜਾ ਰਿਹਾ। ਭਾਵੇਂ ਕਿ ਪੰਜਵੀਂ ਪੀੜ੍ਹੀ ਦੀ ਨਿਸ਼ਾਨਦੇਹੀ ਵੀ ਹੋਣ ਲੱਗ ਪਈ ਹੈ। ਮੈਂ ਵੀ 'ਕਹਾਣੀ ਧਾਰਾ' ਦਾ ਪੰਜਵੀਂ ਪੀੜ੍ਹੀ ਦਾ ਇਕ ਅੰਕ ਪ੍ਰਕਾਸ਼ਤ ਕੀਤਾ ਸੀ। ਪਰ ਇਨ੍ਹਾਂ ਚੋਂ ਅਜੇ ਕੋਈ ਆਪਣੀ ਨਿਵੇਕਲੀ ਪਛਾਣ ਬਣਾ ਨਹੀਂ ਸਕਿਆ। ਭਾਵੇਂ 'ਯੁਵਾ ਪੁਰਸਕਾਰ' (ਭਾਰਤੀ ਸਾਹਿਤਯ ਅਕਾਦਮੀ,ਦਿੱਲੀ) ਦੇ ਮਧਿਆਮ ਰਾਹੀ ਨਵੇਂ ਲੇਖਕ ਉਭਰੇ ਹਨ। ਪਰ ਉਨ੍ਹਾਂ ਦੀ ਰਚਨਾ ਦੀ ਵਿਲੱਖਣਤਾ, ਨਿਵੇਕਲਾਪਨ, ਅਜੇ ਭਵਿੱਖ ਦੇ ਗਰਭ 'ਚ ਪਿਆ ਹੈ। ਪੰਜਾਬ ਵਿਚ ਰਹਿ ਰਿਹਾ ਬਹੁਤ ਸਾਰਾ ਅਜਿਹਾ ਸੈਕਸ਼ਨ ਹੈ ਜੋ ਅਜੇ ਤੱਕ ਵੀ ਕਹਾਣੀ ਦਾ ਅੰਗ ਨਹੀਂ ਬਣ ਸਕਿਆ। ਗਧੀਲੇ, ਸੈਂਸੀ, ਬਾਜੀਗਰ, ਬੌਰੀਏ, ਕਬੀਰ ਪੰਥੀ, ਜੁਲਾਹੇ, ਬਾਲਮੀਕੀ ਹੋਰ ਬਹੁਤ ਸਾਰੇ ਸੈਕਸ਼ਨ ਹਨ। ਇਹ ਲੋਕ ਕਹਾਣੀ ਦੀ ਮੁੱਖ ਧਾਰਾ ਵਿਚ ਕਦੋਂ ਆਉਣਗੇ। ਉਦੋਂ ਜਦੋਂ ਇਨ੍ਹਾਂ ਵਿਚੋਂ ਪੜ੍ਹ ਲਿਖ ਕੇ ਲੇਖਕ ਉੱਠਣਗੇ ਤਾਂ ਉਦੋਂ ਉਹ ਘਸ ਚੁੱਕੇ ਵਿਸ਼ਿਆ ਦੇ ਜਮੂਦ ਨੂੰ ਤੋੜਨਗੇ।

ਨਾਲ ਲਗਦੀ ਆਲੋਚਨਾ ਦੀ ਗੱਲ ਵੀ ਹੋ ਜਾਵੇ ਤਾਂ ਚੰਗਾ ਰਹੇਗਾ। ਅਕੈਡਮਿਕ ਲੋੜਾਂ ਤੋਂ ਉਪਜੀ 'ਖੋਜ ਵਿਦਿਆਰਥੀਆਂ' ਦੀ ਆਲੋਚਨਾ ਪਿਛਲੇ ਸਮੇਂ 'ਚ ਵੱਡੀ ਪੱਧਰ 'ਤੇ ਸਾਹਮਣੇ ਆ ਰਹੀ ਹੈ। ਇਸ ਤਰ੍ਹਾਂ ਦੀ ਹਲਕੀ ਆਲੋਚਨਾ ਨੇ ਸਾਡੇ ਹਰ ਵਿਧਾ ਦੇ ਲੇਖਕਾ ਦੇ ਮਨਾਂ ਅੰਦਰ ਬਹੁਤ ਸਾਰੇ ਭਰਮ ਪੈਦਾ ਕਰ ਦਿੱਤੇ ਹਨ। ਲੇਖਕ ਆਪਣੇ ਆਪ ਨੂੰ ਸਥਾਪਿਤ ਲੇਖਕ ਸਮਝਣ ਲੱਗ ਪੈਂਦਾ ਹੈ। ਨਵ ਪ੍ਰਤਿਭਾ ਖੋਜੀ ਆਪਣੇ ਆਪ ਨੂੰ ਆਲੋਚਕ ਮੰਨਣ ਲੱਗ ਪੈਂਦਾ ਹੈ। ਹੁਣ ਕਈ ਲੇਖਕ ਵੀ ਆਪਣੇ ਪੱਧਰ ਤੇ ਇਹ ਕਾਰਜ ਕਰਵਾਉਣ ਲੱਗ ਪਏ ਹਨ। ਦੋਹਾਂ ਦੇ ਆਲੇ ਦੁਆਲੇ ਬਹੁਤ ਵੱਡਾ ਭਰਮਜ਼ਾਲ ਬਣਨ ਲੱਗ ਪਿਆ ਹੈ। ਇਸ ਕਿਸਮ ਦੀ ਆਲੋਚਨਾ ਕਿੱਤੇ ਨਾਲ ਜਾਂ ਰੋਜਗਾਰ ਨਾਲ ਸਿੱਧੀ ਜੁੜੀ ਹੋਈ ਹੈ। ਕਿਸੇ ਨੇ ਪੀ. ਐਚਡੀ ਦੀ ਡਿਗਰੀ ਲੈਣੀ ਹੈ ਤੇ ਕਿਸੇ ਨੇ ਆਰਜ਼ੀ ਤੌਰ ਤੇ ਜਾਂ ਪੱਕੇ ਤੌਰ ਤੇ ਕਾਲਜ 'ਚ ਰੋਜਗਾਰ ਪ੍ਰਾਪਤ ਕਰਨਾ ਹੈ। ਇਸ ਕਿਸਮ ਦੀ ਆਲੋਚਨਾ ਦਾ ਮਕਸਦ ਚੰਗੇ ਸਾਹਿਤ ਦਾ ਵਿਸ਼ਲੇਸ਼ਣ ਕਰਨਾ ਨਹੀਂ ਬਲਕਿ ਵਰਕੇ ਕਾਲ਼ੇ ਕਰਕੇ ਕਿਤਾਬਾਂ ਛਾਪਣਾ ਹੈ। ਇਸ ਕਿਸਮ ਦੀ ਆਲੋਚਨਾ ਨੇ ਪੰਜਾਬੀ ਸਾਹਿਤ ਦੀ ਆਲੋਚਨਾ



ਦਾ ਮਿਆਰ ਬਹੁਤ ਥੱਲੇ ਡਿੱਗਾ ਦਿੱਤਾ ਹੈ। ਲੇਖਕਾਂ ਵੱਲੋਂ ਆਪਣੇ 'ਤੇ ਆਲੋਚਨਾ ਦੀਆਂ ਪੁਸਤਕਾਂ ਸੰਪਾਦਤ ਕਰਨ ਦਾ ਰੁਝਾਨ ਵੀ ਕਾਫੀ ਵਧ ਰਿਹਾ ਹੈ। ਪਰ ਇਸ ਆਲੋਚਨਾ ਦੇ ਹੜ੍ਹ 'ਚ ਕੁਝ ਪ੍ਰਤੀਬੱਧ ਆਲੋਚਕ ਆਪਣਾ ਸਾਰਥਿਕ ਤੇ ਉੱਚ ਪੱਧਰ ਦਾ ਕਾਰਜ ਵੀ ਕਰੀ ਜਾ ਰਹੇ ਹਨ। ਅਸਲ ਵਿਚ ਇਸ ਕਿਸਮ ਦੀ ਆਲੋਚਨਾ ਦਾ ਮੁੱਲ ਹੀ ਪੈਂਦਾ ਹੈ। ਬਾਕੀ ਆਲੋਚਨਾ ਅਤੇ ਏਥੋਂ ਤੱਕ ਸਾਹਿਤ ਨੇ ਤਾਂ ਖਾਦ ਦਾ ਕਾਰਜ ਹੀ ਕਰਨਾ ਹੁੰਦਾ ਹੈ।

ਪੰਜਾਬੀ ਕਵਿਤਾ ਦਾ ਪੱਧਰ ਵੀ ਬਹੁਤ ਥੱਲੇ ਚਲੇ ਗਿਆ ਹੈ। ਹੁਣ ਸਥਿਤੀ ਇਹ ਹੈ ਕਿ ਵੱਡੀ ਪੱਧਰ ਤੇ ਕਵਿਤਾ ਛਪ ਰਹੀ ਹੈ। ਢੇਰਾਂ ਦੇ ਢੇਰ ਕਵਿਤਾ ਦੀਆਂ ਕਿਤਾਬਾਂ ਛਪਦੀਆਂ ਹਨ। ਬਹੁਤੀਆਂ ਪ੍ਰਸ਼ਾਦ ਵਾਂਗ ਵੰਡੀਆਂ ਜਾਂਦੀਆਂ ਹਨ। ਮੇਰੇ ਮਨ ਅੰਦਰ ਇਹ ਸਵਾਲ ਵਾਰ ਵਾਰ ਉੱਠਦਾ ਹੈ ਕਿ ਪੰਜਾਬੀ ਕਵਿਤਾ ਕਿਉਂ ਨਹੀਂ ਪਾਸ਼, ਲਾਲ ਸਿੰਘ ਦਿਲ, ਆਲਮ, ਪਾਤਰ, ਜਗਤਾਰ, ਸ਼ਿਵ, ਪਾਲ ਕੌਰ ਤੋਂ ਅੱਗੇ ਨਹੀਂ ਤੁਰ ਰਹੀ। ਨਵਾਂ ਜ਼ਮਾਨਾਂ ਦਾ ਸਾਹਿਤ ਸੰਪਾਦਕ ਬਲਬੀਰ ਪਰਵਾਨਾ ਰੀਵਿਊ ਉਪਰੰਤ ਪੁਸਤਕਾਂ ਪਾਠਕਾਂ ਨੂੰ ਪੜ੍ਹਨ ਲਈ ਭੇਟ ਕਰਦਾ ਰਹਿੰਦਾ ਹੈ। ਇਨ੍ਹਾਂ ਕਵਿਤਾ ਦੇ ਢੇਰ ਵਿਚੋਂ ਕਿਉਂ ਕਵਿਤਾ, ਗ਼ਜ਼ਲਾਂ ਤੇ ਆਲੋਚਨਾ ਦੀਆਂ ਕਿਤਾਬਾਂ ਪਈਆਂ ਰਹਿੰਦੀਆਂ ਹਨ। ਜਿਨ੍ਹਾਂ ਨੂੰ ਕੋਈ ਪਾਠਕ ਮੁਫ਼ਤ 'ਚ ਵੀ ਨਹੀਂ ਚੁੱਕਦਾ। ਇਹ ਗੱਲ ਸੋਚਣ ਵਾਲੀ ਹੈ।

ਨਾਵਲਕਾਰ ਇਤਿਹਾਸ ਵਿਚੋਂ ਆਪਣੀ ਪਛਾਣ ਲੱਭਣ ਲੱਗ ਪਏ ਹਨ। ਅਨੇਕਾਂ ਵੱਡੇ ਅਕਾਰ ਵਿਚ ਨਾਵਲ ਹੋਂਦ ਵਿਚ ਆਉਣ ਲੱਗ ਪਏ।

ਪੰਜਾਬੀ 'ਚ ਸਾਹਿਤਕ ਰਚਨਾਵਾਂ ਤੇ ਬਣ ਰਹੀਆਂ ਫਿਲਮਾਂ ਦੀ ਪ੍ਰੰਪਰਾ ਵੀ ਮੱਠੀ ਤੋਰੇ ਚਲ ਰਹੀ ਹੈ। ਇਹ ਚੰਗਾ ਉਪਰਾਲਾ ਹੈ। ਪਿਛਲੇ ਦਿਨੀਂ ਆਪਣੀ ਕਨੇਡਾ ਫੇਰੀ ਸਮੇਂ ਮੈਂ Lawrence Hill ਦੇ ਜਗਤ ਪ੍ਰਸਿੱਧ ਨਾਵਲ The Book of Negroes ਤੇ ਪੰਜ ਭਾਗਾਂ 'ਚ ਅਤੇ Howard Fast ਦੇ ਨਾਵਲ Spartacus ਤੇ ਬਣੀਆਂ ਫਿਲਮਾਂ ਦੇਖਣ ਦਾ ਮੌਕਾ ਮਿਲਿਆ। ਸਮਾਂ ਖੁੱਲ੍ਹਾਂ ਹੋਣ ਕਰਕੇ ਮੈਂ ਤਿੰਨ-ਚਾਰ ਵਾਰ ਇਹ ਫਿਲਮਾਂ ਵੇਖੀਆਂ। ਇਨ੍ਹਾਂ ਦਾ ਹਰ ਪਹਿਲੂ ਤੁਹਾਨੂੰ ਫਿਲਮ ਨਾਲ ਬੰਨ੍ਹੀ ਰੱਖਦਾ ਹੈ। ਇਨ੍ਹਾਂ ਫਿਲਮਾਂ ਨੂੰ ਦੇਖਣ ਉਪਰੰਤ ਮੇਰੇ ਮਨ ਵਿਚ ਪੰਜਾਬੀ ਨਾਵਲਾਂ ਤੇ ਕਹਾਣੀਆਂ 'ਤੇ ਬਣੀਆਂ ਫਿਲਮਾਂ, 'ਪਿੰਜਰ', 'ਇਕ ਚਾਦਰ ਅੱਧੋਰਾਣੀ', 'ਪਾਕਿਸਤਾਨ ਮੇਲ' (ਸਾਂਝੇ ਪੰਜਾਬ ਦੀ ਕਹਾਣੀ), ਮੜੀ ਦਾ ਦੀਵਾ', 'ਚੌਥੀ ਕੂੰਟ', 'ਆਤੂ ਖੋਜੀ' , 'ਏਹੋ ਹਮਾਰਾ ਜੀਵਨਾ' (ਲੜੀਵਾਰ ਸੀਰੀਅਲ) ਆ ਗਈਆਂ। ਭਾਰਤੀ ਕਹਾਣੀਆਂ ਤੇ ਅਧਾਰਤ ਗੁਲਜ਼ਾਰ ਦੀਆਂ ਫ਼ਿਲਮਾਂ ਵੀ ਚੇਤੇ ਆ ਗਈਆਂ। ਬਿਨਾਂ ਸ਼ੱਕ ਇਨ੍ਹਾਂ ਫਿਲਮਾਂ ਦੀ ਵੀ ਆਪਣੀ ਸਾਰਥਕਤਾ ਹੈ ਅਤੇ ਇਨ੍ਹਾਂ ਦਾ ਆਪਣਾ ਇਤਿਹਾਸਕ ਰੋਲ ਹੈ। ਇਨ੍ਹਾਂ ਦੀ ਸਮੇਂ ਸਮੇਂ ਚਰਚਾ ਵੀ ਹੁੰਦੀ ਰਹਿੰਦੀ ਹੈ। ਪਰ ਇਹ ਫਿਲਮਾਂ ਵੱਡੀ ਪੱਧਰ ਤੇ ਦਰਸ਼ਕਾਂ ਤੀਕ ਨਹੀਂ ਪਹੁੰਚ ਸਕੀਆਂ। ਪ੍ਰੰਤੂ ਇਨ੍ਹਾਂ ਫਿਲਮਾਂ ਦਾ ਇਹ ਰੋਲ ਬੜਾ ਸਾਰਥਕ ਹੈ ਕਿ ਇਹ ਪੱਪੂਲਰ ਤੇ ਬਾਜ਼ਾਰੂ ਸਿਨੇਮਾ ਦੇ ਸਮਾਨਾਂਤਰ ਜਾਂ ਪੈਰਲਰ ਕਲਚਰ ਪੈਦਾ ਕਰ ਰਹੀਆਂ ਹਨ। ਇਸ ਲੜੀ ਤਹਿਤ ਪੰਜਾਬ ਦੇ ਚਰਚਿਤ ਨਿਰਦੇਸ਼ਕ ਰਜੀਵ ਨੇ ਮੇਰੀ ਕਹਾਣੀ 'ਧੁੜ' 'ਤੇ ਪੰਜਾਬੀ ਫਿਲਮ 'ਚੰਮ' ਬਣਾਈ ਹੈ ਜੋ ਬਹੁਤ ਜਲਦੀ ਵੇਖਣ ਨੂੰ ਮਿਲੇਗੀ। ਇਸ ਫਿਲਮ ਵਿਚ ਹਾਸ਼ੀਏ ਤੇ ਧਕੇਲ ਦਿੱਤੇ ਗਏ ਚੰਮ ਲਾਹੁਣ ਦਾ ਕੰਮ ਕਰਨ ਵਾਲੇ ਦਲਿਤ ਪਰਿਵਾਰ ਦੀ ਸਮਾਜਿਕ ਜ਼ਿੰਦਗੀ ਨੂੰ ਪਹਿਲੀ ਵਾਰ ਚਿਤਰਿਆ ਗਿਆ ਹੈ। ਇਸ ਤਰ੍ਹਾਂ ਦੇ ਯਤਨ ਹੋਰ ਵੀ ਹੋ ਰਹੇ ਹਨ। ਇਹ ਉਪਰਾਲਾ ਪੰਜਾਬੀ ਸਾਹਿਤ ਲਈ ਸ਼ੁੱਭ ਸਗਨ ਵੀ ਕਿਹਾ ਜਾ ਸਕਦਾ ਹੈ।

**- ਭਗਵੰਤ ਰਸੂਲਪੁਰੀ**

## ਕਹਾਣੀ / ਹਨੇਰੇ ਦੀ ਫ਼ਰਦ / - ਬਲੀਜੀਤ

... ਹੁਣ ਤੱਕ ਮੈਨੂੰ ਆਪਣੇ ਭਾਈ ਦੇ ਨਵੇਂ ਘਰ ਦੀ ਚੱਠ 'ਤੇ ਜਾਣ ਦਾ ਚਾਅ ਸੀ।

... ਪਰ ਉੱਚੀ ਚੌੜੀ ਸੜ੍ਹਕ ਤੋਂ ਖੱਬੇ ਹੱਥ ਛੋਟੀ ਨੀਵੀਂ ਕਮੇਟੀ ਦੀ ਗਲੀ ਵਿਚ ਉਤਰਦਿਆਂ ਮੇਰੀ ਨਿਗ੍ਹਾ ਚੁੰਧਿਆ ਗਈ। ਸਾਹਮਣੇ ਸਰਕਾਰੀ ਤਿੰਨ-ਮੰਜ਼ਲਾ ਉੱਚੇ ਸ਼ੋਅ-ਰੂਮਾਂ ਦੀ ਕਤਾਰ ਸੀ। ਜਿਹਨਾਂ ਦੇ ਮੱਥੇ 'ਤੇ ਚਮਕਦੇ ਬੋਰਡ ਲਟਕ ਰਹੇ ਸਨ। ਮੇਰੀਆਂ ਲੱਤਾਂ ਅੰਦਰ ਹੇਠਾਂ ਨੂੰ ਕੁੱਝ ਠੰਡਾ ਠੰਡਾ ਗਿਰਦਾ ਲੱਗਿਆ। ਪੈਰਾਂ 'ਚ ਜੁੱਤੀ ਢਿੱਲੀ ਹੋ ਕੇ ਚਮੜੀ ਤੋਂ ਅਲੱਗ ਮਹਿਸੂਸ ਹੋਣ ਲੱਗੀ...

ਸਰਕਾਰੀ ਸ਼ੋਅ-ਰੂਮਾਂ ਦੀ ਕਤਾਰ...

ਸਰਕਾਰ ਤਾਂ...

ਚਲੋ ਕੋਈ ਨਾ ਸਰਕਾਰ ਤਾਂ ਫੇਰ। ਇਕ ਵਾਰੀ ਫੇਰ। ਪਤਾ ਨਹੀਂ ਕਿੰਨਵੀਂ ਵਾਰ...

ਸਾਡਾ ਪੁਰਾਣਾ ਘਰ...

ਸ਼ੋਅ-ਰੂਮਾਂ ਦੀ ਕਤਾਰ ਉੱਤੇ ਨਿਗ੍ਹਾ ਟਿਕੀ ਤਾਂ ਘਬਰਾ ਕੇ ਖੜ੍ਹ ਗਿਆ। ਪੈਰਾਂ ਨੇ ਤੁਰਨ ਤੋਂ ਨਾਂਹ ਕਰ ਦਿੱਤੀ।

ਪੁਰਾਣਾ ਘਰ ਦੋ ਵਾਰ ਢਾਅ ਕੇ, ਭਰਤ ਪਾ ਕੇ ਪੁਰਾਣੀਆਂ ਨੀਹਾਂ ਉੱਤੇ ਹੀ ਦੁਬਾਰਾ ਉੱਚਾ ਚੁੱਕ ਦਿੱਤਾ। ਮਰ ਗਏ ਦਾਦੇ ਪੜਦਾਦੇ ਤੋਂ ਲੈ ਕੇ ਭਰਤ ਢੋਂਹਦੇ। ਸਿਰਾਂ 'ਤੇ ਝਿਊਰਾਂ ਦੀਆਂ ਤੂਤ ਦੀਆਂ ਬਣਾਈਆਂ ਟੋਕਰੀਆਂ 'ਚ ਮਿੱਟੀ ਮਲਬਾ ਸੁੱਟਦੇ। ਨੀਵੇਂ ਅੰਦਰਾਂ 'ਚ ਬਰਸਾਤ ਦਾ ਪਾਣੀ ਵੜੀ ਜਾਂਦਾ। ਅਸੀਂ ਮਿੱਟੀ ਪਾ ਕੇ ਕੱਚੇ ਫਰਸ਼ ਉੱਚੇ ਚੁੱਕੀ ਜਾਂਦੇ। ਛੱਤਾਂ ਨੀਵੀਂਆਂ ਹੋ ਕੇ ਸਿਰਾਂ ਨੂੰ ਲੱਗਣ ਲੱਗ ਪੈਂਦੀਆਂ। ਮੱਝਾਂ ਦੇ ਛੱਪਰ ਉੱਚੇ ਚੁੱਕ ਦਿੱਤੇ। ਪਿੱਲੀਆਂ ਕੰਧਾਂ ਕੌਲ਼ੇ ਗੇਰ ਦਿੱਤੇ। ਬਾਲੇ-ਸ਼ਤੀਰੀਆਂ ਵਾਲੇ ਵਾਸੂ ਖਣ ਢਾਹ ਦਿੱਤੇ। ਅਸੀਂ ਜਿੰਨਾ ਕੁ ਭਰਤ ਪਾਉਂਦੇ, ਆਲਾ-ਦੁਆਲਾ ਉਸ ਤੋਂ ਹੋਰ ਉੱਚਾ ਹੋਈ ਜਾਂਦਾ। ਸਭ ਤੋਂ ਪਹਿਲਾਂ ਸਰਕਾਰ ਹੀ ਨਾ ਹਟਦੀ ਸੜ੍ਹਕ ਉੱਚੀ, ਚੌੜੀ ਕਰਨ ਤੋਂ। ਹਰ ਬਰਸਾਤ ਤੋਂ ਬਾਅਦ ਕੁੱਝ ਢਾਹੁਣ ਤੇ ਹੋਰ ਬਣਾਉਣ ਦੀ 'ਸਕੀਮ' ਸੋਚਣੀ, ਸਮਝਣੀ, ਤੋਰਨੀ ਪੈਂਦੀ। ਆਪਣੇ ਅੰਦਰ ਇੱਕ ਹੋਰ ਨਵੀਂ ਆਸ ਪੈਦਾ ਕਰਨੀ ਪੈਂਦੀ। ਮਾਂ ਕਹਿੰਦੀ ਹੁੰਦੀ ਸੀ ਪੁਰਾਣੇ ਬੁੜ੍ਹੇ-ਬੁੜ੍ਹੀਆਂ ਦਿਨ ਛਿਪਦੇ ਸਾਰ ਰੌਲ਼ਾ ਪਾ ਦਿੰਦੇ ਬਈ ਛੇਤੀ ਰੋਟੀ-ਟੁੱਕ ਨਬੇੜੋ। ਨੇਰ੍ਹਾ ਢੋਣਾ। ਸਾਰੀ ਰਾਤ ਪੱਲੇ ਭਰ ਭਰ ਨੇਰ੍ਹਾ ਅੰਦਰਾਂ 'ਚੋਂ ਬਾਹਰ ਨੂੰ ਢੋਈ ਜਾਂਦੇ। ਥੱਕ ਕੇ ਸੌਂ ਜਾਂਦੇ। ਅੰਨ੍ਹੇ ਲੋਕ। ਨੇਰ੍ਹਾ ਢੋਂਹਦੇ ਦਿਨ ਚੜ੍ਹਾ ਦਿੰਦੇ। ਸਾਡਾ ਘਰ ਨੀਵੇਂ ਦਾ ਨੀਵਾਂ ਰਿਹਾ। ਕਦੇ ਉੱਚਾ ਨਾ ਹੋ ਸਕਿਆ। ਨੀਵੇਂ ਘਰਾਂ ਦਾ ਨੇਰ੍ਹਾ ਨਾ ਮੁੱਕਿਆ...

... ਤੇ ਹੁਣ ਕੋਈ ਹੋਰ ਆਸ ਉਮੀਦ ਵੀ ਬਚਦੀ ਨਹੀਂ ਦਿਸਦੀ। ਭਾਵੇਂ ਕਿ ਮੇਰੇ ਭਾਈ ਨੇ ਨਵਾਂ ਘਰ ਏਸੇ ਗਲੀ ਦੇ ਅਖ਼ੀਰ 'ਚ ਦੋ ਫ਼ਰਲਾਂਗ ਪਰਾਂ ਬਣਾਇਐ ਜੀਹਦੀ ਚੱਠ 'ਚ ਮੈਂ ਜਾ ਰਿਹਾਂ...

ਤਿੰਨ-ਖੂੰਜਾ ਮੁਸ਼ਤਰਕਾ ਸਾਂਝੀ ਜ਼ਮੀਨ ਸੀ ਸਾਡੀ ਏਸ ਸੜ੍ਹਕ 'ਤੇ ... ਤੇ ਵਿਚ ਤ੍ਰਿਕੂਣਾ ਘਰ...??

ਏਸ ਮੁਸ਼ਤਰਕਾ ਘਰ ਦੀ ਤ੍ਰਿਕੋਣ ਵਿਚ ਕਦੇ ਫੌਜੀ ਵੀ ਆਇਆ ਸੀ। ਮੇਰਾ ਤਾਇਆ। ਉਹ ਮਚਲਾ ਜਿਹਾ ਹੋ ਕੇ ਆਪਣੇ ਹਿੱਸੇ 'ਤੇ ਗੁਣੀਏ ਵਿਚ ਚੌਰਸ ਘਰ ਬਣਾ ਕੇ ਕਬਜਾ ਖ਼ਰਾ ਕਰਨਾ ਲੋਚਦਾ ਸੀ। ਹੱਲਿਆਂ ਤੋਂ ਬਾਅਦ ਸ਼ਹਿਰ ਦੇ ਵਾਰਡ 'ਚ ਆਪਣੇ ਥੱਲੇ ਦੱਬੇ 'ਮਕਾਨਾਂ' ਨੂੰ ਉਹ ਕਿਸੇ ਤੀਸਰੇ ਬੰਦੇ ਦੀ ਮਾਲਕੀ ਦੱਸਦਾ ਸੀ:

" ਉਹ ਮਕਾਨ ਤਾਂ ਨਾਲਾਗੜ ਦੇ ਮਹਾਰਾਜੇ ਦੇ ਮਸਾਣਾਂ ਦੇ ਚਾਰਜੀਆਂ ਦੇ ਨਾਓਂ ਬੋਲਦੇ "

" ਜਾਣ ਦੇ ਫੌਜੀ" ਬਾਪੂ ਤਾਏ ਨੂੰ ਸਿੱਧਾ ਹੋ ਕੇ ਸੋਚਣ ਨੂੰ ਕਹਿੰਦਾ।

" ਫਰਦ ਦਾ ਮੂੰਹ ਦੇਖਿਆ ਕਦੇ। ਇਹ ਬਾਈ ਦੇ ਨਾਓਂ ਐ। ਉਹ ਤਾਂ 'ਕੱਲਾ ਕਬਜਾ। ਅਗਲਾ ਜਦ



ਮਰਜੀ ਛਡਾ ਲਵੇ। ਛਿੱਤਰ ਫੇਰ ਕੇ।" ਅਸਲ ਵਿਚ ਉਹ 'ਮਕਾਨਾਂ' ਉੱਤੇ ਆਪਣਾ ਕਬਜਾ ਛੱਡਣਾ ਨਹੀਂ ਚਾਹੁੰਦਾ ਸੀ। ਤੇ ਏਸ ਤਿੰਨ-ਖੂੰਜੇ ਘਰ 'ਚ ਆਪਣੇ ਹਿੱਸੇ 'ਤੇ ਹੱਕ ਜਤਾਉਂਦਾ ਸੀ। ਸਭ ਤੋਂ ਪਹਿਲਾਂ ਫ਼ੌਜੀ ਰੋਸ਼ਨਦਾਨਾਂ ਵਿਚ ਲਾਓਣ ਲਈ ਚਾਰ ਜਾਲ਼ੀਆਂ ਸਾਇਕਲ 'ਤੇ ਲੱਦ ਕੇ ਲਿਆਇਆ ਜਿਹਨਾਂ ਵਿਚਾਲੇ ਸੀਮਿੰਟ ਵਿਚ ਅੰਗਰੇਜੀ ਸ਼ਬਦ 'ਵੈਲਕਮ' ਲਿਖਿਆ ਹੋਇਆ ਸੀ। ਓਹਦਾ ਸਾਇਕਲ ਝੋਲੇ ਖਾ ਰਿਹਾ ਸੀ। ਉਹ, ਓਹਦਾ ਸਾਇਕਲ ਸਮੇਤ ਜਾਲ਼ੀਆਂ ਗਿਰ ਜਾਂਦੇ ਜੇ ਮੈਂ ਸਾਇਕਲ ਦਾ ਹੈਂਡਲ ਨਾ ਫੜਦਾ। ਮੈਨੂੰ ਵੀ ਝੂਟਾ ਵੱਜਿਆ। ਮੇਰੇ ਪੈਰ ਥਿੜਕ ਗਏ। ਸਾਡੇ, ਰਿਸ਼ਤੇਦਾਰਾਂ ਸਮੇਤ, ਸਭ ਦੇ ਘਰ ਰੋਸ਼ਨਦਾਨਾਂ ਤੋਂ ਬਗੈਰ ਸਨ।

" ਦੇਖ ਕਿੱਥੇ ਲਿਖਿਆ 'ਵਿਲਕਮ' ", ਫੌਜੀ ਕੋਰਾ ਅਨਪੜ ਸੀ। ਫੌਜ ਵਿਚੋਂ ਅੰਗਰੇਜੀ 'ਚ ਦਸਤਖ਼ਤ ਵਾਹੁਣੇ ਸਿੱਖ ਕੇ ਆਇਆ ਸੀ। ਸੀਮਿੰਟ ਵਿਚ ਫਸੇ 'ਵੈਲਕਮ' ਦੇ ਅੱਖਰ ਥੋੜ੍ਹੇ ਭੁਰੇ ਹੋਏ ਸਨ। ਗਰਮੀ-ਓ-ਗਰਮੀ ਭਿੱਜੇ ਹੋਏ ਫ਼ੌਜੀ ਨੇ ਚਾਰੇ 'ਵਿਲਕਮ' ਉਤਾਰ ਕੇ ਹੇਠਾਂ ਕੌਲ਼ੇ ਨਾਲ ਟਿਕਾ ਦਿੱਤੇ। 'ਵਿਲਕਮ' ਕਹਿੰਦਾ ਉਹ ਕਿਧਰੇ ਅਲੋਪ ਹੋ ਗਿਆ ਸੀ। ਅਤੇ ਫੇਰ ਉਸਦੇ ਰਾਜ ਮਿਸਤਰੀ, ਮਜ਼ਦੂਰ ਇੱਟਾਂ ਗਾਰੇ ਨਾਲ ਛੇ ਮਹੀਨੇ ਓਹਦੇ ਹਿੱਸੇ ਦੀ ਤ੍ਰਿਕੂਣ ਵਿਚ ਕੰਧਾਂ ਚਿਣਦੇ ਰਹੇ। ਕੰਧਾਂ ਵਿਚ ਟਿਕਾਏ ਫੌਜੀ ਦੇ 'ਵੈਲਕਮ' ਵਾਲੇ ਰੋਸ਼ਨਦਾਨ ਸੁਭ੍ਹਾ-ਸ਼ਾਮ ਸਾਡਾ ਮੂੰਹ ਚਿੜਾਉਣ ਲੱਗ ਪਏ...

... ਮੇਰੀ ਸੁਰਤ ਫੇਰ ਸ਼ੋਅ-ਰੂਮਾਂ ਦੀ ਕਤਾਰ 'ਤੇ ਆ ਗਈ...

... ਤਾਂ ... ਤਾਂ ... ਜਿਹੜੇ ਸ਼ੋਅ-ਰੂਮ ਦੇ ਮੱਥੇ 'ਤੇ **'ਲੌਂਗੀਆ ਦੰਦਾਂ ਦਾ ਹਸਪਤਾਲ'** ਲਿਖਿਆ ਉਸ ਹੇਠ ਸਾਡੀਆਂ ਮੱਝਾਂ ਦਾ ਬਾੜਾ ਆ ਗਿਆ...

.. ਤੇ ਪੁਰਾਣੇ ਘਰ ਵਿਚ ਮੱਝਾਂ।

ਮੱਝਾਂ ! !

ਘਰ ਵਿਚ ਪਸ਼ੂਆਂ 'ਚੋਂ ਸਭ ਤੋਂ ਵੱਧ ਮੱਝਾਂ ਰੱਖਦੇ। ਤੇ ਕਦੇ ਗਾਉਂਦੇ:

'ਘੋੜੀ ਬੱਕਰੀ ਗੈਂ ਜੰਜਾਲ,  
ਦੁੱਧ ਪੀਣਾ ਤਾਂ ਮੈ੍ਸਾਂ ਪਾਲ਼'

ਘਰ ਮੂਹਰੇ ਖੂੰਡੇ। ਖੁਰਲੀਆਂ। ਹਰੇਕ ਮੱਝ ਮੂਹਰੇ ਕੱਟੀ। ਕੱਟਾ। ਟੋਕਾ ਕਰਨ ਵਾਲੀ ਮਸ਼ੀਨ। ਹੋਰ ਤੀਵੀਂਆਂ ਨੇ ਕੀ ਕਰਨਾ ਸੀ ਸਾਰੀ ਦਿਹਾੜੀ। ਕਈ ਮੈ੍ਸਾਂ ਆਪਣੀ ਰੁੱਤੇ ਲਗਾਤਾਰ ਆਸ ਲੱਗੀ ਜਾਂਦੀਆਂ। ਕੋਈ ਛੇ ਕੁ ਸੂਇਆਂ ਬਾਅਦ ਕਣਤਾਉਂਣ ਲੱਗ ਪੈਂਦੀ। ਬੇਬੇ ਆਪਣੀ ਬੀਂਗੇ ਸਿੰਗਾਂ ਵਾਲੀ ਮੱਝ ਦੇ ਥਣ ਦੁੱਧ ਖਾਰਾ ਹੋਣ ਤੱਕ ਪੱਟੀ ਜਾਂਦੀ। ਅਸੀਂ ਝੋਟੀ ਪਹਿਲੀ ਵਾਰ ਆਸ ਲੁਆਉਣ ਦੂਸਰੇ ਪਿੰਡ ਜਾਣਾ ਸੀ। ਮੈਨੂੰ ਡੰਡਾ ਫੜ ਕੇ ਨਾਲ ਜਾਣ ਨੂੰ ਕਿਹਾ ਗਿਆ। ਨਾ ਝੋਟਾ ਲੱਭੇ। ਨਾ ਝੋਟੇ ਵਾਲਾ। ਜਨਾਨੀ ਓਹਦੀ ਕਹਿੰਦੀ ਝੋਟੀ ਤੁਸੀਂ ਕਿੱਲੇ ਨਾਲ ਬੰਨ ਦੇ। ਅਸੀਂ ਬੰਨ੍ਹ ਦਿੱਤੀ। ਓਹਨਾਂ ਸਮਿਆਂ 'ਚ ਝੋਟਿਆਂ ਵਾਲੇ ਮੱਝ ਆਸ ਲੁਆਉਣ ਦੇ ਵੀਹ ਰੁਪਏ ਮੰਗਣ ਦਾ ਹਿਆ ਕਰਨ ਲੱਗ ਪਏ ਸਨ। ਝੋਟਾ ਛੱਡਣ ਦੇ ਆਪਣੇ ਵੀਹ ਵੀਹ ਰੁਪਏ ਗਿਣੀ ਜਾਂਦੇ। ਝੋਟੇ ਨੂੰ ਖਲਾਉਣ ਨੂੰ ਦੁਆਨੀ ਨਾ ਖਰਚਦੇ। ਬਸ ਮੱਝਾਂ ਉਸਦੇ ਮੂਹਰੇ ਕਰੀ ਜਾਂਦੇ। ਦਿਨ ਛਿਪਦੇ ਸਾਨੂੰ ਝੋਟਾ ਖੇਤਾਂ ਵਿਚੋਂ ਮੁੜਦਾ ਆਉਂਦਾ ਦਿਸਿਆ। ਲੱਗਾ ਮੂੰਹ ਚੁੱਕ ਕੇ ਝੋਟੀ ਵੱਲ ਨੂੰ ਹੋਣ। "ਪਹਿਲਾਂ ਮੇਰੇ ਮਾਲਕ ਨੂੰ ਆਉਣ ਦਿਓ" ਤੇ ਜਨਾਨੀ ਨੇ ਝੋਟੀ ਵੱਲ ਜਾਂਦੇ ਝੋਟੇ ਦੇ ਸੰਗਲ ਪਾ ਕੇ ਟਾਹਲੀ ਨਾਲ ਨੂੜ ਦਿੱਤਾ। ਵਿਚਾਲੇ ਖੜ੍ਹ ਕੇ ਭੁੱਖੜ ਅੱਖਾਂ ਨਾਲ ਆਲਾ ਦੁਆਲਾ ਘੂਰਦੀ ਆਪਣੇ ਕਿਤੇ ਨਾ ਥਿਆਉਂਦੇ 'ਮਾਲਕ' ਮਿਲਖੀ ਨੂੰ ਟੋਲ਼ਣ ਲੱਗੀ। ਉਹ ਵੀ ਛਿਪਦੇ ਦਿਨ ਸੁੱਡੇ ਖੁਰਚਦਾ ਆ ਨਿਕਲਿਆ।

" ਬਾਹਰ ਲਿਆਓ ਜੀ। ਝੋਟੀ ਖੋਲ ਕੇ। ਮੈਂ ਛੱਡਦਾਂ ਝੋਟਾ।"

ਅਸੀਂ ਅਬਾਦੀ ਦੇ ਬਾਹਰਲੇ ਪਾਸੇ ਉੱਚੀ ਨੀਵੀਂ ਵਿਹਲੀ ਥਾਂ ਉੱਤੇ ਆ ਗਏ। ਬਾਪੂ ਨੇ ਝੋਟੀ

ਦੀਆਂ ਮੂਹਰਲੀਆਂ ਲੱਤਾਂ 'ਚ ਡੰਡਾ ਅੜਾਇਆ ਤੇ ਝੋਟੀ ਨੂੰ ਰੋਕੀ ਖੜਾ ਮੈਨੂੰ ਕਹਿੰਦਾ:

" ਪਿੱਛੇ ਨਿਗ੍ਹਾ ਰੱਖੀਂ "

ਮਿਲਖੀ ਝੋਟੀ ਦੀ ਪਿੱਠ 'ਤੇ ਥਾਪੀਆਂ ਮਾਰੀ ਜਾਵੇ। ਸੀਟੀਆਂ ਮਾਰੀ ਜਾਵੇ।

" ਅਰਰ ... ਰਰ.. ਹੇ... "

ਮਿਲਖੀ ਦਾ ਅੱਧਾ ਘੰਟਾ ਸੀਟੀਆਂ ਮਾਰ ਕੇ ਝੋਟੇ ਨੂੰ ਕੰਡੇ 'ਤੇ ਕਰਦੇ ਦਾ ਮੂੰਹ ਸੁੱਕ ਗਿਆ। ਪਰ ਝੋਟੀ ਤੇ ਝੋਟੇ ਦੋਵਾਂ ਨੇ ਆਈ ਗਈ ਨਾ ਦਿੱਤੀ। ਝੋਟਾ ਮਾੜ੍ਹਾ ਮਾੜ੍ਹਾ ਮੂਤਦਾ ਹੋਇਆ ਝੋਟੀ ਦੇ ਪੁੜਿਆਂ 'ਤੇ ਮੂੰਹ ਟਿਕਾ ਕੇ ਊਂਘਣ ਲੱਗਿਆ। ਫੇਰ ਝੋਟਾ ਆਪਣੇ ਖੁਰਾਂ ਕੋਲੋਂ ਖੱਬਲ ਬਰੂਸਣ ਲੱਗ ਪਿਆ। "ਤੁਸੀਂ ਝੋਟੀ ਨੂੰ ਗੇੜਾ ਦਓ ਮਾੜਾ ਜਾ। ਬਣ ਜਾਣਾ ਕੰਮ। ਮੈਂ ਪਾਣੀ ਪੀ ਕੇ ਆਇਆ", ਹੁੰਦੇ ਹਨੇਰੇ 'ਚ ਉਸਨੂੰ ਸਾਡੀ ਝੋਟੀ ਦੇ ਵੀਹ ਰੁਪੱਈਏ ਕੁੱਟਣ ਦਾ ਲਾਲਚ ਹੋ ਗਿਆ ਸੀ। ਝੋਟਾ ਘਾਹ ਚੁੱਗਣ 'ਚ ਰੁਝਿਆ ਹੋਇਆ ਸੀ। ਤੇ ਝੋਟੇ ਨੂੰ ਪਿੱਛੇ ਚੁੱਗਦਾ ਛੱਡ ਉਹ ਗੋਲ਼ ਜਹੀ ਗੱਲ ਕਰਦਾ ਆਪਣੇ ਘਰ ਅੰਦਰ ਨੂੰ ਮੁੜ ਗਿਆ। ਬਾਪੂ ਝੋਟੀ ਨੂੰ ਧੂ ਕੇ ਪਰ੍ਹਾਂ ਨੂੰ ਥੋੜ੍ਹੀ ਪੱਧਰੀ ਜਗ੍ਹਾ ਵੱਲ ਤੁਰ ਪਿਆ। ਮੈਂ ਹੌਲਾ ਜਿਹਾ ਹੋਇਆ ਆਪਣੀ ਬੇਸਮਝੀ 'ਚ ਮਿਲਖੀ ਦਾ ਬੁਝਿਆ ਜਿਹਾ ਘਰ ਯਾਦ ਕਰਨ ਲੱਗਿਆ ਜਿਥੇ ਖੜ੍ਹੇ ਦਿਨ ਵੀ ਖਾਸਾ ਹਨੇਰਾ ਦਿੱਸਦਾ ਸੀ। ਦਿਨ ਛਿਪਦੇ ਸਾਰ ਮੈਨੂੰ ਮਿਲਖੀ ਦਾ ਘਰ ਭੁੱਲ ਕੇ ਆਪਣੇ ਘਰ ਦੀ ਯਾਦ ਸਤਾਉਣ ਲੱਗੀ ਤੇ ਛੱਤ 'ਤੇ ਚੜ੍ਹ ਕੇ ਅੱਖਾਂ ਅੱਡ ਕੇ ਅਸਮਾਨ ਨਿਹਾਰਨ ਨੂੰ ਜੀਅ ਕਰਨ ਲੱਗਿਆ। ਜਿਥੇ ਐਸ ਵੇਲੇ ਹਲਕੀ ਨੀਲੀ 'ਜ਼ਮੀਨ' ਉੱਤੇ ਤਾਰੇ ਕੱਢਦੇ, ਬੁਣਦੇ ਦਿਸਣ ਲੱਗ ਪੈਂਦੇ। ਮੈਨੂੰ ਛੱਤ 'ਤੇ ਕੌਣ ਚੜ੍ਹਨ ਦੇਂਦਾ ਸੀ? ਛੱਤ ਉੱਤੇ ਚੜ੍ਹ ਕੇ, ਉੱਚੀ ਥਾਂ ਤੋਂ ਹੇਠਾਂ ਆਪਣੇ ਘਰ ਦੀ ਦੁਨੀਆ ਦੇਖ ਕੇ ਬੜੀ ਖ਼ੁਸੀ ਹੁੰਦੀ। ਡਰ ਲੱਗਦਾ ਕਿ ਕੋਈ ਹਾਕ ਮਾਰ ਕੇ, ਡਰਾ ਕੇ ਥੱਲੇ ਨਾ 'ਤਾਰ ਦੇਵੇ। ਹੋਸ਼ ਸੰਭਾਲੀ ਤਾਂ ਮੇਰੀ ਮਾਂ ਸੀ ਘਰ ਦੇ ਵਿਹੜੇ 'ਚ, ਬਾਪੂ, ਵੱਡੀ ਭੈਣ, ਭਾਈ। ਛੱਪਰ 'ਤੇ ਚੜ ਕੇ ਹੇਠਾਂ ਮੈਂ ਮਾਂ ਦਾ ਫੁੱਲਿਆ ਹੋਇਆ ਢਿੱਡ ਦੇਖਿਆ। ਮੇਰੇ ਸਾਹਮਣੇ ਮੇਰੀ ਮਾਂ ਨੇ ਪੇਟ ਘਰੋੜੀ ਦੀ ਧੀ ਜੰਮੀ ਜਿਸ ਨੂੰ ਸਦਾ ਕਰਮਾਂ ਵਾਲੀ ਕਿਹਾ ਜਾਂਦਾ ਰਿਹਾ। ਮੇਰੀ ਭੈਣ ਨੇ ਮੇਰੇ ਸਾਹਮਣੇ ਜੰਮ ਕੇ ਮੈਨੂੰ ਵੱਡਾ ਭਾਈ ਹੋਣ ਦਾ ਫਖ਼ਰ ਮਹਿਸੂਸ ਕਰਵਾਇਆ। ਓਹਤੋਂ ਪਹਿਲਾਂ ਮੈਂ ਸਭ ਤੋਂ ਛੋਟਾ ਸਾਂ। ਦਾਂਦੋ ਚਾਚੀ ਨੇ ਉੱਪਰੋਥਲੀ ਤਿੰਨ ਮੁੰਡੇ ਜੰਮੇ। ਇਕ ਮਰ ਗਿਆ। ਮ੍ਹੈਸਾਂ ਆਸ ਲੱਗੀ ਜਾਂਦੀਆਂ। ਖੁੱਲੇ ਨੀਲੇ ਅਸਮਾਨ ਥੱਲੇ ਸੂਈ ਜਾਂਦੀਆਂ। ਕੱਟਰੂ ਸੁੱਟੀ ਜਾਂਦੀਆਂ...

" ਦੇਖ ਓਏ-ਅ-ਅ" ਬਾਪੂ ਦੀ ਚੀਕ ਨੇ ਮੇਰੇ ਘਰ ਤੇ ਅਸਮਾਨ ਦਾ ਅਕਸ਼ ਚਕਨਾਚੂਰ ਕਰ ਦਿੱਤਾ। ਮੈਂ ਦੇਖਿਆ ਕਿ ਝੋਟਾ ਸ਼ੂਕਦਾ ਝੋਟੀ 'ਤੇ ਚੜ ਗਿਆ।

" ਲੱਗ ਗੀ। ਲੱਗ ਗੀ।" ਮੈਂ ਬੋਲ ਕੇ, ਬਾਪੂ ਵੱਲ ਦੇਖ ਕੇ ਝੱਟ ਅੱਖਾਂ ਨੀਵੀਂਆਂ ਪਾ ਲਈਆਂ।

" ਹੈਂ? ਹੈਂ??" ਬਾਪੂ ਮੇਰੀਆਂ ਅੱਖਾਂ 'ਚ ਝਾਕੇ।

" ਹੋ ਗੀ !? "

ਬਾਪੂ ਤੇ ਝੋਟਾ, ਝੋਟੀ ਦੇ ਅੱਗੇ ਪਿੱਛੇ ਆਕੜੇ ਖੜੇ ਸਨ।

" ਹੋ ਗੀ, ਬਾਪੂ" ਮੈਂ ਫੇਰ ਆਪਣੀ ਗੱਲ ਦੁਹਰਾਂਦਿਆਂ ਸੁਆਲੀਆ ਬਾਪੂ ਵੱਲ ਦੇਖਿਆ। ਹੋਰ ਹੁਣ ਕੀ ਹੋਣਾ ਸੀ? ਸਾਰਾ ਕੁਸ ਤਾਂ ਹੋ ਲਿਆ।

" ਓ ਅ ਕਿੱਥੇ? ਹਲੇ ਨੀਂ ਹੋਈ। ਝੋਟੇ ਨੇ ਫੁੰਨਕਾਰਾ ਨੀਂ ਮਾਰਿਆ।" ਬਾਪੂ ਦੀ ਇਹ ਗੱਲ ਮੇਰੇ ਪੱਲੇ ਨਾ ਪਵੇ। 'ਫੁੰਨਕਾਰਾ' ਕੀ ਹੁੰਦਾ?

ਬਾਪੂ ਝੋਟੀ ਨੂੰ ਹੋਰ ਅੱਗੇ ਲੈ ਗਿਆ। ਝੋਟਾ ਮਗਰੇ ਮਗਰ ਦੁੜਕਦਾ ਅੱਖੋਂ ਓਹਲੇ ਹੁੰਦੀ ਝੋਟੀ ਦਾ ਵਿਸਾਹ ਨਾ ਖਾਵੇ। ਬਾਪੂ ਹੋਰ ਅੱਗੇ। ਹੱਥ ਡੰਡਾ। ਹੋਰ ਅੱਗੇ। ਝੋਟਾ ਮਗਰੇ ਮਗਰ.. ਤੇ... ਝੋਟੇ ਨੇ ਫੁੰਨਕਾਰਾ ਮਾਰ ਦਿੱਤਾ। ਦੂਹਰੀ ਹੋਈ ਝੋਟੀ ਉਪਰ ਉਹ ਬਿਜਲੀ ਦੀ ਤਾਰ 'ਤੇ ਮਰੇ ਕਾਂ ਵਾਂਗ ਲਟਕ ਰਿਹਾ ਸੀ। ਝੋਟੀ ਨੇ ਹਿੱਲ ਕੇ ਉਸ ਨੂੰ ਥੱਲੇ ਸੁੱਟ ਦਿੱਤਾ।



" ਹੁਣ ਬਣੀ ਗੱਲ" ਬਾਪੂ ਦੀਆਂ ਭੁੱਖੀਆਂ ਚਮਕਦੀਆਂ ਉਮੀਦਵਾਰ ਅੱਖਾਂ ਹੋਰ ਚਮਕ ਪਈਆਂ।

ਝੋਟੇ ਨੇ ਤਿੰਨ ਵਾਰ ਫੁੰਨਕਾਰਾ ਮਾਰ ਦਿੱਤਾ ਸੀ।

" ਮਾਰ ਝੋਟੇ ਦੇ ਡੰਡਾ। ਕਰਦਾ ਨਾ ਕੁਸ ਕਰਾਉਂਦਾ" ਬਾਪੂ ਦੀ ਕਹੀ ਇਹ ਗੱਲ ਵੀ ਮੇਰੇ ਦਿਮਾਗ 'ਚ ਨਾ ਪਈ। ਅਸਲ 'ਚ ਮੇਰੀ ਪਿੱਠ ਪਿੱਛੇ ਝੋਟਾ ਮੋੜਨ ਆਉਂਦਾ ਮਿਲਖੀ ਓਹਦੀ ਨਜ਼ਰ ਪੈ ਗਿਆ ਸੀ। ਉਸਨੇ ਘੁੱਟ ਪੀਤੀ ਹੋਈ ਸੀ।

"ਝੋਟੀ ਨੂੰ ਸੂੰਅ ਪਾਓ। ਸਵੇਰੇ ਲਿਆਇਓ। ਹੁਣ ਝੋਟਾ ਭੁੱਖਾ। ਤੇ ਥੱਕਿਆ ਵਿਐ। ਸਵੇਰ ਦੇ ਚਾਰ ਮ੍ਹੈਸਾਂ ਹੋ ਲੀਆਂ। ਹੁਣ ਲੈ ਜੋ।"

" ਮਿਲਖੀ, ਕੈ ਕ ਬਜੇ ਆ ਜੀਏ ਸਵੇਰੇ? "

" ਸਾਝਰੇ। ਭਮਾਂ ਤੜਕੇ ਚਾਰ ਬਜੇ। ਤੇਰਾ ਈ ਫੈਦਾ। ਸਵੇਰੇ ਲੱਗੀ ਮੁੜ ਨੀਂ ਹਿੱਲਦੀ ਹੁੰਦੀ।"

" ਚਲ ਸਵੇਰੇ ਸਈ। ਚਲ ਓਏ ਮੁੰਡੇ.." ਬਾਪੂ ਨੇ ਉਸ ਦਾ ਸੌ ਦਾ ਨੋਟ ਪੂਰਾ ਨਾ ਹੋਣ ਦਿੱਤਾ।

ਤਿਕੋਣੇ ਘਰ 'ਚ ਮੁਖ਼ਤੀ ਆਸ ਲੱਗੀ ਝੋਟੀ ਦੀ ਖ਼ਬਰ ਦੇਣ ਮੈਂ ਮੂਹਰੇ ਮੂਹਰੇ ਭੱਜ ਕੇ ਪਹਿਲਾਂ ਹੀ ਪੁੱਜ ਗਿਆ। ਮਾਂ ਨੇ ਦਿਹਲੀ ਟੱਪ ਕੇ ਪੁਛਿਆ:

" ਕਿਆ ਬਣਿਆ?"

" ਹੋ ਗੀ"

"ਕੈਅ ਬਾਰ?"

" ਤਿੰਨ ਬਾਰ"

" ਸੁਕਰ ਐ ", ਮਾਂ ਨੇ ਪਿਛਲੇ ਅੰਦਰੋਂ ਅਜ਼ਾਦੀ ਤੋਂ ਪਹਿਲੇ ਜਮਾਨਿਆਂ ਦਾ ਮੂਹਲਾ ਕੱਢ ਕੇ ਦਿਹਲੀ ਮੂਹਰੇ ਵਿਛਾ ਦਿੱਤਾ,... ਤੇ ਨਵੀਂ ਹੋਈ ਝੋਟੀ ਲਈ ਤਸਲੇ 'ਚ ਪਾਣੀ ਵਿਚ ਕਰਿਆਟੀ ਘੋਲ ਕੇ 'ਪਣਾ' ਬਣਾਉਂਣ ਲੱਗੀ ਪਈ...

... ਤੇ ਸਰਕਾਰੀ ਸ਼ਕਤੀ ਨਾਲ ਆਕੜੇ **'ਲੌਂਗੀਆ ਦੰਦਾਂ ਦਾ ਹਸਪਤਾਲ'** ਤੋਂ ਅਗਲੇ ਦੋ ਸ਼ੋਅ-ਰੂਮਾਂ ਹੇਠ ਸਾਡੀਆਂ ਮ੍ਹੈਸਾਂ ਦੇ ਟੱਪਰੇ ਤੇ ਤੂੜੀ ਦੇ ਕੁੱਪ ਦਬ ਗਏ ... ਤੇ ਬਿਗਾਨੇ ਸ਼ੋਅ-ਰੂਮਾਂ ਸਾਹਮਣੇ ਖੜੇ ਮੈਨੂੰ ਖਿਆਲ ਆਇਆ ਕਿ ਉਹ ਘਰ ਮੇਰਾ ਹੀ ਨਹੀਂ, ਇਹ ਓਸ ਝੋਟੀ ਤੇ ਬੀਂਗੇ ਸਿੰਗਾਂ ਵਾਲੀ ਮ੍ਹੈਸ ਦਾ ਵੀ ਘਰ ਸੀ। ਜਿਹਨਾਂ ਨੇ ਏਸ ਘਰ 'ਚ ਰੱਜ ਕੇ ਖਾਧਾ ਪੀਤਾ। ਦੁੱਧ ਘਿਓ ਦੀ ਬਹਾਰ ਲਾਈ ਰੱਖੀ। ਸਦਾ ਪਾਥੀਆਂ ਦੇ ਗੁਹਾਰੇ ਖੜੇ ਕਰੀ ਰੱਖੇ .. ਤੇ ਸੁਰਗਵਾਸ ਹੋਏ ਕਈ ਬਜ਼ੁਰਗ ਦਹੀਂ ਨਾਲ ਨਲ੍ਹਾ ਦਿੱਤੇ। ਉਹ ਆਪ ਵੀ ਪਤਾ ਨਹੀਂ ਕਿਹੜੇ ਸਮਿਆਂ ਦੀਆਂ ਉਠ ਗਈਆਂ ਏਸ ਘਰ 'ਚੋਂ। ਕਦੋਂ ਦੀਆਂ ਮਰ ਖਪ ਗਈਆਂ। ਮੈਨੂੰ ਉਹ ਹਮੇਸ਼ਾ ਆਪਣੇ ਬਜ਼ੁਰਗਾਂ ਨਾਲ ਜੋੜ ਕੇ ਯਾਦ ਆਉਂਦੀਆਂ। ਸੋਚ ਕੇ ਮਨ ਭਾਰਾ ਹੁੰਦਾ ਕਿ ਮੈਂ ਉਹਨਾਂ ਪਸ਼ੂਆਂ ਦਾ ਤਿਲ਼ ਭਰ ਲੇਖਾ ਦੇਣ ਜੋਗਾ ਨਹੀਂ...

... ਸਰੀਰ ਟੁੱਟਣ ਲੱਗਾ। ਸੋਚਿਆ ਬਹਿ ਕੇ ਅਰਾਮ ਕਰ ਲਵਾਂ... ਪਰ ਬੈਠਾਂ ਕਿੱਥੇ? ਐਥੇ ਕੁੱਝ ਵੀ ਮੇਰਾ ਨਹੀਂ...

ਏਸ ਘਰ 'ਚ ਕਦੇ ਬੱਸ ਤੋਂ ਖੁੰਝੀਆਂ ਹੋਈਆਂ ਸੁਆਰੀਆਂ ਰੁੱਖੀ ਮਿੱਸੀ ਖਾ ਕੇ ਅਲਾਣਾ ਮੰਜਾ ਘੜੀਸ ਕੇ ਕਿੱਕਰਾਂ ਥੱਲੇ ਰਾਤ ਕੱਟ ਕੇ ਸਵੇਰੇ ਬਿਨਾਂ ਦੱਸੇ ਤੁਰ ਜਾਂਦੀਆਂ ਸਨ। ਸ਼ਹਿਰ ਤੋਂ ਅਗਾਂਹ ਅੰਨ੍ਹੇ ਜੰਗਲ ਬੇਲਿਆਂ ਨੂੰ ਜਾਂਦੀ ਸੜ੍ਹਕ ਦੇ ਕਿਨਾਰੇ ਪੌਣੇ ਕਿਲੋਮੀਟਰ ਦੀ ਦੂਰੀ ਉੱਤੇ ਇਕੱਲਾ ਘਰ ਪਿੰਡ ਦੀ ਸ਼ਹਿਰ ਵਾਲੀ ਵੱਖੀ ਦੇ ਵਸੀਵੇਂ 'ਤੇ ਸੀ। ਪਿੰਡ ਵੀ ਘਰ ਤੋਂ ਮੀਲ ਦੂਰ ਛਿਪਦੇ ਪਾਸੇ ਪਰ੍ਹਾਂ ਵਸਦਾ ਸੀ। ਤਿੰਨ ਕੀਲੇ ਤਿਕੋਣੀ ਜ਼ਮੀਨ ਦੇ ਤਿੱਖੇ ਖੂੰਜੇ ਵਿੱਚ ਘਰ। ਘਰ ਵਾਲਾ ਤਿੱਖਾ ਖੂੰਜਾ ਭਰਤ ਪੈ ਕੇ ਥੋੜ੍ਹਾ ਉੱਠਵਾਂ ਲੱਗਦਾ। ਬਾਕੀ ਸਾਰੀ ਜ਼ਮੀਨ ਏਸ ਤੋਂ ਨੀਵੀਂ। ਮਾੜੀ ਜ਼ਮੀਨ। ਅੱਧਾ ਤਾਂ ਕੱਲਰ ਸੀ। ਜ਼ਮੀਨ ਵਿੱਚ ਮਾੜੀ ਮੋਟੀ ਕਣਕ ਹੁੰਦੀ। ਝੋਨਾ ਅਸੀਂ ਬੜੀ ਦੇਰ ਬਾਅਦ ਲਾਓਣ ਲੱਗੇ। ਉਦੋਂ ਤੱਕ ਮੈਂ ਏਸੇ ਘਰ

ਦੁਆਲੇ ਸੰਘਣੀ ਧੁੰਦ 'ਚ ਫਸਿਆ ਹੋਇਆ ਆਪਣਾ ਬਹੁਤਾ ਕੁਝ ਗੁਆ ਬੈਠਾ ਸਾਂ। ਚੌਲ ਅਸੀਂ ਬਹੁਤ ਘੱਟ, ਕਦੇ ਹੀ ਖਾਂਦੇ। ਉਹ ਵੀ ਰੋ ਪਿੱਟ ਕੇ। ਇੱਖ ਵੀ ਕਈ ਸਾਲ ਬੀਜਿਆ। ਗਿਆਨੀ ਦੀ ਘੁਲਾੜੀ 'ਤੇ ਗੰਨੇ ਲਿਜਾ ਕੇ ਗੁੜ ਵੀ ਬਣਾਇਆ। ਮੈਲ਼ੇ ਰਸ 'ਚੋਂ ਨਿਕਲਦੀਆਂ ਗੁੜ ਦੀਆਂ ਪਿਓਸੀਆਂ ਨੇ ਝਿਊਰਾਂ ਦੇ ਖਦਾਨਾਂ 'ਚੋਂ ਮੱਛੀਆਂ ਫੜ੍ਹਨ ਵਰਗਾ ਨਜ਼ਾਰਾ ਦਿੱਤਾ। ਉਹੀ ਝਿਊਰਾਂ ਦੀ ਤੂਤ ਦੀ ਟੋਕਰੀ ਵਿਚ ਓਦਾਂ ਦਾ ਹੀ ਕੱਪੜਾ ਵਿਛਿਆ। ਤੇ... ਮੂੰਹ ਵਿੱਚ ਗੁੜ ਨਾਲ ਭਿੱਜੀਆਂ ਲਾਲ੍ਹਾਂ, ਕਾਰੀ ਦੇ ਮੁੰਡੇ ਵਰਗੀਆਂ। ਪਰ ਮੇਰੇ ਹੱਥ 'ਤੇ ਪਤਲਾ ਤੱਤਾ ਗੁੜ ਲੱਗ ਕੇ ਚਿੱਬੜ ਜਿੱਡਾ ਛਾਲਾ ਪੈ ਗਿਆ ਸੀ। ਖ਼ੁਸ਼ੀ ਗ਼ਮੀ ਲੰਮਾ ਸਮਾਂ ਕਿਸੇ ਦਾ ਸਾਥ ਨਹੀਂ ਦੇ ਸਕਦੇ।

... ਪਰ ਝਿਊਰਾਂ ਦੀ ਏਸ ਗੱਲ ਨੇ ਕਬਰ ਤੱਕ ਮੇਰਾ ਖਹਿੜਾ ਨੀਂ ਛੱਡਣਾ...

... ਸੜ੍ਹਕ ਦੀ ਤੰਗ ਜਹੀ ਗੁਲਾਈ ਦੇ ਨਾਲ ਮੁੜਦੇ ਸਾਰ ਤਿੰਨ ਕਾਲੇ ਕਾਲੇ ਗੋਲ ਅੱਖਾਂ ਵਾਲੇ ਪਿਓ ਪੁੱਤ ਝਿਊਰ ਅੰਨ੍ਹੇ ਜਿਹੇ ਛੱਪਰ ਵਰਗੇ ਘਰ 'ਚ ਰਹਿੰਦੇ ਸਨ। ਉਹਨਾਂ ਦੇ ਏਸ ਘਰ ਦਾ ਮੂਹਰਲਾ ਪਾਸਾ ਕਦੇ ਚਲਦੀ ਦੁਕਾਨ ਬਣੀ ਦਿਸਦਾ। ਜਿਥੇ ਚਾਹ ਪਕੌੜੇ ਵਿਕਦੇ ਹੋਣ। ਕੜਾਹੀ ਵਿਚ ਟੇਢੀ ਖੜੀ ਇੱਕ ਝਰਨੀ ਦਿਸਦੀ। ਜਿਸਦੇ ਪਿੱਛੇ ਕੋਈ ਬੇਨਾਮ ਜਿਹਾ ਝਿਊਰ ਬੈਠਾ ਅੰਦਰਲੇ ਹਨੇਰੇ ਕਾਰਨ ਮਸਾਂ ਦਿੱਸਦਾ। ਪਰ ਡੇਲੇ ਉਹਦੇ ਚਮਕਦੇ ਹੁੰਦੇ। ਮੈਂ ਕੋਲੋਂ ਲੰਘਦਿਆਂ ਇਸ ਘਰ ਜਹੀ ਦੁਕਾਨ ਦੇ ਹਨੇਰੇ ਵਿਚ ਝਾਕਣਾ। ਬੰਦਿਆਂ ਤੋਂ ਇਲਾਵਾ ਉੱਥੇ ਅੰਦਰ ਕਦੇ ਜਨਾਨੀਆਂ ਦਾ ਝਾਓਲਾ ਵੀ ਪੈਂਦਾ। ਪਰ ਮੈਂ ਕਦੇ ਅੰਦਰ ਨਹੀਂ ਗਿਆ। ਉਹ ਤਿੰਨੋਂ ਕਦੇ ਦਿਹਾੜੀ ਕਰਦੇ। ਕਦੇ ਜੱਟਾਂ ਨਾਲ ਸੀਰੀ ਰਲਦੇ। ਕਦੇ ਤੂਤਾਂ ਦੀਆਂ ਵਿਚਾਲਿਓਂ ਚੀਰੀਆਂ ਛਿਟੀਆਂ ਦੇ ਗੋਲਦਾਰੇ ਵਿਚ ਬਹਿ ਕੇ ਟੋਕਰੀਆਂ ਬਣਾਉਂਦੇ।

ਉਹਨਾਂ ਦੀ ਨਿਗ੍ਹਾ ਪਤਾ ਨਹੀਂ ਸਾਡੇ ਘਰ ਦੇ ਨੇੜੇ ਖਦਾਨਾਂ 'ਚ ਖੜੇ ਪਾਣੀ 'ਤੇ ਕਿਵੇਂ ਆ ਟਿਕੀ? ਸਰਕਾਰ ਨੇ ਇਹਨਾਂ ਖਦਾਨ ਦੀ ਮਿੱਟੀ ਸੜ੍ਹਕ ਉੱਚੀ ਕਰਨ ਲਈ ਦੋਵੇਂ ਪਾਸਿਆਂ ਤੋਂ ਪੁੱਟ ਕੇ ਸੜ੍ਹਕ ਉੱਤੇ ਪਾ ਦਿੱਤੀ। ਸੜ੍ਹਕ ਪਤਾ ਨਹੀਂ ਕਿੰਨੀ ਵਾਰ ਉੱਚੀ ਹੋਈ? ਸ਼ਹਿਰ ਤੋਂ ਸਾਡੇ ਘਰ ਤੱਕ ਤੇ ਸਾਡੇ ਘਰ ਤੋਂ ਅੱਗੇ ਤੱਕ ਸੜ੍ਹਕ ਦੇ ਦੋਵੇਂ ਪਾਸੇ ਡੂੰਘੇ ਖਦਾਨ ਸਨ। ਇਹ ਖਦਾਨ ਪਾਣੀ ਨਾਲ ਭਰੇ ਰਹਿੰਦੇ। ਸੜ੍ਹਕ ਪਾਰ ਪਾਣੀ ਕਿਤੇ ਜਾਂਦਾ ਹੀ ਨਹੀਂ ਸੀ। ਨੇੜੇ ਕੋਈ ਪਾਇਪ, ਪੁਲੀ ਨਹੀਂ ਸੀ ਕਿ ਪਾਣੀ ਸੜ੍ਹਕ ਪਾਰ ਕਰ ਜਾਂਦਾ। ਪੁਲੀ ਘਰ ਤੋਂ ਬਹੁਤ ਪਰ੍ਹੇ ਸੀ। ਤੇ ਮੀਂਹ ਦਾ ਪਾਣੀ ਪੁਲੀ ਤੱਕ ਪੁੱਜਣ ਤੋਂ ਪਹਿਲਾਂ ਸਾਡੇ ਘਰ 'ਚ ਵੜ ਜਾਂਦਾ ਸੀ। ਝਿਊਰਾਂ ਦੀ ਨਿਗ੍ਹਾ ਇਹਨਾਂ ਪਾਣੀ ਨਾਲ ਭਰੇ ਖਦਾਨਾਂ 'ਤੇ ਕਿਉਂ ਆ ਪਈ? ਇਹਨਾਂ ਖਦਾਨਾਂ ਦੇ ਆਲੇ ਦੁਆਲੇ ਅੱਕਾਂ ਦੇ ਸੰਘਣੇ ਝੁੰਡ ਉੱਗ ਪੈਂਦੇ। ਇਹਨਾਂ ਅੱਕਾਂ ਦੀ ਕੱਚੀ ਲੱਕੜ ਦਾ ਅਸੀਂ ਬਾਲਣ ਬਣਾ ਵਰਤਦੇ। ਚੰਗੇ ਚੰਗੇ ਅੱਕਾਂ ਦੀਆਂ ਅਸੀਂ ਹਾਕੀਆਂ ਬਣਾ ਕੇ ਫਿੰਡ ਨਾਲ ਖੇਡਦੇ। ਪਰ ਅੱਕ ਦੀ ਹਾਕੀ ਝੱਟ ਟੁੱਟ ਜਾਂਦੀ। ਅੱਕ ਵੱਢਣ ਪਿੱਛੇ ਸਾਡੀ ਤੇ ਚਾਚੇ ਤਾਏ ਦੇ ਮੁੰਡਿਆਂ ਦੀ ਆਪਸ ਵਿਚ ਲੜਾਈ ਵੀ ਹੋ ਜਾਂਦੀ। ਸਾਥੋਂ ਨਿਆਣਿਆਂ ਤੋਂ ਇਹ ਅੱਕ ਮਸਾਂ ਕੱਟ ਹੁੰਦਾ ਸੀ। ਝਿਊਰਾਂ ਨੇ ਇਹ ਅੱਕ ਮਿੰਟਾਂ 'ਚ ਪਰ੍ਹਾਂ ਕਰ ਦਿੱਤੇ। ਤਿੰਨੋਂ ਕਾਲੇ ਝਿਊਰ। ਉਹਨਾਂ ਨੂੰ ਅੱਕਾਂ ਨਾਲ ਕੋਈ ਮਤਲਬ ਨਹੀਂ ਸੀ। ਉਹਨਾਂ ਨੇ ਤਾਂ ਪਾਣੀ ਵਿਚਲੀਆਂ ਮੱਛੀਆਂ ਫੜਨੀਆਂ ਸਨ। ਅੱਕ ਚੁੱਕ ਕੇ ਉਹਨਾਂ ਨੇ ਖਦਾਨਾਂ ਦੇ ਇੱਕ ਪਾਸੇ ਮਿੱਟੀ ਦਾ ਬੰਨ੍ਹ ਮਾਰ ਦਿੱਤਾ ਤੇ ਟੋਭਿਆਂ ਚੋਂ ਪਾਣੀ ਦੀਆਂ ਬਾਲਟੀਆਂ ਭਰ-ਭਰ ਕੇ ਬੰਨ੍ਹ ਤੋਂ ਦੂਸਰੇ ਪਾਸੇ ਸਿੱਟਣ ਲੱਗੇ। ਡਾਲ ਮਾਰ ਕੇ ਪਾਣੀ ਮਿੰਟਾਂ ਵਿੱਚ ਇੱਕ ਪਾਸੇ ਕਰ ਦਿੱਤਾ। ਤੇ ਖਾਲੀ ਹੋਏ ਖਦਾਨਾਂ ਵਿਚੋਂ ਮੋਟੀਆਂ-ਮੋਟੀਆਂ ਮੱਛੀਆਂ ਫ਼ਟਾਫ਼ਟ ਫੜ ਕੇ ਟੋਕਰੀਆਂ ਵਿਚ ਭਰ ਲਈਆਂ। ਵੱਡੇ ਟੋਕਰੇ ਵਿਚ ਵਿਛੇ ਕੱਪੜੇ ਵਿੱਚ ਮੱਛੀਆਂ ਹੀ ਮੱਛੀਆਂ, ਬਾਹਾਂ ਵਰਗੀਆਂ ਮੋਟੀਆਂ ਲੰਬੀਆਂ, ਸਹਿਕਦੀਆਂ। ਮੇਰੇ ਲਈ ਸਾਡੇ ਘਰ ਦੇ ਕੋਲ਼ ਇਸ ਤੋਂ ਵੱਡਾ ਤਮਾਸ਼ਾ ਕਦੇ ਨਹੀਂ ਸੀ ਹੋਇਆ। ਬੜਾ ਸਵਾਦ ਆਇਆ। ਝਿਊਰ ਮੱਛੀਆਂ ਦੇ ਦੋ ਟੋਕਰੇ ਚੁੱਕ ਕੇ ਫਰਾਰ ਹੋ ਗਏ। ਜਾਂਦੇ ਹੋਏ ਪਾਣੀ ਦਾ ਬੰਨ੍ਹ ਤੋੜ ਗਏ ਜਿਸ ਨਾਲ ਖਾਲੀ ਖਦਾਨ ਫੇਰ ਪਾਣੀ ਨਾਲ ਭਰ ਗਏ। ਮੈਂ ਉੱਥੇ ਖੜ੍ਹਾ ਨਜ਼ਾਰਾ ਦੇਖਦਾ ਰਿਹਾ। ਅੱਕ। ਮੱਛੀਆਂ। ਤੇ



ਖਦਾਨਾਂ ਦਾ ਪਾਣੀ ਪਹਿਲਾਂ ਨਾਲੋਂ ਗੰਧਲਾ।

"ਖਾਸਾ ਭਾਰੀ ਸੱਪ ਐ ਵਿੱਚ, ਚਲੋ", ਆਪਣੇ ਕਸਬ ਦੇ ਚੋਰ ਝਿਊਰ ਸੜ੍ਹਕ 'ਤੇ ਚੜ੍ਹਦੇ ਜਾਂਦੇ ਜਾਂਦੇ ਆਪਸ ਵਿਚ ਉੱਚੇ ਬੋਲ ਬੋਲਕੇ ਹੋਰਾਂ ਨੂੰ ਸੁਣਾਉਂਦੇ ਸੱਪ ਦੇ ਡਸਣ ਦਾ ਨਵਾਂ ਡਰ ਪਾਣੀ ਵਿਚ ਛੱਡ ਗਏ। ਪਰ ਸਾਇਕਲਾਂ ਨੂੰ ਪੈਂਚਰ ਲਾਉਣ ਵਾਲੇ ਕਾਰੀ ਦੇ ਮੁੰਡੇ ਨੂੰ ਕੌਣ ਰੋਕੇ?

" ਉਂਈ ਸਾਲੇ ਮਾਰਦੇ ਐ ਸੱਪ। ਕੋਈ ਸੱਪ ਸ਼ੁੱਪ ਨੀਂ "

ਝਿਊਰਾਂ ਨੂੰ ਮੱਛੀਆਂ ਫੜਦੇ ਦੇਖ ਉਹਦੀ ਬੁੱਧੀ ਭ੍ਰਿਸ਼ਟ ਹੋ ਗਈ। ਉਹ ਸਾਈਕਲ ਉੱਤੇ ਰੋਜ਼ ਉੱਥੋਂ ਦੀ ਲੰਘਦਾ ਸੀ। ਉਸਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਅੱਕਾਂ ਦੀ ਓਟ 'ਚ ਛੁਪੇ ਪਾਣੀ ਵਿੱਚ ਮੱਛੀਆਂ ਵੀ ਨੇ। ਤੇ ਹੈ ਵੀ ਵੱਡੀਆਂ। ਉਹ ਚੁੰਨੀ ਦਾ ਜਾਲ਼ ਬਣਾ ਕੇ ਗੰਧਲੇ ਪਾਣੀ 'ਚੋਂ ਮੱਛੀਆਂ ਫੜ੍ਹਨ ਲੱਗਿਆ। ਉਸਨੇ ਮੈਨੂੰ ਵੀ ਪਤਿਆ ਲਿਆ। ਚੁੰਨੀ ਦਾ ਇਕ ਪੱਲਾ ਫੜ੍ਹਾ ਕੇ ਮੱਛੀਆਂ ਫੜਨ ਨਾਲ ਲਾ ਲਿਆ। ਪਾਣੀ ਵਿਚਲੇ ਝਿਊਰਾਂ ਦੇ ਦੱਸੇ ਸੱਪ ਨੇ ਮੈਨੂੰ ਤਰੇਲੀਆਂ ਲਿਆ ਦਿੱਤੀਆਂ। ਮੈਨੂੰ ਮੱਛੀਆਂ ਵੀ ਸੱਪ ਈ ਦਿਸੀ ਜਾਂਦੀਆਂ, .. ਘਰ ਵੱਲੋਂ ਮੇਰਾ ਵੱਡਾ ਭਾਈ ਸਾਡੇ ਵੱਲ ਕਾਹਲੀ 'ਚ ਤੇਜ ਤੇਜ ਤੁਰਿਆ ਆ ਰਿਹਾ ਦਿਸਿਆ। ਓਹਨੇ ਦੋਵੇਂ ਹੱਥਾਂ 'ਚ ਪਿੱਠ ਪਿੱਛੇ ਕੁੱਝ ਲੁਕੋਇਆ ਹੋਇਆ ਸੀ.. ਕਾਰੀ ਦੇ ਮੁੰਡੇ ਦੀਆਂ ਲਾਲਾਂ ਪਾਣੀ 'ਚ ਗਿਰੀ ਜਾਂਦੀਆਂ। ਉਸ ਨੂੰ ਵੀ ਪੰਜ ਸੱਤ ਮੱਛੀਆਂ ਲੱਭ ਪਈਆਂ ਤੇ ... ਤੇ... ਮੇਰੀ ਪਿੱਠ 'ਤੇ 'ਠਾਹ' ਕਰਦਾ ਡੰਡਾ ਵੱਜਿਆ। ਮੇਰੀਆਂ ਅੱਖਾਂ 'ਚ ਨੇਰ੍ਹਾ ਆ ਗਿਆ।

"ਤੂੰ ਐਥੇ ਖੜ੍ਹਾ ਤਿੰਨ ਘੰਟੇ ਤੋਂ ਕਿਆ ਕਰਦਾ। ਮ੍ਹੈਸਾਂ ਕੀਹਨੇ ਚਾਰਨੀਐਂ। ਉਹ ਦੇਖ ਮ੍ਹੈਸਾਂ ਨੇ ਸਾਰੀ ਚਰ੍ਹੀ ਅਜਾੜ 'ਤੀ, ਕਿਥੇ ਐ ਮ੍ਹੈਸਾਂ ! ਹੈਂ !!", ਹੱਥਾਂ 'ਚ ਡੰਡਾ ਘੁੱਟੀ ਮੇਰਾ ਵੱਡਾ ਭਾਈ ਸੀ। ਉਸ ਨੇ ਵੱਟ ਕੇ ਇਕ ਡੰਡਾ ਹੋਰ ਮੇਰੇ ਜੜ ਦਿੱਤਾ। ਮੈਂ ਚੀਸ ਨੂੰ ਬਰਦਾਸਤ ਕਰਦਾ, ਦਰਦ ਨੂੰ ਘਟਾਉਂਦਾ ਆਪਣੀਆਂ ਮੱਝਾਂ ਲੱਭਣ ਤੁਰ ਪਿਆ। ਮੈਂ ਮੱਛੀਆਂ ਫੜਨ ਦਾ ਤਲਿੱਸਮੀ ਨਜ਼ਾਰਾ ਦੇਖਣ 'ਚ ਫਸਿਆ ਭੁੱਲ ਗਿਆ ਸੀ ਕਿ ਮੈਂ ਮੱਝਾਂ ਖੋਲ ਕੇ ਚਾਰਨ ਲਿਆਇਆ ਸਾਂ। ਉਹ ਰੱਜੋ ਸੁਆਣੀ ਦੇ ਖੇਤਾਂ ਵਿੱਚ ਜਾ ਵੜੀਆਂ ਸਨ। ਉਹ ਦੂਰ ਖੜ੍ਹੀ ਗਾਲ਼ਾਂ ਕੱਢਦੀ ਕਿੱਲ੍ਹਦੀ ਦਿਸ ਰਹੀ ਸੀ। ਉਸ ਨੇ ਏਡੀ ਦੂਰ ਤੋਂ ਆਪਣੇ ਗੁੱਸੇ ਦਾ ਜ਼ਹਿਰ ਮੇਰੇ ਭਾਈ ਅੰਦਰ ਵਾੜ ਦਿੱਤਾ ਸੀ...

ਸਮਾਂ ਪਾ ਕੇ ਏਹ ਘਰ...

... ਸਮਾਂ ਪਾ ਕੇ ਏਸ ਘਰ ਦਾ ਸੜ੍ਹਕ ਵਾਲੇ ਪਾਸੇ ਦਾ ਹਿੱਸਾ ਮੇਰੇ ਸਭ ਤੋਂ ਛੋਟੇ ਚਾਚੇ ਨੇ ਆਣ ਦੱਬਿਆ। ਜੱਦੀ ਪਿੰਡੋਂ ਟੱਬਰ ਟੀਹਰ ਲੈ ਕੇ ਸ਼ਹਿਰ ਨੇੜ੍ਹੇ ਆ ਗਿਆ। ਬੱਚਿਆਂ ਨੂੰ ਪੜ੍ਹਾਉਣ। ਤੇ ਸ਼ਹਿਰ 'ਚ ਜੁੱਤੀਆਂ ਦੀ ਦੁਕਾਨ 'ਤੇ ਗੱਲਾ ਰੱਖ ਕੇ ਬਹਿ ਗਿਆ। ਏਸ ਘਰ ਦਾ ਬਗਲ ਵੀ ਤਿਕੋਣਾ। ਵਿੱਚ ਇੱਕ ਨਲਕਾ ਜੋ ਚੱਤੋ ਪਹਿਰ ਗਿੜਦਾ ਰਹਿੰਦਾ। ਐਨੇ ਚੌਣੇ ਨੇ ਨਾਹੁਣਾ ਧੋਣਾ। ..ਤੇ ਪਸ਼ੂਆਂ ਨੂੰ ਨਲ੍ਹਾਉਣਾ। ਦੋ ਵਾਰ ਪਾਣੀ ਪਿਲਾਉਣਾ। ਨਲਕਾ ਮੇਰੀ ਸਮਝ ਤੋਂ ਪਹਿਲਾਂ ਦਾ ਉੱਥੇ ਹੀ ਖੜ੍ਹਾ ਸੀ। ਜੋ ਮੇਰੀ ਸਮਝ ਵੱਡੀ, ਬੁੱਢੀ ਹੁੰਦਿਆਂ ਕਿੰਨੀ ਵਾਰ ਪੁੱਟ ਕੇ ਠੀਕ ਕਰਵਾ ਕੇ ਦੁਬਾਰਾ ਲਗਵਾਇਆ। ਜੁਦੇ ਹੋਏ ਚਾਚੇ ਤਾਇਆਂ ਨਾਲ ਸਾਂਝੇ ਨਲਕੇ ਨੂੰ ਠੀਕ ਕਰਵਾਉਣ ਦੀ ਸਲਾਹ ਬਣਾਉਂਦੇ, ਮਿਸਤਰੀ ਬਲਾਉਂਦੇ ਤੇ ਸਾਂਝੇ ਖਾਤੇ ਨਲਕਾ ਠੀਕ ਕਰਵਾਉਣ ਲਈ ਪੈਸੇ ਇਕੱਠੇ ਕਰਦੇ। ਕਦੇ ਏਸੇ ਘਰ ਦੀ ਖੁੱਡ ਵਿਚੋਂ ਬਹੁਤ ਮੋਟਾ ਸੱਪ ਨਿਕਲ ਆਇਆ ਸੀ। ਐਡਾ ਭਾਰੀ ! ਐਂਜ ਲੱਗਿਆ ਕਿ ਏਹ ਸੱਪ ਤਾਂ ਸਾਤੋਂ ਵੀ ਪਹਿਲਾਂ ਦਾ ਪੁਰਾਣਾ ਏਸ ਘਰ 'ਚ ਰਹਿੰਦਾ ਸੀ। ਸੱਪ ਤੋਂ ਡਰਦੀ ਮੇਰੀ ਮਾਂ ਨੇ ਇਹ ਘਰ ਛੱਡਣ ਦੀ ਸਲਾਹ ਦਿੱਤੀ। ਤਾਂ ਰਾਤ ਨੂੰ ਸਾਡੀ ਚੋਰ ਨਿਗ੍ਹਾ ਸਾਹਮਣੇ ਸਰਕਾਰੀ ਫਾਰਮ ਉੱਤੇ ਜਾ ਪਈ ਜਿਥੇ ਸਰਕਾਰ ਨੇ ਵਲੈਤੀ ਝੋਟੇ ਸੀਮਨ ਕੱਢਣ ਲਈ ਰੱਖੇ ਹੋਏ ਸਨ। ਉਹਨਾਂ ਲਈ ਸ਼ੈੱਡਾਂ ਦੀ ਉਸਾਰੀ ਦਾ ਕੰਮ ਚੱਲ ਰਿਹਾ ਸੀ। ਰੇਤਾ, ਬਜਰੀ ਚੋਰੀ ਚੁੱਕ ਲਿਆਂਦੀ ਅਤੇ ਰਾਤੋ-ਰਾਤ ਪੱਕਾ ਫਰਸ਼ ਪਾ ਦਿੱਤਾ ਸੀ।

ਪੱਕੇ ਫਰਸ਼ ਵਾਲੇ ਏਸ ਘਰ ਦੇ ਪਿਛਲੇ ਹਨੇਰੇ ਨਾਲ ਭਰੇ ਅੰਦਰਾਂ 'ਚ ਮੇਰੇ ਅੰਦਰ ਤਰ੍ਹਾਂ ਤਰ੍ਹਾਂ ਦੇ ਡਰ

ਪੈਦਾ ਹੋਏ। ਮੇਰੇ ਜ਼ਹਿਨ ਵਿੱਚ ਇਕੱਠੇ ਹੋਏ ਸਾਰੇ ਡਰਾਂ ਦਾ ਜਨਮ ਤਿੰਨ ਖੂੰਜੀ ਉਸ ਬਾਊਂਡਰੀ ਦੀ ਕਿਸੇ ਨਾ ਕਿਸੇ ਨੁਕਰ 'ਚ ਹੋਇਆ। ਤੇ ਮੈਥੋਂ ਚੋਰੀ ਚੋਰੀ ਇਹ ਮੇਰੇ ਅੰਦਰ ਪੱਕੇ ਹੋ ਗਏ। ਉਹ ਡਰ ਜਿਹਨਾਂ ਦੀ ਸ਼ਕਲ ਵੀ ਬਗਲ ਵਾਂਗ ਤਿਕੋਣੀ ਤੇ ਤਿੰਨੋਂ ਪਾਸਿਆਂ ਤੋਂ ਚੁੱਭਵੀਂ ਲਗਦੀ। ਕਦੇ ਡਰ ਖਰਾਬ ਹੋਏ ਨਲਕੇ ਦੀ ਹੱਥੀ 'ਚ ਹੁੰਦਾ। ਕਦੇ ਬੋਕੀ 'ਚ। ਕਦੇ ਸੱਪ ਦੀ ਸਿਰੀ 'ਚ। ਕਦੇ ਤਿੰਨ ਥਣੀਂ ਮ੍ਹੈਂਸ ਦੇ ਮਰੇ ਚੌਥੇ ਥਣ 'ਚ ਹੁੰਦਾ। ਕਦੇ 'ਮੋਤੀਆਂ ਵਾਲੇ' ਨੂੰ ਵੇਚਣ ਲਈ ਭੇਜੇ ਦੁੱਧ ਵਿਚ ਪਾਏ ਪਾਣੀ 'ਚ ਹੁੰਦਾ। ਕਦੇ ਤੇੜ ਪਾਏ ਕੱਛੇ 'ਚ ਹੁੰਦਾ...

ਏਸ ਸੜ੍ਹਕ ਅਤੇ ਖਤਾਨਾਂ ਦੀ ਮਿੱਟੀ ਵਿਚਾਲੇ ਕਿਤੇ ਲਸੂੜੇ ਦਾ ਦਰਖ਼ਤ ਵੀ ਅੜਿਆ ਖੜ੍ਹਾ ਹੁੰਦਾ ਸੀ। ਜਿਹੜਾ ਉਸ ਸ਼ੋਅ-ਰੂਮ ਥੱਲੇ ਦਬ ਗਿਆ ਜਿਸ ਵਿਚ **ਐੱਚ ਡੀ ਐੱਫ ਸੀ** ਬੈਂਕ ਦੀ ਬਰਾਂਚ ਖੁੱਲੀ ਗਈ।... ਤੇ ਲਸੂੜੇ ਦੇ ਮੂਹਰੇ ਬੀਜੀ ਚਰ੍ਹੀ ਲੰਬੀ ਹੋਈ ਹਰੀ ਹਰੀ ਮੈਨੂੰ ਬਹੁਤ ਮਨਮੋਹਣੀ ਲੱਗਦੀ। ਅੱਕ ਦੇ ਗੁਲਾਬੀ ਫੁੱਲ ਤੋੜਨ ਤੋਂ ਸਿਵਾ ਹੋਰ ਉੱਥੇ ਕਿਹੜੇ ਗੁਲ ਖਿੜਦੇ ਸਨ। ਜੇ ਕੱਲਰ ਮਾਰੇ ਖੇਤ 'ਚ ਚਰ੍ਹੀ ਖੜ੍ਹੀ ਨਾ ਹੁੰਦੀ ਤਾਂ ਅਸੀਂ ਅੱਕਾਂ 'ਚ ਲੁਕ ਕੇ ਮੁੱਠ ਮਾਰਦੇ।

" ਬਾਪੂ..., ਉੱਥੇ ਮੋਤੀਆਂ ਵਾਲੇ ਦੀ ਦੁਕਾਨ ਦੇ ਪਿੱਛੇ ਕੁੱਤੇ ਕੁੱਤੀ ਦੀ ਬੀਨ ਫਸੀ ਹੋਈ ਤੀ ..."

" ਹੱਟ ਭੈਣ ਚੋ..ਅ..", ਬਾਪੂ ਨੇ ਕੁੱਤੇ ਦੇ ਮਾਰਨ ਲਈ ਜ਼ਮੀਨ ਤੋਂ ਵੱਟਾ ਚੁੱਕਣ ਵਾਂਗ ਬੈਠ ਕੇ ਉੱਠਦਿਆਂ ਮੈਨੂੰ ਗਾਲ਼ ਕੱਢੀ। ਤੇ ... ਬਾਪੂ ਦੀ ਗਾਲ਼ ਦੇ ਅਰਥ ਸਮਝਾਉਂਦਾ ਲਸੂੜੇ ਦਾ ਏਹ ਦਰੱਖਤ ਸਾਰੀ ਉਮਰ ਮੇਰੇ ਜ਼ਿਹਨ ਵਿੱਚ ਫਾਨੇ ਵਾਂਗ ਖੁੱਭਿਆ ਰਿਹਾ। ਮੈਂ ਭਰਿਆ-ਪੀਤਿਆ ਇਸ ਦੀ ਸਿਖ਼ਰ ਜਾ ਚੜ੍ਹਦਾ ਤੇ ਅੰਗਰੇਜੀ ਦੀ ਰੱਟਾ ਮਾਰੀ ਹੋਈ ਕਹਾਣੀ ਪੜ੍ਹ ਕੇ ਥੱਲੇ ਉਤਰ ਆਉਂਦਾ। " ਵੰਨਸ ਦੇਅਰ ਵਾਜ ਏ ਕਰੋਅ। ਹੀਅ ਵਾਜ ਵੈਰੀ ਥਰੱਸਟੀ।" ਤੇ ਥਰੱਸਟੀ ਕਰੋਅ ਦੀ ਕਦੇ ਪਿਆਸ ਨਾ ਬੁੱਝੀ ਤੇ ਉਹ ਕਿਸੇ ਨਾ ਕਿਸੇ ਜਮਾਤ ਦੀ ਪੰਜਾਬੀ ਹਿੰਦੀ ਅੰਗਰੇਜੀ ਦੀ ਕਿਤਾਬ ਦੇ ਕਿਸੇ ਪੰਨੇ 'ਤੇ ਪਿਆਸਾ ਬੈਠਾ ਰਿਹਾ। ਵਿਚਾਰਾ। ਪਿਆਸਾ ਕਊਆ। ਏਕ ਦਿਨ। ਪਾਣੀ ਦਾ ਪਿਆਸਾ ਕਾਂ। ਪਾਣੀ। ਬਾਰਿਸ਼ ਦਾ ਥੋੜ੍ਹਾ ਪਾਣੀ। ਪਾਣੀ ਵਿਚ ਥ੍ਰੀਕਰੀਆਂ ਸੁੱਟਦਾ ਕਾਂ...। ਮੈਂ ਫੇਰ ਕੁੱਤੇ ਕੁੱਤੀ ਦੀ ਬੀਨ ਫਸਣ ਦਾ ਖੁਰਾ ਲੱਭਦਾ ਲਸੂੜੇ ਦੇ ਮਾਸ਼ੂਕ ਵਰਗੇ ਪਿਆਰੇ ਦਰੱਖਤ ਦੀਆਂ ਜੜ੍ਹਾਂ ਹੇਠਾਂ ਨੂੰ ਅੱਖ ਬਚਾ ਕੇ ਖਿਸਕਦਾ ਸੰਘਣੇ ਅੱਕਾਂ ਵਿੱਚ ਇਹ ਕਰਾਮਾਤ ਕਰਨ ਪਹੁੰਚ ਜਾਂਦਾ। ਅੱਕਾਂ ਵਿੱਚ ਵੜਦੇ ਕਦੇ ਡਰ ਨਹੀਂ ਲੱਗਿਆ। ਡਰ ਦਾ ਭੂਤ ਕਿਤੇ ਹੋਰ ਹੁੰਦਾ ਸੀ। ਗੁਲਾਬੀ ਫੁੱਲ। ਤਾਜ਼ਾ ਗਿੱਲੀ ਮਿੱਟੀ ਦੀ ਮਹਿਕ।... .ਤੇ ਲੁਕ ਕੇ ਆਪਣੀ ਇੰਦਰੀ ਨੂੰ ਪਲੋਸਣਾ। ਤੇ ਬਾਅਦ 'ਚ ਆਪਣਾ ਕੀਤਾ ਯਾਦ ਕਰ ਕੇ ਡਰੀ, ਘਬਰਾਈ ਜਾਣਾ। ਮੈਨੂੰ ਫੂੰਨਕਾਰਾ ਮਾਰਨ ਦਾ ਮਤਲਬ ਮਾਨੋ ਸਦੀਆਂ ਬਾਅਦ ਪਤਾ ਲੱਗਿਆ ਕਿ ਝੋਟਾ ਝੋਟੀ ਦੇ ਗੋਹੇ ਵਾਲੇ ਪਾਸੇ ਚਲਾ ਗਿਆ ਸੀ।

ਡਰ ਕਦੇ ਚੜ੍ਹੱਕੀ ਦੇ ਸੜੇ ਬੁਸੇ ਭੌਂਕਦੇ ਕੁੱਤਿਆਂ ਦੇ ਮੂੰਹ 'ਚ ਲਟਕਦੇ ਦੰਦਾਂ 'ਚ ਹੁੰਦਾ। ਜਾਂ... ਕਦੇ ਝੋਟਿਆਂ ਦੇ ਸਰਕਾਰੀ ਫਾਰਮ ਵਿੱਚ ਭੂਤ ਨੱਚਦਾ ਦਿੱਸ ਪੈਂਦਾ ।

ਸਰਕਾਰੀ ਫਾਰਮ ਵਿਚ ਝੋਟੇ ਸਰਕਾਰੀ ਮਾਲ ਖਾ ਖਾ ਕੇ ਐਨੇ ਪਲ਼ੇ ਹੋਏ ਦੈਂਤ ਲੱਗਦੇ ਕਿ ਉਹਨਾਂ ਦੇ ਪਿੰਡੇ 'ਤੇ ਤੁਰਦੀ ਮੇਰੀ ਨਿਗ੍ਹਾ ਫੁੱਲ ਜਾਂਦੀ। ਦੋ ਜਾਨਵਰਾਂ ਦੀ ਸੇਵਾ ਲਈ ਇਕ ਪੱਕਾ ਬੰਦਾ। ਸਵੇਰੇ ਏਹ ਬੰਦੇ ਆਪਣੇ ਝੋਟਿਆਂ ਨੂੰ ਸ਼ੈਡਾਂ 'ਚੋਂ ਬਾਹਰ ਕੱਢ ਕੇ ਗੇੜਾ ਦੁਆਉਂਦੇ। ਫੇਰ ਝੋਟੇ 'ਤੇ ਝੋਟਾ ਚੜ੍ਹਾ ਕੇ ਥੱਲੇ ਨਾਲ਼ ਜਹੀ ਵਿਚ ਸੀਮਨ ਕੱਢਦੇ। ਜਦੋਂ ਸੀਮਨ ਦੀ ਸ਼ੀਸ਼ੀ ਭਰ ਜਾਂਦੀ ਤਾਂ ਓਹ ਸਾਰੇ ਰੌਲ਼ਾ ਪਾ ਕੇ ਨੱਚਦੇ ਭਾਵੇਂ ਕਿ ਉਹਨਾਂ ਦੀਆਂ ਤੀਮੀਆਂ, ਨਿਆਣੇ ਅੰਦਰ ਸਰਕਾਰੀ ਕੁਆਟਰਾਂ ਵਿਚ ਹੀ ਰਹਿੰਦੇ ਸਨ। ਹਰ ਪਾਸੇ ਤੋਂ ਡਰਦੇ ਅਸੀਂ ਝੋਟੇ 'ਤੇ ਝੋਟਾ ਚੜ੍ਹਦਾ ਜਰੂਰ ਦੇਖਦੇ। ਇਕ ਵਾਰ ਸਾਡੀ ਮੱਝ ਚੁੱਗਦੀ ਚੁੱਗਦੀ ਫਾਰਮ ਦਾ ਗੇਟ ਟੱਪ ਗਈ। ਤੇ ਝੋਟੇ ਦੇ ਨਿਗ੍ਹਾ ਪੈ ਗਈ। ... ਤੇ ਉਸ ਨੇ 'ਕੱਲੇ ਬੰਦੇ ਤੋਂ ਰੱਸਾ ਛੁਡਾ ਕੇ ਮੱਝ ਵੱਲ ਨੂੰ ਸ਼ੂਟ ਵੱਟ ਲਈ। ਫਾਰਮ 'ਚ ਉੱਚੀ ਉੱਚੀ ਹਾਕਾਂ ਵੱਜਣ ਲੱਗ ਪਈਆਂ। ਸਾਰੇ ਬੰਦੇ ਮੋਟੇ ਬਾਂਸ, ਰੱਸੇ ਲੈ



ਕੇ ਕੁਆਟਰਾਂ 'ਚੋਂ ਬਾਹਰ ਭੱਜ ਪਏ। ਅਸੀਂ ਵੀ ਇਕੱਠੇ ਹੋ ਗਏ। ਝੋਟਾ ਸ਼ੂਕਦਾ ਆਵੇ। ਬੰਦਿਆਂ ਦੇ 'ਕੱਠ ਕਰਕੇ ਉਸ ਨੂੰ ਮੱਝ ਦੂਰ, ਪਹੁੰਚ ਤੋਂ ਪਰੇ ਲੱਗੀ। ਤਾਂ ਉਹ ਦੌੜਦਾ ਮੇਲ੍ਹਦਾ ਜਿਥੇ ਤੱਕ ਪੁੱਜਿਆ ਸਕਿਆ ਸੀ ਉੱਥੇ ਹੀ ਪਿਛਲੇ ਖੁਰਾਂ ਉੱਤੇ ਮੂਹਰਲੀਆਂ ਦੋਵੇਂ ਲੱਤਾਂ ਚੁੱਕ ਕੇ ਖੜਾ ਹੋ ਗਿਆ ਤੇ ਅਸਮਾਨ ਵੱਲ ਨੂੰ ਮੂੰਹ ਕਰਕੇ ਜ਼ੋਰ ਦੀ ਰੰਭਣ ਲੱਗਿਆ। ਤੇ ਜੋਸ਼ ਵਿਚ ਸਿਲ-ਪੱਥਰ ਦੀ ਮੂਰਤੀ ਬਣ ਕੇ ਸਰਕਸ ਦੇ ਹਾਥੀ ਵਰਗਾ ਲੱਗਿਆ ਜਿਹੜਾ ਸੁੰਡ ਚੁੱਕੀ ਸਟੂਲ 'ਤੇ ਖੜ੍ਹਾ ਹੁੰਦਾ। ਤਾਂ ਵੀ ਚਲੋ ਮ੍ਹੈਸ ਬਚ ਗਈ ... ਨਹੀਂ ਤਾਂ ...

... ਜੇ ਹੋਰ ਨਹੀਂ ਤਾਂ, ਮਾੜੇ ਜਹੇ ਬੱਦਲ, ਕਿਣਮਿਣ ਕਾਣੀ ਨਾਲ ਹੀ ਬਾਰਿਸ਼ ਦਾ ਪਾਣੀ ਨੀਵੇਂ ਘਰ 'ਚ ਡਰਾਉਂਦਾ ਆ ਧਮਕਦਾ। ਤਾਂ ਅਸੀਂ ਘਰਾਂ ਦੀਆਂ ਦੇਹਲੀਆਂ ਮਿੱਟੀ ਦੀਆਂ ਭਰੀਆਂ ਬੋਰੀਆਂ ਟਿਕਾ ਕੇ ਉੱਚੀਆਂ ਕਰਦੇ। ਕਦੇ ਰਾਤ ਨੂੰ ਮਿੱਟੀ ਦੀਆਂ ਬੋਰੀਆਂ ਭਰੀਆਂ ਭਰਾਈਆਂ ਰਹਿ ਜਾਂਦੀਆਂ ਤੇ ਬਾਰਿਸ਼ ਦਾ ਪਾਣੀ ਸਿੱਧਾ ਅੰਦਰ ਹੀ ਆਣ ਵੜਦਾ... ਤੇ ਖਾਲੀ ਭਾਂਡੇ ਪਾਣੀ 'ਚ ਤੈਰਨ ਲੱਗਦੇ। ਜਾਂ ਮੰਜੇ ਦੇ ਪਾਵਿਆਂ, ਕੰਧਾਂ ਨਾਲ ਵੱਜ ਕੇ ਮਧੁਰ ਖੜਾਕ ਪੈਦਾ ਕਰਦੇ ਤਾਂ ਘਬਰਾ ਕੇ ਉੱਠਦੀ ਬੇਬੇ ਦਾ ਪੈਰ ਬਰਸਾਤੀ ਗੰਦੇ ਪਾਣੀ 'ਚ ਜਾ ਡੁੱਬਦਾ:

" ਓ-ਹੋ-ਅ... , ਪਾਣੀ ਤਾਂ ਅੰਦਰ ਵੜ ਗਿਆ। ਉੱਠੋ ਸਾਰੇ...", ਅੱਧੀ ਰਾਤ ਨੂੰ ਪਤਾ ਨਹੀਂ ਉਹ ਸਾਰਿਆਂ ਨੂੰ ਕਿਉਂ ਜਗਾ ਦਿੰਦੀ। ਸਾਰਿਆਂ ਨੂੰ ਡਰ ਵੰਡ ਦਿੰਦੀ। ਉਹ 'ਕੱਲੀ ਕੀ ਕੀ ਚੁੱਕ ਸਕਦੀ ਸੀ? ਹਰ ਸਾਲ ਇਹ ਪਾਣੀ ਡਰ ਦਾ ਰੂਪ ਧਾਰ ਕੇ ਇੱਕ ਦੋ ਵਾਰ ਘਰ 'ਚ ਆ ਧਮਕਦਾ। ਜਿਉਂਦੇ ਜਾਗਦੇ ਰੋਟੀ ਖਾਂਦੇ ਘਰ ਵਿੱਚੋਂ ਜਿਊਣਾ ਮਨਫੀ ਕਰ ਦਿੰਦਾ। ਵਿਹੜੇ 'ਚ ਚਾਹ ਰੰਗੇ ਬਰਸਾਤੂ ਪਾਣੀ ਦੀ ਤ੍ਰਿਕੋਣ ਜ਼ੋਰ ਮਾਰ ਕੇ ਬਗਲ ਦਾ ਕੋਈ ਨਾ ਕੋਈ ਹਿੱਸਾ ਢਾਹ ਦਿੰਦੀ। ਢਹਿਆ ਹਿੱਸਾ ਬਿਨ੍ਹਾਂ ਮਿਸਤਰੀ ਤੋਂ ਇੱਟ 'ਤੇ ਇੱਟ ਟਿਕਾਈ ਖੜ੍ਹਾ ਰਹਿੰਦਾ। ਕਈ ਸਾਲ। ਕਈ ਥਾਂਵਾਂ 'ਤੇ। ਤਿਕੋਣੀ ਬਾਊਂਡਰੀ ਦੀ ਇਕ ਵੱਖੀ ਵਿਚ ਗੇਟ ਰੱਖਿਆ ਹੋਇਆ ਸੀ ਜਿੱਥੇ ਸਭ ਤੋਂ ਪਹਿਲਾ ਬਰਸਾਤੀ ਪਾਣੀ ਨੂੰ ਰੋਕਣ ਦੀ ਕੋਸ਼ਿਸ਼ ਕਰਦੇ। ਪਰ ਪਾਣੀ ਬਾਊਂਡਰੀ ਦੀਆਂ ਇੱਟਾਂ ਵਿੱਚੋਂ ਦੀ ਰਾਹ ਲੱਭਕੇ ਅੰਦਰ ਆ ਜਾਂਦਾ। ਤੇ ਪਾਣੀ ਸਾਨੂੰ ਸਾਰਿਆਂ (ਮੈਂ, ਬੇਬੇ, ਬਾਪੂ, ਚਾਚੇ, ਤਾਏ ..ਤੇ ਹੋਰ... ਮੇਰਾ ਵੱਡਾ ਭਾਈ, ਪਤਾ ਨਹੀਂ ਉਹ ਕੀ ਕੀ ਕਰਦਾ ਹੁੰਦਾ ਸੀ। ਉਹ ਬਹੁਤ ਕੁੱਝ ਕਰਦਾ ਹੁੰਦਾ ਸੀ। ਹੁਣ ਯਾਦ ਕਰ ਕੇ ਗਿਣ ਨਹੀਂ ਸਕਦਾ) ਨੂੰ ਦਬਿੱਲ ਦਿੰਦਾ। ਤੇ ਅਸੀਂ ਸਾਰੇ ਹੱਥ ਹਿਲਾਉਂਦੇ, ਰੌਲ਼ਾ ਪਾਉਂਦੇ ਬੇਬਸ ਖੜੇ ਰਹਿ ਜਾਂਦੇ ...

... ਜਿਵੇ ਮੈਂ ਹੁਣ ਬਿਲਕੁੱਲ ਬੇਬਸ ਖੜ੍ਹਾਂ...

ਉਸ ਸਾਲ ਏਨੀ ਬਾਰਿਸ਼ ਹੋਈ ਕਿ ਘਰ 'ਚ ਤਿੰਨ ਫੁੱਟ ਪਾਣੀ ਭਰ ਗਿਆ। ਸੜ੍ਹਕ ਦੇ ਉੱਤੋਂ ਪਾਣੀ ਟੱਪਣ ਲੱਗਿਆ। ਕਿਸੇ ਸਿਆਣੇ ਨੇ ਅੰਦਾਜ਼ਾ ਲਾਇਆ ਕਿ ਜਿੱਥੋਂ ਪਾਣੀ ਸੜ੍ਹਕ ਉੱਪਰੋਂ ਟੱਪ ਕੇ ਦੂਜੇ ਪਾਸੇ ਜਾ ਰਿਹਾ ਹੈ, ਉੱਥੋਂ ਸੜ੍ਹਕ ਵੱਢ ਦਿੱਤੀ ਜਾਵੇ। ਸਰਕਾਰੀ ਫਾਰਮ ਦਾ ਅਫ਼ਸਰ ਪੈਂਟ ਦੀਆਂ ਮੂਹਰੀਆਂ ਚੜ੍ਹਾਈ ਹੱਥ 'ਚ ਛਤਰੀ ਫੜੀ ਆ ਗਿਆ ਤੇ ਸਾਰਿਆਂ ਨੂੰ ਸਮਝਾਉਂਦਾ ਜਿਹਾ ਕਹਿੰਦਾ ਤੁਰ ਗਿਆ:

" ਵੱਢ ਦੋ ਵੱਢ ਦੋ ਸੜ੍ਹਕ ਵੇਖੀ ਜਾਊ" ਇਹ ਪਹਿਲਾ ਸਰਕਾਰੀ ਬੰਦਾ ਸੀ ਜਿਸ ਨੇ ਸਾਡੀ ਕਿਸਮਤ ਬਾਰੇ ਬਿਨਾਂ ਲਿਖਤੀ ਅਰਜੀ ਦਿੱਤਿਆਂ ਜ਼ੁਬਾਨੀ ਹੁਕਮ ਸੁਣਾ ਦਿੱਤਾ ਸੀ।

ਮੇਰੇ ਵੱਡੇ ਭਾਈ ਤੇ ਚਾਚੇ ਤਾਏ ਦੇ ਮੁੰਡਿਆਂ ਨੇ ਰਲ ਕੇ ਕਹੀਆਂ ਨਾਲ ਸੜ੍ਹਕ ਇੱਕ ਫੁੱਟ ਟੁੱਕ ਦਿੱਤੀ। ਮਿੰਟਾਂ 'ਚ ਪਾਣੀ ਸਾਰੀ ਮਿੱਟੀ, ਸਾਰੀ ਸੜ੍ਹਕ ਹੜ੍ਹਾ ਕੇ ਲੈ ਗਿਆ ਤੇ ਦੇਖਦੇ ਹੀ ਦੇਖਦੇ ਪਾੜ ਪੈ ਗਿਆ ਤੇ ਪਾਣੀ ਸਰਪਟ ਸੈਣੀਆਂ ਦੇ ਖੇਤਾਂ ਵਿਚੀਂ ਮਾਰ ਕਰਦਾ ਸਤਲੁੱਜ ਵੱਲ ਨੂੰ ਵਹਿਣ ਲੱਗਿਆ। ਰਾਤ ਸੀ। ਪਾੜ ਹੋਰ ਖੁੱਲ ਗਿਆ ਤੇ ਪਾਣੀ ਇਕ ਦਮ ਘੱਟਣ ਲੱਗਿਆ ... ਤੇ ਚਾਚੀ ਨੇ ਗੁੜ ਦੀ ਰਿਓੜੀ ਪਾਣੀ 'ਚ ਸੁੱਟ ਦਿੱਤੀ:

"ਯਿਆ ਖੁਆਜਾ ਪਾਤਸ਼ਾਹ"

ਪਾਣੀ ਨੀਵਾਂ ਹੋਣ ਲੱਗਿਆ। ਸੁੱਖ ਦਾ ਸਾਹ ਆਇਆ।

"ਪਾਣੀ ਜਿੱਧਰ ਢਾਲ਼ ਐ ਓਧਰ ਦੀ ਓ ਲੰਘਣਾ " ਬਾਪੂ ਪਤੂਹੀ ਦੀਆਂ ਜੇਬਾਂ 'ਚ ਹੱਥ ਪਾ ਪਾ ਕੱਢੀ ਜਾਵੇ।

ਪਾਣੀ ਇੰਨਾ ਕੁ ਉਤਰ ਗਿਆ ਕਿ ਬੇਬੇ ਦਾ ਨਲਕੇ ਤੋਂ ਪਾਣੀ ਲਿਆਓਣ ਤੇ ਘੁੱਤੀ ਵਰਗੀ ਰਸੋਈ 'ਚ ਸੈਲਫ ਉੱਤੇ ਸਟੋਵ ਬਾਲ ਕੇ ਦਾਲ ਰੋਟੀ ਬਣਾਉਣ ਦਾ ਹੌਂਸਲਾ ਪੈ ਗਿਆ।

"ਆਓ ਸਾਰੇ ਬਾਹਰ ! ਭੈਣ-ਚੋ-ਅ, ਆਓ ਬਾਹਰ ਦੇਖੀਏ ਸਾਲੇ ਬੰਗਾਲਿਆਂ ਨੂੰ" ਸਵੇਰੇ ਅਸੀਂ ਸਾਰਾ ਟੱਬਰ ਥਾਂ ਕੁਥਾਂ ਬੈਠੇ ਚਾਹ ਪੀ ਕੇ ਹਟੇ ਤਾਂ ਬਾਹਰੋਂ ਗਾਲ਼ਾਂ ਸੁਣਨ ਲੱਗੀਆਂ। ਪਾੜ ਦੇ ਤੇਜ ਬਰਸਾਤੂ ਪਾਣੀ ਨੇ ਜਿਹਨਾਂ ਸੈਣੀ ਬਰਾਦਰੀ ਦੇ ਜਿੰਮੀਦਾਰਾਂ ਦੀ ਫਸਲ ਡੁਬੋ ਦਿੱਤੀ ਸੀ ਉਹਨਾਂ ਸਰਕਾਰੇ ਦਰਬਾਰੇ ਸ਼ਿਕਾਇਤ ਕਰ ਦਿੱਤੀ। ਉਹ ਪਾੜ ਦੇ ਪਰਲੇ ਪਾਸੇ ਇੱਕਠੇ ਹੋ ਰਹੇ ਸਨ। ਅਫ਼ਸਰਾਂ ਦੇ ਆਉਣ ਤੋਂ ਪਹਿਲਾਂ ਸਾਨੂੰ ਗਾਲ਼ਾਂ ਕੱਢ ਰਹੇ ਸਨ। ਸੜ੍ਹਕ ਉੱਤੇ ਇੱਕ ਸਰਕਾਰੀ ਜੀਪ ਆ ਕੇ ਰੁਕ ਗਈ। ਸਰਕਾਰੀ ਸੜ੍ਹਕ। ਸਰਕਾਰੀ ਜੀਪ। ਮਹਿੰਦਰਾ। ਸਰਕਾਰੀ ਅਫਸਰ। ਐੱਸ ਡੀ ਐੱਮ ! ਔਰਤ ਅਫ਼ਸਰ ਸੀ। ਏਸ ਸਰਕਾਰੀ ਥਾਂ ਦਾ 'ਮੌਕਾ' ਵੇਖਣ ਵਾਲਾ ਦੂਸਰਾ ਵੱਡਾ ਪਦਅਧਿਕਾਰੀ। ਉਸ ਦੇ ਆਉਣ 'ਤੇ ਸਭ ਚੁੱਪ ਹੋ ਗਏ।

"ਇਹ ਸਰਕਾਰੀ ਸੜ੍ਹਕ ਕਿਸਨੇ ਵੱਢੀ ਐ" ਔਰਤ ਅਫ਼ਸਰ ਪਾੜ ਦੇ ਪਰਲੇ ਪਾਸਿਓਂ ਸਾਡੇ ਵਿੱਚੋਂ ਕਿਸੇ ਨੂੰ ਅਫ਼ਸਰੀ ਅੰਦਾਜ਼ ਵਿੱਚ ਪੁੱਛ ਰਹੀ ਸੀ। ਬਾਪੂ ਨੇ ਸਲਾਮ ਦੇ ਅੰਦਾਜ਼ ਵਿੱਚ ਹੱਥ ਆਪਣੇ ਮੱਥੇ ਵੱਲ ਮਾਰਿਆ।

" ਸਾੜੇ ਅੰਦਰ ਵੜ ਕੇ ਦੇਖੋ। ਤਿੰਨ ਫੁੱਟ ਪਾਣੀ ਚੜ੍ਹ ਗਿਆ ", ਬਾਪੂ ਨੇ ਆਪਣੇ ਲੱਕ 'ਤੇ ਹੱਥ ਰੱਖਿਆ ਤੇ ਆਪਣੀ ਗੱਲ ਦਾ ਗੁੱਸਾ ਤੇ ਵਜ਼ਨ ਪਾੜ ਦੇ ਉੱਪਰੋਂ ਉੱਚੀ ਅਵਾਜ਼ ਵਿਚ ਵਗਾਹ ਕੇ ਅਫ਼ਸਰ ਤੇ ਇਕੱਠੇ ਹੋਏ ਸੈਣੀਆਂ ਦੇ ਮੂੰਹ 'ਤੇ ਮਾਰਿਆ, "ਤਿੰਨ ਫੁੱਟ ਪਾਣੀ ਖੜਾ ਤਾ ਅੰਦਰ ਉਸ ਬਖਤ", ਉਸ ਨੇ 'ਵਖ਼ਤ' ਸ਼ਬਦ 'ਤੇ ਜ਼ੋਰ ਦਿੱਤਾ ਤਾਂ ਅਫ਼ਸਰ ਸਾਹਿਬਾ ਚਾਹ ਰੰਗੇ ਬਰਸਾਤੀ ਪਾਣੀ ਦੀ ਤਿਕੋਣ ਵਿਚ ਡੁੱਬੇ ਘਰ ਵੱਲ ਨੂੰ ਵੇਖਣ ਲੱਗੀ।

" ਜੇ ਸਾੜਾ ਮਕਾਨ ਗਿਰ ਜਾਂਦਾ ਤਾਂ.. ਜੇ ਮੇਰੇ ਬੱਚੇ ਡੁੱਬ ਕੇ ਮਰਗੇ? ..ਲਿੰਦਾ ਕੋਈ ਜਿੰਮੇਵਾਰੀ ਐਥੇ ਖੜਾ? ਮਾਲ ਡੰਗਰ ਦਾ ਹਲੇ ਪਤਾ ਨੀਂ ਕਿੱਥੇ ਐ? ਅਸੀਂ ਮਾਰੀ ਇਨ੍ਹਾਂ ਦੀ ਫਸਲ? 'ਗਾਹਾਂ ਜੀਮੀਂਦਾਰਾਂ ਨੇ ਸਾਰਾ ਪਣਚਾਇਤੀ ਨਾਲਾ ਦੱਬ ਕੇ ਵਾਹ ਲਿਆ। ਦੇਖੋ ਜਾ ਕੇ।"

ਔਰਤ ਅਫਸਰ ਨੇ ਆਪਣੇ ਨਾਲ ਖੜੇ ਮੁਤਹਿਤ ਨਾਲ ਗੱਲ ਕੀਤੀ ਤੇ ਫੈਸਲਾ ਇਹ ਹੋਇਆ ਕਿ ਪਾਣੀ ਦੇ ਪਾਏ ਪਾੜ ਵਿੱਚ ਪੀ. ਡਬਲਿਯੂ. ਡੀ. ਮਤਲਬ ਕਿਸੇ ਕਿਸਮ ਦੀ ਕੋਈ ਸਰਕਾਰ, ਪਾਈਪਾਂ ਸਿੱਟ ਕੇ ਮਿੱਟੀ ਪਾ ਦਵੇ। ਸਤਲੁਜ ਤੱਕ ਬਰਸਾਤੂ ਪਾਣੀ ਲੰਘਣ ਲਈ ਪੱਕੀਆਂ ਫਰਦਾਂ ਵਿਚ ਲੱਗੇ ਨਾਲੇ ਦੀ ਜ਼ਮੀਨ ਸਾਰੇ ਜਿੰਮੀਂਦਾਰਾਂ ਦੇ ਨਜ਼ਾਇਜ ਕਬਜ਼ੇ ਹੇਠੋਂ ਪੁਲਸ ਦੀ ਮੱਦਦ ਲੈ ਕੇ ਤੁਰੰਤ ਛੁਡਾਈ ਜਾਵੇ।

ਬਾਪੂ ਜਿੱਤ ਗਿਆ। ਸਾਡੇ ਘਰ 'ਚ ਖ਼ੁਸ਼ੀ ਦੀ ਲਹਿਰ ਦੌੜ ਗਈ।

ਸ਼ਹਿਰ ਫੈਲ ਗਿਆ। ਪਿੰਡ ਦੇ ਜਿਸ ਬੰਨੇ ਦੇ ਅਖ਼ੀਰ 'ਤੇ ਸਾਡਾ ਘਰ ਸੀ ਉਹ ਹਿੱਸਾ ਸ਼ਹਿਰ ਦਾ ਅਗਲਾ ਵਾਰਡ ਬਣ ਗਿਆ। ਜਿਸ ਪਾੜ ਚੋਂ ਬਰਸਾਤੀ ਪਾਣੀ ਕੱਢ ਕੇ ਬਾਪੂ ਜਿੱਤ ਗਿਆ ਸੀ ਉਸ ਡੂੰਘ ਵਿੱਚੋਂ ਹੁਣ ਸਾਰੇ ਸ਼ਹਿਰ ਦਾ ਗੰਦਾ ਪਾਣੀ ਨਾਲੇ ਦੀ ਸ਼ਕਲ 'ਚ ਕਾਲਾ ਹੋਇਆ ਚੌੜੀ ਪੁਲੀ ਹੇਠੋਂ ਸਾਡੇ ਘਰ ਦੀ ਤਿਕੋਣ ਦੇ ਸਭ ਤੋਂ ਤਿੱਖੇ ਸਿਰੇ ਨੂੰ ਛੂਹ ਕੇ ਸਿੱਧਾ ਸਤਲੁਜ ਵੱਲ ਨੂੰ ਚੌਵੀ ਘੰਟੇ ਲੰਘਣ ਲੱਗਿਆ। ਗੰਦੇ ਨਾਲੇ ਦੀ ਬਦਬੂ ਨੱਕ ਦਾ ਓਪਰੇਸ਼ਨ ਕਰਦੀ ਸਾਡੀ ਤਿਕੋਣ ਦੀਆਂ ਤਿੰਨੋਂ ਬਾਹੀਆਂ ਦੁਆਲੇ ਘੁੰਮਦੀ ਅੱਗੇ ਦੂਰ ਵੱਡੇ ਗੋਲ ਚੌਂਕ ਤੱਕ ਫੈਲਦੀ ਜਾਂਦੀ।

ਸਮੇਂ ਲੰਘ ਗਏ। ਗਾਲ਼ਾਂ ਕੱਢਦੇ ਸੁਣਦੇ, ਅਸੀਸਾਂ ਦਿੰਦੇ ਏਹ ਬਜ਼ੁਰਗ ਔਰਤਾਂ ਮਰਦ ਚੋਲ਼ੇ ਛੱਡ ਗਏ। ਉਹਨਾਂ ਦੇ ਚੋਲ਼ੇ ਅਸੀਂ ਪਾ ਲਏ। ਕੋਲ਼ ਪੈਸੇ ਹੋਏ ਤਾਂ ਘਰ ਇੱਕ ਵਾਰ ਫੇਰ ਢਾਅ ਕੇ ਉੱਚਾ ਚੁੱਕ ਦਿੱਤਾ। ਉੱਥੇ ਸਰਕਾਰ ਫੇਰ ਆ ਗਈ। ...



... ਫੇਰ...!!! ???

... ਹੁਣ ਸਰਕਾਰ ਨੇ ਸੜ੍ਹਕ ਉੱਚੀ ਨਹੀਂ ਕੀਤੀ। ਨਾ ਸਾਡੇ ਘਰ ਪਾਣੀ ਵੜਿਆ। ਨਾ ਅਸੀਂ ਸੜ੍ਹਕ ਵੱਢੀ ...

... ਫੇਰ ਸਰਕਾਰ ਕਿਉਂ ਆ ਗਈ !

... ਫੇਰ ਸਰਕਾਰ ਨੇ ਕੀ ਕੀਤਾ !!

... ਸਰਕਾਰ ਆ ਗਈ ਆਪਣੀ ਆਈ 'ਤੇ...

... ਤੇ ... ਤੇ ਸਰਕਾਰ ਫੇਰ। ਇਕ ਵਾਰੀ ਫੇਰ। ਪਤਾ ਨਹੀਂ ਕਿੰਨਵੀਂ ਵਾਰ ਆ ਕੇ ਖੜ ਗਈ। ਲਗਦਾ ਆਖ਼ਰੀ ਵਾਰ ... ਸਰਕਾਰੀ ਗੱਡੀ। ਕਈ ਹੋਰ ਗੱਡੀਆਂ। ਗੱਡੀਆਂ ਉੱਪਰ ਘੁੰਮਦੀਆਂ ਲਾਲ ਬੱਤੀਆਂ। ਸਰਕਾਰੀ ਸਿਆਸੀ ਸ਼ਕਤੀ। ... ਤਾਂ ਵੀ ਲਹਿਜਾ ਲਿਹਾਜ ਵਾਲਾ ...

" ਦੇਖੋ ਬਈ ਤੁਹਾਡੀ ਜ਼ਮੀਨ 'ਚ ਹੁੰਦਾ ਤਾਂ ਕੁੱਝ ਹੈ ਨਹੀਂ। ਸਾਰੀ ਬੰਜਰ ਐ। ਸਰਕਾਰ ਨੇ ਸਾਰੀ ਜ਼ਮੀਨ ਐਕੁਆਇਰ ਕਰ ਲਈ ਐ। ਤੁਹਾਨੂੰ ਜ਼ਮੀਨ ਦਾ ਪੂਰਾ ਮੁਆਵਜ਼ਾ ਮਿਲੇਗਾ। ਇੰਪਰੂਵਮੈਂਟ ਟਰਸਟ ਨੇ ਇੱਥੇ ਕਲੋਨੀ ਬਣਾਉਣੀ ਐ। ਤੁਹਾਡੇ ਖੇਤਾਂ, ਖਤਾਨਾਂ, ਮਕਾਨਾਂ, ਦੁਕਾਨਾਂ ਦੀ ਵਾਜਬ ਕੀਮਤ ਤੁਹਾਡੇ ਬੈਂਕ ਖਾਤਿਆਂ ਵਿਚ ਆਟੋਮੈਟੀਕਲੀ ਆ ਜਾਣੀ ਐ।"

ਸਰਕਾਰ ਨੇ 'ਸਕੀਮ' ਬਣਾ ਕੇ ਸਾਡੀ ਤ੍ਰਿਕੂਣ ਤੇ ਕਈ ਹੋਰਾਂ ਦੀ ... ਉਸ ਇਲਾਕੇ ਵਿਚ ਸਭ ਦੀ ਵਿੰਗੀ ਟੇਢੀ, ਉੱਚੀ ਨੀਵੀਂ ... ਪੱਧਰੀ.. ਚਾਹੀ.. ਚੌਰਸ ਲੱਗਭੱਗ ਡੇਢ ਸੌ ਕਿੱਲਾ ਜ਼ਮੀਨ ਲਿਖਤੀ ਹੁਕਮ ਕਰਕੇ ਆਪਣੇ ਕਬਜੇ 'ਚ ਕਰ ਲਈ। ਜ਼ਮੀਨ ਦੀ ਪ੍ਰਤੀਤ ਬੈਂਕ ਖਾਤਿਆਂ ਵਿਚ ਡੁੱਬ ਗਈ। ਸਾਨੂੰ ਚੁਰਾਸੀ ਰੁਪਏ ਗਜ ਦੇ ਹਿਸਾਬ ਨਾਲ ਮੁਆਵਜਾ ਮਿਲਿਆ। ਸਰਕਾਰ ਨੇ ਆਪ ਨੌਂ ਸੌ ਚੁਰਾਸੀ ਰੁਪਏ ਗਜ ਦੇ ਹਿਸਾਬ ਨਾਲ ਪਲਾਟ ਅਲਾਟ ਕੀਤੇ ! ਤੇ ਆਹ ਸ਼ੋਅ-ਰੂਮ ਖੁੱਲੀ ਬੋਲੀ 'ਚ ਕਰੋੜਾਂ ਦੇ ਨਿਲਾਮ ਕੀਤੇ !! ... ਤੇ 'ਸਕੀਮ' ਦੀ ਜ਼ਮੀਨ 'ਚੋਂ ਇਕ ਵੱਡਾ ਨੌਂ ਕਿੱਲੇ ਦਾ ਟੱਕ ਬਹੁਮੰਜ਼ਲਾ ਫਲੈਟ ਬਣਾਓਣ ਲਈ ਛੱਡ ਦਿੱਤੈ ਜਿਹੜਾ ਆਪਣੇ ਮਨਿਸਟਰ ਦੀ ਵੱਡੀ ਦੋਹਤੀ ਦੇ ਨਾਓਂ ਬੋਲਦਾ; ਜਿਸ 'ਤੇ ਓਹਦੀਆਂ ਕਾਲੀਆਂ ਗੱਡੀਆਂ ਦੇ ਕਾਲੇ ਟਾਇਰਾਂ ਦੀ ਘਾਸ ਪੈ ਗਈ।

ਮੈਂ ਛੇ ਸਾਲਾਂ ਤੋਂ ਹੋਰ ਕਸਬੇ 'ਚ ਰਹਿੰਦਾ ਸਾਂ। ਭਾਈਆਂ ਦੀ ਵੰਡ ਵਿਚ ਬਾਪੂ ਨੂੰ ਮਿਲੇ ਤ੍ਰਿਕੋਣ ਦੇ ਹਿੱਸੇ ਵਿਚ ਮੇਰਾ ਵੱਡਾ ਭਾਈ ਰਹਿੰਦਾ ਸੀ। ਉਸ ਨੇ ਵਕੀਲ ਕਰ ਕੇ ਸਰਕਾਰ 'ਤੇ ਕੇਸ ਪਾ ਦਿੱਤਾ। ਕੇਸ ਲੜਨ ਲਈ ਉਹ ਮੇਰੇ ਤੋਂ ਮੇਰੇ ਹਿੱਸੇ ਦੇ ਪੈਸੇ ਮੰਗ ਲੈਂਦਾ। ਪੈਸੇ, ਸਮਾਂ, ਜ਼ਿੰਦਗੀ ... ਸਭ ਕੁੱਝ ਲਗਾ ਕੇ ਮੈਂ ਆਪਣੇ ਘਰ ਦੀ ਉਸ ਤ੍ਰਿਕੋਣ ਨੂੰ ਹਰ ਹਮਲੇ ਤੋਂ ਬਚਾਉਣਾ ਚਾਹੁੰਦਾ ਸਾਂ...

... ਪਰ

ਸਾਰੀਆਂ ਅਦਾਲਤਾਂ ਲੰਘ ਕੇ ਸੁਪਰੀਮ ਕੋਰਟ ਤੱਕ ਅਸੀਂ ਆਪਣੇ ਘਰ ਨੂੰ ਹਾਰ ਗਏ ।

ਮੈਂ ਓਸੇ ਤ੍ਰਿਕੋਣ ਨੂੰ ਹਮੇਸ਼ਾ ਆਪਣਾ ਘਰ ਸਮਝਿਆ ਜਿੱਥੋਂ ਮੇਰੇ ਮਾਂ ਬਾਪ ਦੀ ਅਰਥੀ ਉੱਠੀ ਸੀ। ਉਹੀ ਘਰ ਜਿੱਥੇ ਮੇਰਾ ਲਸੂੜੇ ਦਾ ਦਰਖਤ ਸੀ, ਮੇਰੇ ਅੱਕ, ਮੇਰੇ ਫੁੱਲ, ਮੇਰਾ ਥਰਸਟੀ ਕਰੋਅ ... ਜਿੱਥੇ ਦੁਨੀਆ ਨਾਲ ਜੂਝਣ ਤੋਂ ਪਹਿਲਾਂ ਮੈਂ ਖੁਦ ਨਾਲ ਜੂਝਣਾ ਸਿੱਖਿਆ...

... ਫੇਰ ਮੈਨੂੰ ਪਤਾ ਲੱਗਿਆ ਕਿ ਮੇਰੇ ਵੱਡੇ ਭਾਈ ਨੇ ਮੁਆਵਜ਼ੇ ਦੇ ਮਿਲੇ ਪੈਸਿਆਂ ਨਾਲ ਨੇੜੇ ਹੀ ਗਜਾਂ 'ਚ ਥੋੜ੍ਹੀ ਜਹੀ ਥਾਂ ਲੈ ਕੇ ਆਪਣਾ ਨਵਾਂ ਘਰ ਪਾਉਣਾ ਸ਼ੁਰੂ ਕਰ ਦਿੱਤਾ ਸੀ ।

... ਫੇਰ ਮੈਨੂੰ ਉਸ ਦੇ ਨਵੇਂ ਮਕਾਨ ਦੀ ਚੱਠ ਦਾ ਸੁਨੇਹਾ ਵੀ ਆ ਗਿਆ..

... ਸੋਚਦਾਂ ਕਿੱਥੇ ਗਈਆਂ ਫ਼ੌਜੀ ਦੀਆਂ ਪੱਕੀਆਂ ਫਰਦਾਂ ! ਕਿੱਥੇ ਗਿਆ ਓਹ ਆਪ !

... ਝੋਟੇ ਦੇ ਫੁੰਨਕਾਰੇ ਮਾਰਨ ਤੇ ਕੁੱਤੀ ਦੀ ਬੀਨ ਫਸਣ ਦਾ ਫ਼ਰਕ ਸਮਝਾਉਂਦਾ ਕਿੱਥੇ ਗਿਆ ਬਾਪੂ? ਨਜ਼ਾਇਜ ਕਬਜੇ ਛੁਡਾਓਣ ਤੇ ਕਰਾਓਣ ਵਾਲੇ ਅਫ਼ਸਰ ਵੀ ਆਪੋ ਆਪਣੀ ਸਿਆਹੀ ਵਰਤਦੇ

ਪੈੱਨ ਜੇਬਾਂ 'ਚ ਟੁੰਗ ਕੇ ਕੁਰਸੀਆਂ ਤੋਂ ਉੱਠ ਗਏ।

... ਤੇ ਮੈਨੂੰ ਲੱਗਿਆ ਕਿ ਅਸੀਂ ਮਕਾਨਾਂ ਦੇ, ਖਤਾਨਾਂ ਦੇ ਕੁੱਝ ਵੀ ਨਹੀਂ ਸਾਂ ਲੱਗਦੇ। ਪਾਣੀ 'ਚੋਂ ਨਿਕਲਦੀਆਂ ਮੱਛੀਆਂ ਦੇ। ਨਾ ਗੰਨੇ ਦੇ ਰਸ 'ਚੋਂ ਨਿਕਲਦੀਆਂ ਗੁੜ ਦੀਆਂ ਪਿਓਸੀਆਂ ਦੇ। ਨਾ ਮੱਝ ਦੇ ਢਿੱਡ 'ਚੋਂ ਨਿਕਲਦੇ ਕਟਰੂ ਦੇ। ਨਾ ਅੱਕਾਂ ਦੇ। ਨਾ ਮੱਛੀਆਂ ਦੇ। ਨਾ ਲਸੂੜੇ ਦੇ। ਨਾ ਥਰਸਟੀ ਕਰੋਅ ਦੇ। ਕਿਸੇ ਵੀ ਚੀਜ਼ ਦੇ ਮਾਲਕ ਨਹੀਂ ਸਾਂ। ਫੇਰ ਖਿਆਲ ਆਇਆ ਕਿ ਤਿਕੋਣੇ ਘਰ ਵਿਚ ਬੜਾ ਕੁੱਝ ਅਜਿਹਾ ਵਾਪਰਿਆ ਜੋ ਮੈਨੂੰ ਦਿਸਣਾ ਨਹੀਂ ਸੀ ਚਾਹੀਦਾ। ਸਮਝਣਾ ਨਹੀਂ ਸੀ ਚਾਹੀਦਾ। ... ਤੇ ਹੁਣ ਦੰਦਾਂ ਥੱਲੇ ਜੀਭ ਦੇ ਕੇ ਸਭ ਕੁੱਝ ਭੁੱਲ ਜਾਣਾ ਚਾਹੀਦਾ।

ਸਾਡੇ ਬਜ਼ੁਰਗ ਰਾਤਾਂ ਨੂੰ ਹਨੇਰਾ ਢੋਂਹਦੇ ਹੁੰਦੇ ਸੀ। ਅਸੀਂ ਵੀ ਡਰ ਤੇ ਹਨੇਰੇ ਦੀ ਫਰਦ ਪਾੜ ਕੇ ਪਰਾਂ ਸੁੱਟ ਦੇਣੀ ਚਾਹੁੰਦੇ ਸੀ। ... ਪਰ ਉਹ ਅਜੇ ਤੱਕ ਵੀ ਸਾਡੇ ਨਾਓਂ ਬੋਲੀ ਜਾਂਦੇ।

... ਸ਼ੋਅ-ਰੂਮਾਂ ਦੀ ਕਤਾਰ ਨੇ ਮੈਨੂੰ ਪੀਹ ਕੇ ਬੌਨਾ ਕਰ ਦਿੱਤਾ ਹੈ। ਮੂੰਹ ਮੋੜਦਾ ਸਿਰ ਥੱਲੇ ਨੂੰ ਸੁੱਟ ਕੇ ਬਾਹਾਂ ਲਟਕਾਈ ਮੈਂ ਆਪਣੇ ਭਾਈ ਦੇ ਨਵੇਂ ਘਰ ਨੂੰ ਦੇਖਣ ਤੁਰ ਪੈਂਦਾ ਹਾਂ।

ਵਾਪਸੀ ਕਿਸੇ ਹੋਰ ਪਾਸੇ ਦੀ ਲੰਘ ਕੇ ਮੁੜ ਜਾਊਂਗਾ। ਫੇਰ ਵੀ ਪਿੱਛੇ ਨੂੰ ਘੁੰਮ ਕੇ ਆਪਣੀਆਂ ਪੈੜਾਂ ਦੇ ਨਿਸ਼ਾਨ ਦੇਖਣ ਲੱਗਦਾ ਹਾਂ। ਕਿਤੇ ਕੋਈ ਪੈੜ ਨਹੀਂ ਦਿੱਸਦੀ। ਨਾ ਮੇਰੀ। ਨਾ ਭਾਈ ਭੈਣ ਦੀ। ਨਾ ਮਾਂ ਦੀ। ਨਾ ਬਾਪੂ ਦੀ। ਕਿਸੇ ਦੀ ਪੈੜ ਨਹੀਂ। ਨਾ ਝਿਊਰਾਂ ਦੀ। ਨਾ ਤਾਏ ਦੀ। ਨਾ ਮੱਝਾਂ ਦੀ...

... ਮੱਝਾਂ ਦੀਆਂ ਪੈੜਾਂ ਦੇ ਨਿਸ਼ਾਨ ...ਤਾਂ ਚਲੋ ... ਫਾਰਮ ਦੇ ਸਰਕਾਰੀ ਝੋਟਿਆਂ ਦੇ ਖੁਰਾਂ ਹੇਠ ਦਬ ਗਏ।

balijit15@gmail.com,
Mob 8146760045, Balijit # 1608, Sector 79, Mohali (140 08)

**'ਭਾਗੂ', 'ਤੀਵੀਂਆਂ' ਤੋਂ ਬਾਅਦ ਲਿਖਿਆ ਪੰਜਾਬੀ ਦੇ ਚਰਚਿਤ ਨਾਵਲਕਾਰ ਪਰਗਟ ਸਿੰਘ ਸਤੌਜ ਦਾ ਨਵਾਂ ਨਾਵਲ 'ਖ਼ਬਰ ਇੱਕ ਪਿੰਡ ਦੀ'**

***ਖ਼ਬਰ ਇੱਕ ਪਿੰਡ ਦੀ***
*ਨਾਵਲਕਾਰ*
*ਪਰਗਟ ਸਿੰਘ ਸਤੌਜ*




ਇਹ ਨਾਵਲ ਨਵੇਂ ਢੰਗ ਨਾਲ ਅਜੋਕੇ ਪਿੰਡ ਦੀ ਗਾਥਾ ਕਹਿੰਦਾ ਹੈ। ਬਦਲ ਰਹੇ ਮਨੁੱਖ ਦੀ ਮਾਨਸਿਕਤਾ, ਗੁੰਝਲਦਾਰ ਹੋ ਰਹੇ ਰਿਸ਼ਤੇ-ਨਾਤੇ ਅਤੇ ਇਹਨਾਂ ਨੂੰ ਸਿੱਧੇ, ਅਸਿੱਧੇ ਰੂਪ 'ਚ ਪ੍ਰਭਾਵਿਤ ਕਰਦੀ ਆਰਥਿਕਤਾ ਅਤੇ ਹੋਰ ਕਿੰਨਾ ਹੀ ਕੁਝ ਜੋ ਪਿੰਡ ਦੇ ਅੰਦਰੇ ਅੰਦਰ ਰਿੱਝ ਰਿਹਾ ਹੈ, ਰੌਚਕ ਸ਼ੈਲੀ ਤੇ ਖ਼ੂਬਸੂਰਤ ਢੰਗ ਨਾਲ ਸਾਡੇ ਸਾਹਮਣੇ ਲਿਆਉਂਦੀ ਹੈ। ਇਹ ਸਿਰਫ਼ ਇੱਕ ਪਿੰਡ ਦੀ ਨਹੀਂ ਸਗੋਂ ਹਰ ਇੱਕ ਪਿੰਡ ਦੀ ਕਹਾਣੀ ਹੈ।

**-ਡਾ. ਹਰਦਿਲਜੀਤ ਸਿੰਘ ਗੋਸਲ**

**ਪ੍ਰਕਾਸ਼ਕ : ਕੈਲੀਬਲ ਪਬਲੀਕੇਸ਼ਨ, ਪਟਿਆਲਾ**
**ਮੁੱਲ : 140 ਰੁਪਏ, ਪੰਨੇ :144**



## ਕਹਾਣੀ / ਰੁਲਦਾ / ਗੋਵਰਧਨ ਗੱਬੀ

ਇੱਕ ਜਾਨਿਆ ਪਹਿਚਾਨਿਆ ਉੱਤਮ ਸਲਾਹਕਾਰ ਹਾਂ। ਨਾਮ ਉੱਤਮ ਚੋਪੜਾ। ਕੁਝ ਲੋਕ ਸਾਈਕੋਲੋਜਿਸਟ ਵੀ ਆਖਦੇ ਹਨ। ਭਾਵ ਮਨੋਵਿਗਿਆਨੀ। ਮਨ ਦੀਆਂ ਰੰਮਜਾਂ ਸਮਝਣ ਵਾਲਾ। ਸੂਬੇ ਦੀ ਰਾਜਧਾਨੀ ਵਿਚ ਰਹਿੰਦਾ ਹਾਂ। ਲੋਕਾਂ ਨੂੰ ਸੁਆਲ ਕਰਕੇ, ਜੁਆਬ ਸੁਣਕੇ ਮਾਨਸਿਕ ਗੁੰਝਲਾਂ ਦੀ ਚੀਰਫਾੜ ਕਰਕੇ ਆਪਣੀ ਰਾਏ ਦਿੰਦਾ ਹਾਂ। ਇਹੀ ਪੇਸ਼ਾ ਹੈ। ਇਸੇ ਦੇ ਸਿਰ ਤੋਂ ਤੋਰੀ ਫੁਲਕਾ ਚਲਦਾ ਹੈ।

ਅੱਜ ਦੇ ਜ਼ਮਾਨੇ ਵਿਚ ਹਰ ਕੋਈ ਉਲਝਿਆ ਹੋਇਆ ਹੈ। ਉਹ ਵਖਰੀ ਗੱਲ ਹੈ ਕਿ ਉਲਝਣ ਦਾ ਰੂਪ ਤੇ ਆਕਾਰ ਵੱਖ ਵੱਖ ਹੈ। ਮਨੁੱਖ ਜ਼ਿੰਦਗੀ ਦੇ ਮਕੜ ਜਾਲ ਵਿਚ ਕਿਸੇ ਕੀਟ ਪਤੰਗੇ ਵਾਂਗ ਫਸਿਆ ਪਿਆ ਹੈ। ਆਪਣੇ ਆਪ ਨੂੰ ਬਚਾਉਣ ਵਾਸਤੇ ਇਧਰ ਉਧਰ ਹੱਥ ਪੈਰ ਮਾਰ ਰਿਹਾ ਹੈ ਪਰ ਉਸਦੇ ਵੱਸ ਵਿਚ ਕੁਝ ਨਹੀਂ ਹੈ। ਇਸਦੇ ਚਲਦਿਆਂ ਹਰ ਕਿਸੇ ਨੂੰ ਕਦੇ ਨਾ ਕਦੇ ਕਿਸੇ ਨਾ ਕਿਸੇ ਸਲਾਹ ਦੀ ਜ਼ਰੂਰਤ ਹਮੇਸ਼ਾ ਪੈਂਦੀ ਹੈ ਪਰ ਹਰ ਕੋਈ ਸਲਾਹ ਲੈਣਾ ਨਹੀਂ ਚਾਹੁੰਦਾ, ਹਰ ਕੋਈ ਆਪਣੇ ਆਪ ਨੂੰ ਨਾਢੂ ਖਾਂ ਸਮਝਦਾ ਹੈ। ਹਰ ਸਮੇਂ ਦੂਸਰੇ ਨੂੰ ਸਲਾਹ ਦੇਣ ਵਾਸਤੇ ਉਤਾਵਲਾ ਰਹਿੰਦਾ ਹੈ।

ਕਿਸੇ ਦੇ ਮਾੜੀ ਜਿਹੀ ਢਿਡ ਪੀੜ ਹੋ ਜਾਵੇ ਤਾਂ ਉਸਦੇ ਨੇੜੇ ਦੂਰ ਦੇ ਲੋਕ ਸਾਰੇ ਆਪੋ ਆਪਣੀ ਸਲਾਹ ਦੇਣ ਲੱਗ ਪੈਣਗੇ। ਕੋਈ ਕਹੇਗਾ ਕਿ ਗਰਮ ਪਾਣੀ ਨਾਲ ਅਜਵਾਈਨ ਲੈ ਲਉ। ਕੋਈ ਪਤਲੀ ਖਿਚੜੀ ਖਾਣ ਉਪਰ ਜ਼ੋਰ ਭਰੇਗਾ। ਜੇ ਪਤਾ ਲਗ ਜਾਵੇ ਕਿ ਕਿਸੇ ਨੂੰ ਕੈਂਸਰ ਹੈ ਤਾਂ ਬਹੁਤੇ ਚੰਗੇ ਹਸਪਤਾਲ ਵਿਖਾਉਣ ਲਈ ਘੱਟ ਤੇ ਕਿਸੇ ਡੇਰੇ ਵਾਲੇ ਬਾਬੇ, ਨੀਮ ਹਕੀਮ, ਫਕੀਰ ਜਾਂ ਕਿਸੇ ਨਾਗੇ ਸਾਧੂ ਕੋਲੋਂ ਭਬੂਤੀ ਖਾਣ ਲਈ ਜ਼ੋਰ ਭਰਨਗੇ।

ਭਾਂਤ ਭਾਂਤ ਦੀਆਂ ਸਲਾਹਾਂ ਤੇ ਮਸ਼ਵਰੇ ਦੇਣ ਵਾਲੇ ਅਜੀਬ ਕਿਸਮ ਦੇ ਲੋਕ ਤੁਹਾਡੇ ਆਲੇ ਦੁਆਲੇ ਹਰ ਸਮੇਂ ਮੌਜੂਦ ਰਹਿੰਦੇ ਹਨ।

ਕੁਝ ਮਹੀਨੇ ਪਹਿਲਾਂ ਸਿਆਲ ਦੇ ਦਿਨਾਂ ਦੀ ਗੱਲ ਹੈ। ਇੱਕ ਪਰਿਵਾਰਕ ਇੱਕਠ ਵਿਚ ਕਿਸੇ ਯਾਰ ਦੋਸਤ ਕੋਲੋਂ ਜ਼ੁਖਾਮ ਦੇ ਜੀਵਾਣੂ ਮੈਨੂੰ ਮੁਫਤ ਵਿਚ ਮਿਲ ਗਏ। ਨੱਕ ਵਿਚ ਅਜੀਬ ਕਿਸਮ ਦੀ ਖਾਰਸ਼ ਕਰਨ ਲੱਗੇ। ਦੋ ਤਿੰਨ ਦਿਨਾਂ ਦੇ ਵਿਚ ਵਿਚ ਜ਼ੁਖਾਮ ਦੇ ਜੀਵਾਣੂਆਂ ਨੇ ਸ਼ਰੀਰ ਉਪਰ ਪੂਰੀ ਤਾਕਤ ਨਾਲ ਹਮਲਾ ਬੋਲ ਦਿੱਤਾ। ਨੱਕ ਬਰਸਾਤੀ ਨਦੀਆਂ ਵਾਂਗ ਵਗੇ। ਸਿਰ ਵਿਚ ਦਰਦ ਦੇ ਬੰਬ ਫੱਟਣ। ਛਿੱਕਾਂ ਢੋਲ ਨਗਾਰਿਆਂ ਵਾਂਗ ਵੱਜਣ। ਅਜੀਬ ਕਿਸਮ ਦਾ ਚਿਪ ਚਿਪਾ ਮਾਹੌਲ ਹਰ ਪਾਸੇ ਪਸਰ ਗਿਆ। ਇੱਕ ਦਮ ਬੇ-ਆਰਾਮ। ਰੁਮਾਲ ਹਰ ਸਮੇਂ ਹੱਥ ਵਿਚ ਰੱਖਣਾ ਲਾਜ਼ਮੀ ਹੋ ਗਿਆ।

ਐਤਵਾਰ ਵਾਲੇ ਦਿਨ ਸਿਰ ਮੂੰਹ ਲਪੇਟ ਰਜ਼ਾਈ ਲੈ ਕੇ ਧੁੱਪ ਵਿਚ ਪੈ ਗਿਆ।ਤਰਸਯੋਗ ਹਾਲਾਤ ਹੋਣ ਦੇ ਬਾਵਜੂਦ ਮੁਬਾਇਲ ਫੋਨ ਉਪਰ ਹੀ ਫੇਸ ਬੁੱਕ ਨੂੰ ਖੋਲ੍ਹ ਲਿਆ।

ਨਿਗ੍ਹਾ ਉਸ ਖਾਨੇ ਉੱਪਰ ਜਾ ਪਈ ਜਿਸ ਵਿਚ ਫੇਸ ਬੁੱਕ ਰੋਜ਼ ਪੁੱਛਦਾ ਹੈ, "ਅੱਜ ਤੁਹਾਡੇ ਮਨ ਵਿਚ ਕੀ ਹੈ ?"

"ਭਰਾਵਾ ਮਨ ਦਾ ਤਾਂ ਪਤਾ ਨਹੀਂ ਪਰ ਇਹ ਜ਼ਰੂਰ ਦੱਸ ਸਕਦਾਂ ਕਿ ਮੇਰੇ ਨੱਕ ਵਿਚ ਕੀ ਹੈ।"

ਮੈਂ ਬੁੜਬੁੜਾਇਆ।

"ਮੂੰਹ ਛੁਪਾ ਕੇ ਕਿਸ ਨਾਲ ਗੱਲਾਂ ਕਰ ਰਹੇ ਹੋ ਬੰਦ ਕਰ ਦਿਉ ਨਾ ਕੁਝ ਦੇਰ ਵਾਸਤੇ ਆਪਣਾ ਮੁਬਾਈਲ ਹਰ ਵੇਲੇ ਇਸ ਵਿਚ ਵੜੇ ਰਹਿੰਦੇ ਹੋਆ ਪੀਓਮੰਮੀ ਕਹਿੰਦੇ ਆਰਾਮ ਮਿਲੇਗਾ?"

ਅਚਾਨਕ ਨਮਕ ਵਾਲੀ ਚਾਹ ਦਾ ਕੱਪ ਮੇਰੇ ਵੱਲ ਕਰਦੀ ਧਰਮ ਪਤਨੀ ਬੋਲੀ।

ਮੈਂ ਉਸਦੀ ਗੱਲ ਨੂੰ ਅਣਸੁਣਿਆ ਕਰ ਦਿੱਤਾ।ਮੈਨੂੰ ਪਤਾ ਹੈ ਕਿ ਉਹ ਕਿਸੇ ਵੀ ਹਾਲਾਤ ਵਿਚ ਕੁਝ ਵੀ ਬੋਲ ਸਕਦੀ ਹੈ।ਕੋਈ ਵੀ ਸਲਾਹ ਬਿਨਾਂ ਮੰਗੇ ਹੀ ਦੇ ਸਕਦੀ ਹੈ।

ਬੁੜ ਬੁੜ ਕਰਦੀ ਚਲੇ ਗਈ।

ਬਹੁਤ ਹੀ ਅਲੋਕਾਰੀ ਬਲਾਅ ਹੈ ਇਹ ਸਾਲਾ ਫੇਸ ਬੁੱਕ।ਅੱਜ ਕੱਲ੍ਹ ਜਿਥੇ ਇਹ ਤੁਹਾਡੇ ਚੈਨ ਆਰਾਮ ਦਾ ਦੁਸ਼ਮਨ ਹੈ, ਉਥੇ ਹੀ ਇਸ ਦੇ ਬਿਨਾਂ ਤੁਹਾਡਾ ਗੁਜਾਰਾ ਵੀ ਨਹੀਂ ਹੁੰਦਾ।

ਝੱਟ ਹੀ ਮੁਬਾਈਲ ਨਾਲ ਆਪਣੇ ਭੈੜੇ ਜਿਹੇ ਬੂਥੇ ਦੀ ਤਸਵੀਰ ਖਿੱਚੀ ਤੇ ਆਪਣੀ ਜ਼ੁਖਾਮ ਵਾਲੀ ਬਿਮਾਰੀ ਦਾ ਜ਼ਿਕਰ ਲਿਖ ਕੇ ਫੇਸ ਬੁੱਕ ਉਪਰ ਚੜਾ ਦਿੱਤੀ।

ਬਸ ਫਿਰ ਕੀ ਸੀ ਲੱਗੀ ਲੋਕਾਂ ਦੀਆਂ ਸਲਾਹਾਂ ਤੇ ਮਸ਼ਵਰਿਆਂ ਦੀ ਵਰਖਾ ਹੋਣ।

'ਬਾਬਿਓ ਤਸਵੀਰ ਤਾਂ ਅੱਤ ਹੈ ਪਰ ਮੌਸਮ ਬਦਲ ਰਿਹਾ ਹੈ ਜ਼ਰਾ ਬੱਚ ਕੇ ਰਹਿਣਾ ਸੀ।'

'ਭਾਜੀ ਇਸ ਨੂੰ ਐਵੇਂ ਨਾ ਲੈ ਲਿਉ...ਕਿਸੇ ਚੰਗੇ ਡਾਕਟਰ ਨੂੰ ਵਿਖਾਉਲਗਦਾ ਹੈ ਤੁਹਾਡੀ ਛਾਤੀ ਅੰਦਰ ਇਨਫੈਕਸ਼ਨ ਹੋ ਗਈ ਹੈ ...।'

'ਤੁਸੀਂ ਇੱਕ ਕੰਮ ਕਰੋ ਅੱਜ ਸ਼ਾਮੀ ਰੰਮ ਵਿਚ ਥੋੜਾ ਜਿਹਾ ਸ਼ਹਿਦ ਤੇ ਨਾਲ ਹੀ ਅਦਰਕ ਦਾ ਰਸ ਮਿਲਾ ਕੇ ਗਰਮ ਪਾਣੀ ਨਾਲ ਲਉਖਾਂਸ਼ੀ ਤੇ ਜ਼ੁਖਾਮ ਜੇਕਰ ਸਵੇਰ ਤੱਕ ਗਧੇ ਦੇ ਸਿੰਗਾਂ ਵਾਂਗ ਗੁੰਮ ਨਾ ਹੋ ਜਾਣ ਤਾਂ ਕਹਿਣਾ।'

'ਜੇ ਦੋ ਘੁੱਟ ਬਰਾਂਡੀ ਦੇ ਹੋ ਜਾਣ ਤਾਂ ਠੰਡ ਗਈ ਸਮਝੋ...।'

ਹੋਰ ਪਤਾ ਨਹੀਂ ਕੀ ਕੀ ਸਲਾਹਵਾਂ ਤੇ ਨੁਸਖੇ ਬਿਜਲਈ ਦੋਸਤਾਂ ਨੇ ਦੇ ਮਾਰੇ।

ਬੀਹਵਾਂ ਦਿਨ ਆ ਗਿਆ ਪਰ ਜ਼ੁਖਾਮ ਟੱਸ ਤੋਂ ਮੱਸ ਨਾ ਹੋਇਆ।

ਇੱਕ ਦਿਨ ਟੀਵੀ ਦੇ ਇਕ ਇਸ਼ਤਿਹਾਰ ਨੇ ਸਾਹ ਸੂਤ ਲਏ।

"ਬਾਬੂ ਜੀ...ਜੇਕਰ ਖਾਂਸੀ ਪੰਦਰਾਂ ਦਿਨਾਂ ਤੋਂ ਬੰਦ ਨਹੀਂ ਹੋਈ ਤਾਂ ਸਾਰੇ ਕੰਮ ਛੱਡ ਕੇ ਪਹਿਲਾਂ ਡਾਕਟਰ ਕੋਲ ਜਾਉ...ਹੋ ਸਕਦਾ ਹੈ ਕਿ ਤੁਹਾਨੂੰ ਟੀ.ਬੀ. ਹੋ ਗਈ ਹੋਵੇ...।"

ਇਸ਼ਤਿਹਾਰ ਵਿਚ ਇੱਕ ਕਾਰ ਡਰਾਇਵਰ ਆਪਣੀ ਕਾਰ ਵਿਚ ਖਾਂਸੀ ਕਰ ਰਹੀ ਸਵਾਰੀ ਨੂੰ ਕਹਿ ਰਿਹਾ ਸੀ।

ਅਚਾਨਕ ਜ਼ੁਖਾਮ ਭੁੱਲ ਗਿਆ ਤੇ ਟੀ.ਬੀ. ਮੇਰੇ ਜਿਹਨ ਉੱਪਰ ਭਾਰੂ ਹੋ ਗਈ।

ਸ਼ੀਸ਼ੇ ਵਿਚ ਦੇਖਿਆ ਤਾਂ ਲੱਗਿਆਂ ਜਿਵੇਂ ਮੇਰੇ ਸਾਰੇ ਸ਼ਰੀਰ ਉਪਰ ਟੀ.ਬੀ. ਉਗ ਪਈ ਹੋਵੇ।

ਕਾਂਗਰਸ ਘਾਹ ਵਾਂਗ।ਜਿਹੜੀ ਦੇਖਦਿਆਂ ਹੀ ਦੇਖਦਿਆਂ ਫੈਲ ਰਹੀ ਹੋਵੇ।

"ਹੁਣ ਨਹੀਂ ਪੁੱਤਰ ਬਚਦਾ ਤੂੰ ਚੱਲ ਕਿਥੋਂ ਤੱਕ ਭਜਦੈਂ ਤੂੰ ?"

ਟੀ.ਬੀ. ਇੱਕ ਦਮ ਡਰਾਵਣੀ ਡਾਇਣ ਲੱਗ ਰਹੀ ਸੀ।

ਦਫ਼ਤਰ ਜਾਕੇ ਬੈਠਾ ਹੀ ਸੀ ਤਾਂ ਇੱਕ ਬਜ਼ੁਰਗ ਨੇ ਜਦੋਂ ਖੰਘਦੇ ਦੇਖਿਆ ਤਾਂ ਉਸਨੇ ਕਿਸੇ ਟੀ. ਬੀ. ਸਪੈਸਲਿਸਟ ਡਾਕਟਰ ਨੂੰ ਚੈੱਕ ਕਰਵਾਉਣ ਵਾਸਤੇ ਕਹਿ ਦਿੱਤਾ।

ਦੁਪਹਿਰੇ ਹੀ ਆਪਣੇ ਪਰਿਵਾਰਕ ਡਾਕਟਰ ਕੋਲ ਪਹੁੰਚ ਗਿਆ।

"ਲਉ ਜੀ ਹੋਰਾਂ ਨੂੰ ਸਲਾਹਾਂ ਦੇਣ ਵਾਲੇ ਅੱਜ ਸਾਡੇ ਗਰੀਬਾਂ ਦੇ ਵਿਹੜੇ ਆਏ ਧੰਨ ਭਾਗ ਸਾਡੇ ।"

ਅਚਾਨਕ ਮੈਨੂੰ ਆਪਣੇ ਕਲੀਨਕ ਵਿਚ ਦੇਖ ਕੇ ਡਾਕਟਰ ਬੋਲਿਆ।

ਮੈਂ ਚੁੱਪ ਰਿਹਾ।

ਹਲਕਾ ਜਿਹਾ ਮੁਸਕਰਾ ਕੇ 'ਹਾਂ' ਵਿਚ ਸਿਰ ਹਿਲਾਇਆ।

ਡਾਕਟਰ ਨੇ ਖੰਘਣ ਤੇ ਜੀਭ ਵਿਖਾਉਣ ਵਾਸਤੇ ਕਿਹਾ।ਕੁਝ ਹੋਰ ਟੈਸਟ ਕੀਤੇ ਤੇ ਜਲਦੀ ਹੀ ਦੱਸ



ਦਿੱਤਾ ਕਿ ਟੀ. ਬੀ. ਨਹੀਂ ਬਸ ਆਮ ਖਾਂਸੀ ਜ਼ੁਖਾਮ ਹੀ ਹੈ।ਦਸ ਦਿਨਾਂ ਦੀ ਦਵਾਈ ਖਾਣ ਵਾਸਤੇ ਕਿਹਾ।ਨਾਲ ਹੀ ਕੁਝ ਚੀਜ਼ਾਂ ਖਾਣ ਤੇ ਸ਼ਰਾਬ ਪੀਣ ਤੋਂ ਪਰਹੇਜ਼ ਕਰਨ ਵਾਸਤੇ ।

"ਜੇ ਅੱਜ ਵੀ ਬੋਤਲ ਨੂੰ ਹੱਥ ਲਗਾਇਆ ਤਾਂ ਸਾਰੀਆਂ ਤੋੜ ਦੇਣੀਆਂ ਨੇ ਮੈਂ ।"

ਸ਼ਾਮ ਹੁੰਦੇ ਹੀ ਜਦੋਂ ਦਾਰੂ ਵਾਲੇ ਕੀੜੇ ਤਾਂਡਵ ਨਾਚ ਕਰਨ ਲੱਗੇ ਤਾਂ ਮੇਰੀ ਮਾਂ ਝਈਆਂ ਲੈ ਕੇ ਪੈ ਗਈ।

ਉਸਦੇ ਨੇੜੇ ਹੀ ਧਰਮ ਪਤਨੀ ਵੀ ਖੜੀ ਸੀ।

ਦੋਨੋਂ ਮੈਨੂੰ ਕਿਸੇ ਰਾਖਸ਼ਿਸ਼ ਵਾਂਗ ਦੇਖ ਰਹੀਆਂ ਸਨ ਜਿਵੇਂ ਕੱਚਿਆਂ ਖਾਹ ਜਾਣਾ ਹੋਵੇ।

ਉਸ ਦਿਨ ਮੈਨੂੰ ਸ਼ਰਾਬ ਦੀ ਥਾਂ ਮਾਂ ਵੱਲੋਂ ਬਣਾਇਆ ਗਿਆ ਵਿਸ਼ੇਸ਼ ਕਿਸਮ ਦਾ ਕਾਹਵਾ ਪੀਣ ਵਾਸਤੇ ਮਿਲਿਆ।ਮੁਲੱਠੀ ਚੂਸਣ ਦੇ ਹੁਕਮ ਤੇ ਢੇਰ ਸਾਰੀਆਂ ਨਸੀਹਤਾਂ ਵੱਖ।

ਅਗਲੇ ਕਈ ਦਿਨ ਨਾ ਜ਼ੁਖਾਮ ਹੁਰੀਂ ਟਲੇ ਤੇ ਨਾ ਹੀ ਟਲੀਆਂ ਮੇਰੀ ਮਾਂ ਤੇ ਪਤਨੀ ਹੁਰੀ ਆਪਣੇ ਨੁਸਖੇ ਮੇਰੇ ਉਪਰ ਵਰਤਣ ਤੋਂ।ਮੈਂ ਉਹਨਾਂ ਦੇ ਹੁਕਮਾਂ ਅਨੁਸਾਰ ਚਲਦਾ ਰਿਹਾ।

"ਵੈਸੇ ਤਾਂ ਤੂੰ ਆਪ ਬਹੁਤ ਵੱਡਾ ਮਨੋਵਿਗਿਆਨੀ ਹੈਂ ਜੋ ਲੋਕਾਂ ਦੀਆਂ ਜਿਹਨੀ ਬਿਮਾਰੀਆਂ ਨੂੰ ਠੀਕ ਕਰਦਾ ਹੈ ਪਰ ਤੇਰੇ ਕੋਲ ਆਪਣੀ ਨਿੱਕੇ ਜਿਹੇ ਜ਼ੁਖਾਮ ਨੂੰ ਠੀਕ ਕਰਨ ਦਾ ਕੋਈ ਨੁਸਖਾ ਨਹੀਂ ਹੈ ਮੈਨੂੰ ਤਾਂ ਲਗਦੈ ਤੇਰੇ ਅੰਦਰ ਇੱਕ ਭਿਆਨਕ ਕਿਸਮ ਦਾ ਵਾਇਰਸ ਵੜ ਗਿਆ ਹੈ...ਜੋ ਸ਼ਾਮ ਨੂੰ ਸੌਂ ਜਾਂਦਾ ਹੈ ਤੇ ਸਵੇਰੇ ਤੇਰੇ ਨਾਲ ਹੀ ਉਠ ਪੈਂਦਾ ਹੈ...ਇਸ ਨੂੰ ਆਮ ਦਵਾਈਆਂ ਠੀਕ ਨਹੀਂ ਕਰ ਸਕਦੀਆਂ...ਕਿਸੇ ਹੋਰ ਡਾਕਟਰ ਨੂੰ ਵਿਖਾ...।"

ਇੱਕ ਦੋਸਤ ਨੂੰ ਜਦੋਂ ਪਤਾ ਲੱਗਾ ਕਿ ਮੈਂ ਜ਼ੁਖਾਮ ਦੇ ਅੜਿੱਕੇ ਚੜ੍ਹ ਗਿਆ ਹਾਂ ਤਾਂ ਉਸਨੇ ਆਪਣੇ ਇਹ ਵਿਚਾਰ ਪੇਸ਼ ਕੀਤੇ।

"ਸਰ ਜੀ ਤੁਹਾਡੇ ਅੰਦਰ ਬਿਮਾਰੀਆਂ ਨਾਲ ਲੜ੍ਹਨ ਵਾਲੀ ਸ਼ਕਤੀ ਘੱਟ ਗਈ ਹੈ...ਜਿਵੇਂ ਐਚ. ਆਈ. ਵੀ. ਬਿਮਾਰੀ ਹੋਣ ਵੇਲੇ ਮਰੀਜ਼ ਦੀ ਹੁੰਦੀ ਹੈ ਸੋ ਮੇਰੀ ਮੰਨੋ ਤਾਂ ਆਪਣਾ ਟੈਸਟ ਕਰਵਾਉ...ਕਿਤੇ ਤੁਹਾਨੂੰ....?"

ਅਜੇ ਉਸਦੀ ਸਲਾਹ ਬਾਰੇ ਸੋਚ ਹੀ ਰਿਹਾ ਸਾਂ ਤਾਂ ਇੱਕ ਹੋਰ ਸੱਜਣ ਨੇ ਫੋਨ ਰਾਹੀਂ ਨਵਾਂ ਹੀ ਵਿਸ਼ਲੇਸ਼ਨ ਕਰ ਮਾਰਿਆ।

"ਓਹ ਤੇਰੀ ਲਗਦੈ ਤੂੰ ਮੈਨੂੰ ਏਡਜ਼ ਕਰਵਾ ਕੇ ਹੀ ਦਮ ਲਵੇਂਗਾ ਤੇਰੇ ਵਰਗੇ ਸੱਜਣ ਹੋਣ ਤਾਂ ਦੁਸ਼ਮਨਾਂ ਦੀ ਕੋਈ ਲੋੜ੍ਹ ਨਹੀਂ ਹੁੰਦੀ ।"

ਬੋਲ ਕੇ ਮੈਂ ਫੋਨ ਬੰਦ ਕੀਤਾ।

ਇੱਕ ਹੋਰ ਮਿੱਤਰ ਨੇ ਕਿਹਾ ਕਿ ਇਸ ਤਰ੍ਹਾਂ ਦੀ ਬਿਮਾਰੀ ਦਾ ਇੱਕੋ ਇੱਕ ਇਲਾਜ਼ ਹੈ ਕਿ ਮੈਂ ਖਰੋੜਿਆਂ ਦਾ ਸੂਪ ਪੀਵਾਂ ਤੇ ਜੇ ਦੋ ਦਿਨਾਂ ਵਿਚ ਖਾਂਸੀ ਨਾ ਹਟੀ ਤਾਂ ਮੈਂ ਉਸਦਾ ਨਾਮ ਪਰਤਾ ਦੇਵਾਂ।

ਖ਼ੈਰ, ਚਾਲੀ ਕੁ ਦਿਨਾਂ ਬਾਅਦ ਮੇਰੀ ਇਹ ਬਿਮਾਰੀ ਠੀਕ ਹੋ ਗਈ ਪਰ ਮੈਂ ਸੋਚਾਂ ਕਿ ਦੂਸਰਿਆਂ ਨੂੰ ਸਲਾਹਾਂ ਦੇਣ ਵਾਲੇ ਨੂੰ ਵੀ ਕਈ ਲੋਕ ਆਪਣੇ ਨੁਸਖਿਆਂ ਨਾਲ ਮਾਲੋ ਮਾਲ ਕਰ ਗਏ ।

ਸਾਡੇ ਇਥੇ ਹਰ ਇੱਕ ਵਿਅਕਤੀ ਦੂਸਰੇ ਵਿਅਕਤੀ ਨੂੰ ਸਲਾਹ ਦੇਣਾ ਆਪਣਾ ਧਰਮ, ਹੱਕ ਤੇ ਫਰਜ਼ ਸਮਝਦਾ ਹੈ ਪਰ ਫਿਰ ਵੀ ਮੇਰਾ ਇਹ ਸਲਾਹਵਾਂ ਦੇਣ ਵਾਲਾ ਧੰਦਾ ਖੂਬ ਚੱਲ ਰਿਹਾ ਹੈ।

ਇਸ ਧੰਦੇ ਵਾਸਤੇ ਮੈਂ ਕੋਈ ਵਿਸ਼ੇਸ਼ ਪੜ੍ਹਾਈ ਨਹੀਂ ਕੀਤੀ।ਬੜੀ ਮੁਸ਼ਕਿਲ ਨਾਲ ਤੀਜੇ ਦਰਜੇ ਨਾਲ ਬੀ.ਏ. ਪਾਸ ਹਾਂ।ਬਸ ਤਜ਼ਰਬੇ ਦੇ ਨਾਲ ਪ੍ਰੋੜਤਾ ਆ ਗਈ ਤੇ ਹੁਣ ਲੋਕ ਉੱਤਮ ਸਲਾਹਕਾਰ ਮੰਨਣ ਲੱਗ ਪਏ ਹਨ।

ਕਈ ਨਿਜੀ ਤੇ ਸਰਕਾਰੀ ਸੰਸਥਾਵਾਂ ਦਾ ਮੈਂ ਅਸਥਾਈ ਮਨੋਵਿਗਿਆਨੀ ਕਰਮਚਾਰੀ ਹਾਂ। ਹਰ ਮਹੀਨੇ ਬੱਝਿਆ ਹੋਇਆ ਮਿਹਨਤਾਨਾ ਦਿੰਦੇ ਹਨ। ਮਹੀਨਾ ਭਰ ਕੋਈ ਮਰੀਜ਼ ਮੇਰੇ ਕੋਲ ਆਵੇ ਜਾਂ ਨਾ।

ਕੋਈ ਵੀ ਕਰਮਚਾਰੀ ਜਦੋਂ ਕੁਝ ਉਟ ਪਟਾਂਗ ਗੱਲਾਂ ਕਰਨਾ ਸ਼ੁਰੂ ਕਰ ਦਿੰਦਾ ਹੈ ਤੇ ਸੰਸਥਾ ਨੂੰ ਲਗਦਾ ਹੈ ਕਿ ਕਥਿਤ ਕਰਮਚਾਰੀ ਜਿਹਨੀ ਤੌਰ 'ਤੇ ਬਿਮਾਰ ਹੋ ਗਿਆ ਹੈ ਤਾਂ ਉਸਨੂੰ ਮੇਰੇ ਕੋਲੋ ਭੇਜ ਦਿੱਤਾ ਜਾਂਦਾ ਹੈ।

ਮੈਂ ਰੋਗੀ ਕੋਲੋਂ ਪੁੱਛ ਪੜਤਾਲ ਕਰਦਾ ਹਾਂ। ਮਾਨਸਿਕ ਬਿਮਾਰੀ ਦੀ ਜੜ੍ਹ ਲਭਦਾ ਹਾਂ। ਫਿਰ ਇਲਾਜ਼ ਕਰਨ ਦੀ ਸਲਾਹ ਦਿੰਦਾ ਹਾਂ।

ਜਦੋਂ ਤਕ ਮੈਂ ਦਿਮਾਗੀ ਫਿਟਨੈਸ ਦਾ ਸਰਟੀਫਿਕੇਟ ਨਹੀਂ ਦਿੰਦਾ ਤਦ ਤਕ ਉਹ ਦੋਬਾਰਾ ਆਪਣੀ ਸੰਸਥਾ ਵਿਚ ਕੰਮ ਉਪਰ ਨਹੀਂ ਜਾ ਸਕਦਾ।

ਕਹਿਣਾ ਤਾਂ ਨਹੀਂ ਚਾਹੀਦਾ ਪਰ ਮੈਂ ਸਾਹਮਣੇ ਬੈਠੇ ਮਨੁੱਖ ਨਾਲ ਕੁਝ ਕੁ ਘੜੀਆਂ ਗੁਫਤਗੂ ਕਰਕੇ, ਉਸਦੀਆਂ ਹਰਕਤਾਂ ਤੇ ਤੁਰਨ ਫਿਰਨ ਨੂੰ ਦੇਖ ਕੇ ਕੁਝ ਦੇਰ ਬਾਅਦ ਹੀ ਦੱਸ ਸਕਦਾਂ ਕਿ ਉਸਦੇ ਦਿਲ, ਮਨ ਤੇ ਦਿਮਾਗ ਵਿਚ ਕੀ ਚੱਲ ਰਿਹਾ ਹੈ। ਸਮਸਿਆ ਤੇ ਉਲਝਣ ਕੀ ਹੈ।ਕਾਰਨ ਕੀ ਹਨ। ਇਲਾਜ਼ ਕੀ ਹੈ।ਤੁਸੀਂ ਇਸਨੂੰ ਆਪਣੇ ਮੂਹੋਂ ਆਪ ਮੀਆਂ ਮਿੱਠੂ ਬਣਨਾ ਕਹਿ ਲਉ ਪਰ ਮੈਨੂੰ ਲਗਦਾ ਹੈ ਕਿ ਮੈਨੂੰ ਆਪਣਾ ਕੰਮ ਕਰਨਾ ਆਉਂਦਾ ਹੈ।

ਮੇਰੇ ਕੋਲ ਭਾਂਤ ਭਾਂਤ ਦੇ ਲੋਕ ਆਉਂਦੇ ਹਨ। ਹਰ ਕਿਸੇ ਦਾ ਆਪੋ ਆਪਣਾ ਕਿੱਸਾ ਤੇ ਕੇਸ ਹੁੰਦਾ ਹੈ।ਕਈ ਤਾਂ ਬਹੁਤ ਹੀ ਦਿਲਚਸਪ ਹੁੰਦੇ ਹਨ।ਕਈ ਇੱਕ ਦਮ ਉਭਾਊ ਕਿਸਮ ਦੇ।ਕਈ ਉਲਝੇ ਹੋਏ ਤੇ ਕਈ ਬਹੁਤ ਹੀ ਗੁੰਝਲਦਾਰ। ਕਈ ਕੇਸ ਐਸੇ ਵੀ ਆਉਂਦੇ ਹਨ ਜੋ ਅਖੀਰ ਵਿਚ ਮੈਂ ਸੁਲਝਾ ਲੈਂਦਾ ਹਾਂ ਪਰ ਆਪ ਉਲਝ ਜਾਂਦਾ ਹਾਂ।

ਇੱਕ ਵਾਰ ਇੱਕ ਅਖ਼ਬਾਰ ਵਿਚ ਕੰਮ ਕਰਦੇ ਪੱਤਰਕਾਰ ਦਾ ਬੜਾ ਦਿਲਚਸ਼ਪ ਕੇਸ ਆਇਆ। ਉਸ ਉਪਰ ਇਲਜ਼ਾਮ ਸੀ ਕਿ ਦਫਤਰ ਵਿਚ ਕੰਮ ਕਰਦੇ ਹੋਏ ਉਸਨੂੰ ਅਚਾਨਕ ਪਾਗਲਪਣ ਦਾ ਦੌਰਾ ਪੈ ਜਾਂਦਾ ਹੈ। ਅਜੀਬ ਗਰੀਬ ਹਰਕਤਾਂ ਕਰਦਾ ਹੈ। ਅਖ਼ਬਾਰਾਂ ਨੂੰ ਚਾਹ ਵਿਚ ਭਿਉਂ ਭਿਉਂ ਕੇ ਡਬਲ ਰੋਟੀ ਵਾਂਗ ਖਾਂਦਾ ਹੈ। ਪੈੱਨ ਦੀ ਸ਼ਿਆਹੀ ਚੂਸ, ਦੰਦਾਂ ਹੇਠ ਦਰੜ ਸੁਟਦਾ ਹੈ। ਪੇਪਰ ਵੇਟ੍ਹ ਚੁੱਕ ਕੇ ਸਾਹਮਣੇ ਬੈਠੇ ਕਿਸੇ ਦੇ ਸਿਰ 'ਤੇ ਮਾਰ ਦਿੰਦਾ ਹੈ। ਗੁਸਲਖਾਨੇ ਵਿਚ ਜਾ ਕੇ ਅਖ਼ਬਾਰ ਨੂੰ ਉੱਚੀ ਉੱਚੀ ਪੜ੍ਹਦਾ ਹੈ। ਉਸਦੀਆਂ ਹਰਕਤਾਂ ਬਾਰੇ ਜਾਣ ਕੇ ਪਹਿਲੇ ਹੱਲੇ ਤਾਂ ਲੱਗ ਰਿਹਾ ਸੀ ਕਿ ਉਸ ਵਿਚ ਪਾਗਲਪਣ ਦੇ ਕੁਝ ਜੰਤੂ ਮੌਜੂਦ ਹਨ।ਬਾਅਦ ਵਿਚ ਜਦੋਂ ਉਸ ਨਾਲ ਗੱਲਬਾਤ ਹੋਈ ਤਾਂ ਪਤਾ ਲੱਗਿਆ ਕਿ ਪੱਤਰਕਾਰ ਹੋਣ ਦੇ ਨਾਲ ਨਾਲ ਉਹ ਇੱਕ ਕਵੀ ਵੀ ਹੈ ਫਿਰ ਤਾਂ ਮੈਨੂੰ ਉਸਦੇ ਪਾਗਲ ਹੋਣ ਦੇ ਚਾਂਸਜ਼ ਹੋਰ ਵੀ ਜ਼ਿਆਦਾ ਲੱਗਣ ਲੱਗ ਪਏ।

ਜਦੋਂ ਪਹਿਲੀ ਵਾਰ ਉਹ ਪੱਤਰਕਾਰ ਮੇਰੇ ਕੋਲ ਆਇਆ ਤਾਂ ਉਸਨੇ ਮੈਨੂੰ ਵੀ ਆਪਣੀਆਂ ਕੁਝ ਕਵਿਤਾਵਾਂ ਸੁਣਾਈਆਂ ਪਰ ਸਾਰੀਆਂ ਮੇਰੇ ਸਿਰ ਉਪਰੋਂ ਲੰਘ ਗਈਆਂ।

"ਕਿੰਝ ਲੱਗੀਆਂ ਸਰ ਜੀ ?"

ਕਵਿਤਾਵਾਂ ਸੁਣਾ ਕੇ ਉਸਨੇ ਪੁੱਛਿਆ।

ਜਦੋਂ ਮੈਂ ਨਾਹ ਵਿਚ ਸਿਰ ਹਿਲਾਇਆ ਤਾਂ ਉਹ ਮੇਰੇ ਵੱਲ ਬੜੀਆਂ ਅਜੀਬ ਨਜ਼ਰਾਂ ਨਾਲ ਦੇਖਣ ਲੱਗਾ।

"ਤੁਹਾਨੂੰ ਸਾਈਕਾਲੋਜਿਸਟ ਕਿਸਨੇ ਬਣਾ ਦਿੱਤਾ ਮੈਂ ਇੱਕ ਕਵੀ ਹਾਂ ਲੇਖਕ ਹਾਂ ਪੱਤਰਕਾਰ ਹਾਂ ਜਦੋਂ ਤੁਹਾਨੂੰ ਲਿਟਰੇਚਰ ਦੀ ਸਮਝ ਨਹੀਂ ਤੁਸੀਂ ਮੇਰੇ ਬਾਰੇ ਕੀ ਰਾਇ ਦਿਉਗੇ ਜਿਹੋ ਜਿਹੇ ਸਾਲੇ ਅਖ਼ਬਾਰ ਵਾਲੇ, ਉਸੇ ਤਰ੍ਹਾਂ ਦੇ ਸਲਾਹਕਾਰ ਚਲੋ ਪੁੱਛੋ ਕੀ ਪੁੱਛਣਾ ਹੈ ?"



ਪੱਤਰਕਾਰ ਮੈਨੂੰ ਘੂਰਦੇ ਹੋਏ ਬੋਲਿਆ।

ਮੈਂ ਚੋਰੀ ਨਾਲ ਟੇਬਲ ਉਪਰ ਪਏ ਪੇਪਰ ਵੇਟ੍ਹ ਨੂੰ ਟੇਬਲ ਦੇ ਦਰਾਜ ਵਿਚ ਛੁਪਾ ਲਿਆ। ਅਸਲ ਵਿਚ ਉਸਦੀਆਂ ਨਜ਼ਰਾਂ ਉਸੇ ਪੇਪਰ ਵੇਟ੍ਹ ਨੂੰ ਤਲਾਸ਼ ਰਹੀਆਂ ਸਨ।

ਖ਼ੈਰ, ਥੋੜੀ ਦੇਰ ਬਾਅਦ ਉਹ ਸ਼ਾਂਤ ਹੋ ਗਿਆ।

ਕੁਝ ਦੇਰ ਬਾਅਦ ਉਸਨੇ ਕੁਝ ਹੋਰ ਕਵਿਤਾਵਾਂ ਸੁਣਾਈਆਂ ਜੋ ਮੈਨੂੰ ਬਹੁਤ ਚੰਗੀਆਂ ਲੱਗੀਆਂ। ਜਦੋਂ ਮੈਂ ਕਵਿਤਾਵਾਂ ਦੀ ਤਾਰੀਫ਼ ਕੀਤੀ ਤਾਂ ਉਸਦਾ ਚਿਹਰਾ ਖਿਲ ਉਠਿਆ। ਜਾਣ ਲੱਗਾ ਉਹ ਮੈਨੂੰ ਆਪਣੀ ਕਵਿਤਾਵਾਂ ਦੀ ਕਿਤਾਬ ਭੇਂਟ ਕਰ ਗਿਆ।

ਪੱਤਰਕਾਰ ਉਪਰ ਮੁਖ ਦੋਸ਼ ਇਹ ਸੀ ਕਿ ਉਸਨੇ ਸੰਪਾਦਕ ਉਪਰ ਇੱਕ ਕਵਿਤਾ ਲਿਖੀ। ਕਵਿਤਾ ਰਾਹੀਂ ਉਸਨੇ ਸੰਪਾਦਕ ਨੂੰ ਸਿਰੇ ਦਾ ਪਾਗਲ ਬੰਦਾ ਦੱਸਿਆ ਸੀ। ਉਸਦੇ ਪਾਗਲਪਣ ਦੀ ਸੀਮਾ ਤਦ ਸਾਰੀਆਂ ਹੱਦਾਂ ਪਾਰ ਕਰ ਗਈ ਜਦੋਂ ਉਸਨੇ ਓਹੀ ਕਵਿਤਾ ਸਭ ਤੋਂ ਪਹਿਲਾਂ ਸੰਪਾਦਕ ਨੂੰ ਹੀ ਪੜ੍ਹਨ ਵਾਸਤੇ ਦੇ ਦਿੱਤੀ। ਕਵਿਤਾ ਪੜ੍ਹ ਕੇ ਸੰਪਾਦਕ ਅੱਗ-ਬਬੂਲਾ ਹੋ ਗਿਆ। ਉਸਨੇ ਪੱਤਰਕਾਰ ਨੂੰ ਆਪਣੇ ਕੈਬਿਨ ਵਿਚ ਬੁਲਾਇਆ ਪੇਪਰ ਵੇਟ ਪੱਤਰਕਾਰ ਦੇ ਮੂੰਹ ਉਪਰ ਦੇ ਮਾਰਿਆ ਤੇ ਨਾਲ ਹੀ ਮੋਟੀਆਂ ਮੋਟੀਆਂ ਮਾਂ ਭੈਣ ਦੀਆਂ ਗਾਲ੍ਹਾਂ ਕੱਢੀਆਂ।

ਉਸੇ ਵੇਲੇ ਪੱਤਰਕਾਰ ਨੂੰ ਦਫਤਰ ਤੋਂ ਬਾਹਰ ਕਢਵਾ ਦਿੱਤਾ।

ਮੈਂ ਸੰਪਾਦਕ ਤੇ ਪੱਤਰਕਾਰ ਦੋਨਾਂ ਦੇ ਕੇਸ ਉਪਰ ਨਿੱਠ ਕੇ ਕੰਮ ਕੀਤਾ।

ਦੋਨਾਂ ਨੂੰ ਵੱਖ ਵੱਖ ਤੇ ਇੱਕ ਦੂਸਰੇ ਨੂੰ ਆਹਮੋ ਸਾਹਮਣੇ ਬਿਠਾ ਕੇ ਸੁਆਲ ਕੀਤੇ। ਜੁਅਬ ਸੁਣੇ।ਤਦ ਕਿਤੇ ਕੇਸ ਨੂੰ ਸੁਲਝਾ ਪਾਇਆ।

ਬਹੁਤ ਹੀ ਮੁਸ਼ਕਿਲ ਕੇਸ ਸੀ ਪਰ ਅਖੀਰ ਮੈਂ ਇਸਨੂੰ ਸੁਲਝਾ ਲਿਆ ਸੀ।

ਅਸਲ ਵਿਚ ਸੰਪਾਦਕ ਹਰ ਰੋਜ਼ ਉਸ ਪੱਤਰਕਾਰ ਨੂੰ ਖ਼ਬਰਾਂ ਦੀ ਥਾਂ ਕਦੇ ਸਿਗਰਟ, ਕਦੇ ਪੈੱਨ, ਕਦੇ ਕਿਸੇ ਔਰਤ ਦੇ ਨੱਕ, ਕਦੇ ਅੱਖਾਂ ਤੇ ਕਈ ਵਾਰ ਉਸਨੂੰ ਆਚਾਰ ਤੇ ਬੀਅਰ ਉਪਰ ਕਵਿਤਾ ਲਿਖ ਕੇ ਲਿਆਉਣ ਵਾਸਤੇ ਦਬਾਅ ਪਾਉਂਦਾ ਸੀ। ਕਈ ਵਾਰੀ ਰਾਸ਼ਟਰਪਤੀ ਦੇ ਕੁੰਡਲੇ ਵਾਲਾਂ ਉਪਰ ਕਵਿਤਾ ਲਿਖਣ ਵਾਸਤੇ ਕਹਿੰਦਾ। ਜੇ ਉਹ ਨਾ ਲਿਖਦਾ ਤਾਂ ਉਸਨੂੰ ਬੁਰਾ ਭਲਾ ਕਹਿੰਦਾ। ਨੌਕਰੀ ਤੋਂ ਕਢਵਾਉਣ ਦਾ ਡਰ ਦਿੰਦਾ। ਨਿਕੰਮਾ ਕਹਿ ਕੇ ਰੋਜ਼ ਤੰਗ ਕਰਦਾ। ਕੋਈ ਨਾ ਕੋਈ ਗ਼ਲਤੀ ਕੱਢ ਕੇ ਉਸਦੀ ਖ਼ਬਰ ਨਾ ਛਾਪਦਾ। ਮਾਲਕਾਂ ਨਾਲ ਉਸਦੀ ਸ਼ਿਕਾਇਤ ਲਗਾਉਂਦਾ ਸੋ ਅਖੀਰ ਮੈਂ ਰਾਏ ਦਿੱਤੀ ਕਿ ਪੱਤਰਕਾਰ ਨੂੰ ਸੰਪਾਦਕ ਬਣਾ ਦਿਉ ਤੇ ਸੰਪਾਦਕ ਨੂੰ ਇਲਾਜ਼ ਵਾਸਤੇ ਲੰਮੀ ਛੁੱਟੀ ਉਪਰ ਭੇਜ ਦਿਉ ਕਿਉਂਕਿ ਪਾਗਲ ਪੱਤਰਕਾਰ ਨਹੀਂ ਸਗੋਂ ਸੰਪਾਦਕ ਹੈ। ਹੈਰਾਨ ਕਰਨ ਵਾਲੀ ਗੱਲ ਇਹ ਵੀ ਸੀ ਕਿ ਸੰਪਾਦਕ ਬਣਨ ਤੋਂ ਪਹਿਲਾਂ ਉਹ ਵੀ ਪੱਤਰਕਾਰੀ ਦੇ ਨਾਲ ਨਾਲ ਕਵਿਤਾ ਰਚਦਾ ਹੁੰਦਾ ਸੀ।

ਮੇਰਾ ਆਖਰੀ ਫੈਸਲਾ ਸੁਣ ਕੇ ਅਖ਼ਬਾਰ ਵਾਲੇ ਦੰਗ ਰਹਿ ਗਏ।

ਬਹੁਤ ਮੁਸ਼ਕਿਲ ਕੇਸ ਸੀ ਪਰ ਮੈਨੂੰ ਆਪਣੀ ਕਾਬਲੀਅਤ ਉਪਰ ਪੂਰਾ ਭਰੋਸਾ ਸੀ। ਬਹੁਤ ਕੇਸ ਆਉਂਦੇ ਹਨ ਪਰ ਅਕਸਰ ਮੈਂ ਉਹਨਾਂ ਨੂੰ ਸੁਲਝਾ ਲੈਂਦਾ ਹਾਂ।

ਮੈਂ ਰੋਜ਼ਾਨਾ ਦੀ ਤਰ੍ਹਾਂ ਦਫਤਰ ਪਹੁੰਚਿਆ ਤਾਂ ਦਫਤਰ ਵਿਚ ਕੰਮ ਕਰਦੇ ਮੁੰਡੇ ਨੇ ਦੱਸਿਆ ਇਕ ਸਰਦਾਰ ਜੀ ਸਵੇਰੇ ਅੱਠ ਵਜੇ ਦੇ ਵਾਰ ਵਾਰ ਮੇਰੇ ਬਾਰੇ ਪੁੱਛ ਰਹੇ ਹਨ।

ਮੈਂ ਅਜੇ ਬੈਠਾ ਹੀ ਸਾਂ ਕਿ ਇਕ ਕੁੜਤਾ ਪਜਾਮਾ ਪਹਿਨੀ, ਸੱਤਰਾਂ ਨੂੰ ਟੱਪੇ ਪਰ ਭਰਵੇਂ ਜੁੱਸੇ ਵਾਲੇ ਸਰਦਾਰ ਜੀ ਜ਼ਬਰੀਂ ਅੰਦਰ ਵੜ ਆਏ। ਤਿਤਰੀ ਮਿਤਰੀ ਕੱਟੀ ਹੋਈ ਦਾਹੜੀ। ਸੋਹਣੀ ਤੇ ਕਸਵੀਂ ਪੱਗ

ਬੰਨੀ ਸਰਦਾਰ ਜੀ ਬਹੁਤ ਹੀ ਸੋਹਣੇ ਤੇ ਆਕਰਸ਼ਕ ਲੱਗ ਰਹੇ ਸਨ। ਉਸਦੇ ਚਿਹਰੇ ਉਪਰ ਇੱਕ ਵਿਸ਼ੇਸ਼ ਕਿਸਮ ਦਾ ਨੂਰ ਸੀ। ਇੱਕ ਦਮ ਖਿੜਿਆ ਹੋਇਆ। ਉਸਦਾ ਵਿਅਕਤੀਤਵ ਰੋਹਬਦਾਰ ਤੇ ਆਤਮ-ਵਿਸ਼ਵਾਸ਼ ਨਾਲ ਭਰਿਆ ਹੋਇਆ ਸੀ ਪਰ ਮੈਨੂੰ ਉਸਦਾ ਇੰਞ ਜ਼ਬਰੀਂ ਅੰਦਰ ਆਉਣਾ ਕੁਝ ਚੰਗਾ ਨਹੀਂ ਲੱਗਿਆ।

ਉਸਦੇ ਪਿੱਛੇ ਪਿੱਛੇ ਰਿਸੈਪਸ਼ਨਿਸਟ ਵੀ ਦੌੜੀ ਆਈ।

"ਸਰ ਮੈਂ ਬੜਾ ਰੋਕਿਆ ਕਿ ਥੋੜਾ ਠਹਿਰ ਜਾਉ ਪਰ ਇਹ ਸਰਦਾਰ ਜੀ ਰੁਕੇ ਨਹੀਂ ਆਪ ਹੀ ਅੰਦਰ ਆ ਗਏ ਨੇ .।"

ਉਹ ਸਰਦਾਰ ਵੱਲ ਕੁਝ ਨਰਾਜ਼ਗੀ ਭਰੀ ਨਜ਼ਰ ਨਾਲ ਦੇਖ ਰਹੀ ਸੀ।

"ਓਹ ਕੁੜੀਏ..ਤੂੰ ਤਾਂ ਬਸ ਚੁੱਪ ਰਹਿ ਬਹੁਤਾ ਨਾ ਬੋਲ ।"

ਸਰਦਾਰ ਜੀ ਔਖੇ ਹੋ ਕੇ ਬੋਲੇ।

" ਕੋਈ ਨਹੀਂ ਤੁਸੀਂ ਚਲੋ ਮੈਂ ਦੇਖਦਾਂ ?"

ਇਸ ਤੋਂ ਪਹਿਲਾਂ ਕਿ ਰਿਸੈਪਸ਼ਨਿਸ਼ਟ ਬੋਲਦੀ ਮੈਂ ਉਸਨੂੰ ਬਾਹਰ ਜਾਣ ਲਈ ਕਿਹਾ।

ਉਹ ਬੁੜਬੁੜ ਕਰਦੀ ਬਾਹਰ ਨੂੰ ਨਿਕਲ ਗਈ।

"ਹਾਂਜੀ ਦੱਸੋ ਸਰਦਾਰ ਜੀ .?"

ਮੈਂ ਥੋੜਾ ਰੁੱਖੇ ਹੋ ਕੇ ਪੁੱਛਿਆ।

ਉਹ ਮੈਨੂੰ ਘੂਰ ਰਿਹਾ ਸੀ।

"ਕਮਾਲ ਕਰਦੇ ਹੋ ਤੁਸੀਂ ਇੱਕ ਤਾਂ ਏਨੀ ਦੇਰ ਲਗਾ ਦਿੱਤੀ ਦੂਸਰੀ ਆਹ ਤੁਹਾਡੀ ਮੈਡਮ ਇਸਨੇ ਬਸ ਕਪੜੇ ਹੀ ਮਾਡਰਨ ਪਾਏ ਨੇ ਉਞ ਪੱਲੇ ਇਸਦੇ ਕੁਝ ਨਹੀਂ ਅਕਲ ਪੱਖੋਂ ਤਾਂ ਪੈਦਲ ਹੀ ਲਗਦੀ ਐ ਜਦੋਂ ਦੀ ਆਈ ਐ ਮੁਬਾਈਲ ਉਪਰ ਦੰਦ ਕੱਢੀ ਜਾ ਰਹੀ ਹੈ ।"

ਕੁਰਸੀ ਉਪਰ ਬੈਠਦੇ ਹੀ ਸਰਦਾਰ ਜੀ ਨੇ ਆਪਣਾ ਗੁਭ ਗੁਭਾਰ ਕੱਢ ਮਾਰਿਆ।

"ਨਹੀਂ ਮੈਂ ਠੀਕ ਸਮੇਂ ਉਪਰ ਹਾਂ ਸਰਦਾਰ ਜੀ ਦਸ ਵਜੇ ਦਾ ਟਾਈਮ ਹੁੰਦਾ ਹੈ ਦਫਤਰ ਖੁਲਣ ਦਾ ।"

ਮੈਂ ਦੀਵਾਰ ਉਪਰ ਲੱਗੀ ਘੜੀ ਵੱਲ ਦੇਖਦਿਆਂ ਕਿਹਾ।

"ਸਰ ਜੀ ਦਸ ਵਜ ਕੇ ਦਸ ਮਿੰਟ ਹੋ ਗਏ ਨੇ ਮੈਂ ਸਵੇਰੇ ਅੱਠ ਵਜੇ ਦਾ ਆਇਆਂ ਤੁਸੀਂ ਫੇਸ ਬੁੱਕ ਉਪਰ ਤਾਂ ਦਸ ਵਜੇ ਦਾ ਟਾਈਮ ਪਾਇਐ ਦਸ ਮਿੰਟ ਤੁਹਾਡੇ ਵਾਸਤੇ ਕੁਝ ਨਹੀਂ ਹੋਣੇ ਪਰ ਮੇਰੇ ਵਾਸਤੇ ਤਾਂ ਦਸ ਘੰਟੇ ਤੋਂ ਵੀ ਜ਼ਿਆਦਾ ਨੇ ਅਸੀਂ ਕੋਈ ਵਿਹਲੇ ਥੋੜੇ ਬੈਠੇ ਹਾਂ ।"

ਸਰਦਾਰ ਨੇ ਮੇਰੇ ਵੱਲ ਦੇਖਦੇ ਕਿਹਾ।

ਮੈਂ ਥੋੜਾ ਮੁਸਕਰਾਇਆ।

ਮੈਨੂੰ ਉਹ ਸਰਦਾਰ ਥੋੜਾ ਹਿੱਲਿਆ ਪਰ ਦਿਲਚਸ਼ਪ ਲੱਗਿਆ।

ਇਹ ਪਹਿਲਾ ਮਰੀਜ਼ ਸੀ ਜੋ ਮੈਨੂੰ ਝਾੜ ਰਿਹਾ ਸੀ।

"ਤੁਸੀਂ ਫੇਸ ਬੁੱਕ ਯੂਜ਼ ਕਰਦੇ ਹੋ ।"

ਮੈਂ ਕੁਝ ਹੈਰਾਨ ਹੋ ਕੇ ਪੁੱਛਿਆ।

"ਹਾਂ ਜੀ ਮੈਂ ਫਾਲੋ ਕਰਦਾ ਹਾਂ ਤੁਹਾਨੂੰ ਫੇਸ ਬੁੱਕ ਉਪਰ ਤੁਹਾਡੇ ਜ਼ੁਖਾਮ ਵਾਲੀ ਪੋਸਟ ਉਪਰ ਮੈਂ ਵੀ ਆਪਣੀ ਰਾਏ ਦਿੱਤੀ ਸੀ ਕਿ ਬਈ ਜ਼ੁਖਾਮ ਨੂੰ ਜ਼ਬਰੀਂ ਠੀਕ ਨਹੀਂ ਕਰਨਾ ਚਾਹੀਦਾ ਬਸ ਕੁਝ ਦਿਨਾਂ ਬਾਅਦ ਇਹ ਆਪ ਹੀ ਠੀਕ ਹੋ ਜਾਵੇਗਾ ਪਰ ਤੁਸੀਂ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ... ਮੈਂ ਰੋਜ਼ ਤੁਹਾਡੀਆਂ ਪੋਸਟਾਂ ਪੜ੍ਹਦਾਂ ਜੀ ਬੜੀਆਂ ਦਿਲਚਸ਼ਪ ਗੱਲਾਂ ਲਿਖਦੇ ਹੋ ਤੁਸੀਂ ਤਸਵੀਰਾਂ ਵੀ ਬੜੀਆਂ



ਵਧੀਆ ਪਾਉਂਦੇ ਹੋ ਬੜੀ ਦੇਰ ਦਾ ਕੋਸ਼ਿਸ਼ ਕਰਦਾ ਪਿਆ ਸੀ ਕਿ ਇੱਕ ਦਿਨ ਤੁਹਾਨੂੰ ਮਿਲਣਾ ਐ ਸੋ ਅੱਜ ਕਿਤੇ ਜਾ ਕੇ ਗੱਲ ਬਣੀ ।"

ਸਰਦਾਰ ਜੀ ਨੇ ਫੇਸ ਬੁੱਕ ਖੁੱਲ੍ਹੇ ਮੁਬਾਈਲ ਫੋਨ ਨੂੰ ਮੇਰੇ ਅੱਗੇ ਕੀਤਾ।

" ਓਹੋ ਵੈਰੀ ਗੁੱਡ ਅੱਛਾ ਦੱਸੋ ਸਰਦਾਰ ਜੀ ਤੁਹਾਡਾ ਨਾਮ ਕੀ ਹੈ ਤੇ ਤੁਹਾਡੀ ਸੱਮਸਿਆ ਕੀ ਹੈ ?"

ਮੈਂ ਉਸਦੇ ਮੁਬਾਈਲ ਉਪਰ ਆਪਣੇ ਪੇਜ਼ ਨੂੰ ਦੇਖ ਕੇ ਪੁੱਛਿਆ।

"ਸਰ ਜੀ ਨਾਮ ਤਾਂ ਮੇਰਾ ਰੁਲਦਾ ਸਿੰਘ ਐ .ਸਮਸਿਆ ਮੇਰੀ ਨਹੀਂ ਮੇਰੇ ਮੁੰਡੇ ਦੇ ਮੁੰਡੇ ਦੀ ਐ...ਉਸਦਾ ਬਾਹਰਵੀਂ ਜਮਾਤ ਦਾ ਨਤੀਜਾ ਆਉਣ ਵਾਲਾ ਐ... ਮੇਰੇ ਪੋਤਰੇ ਨੂੰ ਕਿਤੇ ਚੰਗੀ ਟਰੇਨਿੰਗ ਵਾਸਤੇ ਸਲਾਹ ਮਸ਼ਵਰਾ ਦਿਉ ਪੜ੍ਹਨ ਨੂੰ ਤਾਂ ਠੀਕ ਐ ਅੱਸੀ ਪ੍ਰਸੈਂਟ ਤੋਂ ਉਪਰ ਨੰਬਰ ਆਉਣਗੇ ਜੇ ਮੇਰਾ ਪੋਤਾ ਪਿੰਡ ਰਿਹਾ ਤਾਂ ਉਹ ਵੀ ਕਿਸੇ ਮਾੜੀ ਸੰਗਤ ਵਿਚ ਪੈਜੂਗਾ ਤੁਹਾਨੂੰ ਪਤਾ ਹੀ ਐ ਆਪਣੇ ਪਿੰਡਾਂ ਦਾ ਬਹੁਤ ਮਾੜਾ ਹਾਲ ਐ ... ਰਾਜਨੀਤੀ ਬੜੀ ਮਾੜੀ ਐ ਨੌਜਵਾਨਾਂ ਨੂੰ ਨਸ਼ੇ ਦੀ ਲੱਤ ਐਵੇਂ ਹੀ ਲੱਗ ਜਾਂਦੀ ਐ ਜੀ ਜਿਵੇਂ ਸੁੱਕੇ ਬਾਲਣ ਨੂੰ ਅੱਗ. ਬਹੁਤ ਮਾੜੇ ਹਾਲਾਤ ਨੇ ਆਪਣੇ ਸੂਬੇ ਦੇ ਕੁਝ ਕਰੋ ਜੀ ਜੇ ਕੁਝ ਕਰ ਸਕਦੇ ਹੋ ਤਾਂ ।"

ਮੇਰੇ ਸਾਹਮਣੇ ਬੈਠਾ ਰੁਲਦਾ ਸਿੰਘ ਮੇਰੇ ਨਾਲ ਨਜ਼ਰਾਂ ਮਿਲਾ ਕੇ ਗੱਲ ਕਰ ਰਿਹਾ ਸੀ।

ਅਚਾਨਕ ਉਸਦੇ ਚਿਹਰੇ ਉਪਰ ਦੁਖ ਦੀਆਂ ਲਕੀਰਾਂ ਉਭਰ ਆਈਆਂ ਸਨ।

"ਸਰਦਾਰ ਜੀ ! ਅਸੀਂ ਤੁਹਾਡੇ ਪੋਤਰੇ ਬਾਰੇ ਜ਼ਰੂਰ ਕੁਝ ਕਰਾਂਗੇ ਜਦੋਂ ਨਤੀਜਾ ਆਏਗਾ ਤਾਂ ਮੈਂ ਸਹੀ ਸਲਾਹ ਦੇਵਾਂਗਾ.. ਤੁਸੀਂ ਪੋਤਰੇ ਨੂੰ ਨਾਲ ਕਿਉਂ ਨਹੀਂ ਲੈ ਕੇ ਆਏ ?"

ਮੈਨੂੰ ਉਸਦੀਆਂ ਗੱਲਾਂ ਬਹੁਤ ਦਿਲਚਸਪ ਲੱਗ ਰਹੀਆਂ ਸਨ।

"ਕਾਕਾ ਕੁਝ ਢਿੱਲਾ ਸੀ ਜੀ ਮੈਂ ਸੋਚਿਆ ਪਹਿਲਾਂ ਮੈਂ ਹੀ ਮਿਲ ਆਵਾਂ ਫਿਰ ਅਗਲੀ ਵਾਰ ਉਸਨੂੰ ਲੈ ਕੇ ਆਵਾਂਗਾ ਜੀ .।"

" ਚਲੋ ਠੀਕ ਹੈ ਅਗਲੀ ਵਾਰ ਲੈ ਆਉਣਾ ਅੱਛਾ ਪੜ੍ਹਨ ਨੂੰ ਤਾਂ ਠੀਕ ਹੈ ਨਾ ਤੁਹਾਡਾ ਕਾਕਾ..?"

"ਜ਼ਮੀਦਾਰਾਂ ਦੇ ਮੁੰਡਿਆਂ ਬਾਰੇ ਤੁਹਾਨੂੰ ਪਤਾ ਈ ਐ ਜੀ ਕਿੰਨੇ ਕੁ ਠੀਕ ਹੁੰਦੇ ਆ ਪੜ੍ਹਾਈ ਵਿਚ ਪਰ ਆਪਣੇ ਪੋਤਰੇ ਦੇ ਨੰਬਰ ਵਾਹਲੇ ਆ ਜਾਣੇ ਆ ਪੇਪਰਾਂ ਵੇਲੇ ਸਾਡੀ ਸੈਟਿੰਗ ਹੋ ਗਈ ਸੀ ਸਕੂਲ ਵਾਲਿਆਂ ਨਾਲ ਉਹ ਕਹਿੰਦੇ ਸੀ ਬਈ ਇੱਕ ਪ੍ਰਸੈਂਟ ਨੰਬਰਾਂ ਦੇ ਦੋ ਹਜ਼ਾਰ ਲੱਗਣਗੇ ਬਸ ਜੀ ਮੈਂ ਤਾਂ ਅੱਸੀਆਂ ਦੇ ਹਿਸਾਬ ਨਾਲ ਪੈਸੇ ਅਡਵਾਂਸ਼ ਹੀ ਫੜਾ ਦਿੱਤੇ ਜੀ ਮੈਂ ਕਿਹਾ ਸੀ ਕਿ ਬਈ ਬਸ ਅੱਸੀ ਪ੍ਰਸੈਂਟ ਹੀ ਆਉਣ ਨੰਬਰ ਕਿਤੇ ਜਿਲ੍ਹੇ ਵਿਚੋਂ ਫਸਟ ਨਾ ਕੱਢ ਮਾਰਿਉ ਨਹੀਂ ਤਾਂ ਪੰਗਾ ਪੈਜੂਗਾ ਅਖਬਾਰਾਂ ਤੇ ਟੀਵੀ ਵਾਲੇ ਅੱਜ ਕੱਲ੍ਹ ਬੜੇ ਤੇਜ਼ ਨੇ ਸਾਲੇ ਜਲੂਸ ਕੱਢ ਕੇ ਰੱਖ ਦਿੰਦੇ ਆ ਸਰ ਜੀ ਕਾਕੇ ਦੇ ਸਕੂਲ ਦਾ ਹਰ ਸਾਲ ਸੌ ਫੀਸਦੀ ਰੀਜ਼ਲਟ ਆਉਂਦੈ ਇੱਕ ਵਾਰ ਸਕੂਲ ਵਿਚ ਹੀ ਕੰਮ ਕਰਦੇ ਮਾਸਟਰ ਦਾ ਮੁੰਡਾ ਪੂਰੇ ਸੂਬੇ ਵਿਚ ਫਸਟ ਆਇਆ ਸੀ ਉਹ ਵੱਖਰੀ ਗੱਲ ਐ ਬਈ ਬਾਅਦ ਵਿਚ ਉਹ ਬੀ. ਏ. ਦਾ ਪਹਿਲਾ ਸਾਲ ਵੀ ਪਾਸ ਨਹੀਂ ਕਰ ਪਾਇਆ ਸੀ ਅੱਜ ਕੱਲ੍ਹ ਬੱਚਿਆਂ ਦੀ ਕਾਬਲਿਅਤ ਨੰਬਰਾਂ ਦੇ ਹਿਸਾਬ ਨਾਲ ਹੀ ਦੇਖੀ ਜਾਂਦੀ ਐ ਇੰਟਰਨੈੱਟ ਦੇ ਜ਼ਮਾਨੇ ਵਿਚ ਬੱਚਿਆਂ ਕੋਲ ਜਾਣਕਾਰੀ ਬਹੁਤ ਐ ਪਰ ਗਿਆਨ ਬਹੁਤ ਘੱਟ ਸਰ ਜੀ, ਅੱਜ ਕੱਲ੍ਹ ਵਿਦਿਆ ਵਿਚਾਰੀ ਤਾਂ ਪਰਉਪਕਾਰੀ ਨਹੀਂ ਰਹੀ ਬਸ ਬੇਚਾਰੀ ਬਣ ਕੇ ਰਹਿ ਗਈ ਐ ਮਾਂ ਮਹੀਟਰ ਇਸ ਪ੍ਰਚਲਣ ਨੂੰ ਰੋਕਣਾ ਹੋਵੇਗਾ ਨਹੀਂ ਤਾਂ ਬੱਚਿਆਂ ਦਾ ਵਿਕਾਸ ਰੁੱਕ ਜਾਵੇਗਾ ਉਹ ਮਜ਼ਬੂਤ ਨਹੀਂ ਸਗੋਂ ਬਹੁਤ ਹੀ ਕਮਜ਼ੋਰ ਵਿਅਕਤੀਤਵ ਦੇ ਮਾਲਕ ਬਣਨਗੇ ਅੱਜ ਕੱਲ੍ਹ ਦੇ ਬੱਚੇ ਐਂਵੇਂ ਨਿੱਕੀ ਨਿੱਕੀ ਗੱਲ ਉਪਰ ਮਾਂਪਿਆਂ ਨੂੰ ਆਤਮ ਹੱਤਿਆ ਕਰ ਲੈਣ ਦੀ ਧਮਕੀ ਦਿੰਦੇ ਰਹਿੰਦੇ ਆ ਫਾਹਾ ਲੈਣ ਵਿਚ ਬਹੁਤੀ ਦੇਰ ਵੀ ਨਹੀਂ ਲਾਉਂਦੇ ਬਹੁਤ ਹੀ ਕਮਜ਼ੋਰ ਤੇ ਨਾਜ਼ੁਕ ਬਣਦਾ ਜਾ ਰਿਹਾ ਐ ਸਾਡੇ ਦੇਸ਼ ਦਾ

ਭਵਿੱਖ।"

ਸਰਦਾਰ ਜੀ ਇੱਕ ਵਾਰ ਫਿਰ ਗੰਭੀਰ ਮੁਸਕਰਾਹਟ ਵਿਖੇਰ ਰਹੇ ਸਨ।

ਮੈਨੂੰ ਉਸਦੀ ਬੇਬਾਕੀ ਬਹੁਤ ਚੰਗੀ ਲੱਗ ਰਹੀ ਸੀ।

"ਤੁਸੀਂ ਨੰਬਰ ਲੈਣ ਵਾਸਤੇ ਪੈਸੇ ਦਿੱਤੇ ਜੀ ?"

ਮੈਂ ਮੁਸਕਰਾਉਂਦੇ ਹੋਏ ਪੁੱਛਿਆ।

"ਨਾ ਹੋਰ ਕਿਦਾਂ ਆਉਣੇ ਸੀ ਨੰਬਰ ਸਾਡੇ ਬਹੁਤੇ ਬੱਚੇ ਏਦਾਂ ਹੀ ਨੰਬਰ ਲੈਂਦੇ ਐ ਤੁਹਾਨੂੰ ਤਾਂ ਪਤਾ ਹੀ ਐ ਬਈ ਸਾਡੇ ਬਹੁਤੇ ਜ਼ਮੀਦਾਰਾਂ ਦੇ ਬੱਚਿਆਂ ਦੀ ਅੰਗਰੇਜ਼ੀ ਨਾਲ ਪੈਦਾਇਸ਼ੀ ਦੁਸ਼ਮਨੀ ਹੁੰਦੀ ਐ ਹਿਸਾਬ ਦਾ ਉਹ ਨੱਕਾ ਨਹੀਂ ਤੋੜਦੇ ਜੀ ਸਾਇੰਸ ਕੋਲੋਂ ਇੰਝ ਭਜਦੇ ਨੇ ਜਿਵੇਂ ਆਡੋਮਾਸ ਕੋਲੋਂ ਮੱਛਰ ਹੋਰ ਤਾਂ ਹੋਰ ਪੰਜਾਬੀ ਦੇ ਪਰਚੇ ਵਿਚ ਵੀ ਪਰਚੀਆਂ ਸਮੇਤ ਫੜੇ ਜਾਂਦੇ ਆ ਜੀ ਤੁਸੀਂ ਕਹਿੰਦੇ ਹੋ ਪੈਸੇ ਕਿਉਂ ਦਿੱਤੇ ਨਾ ਹੋਰ ਅਸੀਂ ਨਿਆਣੇ ਕਿਤੇ ਫੇਲ ਕਰਵਾਣੇ ਸੀ ਪੈਸਿਆਂ ਤੋਂ ਇਲਾਵਾ ਜੋ ਰੋਜ਼ ਸ਼ਾਮ ਨੂੰ ਦੇਸੀ ਮੁਰਗੇ, ਬੱਕਰੇ ਤੇ ਘਰ ਦੀ ਕੱਢੀ ਦੀਆਂ ਜੋ ਬਰਸਾਤਾਂ ਹੋਈਆਂ ਉਹ ਵੱਖ ਐਵੇਂ ਆਉਂਦੇ ਐ ਜੀ ਨੰਬਰ ਭਲਾ ਅੱਜ ਕੱਲ੍ਹ।"

"ਚਲੋ ਛੱਡੋ ਸਰਦਾਰ ਜੀ ਇਹ ਤੁਹਾਡੀ ਸੱਮਸਿਆ ਹੈ ਤੁਸੀ ਇਹ ਦੱਸੋ ਬਈ ਤੁਹਾਡੇ ਪਿੰਡਾਂ ਦਾ ਹਾਲ ਮਾੜਾ ਕਿਉਂ ਹੈ ਇਹ ਨੌਜਵਾਨਾ ਦਾ ਨਸ਼ਿਆਂ ਵੱਲ ਰੁਝਾਣ ਕਿਸ ਗੱਲ ਤੋਂ ਵਧ ਗਿਆ ਹੈ ਸਮੱਸਿਆ ਕੀ ਹੈ ਨੌਜਵਾਨਾਂ ਦੀ ?"

ਮੈਨੂੰ ਉਸ ਸਰਦਾਰ ਦੀਆਂ ਗੱਲਾਂ ਵਿਚ ਦਮ ਲੱਗ ਰਿਹਾ ਸੀ।

"ਤੁਸੀਂ ਤਾਂ ਜਾਣਦੇ ਹੀ ਹੋ ਸਰ ਜੀ ਪੰਜਾਬ ਵਿਚ ਸਰਕਾਰੀ ਸਕੂਲਾਂ ਨਾਲੋਂ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਕਈ ਗੁਣਾ ਜ਼ਿਆਦਾ ਐ ਸਕੂਲ ਤਾਂ ਵਿਰਲਾ ਵਿਰਲਾ ਹੀ ਐ ਜੀ ਪਰ ਠੇਕਾ ਲਗਪਗ ਹਰ ਮੋੜ ਉਪਰ ਐ ਪਹਿਲਾਂ ਲੋਕ ਗੁਰੂਦੁਆਰਾ ਜਾਂ ਮੰਦਰ ਦਾ ਨਾਂ ਲੈ ਕੇ ਆਪਣੇ ਘਰ ਦਾ ਪਤਾ ਠਿਕਾਣਾ ਦੱਸਦੇ ਹੁੰਦੇ ਸੀ ਹੁਣ ਠੇਕੇ ਦਾ ਨਾਮ ਦੱਸਦੇ ਆ ਗੁਰੂਦੁਆਰਿਆਂ ਵਿਚ ਲੋਕਾਂ ਦੀ ਗਿਣਤੀ ਘੱਟਦੀ ਜਾ ਰਹੀ ਐ ਜੀ ਤੇ ਠੇਕਿਆਂ ਉਪਰ ਵਧਦੀ ਜਾ ਰਹੀ ਐ ਬਸ ਆਵਾ ਹੀ ਊਤਿਆ ਪਿਆ ਐ ਜੀ ਬਹੁਤੇ ਮੁੰਡੇ ਤਾਂ ਪੜ੍ਹਦੇ ਨਹੀਂ ਜਿਹੜੇ ਪੜ੍ਹਦੇ ਨੇ ਉਹ ਬੇਰੁਜ਼ਗਾਰ ਨੇ ਕਹਿਣ ਨੂੰ ਤਾਂ ਮੁੰਡਿਆਂ ਨੇ ਇੰਜੀਨੀਅਰਿੰਗ, ਆਈ.ਟੀ.ਆਈ., ਈ. ਟੀ.ਟੀ., ਬੀ.ਏ., ਬੀ.ਐਡ, ਐਮ. ਏ. ਐਮ. ਬੀ. ਏ. ਤੇ ਪਤਾ ਨਹੀਂ ਕੀ ਕੀ ਕੀਤਾ ਹੋਇਐ ਪਰ ਨੌਕਰੀ ਕਿਸੇ ਕਿਸੇ ਨੂੰ ਹੀ ਮਿਲਦੀ ਆ ਜੀ ਉਧਰ ਪਿਛਲੇ ਕੁਝ ਸਾਲਾਂ ਤੋਂ ਸੂਬੇ ਵਿਚ ਖੁੱਲ੍ਹੇ ਕਈ ਨੀਜੀ ਕਾਲਜਾਂ ਤੇ ਯੁਨੀਵਰਸੀਟੀਆਂ ਨੇ ਵਿਦਿਆ ਦਾ ਘਾਣ ਕਰ ਕਰ ਕੇ ਰੱਖ ਦਿੱਤਾ ਐ ਜੀ ਬਹੁਤਿਆਂ ਕੋਲ ਇਮਾਰਤਾਂ ਹੀ ਇਮਾਰਤਾਂ ਨੇ ਪਰ ਅੰਦਰੋਂ ਖਾਲੀ ਕੋਈ ਯੋਗ ਅਧਿਆਪਕ ਨਹੀਂ ਲੈਬੋਰਟਰੀਜ਼ ਨਹੀਂ ਮੁੰਡੇ ਕੁੜੀਆਂ ਜੋ ਇਹਨਾਂ ਸੰਸਥਾਵਾਂ ਵਿਚੋਂ ਪੜ੍ਹ ਕੇ ਨਿਕਲਦੇ ਨੇ ਉਹ ਸਮਝਦੇ ਨੇ ਕਿ ਉਹ ਇੰਜੀਨੀਅਰ ਬਣ ਗਏ ਅਧਿਆਪਕ ਬਣ ਗਏ ਨਰਸਾਂ ਬਣ ਗਏ ਟੈਕਨੀਸ਼ੀਅਨ ਬਣ ਗਏ.. ਪਰ ਜਦੋਂ ਉਹਨਾਂ ਨੂੰ ਯੋਗ ਨੌਕਰੀਆਂ ਨਹੀਂ ਮਿਲਦੀਆਂ ਤਾਂ ਉਹ ਫਿਰ ਰੋਜ਼ ਧਰਨੇ ਦਿੰਦੇ ਫਿਰਦੇ ਨੇ ਟੈਂਕੀਆਂ ਉਪਰ ਚੜ੍ਹ ਕੇ ਆਪਣੇ ਆਪ ਨੂੰ ਅੱਗਾਂ ਲਾਉਂਦੇ ਨੇ ਚੋਰੀਆਂ ਠੱਗੀਆਂ ਮਾਰਦੇ ਨੇ ਬੈਂਕਾਂ ਦੇ ਏ. ਟੀ. ਐਮ. ਤੋੜਦੇ ਨੇ ਗਲਾਂ ਚੋਂ ਚੇਨੀਆਂ ਤੋੜਦੇ ਨੇ ਕਾਰਾਂ, ਮੋਟਰਾਂ ਦੇ ਪਹੀਏ ਉਤਾਰਦੇ ਨੇ ਦੋ ਦੋ ਹਜ਼ਾਰ ਪਿੱਛੇ ਲੋਕਾਂ ਦਾ ਖ਼ੂਨ ਕਰਦੇ ਨੇ ਬਹੁਤੇ ਹਮੇਸ਼ਾ ਮਾਨਸਿਕ ਤਨਾਓ ਵਿਚ ਰਹਿੰਦੇ ਨੇ ਸੋ ਨਸ਼ਾ ਕਰਨ ਨਾਲ ਉਹਨਾਂ ਨੂੰ ਲਗਦਾ ਐ ਕਿ ਉਹ ਕੁਝ ਦੇਰ ਚਿੰਤਾ ਮੁਕਤ ਹੋ ਜਾਣਗੇ ਪਰ ਹੁੰਦਾ ਇਸਦੇ ਦੇ ਉਲਟ...ਉਹ ਜ਼ਿਆਦਾ ਉਲਝ ਜਾਂਦੇ ਨੇ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੇ ਨੇ ਨਸ਼ੇ ਦੀ ਲੱਤ ਲੱਗ ਜਾਂਦੀ ਐ ਸਰ ਜੀ, ਖੇਤੀਬਾੜੀ ਸਾਡੇ ਕੋਈ ਖਾਸ ਹੁੰਦੀ ਨਹੀਂ ਲੋਕਾਂ ਦਾ ਮਸੀਂ ਗੁਜ਼ਾਰਾ ਹੁੰਦਾ ਐ ਮਾਂ ਬਾਪ ਵੀ ਮਜ਼ਬੂਰ ਹੁੰਦੇ ਨੇ ਬੱਚਿਆਂ ਦਾ



ਖਿਆਲ ਰੱਖ ਨਹੀਂ ਪਾਉਂਦੇ ... ਖਿਆਲ ਵੀ ਕਿਥੋਂ ਰੱਖਣ..? ਉਨ੍ਹਾਂ ਨੂੰ ਤਾਂ ਕਰਜ਼ੇ ਵਾਲੇ ਹੀ ਨਹੀਂ ਜੀਉਣ ਦਿੰਦੇ ਵੇਹਲੀ ਮੁੰਡੀਰ ਹੁਣ ਕੀ ਕਰੇ ਦਾਰੂ ਨਾ ਪੀਵੇ ਤਾਂ ਹੋਰ ਫਿਰ ਜ਼ਹਿਰ ਖਾਵੇ ਦੇਸੀ ਤੇ ਅੰਗਰੇਜ਼ੀ ਠੇਕਿਆਂ ਦੀ ਦਾਰੂ ਮਹਿੰਗੀ ਬਹੁਤ ਆ ਘਰ ਦੀ ਕਢਣੀ ਵੀ ਕੋਈ ਬਾਹਲੀ ਸਸਤੀ ਨਹੀਂ ਪੈਂਦੀ ਪੁਲਸ ਦੇ ਛਾਪੇ ਦਾ ਡਰ ਵੱਖਰਾ ਸੋ ਫਿਰ ਭੁੱਕੀ ਹੀ ਉਨ੍ਹਾਂ ਦਾ ਕੰਮ ਸਾਰਦੀ ਆ ਨਾਲੇ ਉਹ ਸਮਝਦੇ ਆ ਬਈ ਜਿੰਨਾ ਨਸ਼ਾ ਦੋ ਸੋ ਰੁਪਏ ਦੀ ਠੇਕੇ ਵਾਲੀ ਬੋਤਲ ਨਾਲ ਹੋਣੈ ਉਸ ਤੋਂ ਵੱਧ ਨਸ਼ਾ ਪੰਜ ਰੁਪਏ ਦੀ ਭੁੱਕੀ ਨੇ ਕਰ ਦੇਣੈ ਸਰ ਜੀ ! ਸਾਡੇ 'ਲਾਕੇ ਵਿਚ ਲਗਪਗ ਹਰ ਘਰ ਵਿਚ ਘਟ ਤੋਂ ਘਟ ਇੱਕ ਜੀਅ ਨਸ਼ੇ ਦਾ ਸ਼ਿਕਾਰ ਆ ਜੇ ਬੰਦਾ ਨਸ਼ੇ ਕੋਲੋਂ ਬਚ ਜਾਏ ਤਾਂ ਉਸਨੂੰ ਕੈਂਸਰ ਘੇਰ ਲੈਂਦੈ ਉਧਰ ਸਾਡੀਆਂ ਸਰਕਾਰਾਂ ਦਾ ਹਾਲ ਦੇਖ ਲਉ ਕੈਂਸਰ ਨੂੰ ਖਤਮ ਕਰਨ ਦੀ ਗੱਲ ਨਹੀਂ ਕਰਦੇ ਪਰ ਕੈਂਸਰ ਦੇ ਹਸਪਤਾਲਾਂ ਨੂੰ ਜਾਂਦੀਆਂ ਰੇਲ ਗੱਡੀਆਂ ਜ਼ਰੂਰ ਚਲਾ ਦਿੰਦੇ ਆ .ਪਿੱਛੇ ਜਿਹੇ ਜਿਸ ਮੰਤਰੀ ਨੇ ਇੱਕ ਕੈਂਸਰ ਵਾਲੀ ਗੱਡੀ ਨੂੰ ਹਰੀ ਝੰਡੀ ਵਿਖਾਈ, ਉਹ ਕਈ ਦਿਨ ਅਖ਼ਬਾਰਾਂ ਵਿਚ ਆਪਣੀਆਂ ਤਸਵੀਰਾਂ ਖਿਚਵਾਉਂਦਾ ਰਿਹਾ ਹਰ ਹਫਤੇ ਟਰੇਨ ਫੁੱਲ ਹੋ ਕੇ ਜਾਂਦੀ ਐ ਜੀ ਉਸਦਾ ਕਿਸੇ ਨੂੰ ਕੋਈ ਫਿਕਰ ਨਹੀਂ ਐ ਕੁਝ ਨਹੀਂ ਹੋ ਸਕਦਾ ਜੀ ਪੰਜਾਬ ਦਾ ਅੱਧਿਆਂ ਨੇ ਬਾਰ੍ਹਲੇ ਦੇਸ਼ਾਂ ਵਿਚ ਚਲੇ ਜਾਣੈ ਬਹੁਤਿਆਂ ਨੇ ਨਸ਼ਿਆਂ ਨਾਲ ਮਰ ਜਾਣਾ ਐ ਤੇ ਰਹਿੰਦੇ ਖ਼ੂੰਹਦਿਆਂ ਨੇ ਕੈਂਸਰ ਨਾਲ ਇੱਕ ਦਿਨ ਸਾਡਾ ਪੰਜਾਬ ਏਦਾਂ ਹੀ ਖਤਮ ਹੋਊ ਤੁਸੀਂ ਮੇਰੀ ਗੱਲ ਯਾਦ ਰੱਖਿਉ ਸਰ ਜੀ !"

ਬੋਲਦੇ ਹੋਏ ਸਰਦਾਰ ਜੀ ਅਚਾਨਕ ਰੁਕ ਗਏ।

ਉਸਦਾ ਚਿਹਰਾ ਇੱਕ ਦਮ ਸਫੈਦ ਹੋ ਗਿਆ ਸੀ।

" ਕੀ ਹੋਇਆ ਸਰਦਾਰ ਜੀ .ਠੀਕ ਤਾਂ ਹੋ ਨਾ ਲਉ ਪਾਣੀ ਪੀਉ ।"

ਪਾਣੀ ਦਾ ਗਿਲਾਸ ਸਰਦਾਰ ਅੱਗੇ ਕਰਦੇ ਹੋਏ ਨੀਝ ਨਾਲ ਦੇਖਿਆ ਤਾਂ ਉਸਦੀਆਂ ਅੱਖਾਂ ਵਿਚ ਪਾਣੀ ਸਿਮ ਆਇਆ ਸੀ।ਉਸਨੇ ਕੁਰਤੇ ਵਿਚੋਂ ਰੁਮਾਲ ਕੱਢ ਕੇ ਅੱਖਾਂ ਸਾਫ ਕੀਤੀਆਂ।ਪਾਣੀ ਪੀਤਾ ਤੇ ਇਧਰ ਉਧਰ ਚੁਪਚਾਪ ਦੇਖਦਾ ਰਿਹਾ।

ਇੰਨੀ ਦੇਰ ਵਿਚ ਰਿਸੈਪਸ਼ਨਿਸ਼ਟ ਨੇ ਇੰਟਰਕਾਮ ਰਾਹੀਂ ਦੱਸਿਆ ਕਿ ਇੱਕ ਬਜ਼ੁਰਗ ਅੱਧੇ ਘੰਟੇ ਦਾ ਬਾਹਰ ਬੈਠਾ ਹੈ।ਉਸਨੇ ਸਾਢੇ ਦਸ ਵਜੇ ਦੀ ਅਪਾਇੰਟਮੈਂਟ ਲਈ ਹੋਈ ਸੀ ਤੇ ਹੁਣ ਗਿਆਰਾਂ ਵੱਜ ਰਹੇ ਹਨ।

" ਸਰਦਾਰ ਜੀ ਇੱਕ ਬਜ਼ੁਰਗ ਨੇ ਅਪਾਂਇਟਮਿੰਟ ਲਈ ਹੋਈ ਸੀ ਜੇ ਤੁਸੀਂ ਗੁੱਸਾ ਨਾ ਕਰੋ ਤਾਂ ਪਹਿਲਾਂ ਮੈਂ ਉਸ ਨੂੰ ਦੇਖ ਲਵਾਂ ਜ਼ਰਾ ?"

ਮੈਂ ਸਰਦਾਰ ਜੀ ਵੱਲ ਦੇਖ ਕੇ ਬੋਲਿਆ।

ਅਸਲ ਵਿਚ ਮੇਰੇ ਅੰਦਰ ਵੀ ਕਿਤੇ ਲਾਲਚ ਜਾਗ ਪਿਆ ਸੀ ਕਿ ਇਹ ਸਰਦਾਰ ਜੀ ਮੇਰੇ ਕੋਲ ਕੁਝ ਹੋਰ ਦੇਰ ਬੈਠੇ ਰਹਿਣ।

"ਗੁੱਸਾ ! ਮੈਂ ਕੌਣ ਹੁੰਦਾਂ ਜੀ ਗੁੱਸਾ ਕਰਨ ਵਾਲਾ .ਮੈਂ ਬਾਹਰ ਬੈਠ ਜਾਂਦਾ ਤੁਸੀਂ ਕਰੋ ਜੀ ਆਪਣਾ ਕੰਮ ਸਾਡਾ ਕੀ ਐ ਜੀ ਅਸੀਂ ਤਾਂ ਵਿਹਲੇ ਆਂ?"

ਬੋਲਦੇ ਹੋਏ ਸਰਦਾਰ ਜੀ ਉਠ ਕੇ ਬਾਹਰ ਜਾਣ ਲੱਗੇ ਪਰ ਮੈਂ ਉਸਨੂੰ ਉਥੇ ਹੀ ਬੈਠੇ ਰਹਿਣ ਦਾ ਇਸ਼ਾਰਾ ਕੀਤਾ।

" ਤੁਸੀਂ ਵੀ ਦੇਖ ਲਉ ਕਿੰਝ ਕਿੰਝ ਦੇ ਲੋਕ ਆਉਂਦੇ ਨੇ ਮੇਰੇ ਕੋਲ ?"

ਸਰਦਾਰ ਜੀ ਫਿਰ ਬੈਠ ਗਏ।

ਮੈਨੂੰ ਹਾਸਾ ਵੀ ਆਇਆ ਕਿ ਪਹਿਲਾਂ ਇਹੀ ਸਰਦਾਰ ਵਿਹਲਾ ਨਾ ਹੋਣ ਵਾਲਾ ਤੇ ਹੁਣ ਆਪਣੇ ਆਪ ਨੂੰ ਵਿਹਲਾ ਕਹਿ ਰਿਹਾ ਸੀ।

ਇਕ ਬਜ਼ੁਰਗ ਮੇਰੇ ਸਾਹਮਣੇ ਤੇ ਸਰਦਾਰ ਜੀ ਦੀ ਨਾਲ ਵਾਲੀ ਕੁਰਸੀ ਉਪਰ ਬੈਠ ਗਿਆ।

ਸਰਦਾਰ ਜੀ ਨੇ ਵੀ ਉਸਨੂੰ ਤਿਰਛੀ ਨਜ਼ਰ ਨਾਲ ਦੇਖ ਲਿਆ।

ਬਜ਼ੁਰਗ ਨੇ ਦੱਸਿਆ ਕਿ ਉਸਨੂੰ ਨੀਂਦ ਬੜੀ ਮੁਸ਼ਕਿਲ ਨਾਲ ਆਉਂਦੀ ਹੈ ਤੇ ਜੇ ਆ ਜਾਵੇ ਤਾਂ ਰੋਜ਼ ਸੁਪਨੇ ਵਿਚ ਉਸਦਾ ਤੀਹ ਸਾਲ ਪਹਿਲਾਂ ਮਰਿਆ ਪਿਉ ਆ ਕੇ ਬਸ ਇੱਕੋ ਹੀ ਸੁਆਲ ਪੁਛਦਾ ਹੈ ਕਿ ਉਸਨੇ ਉਸ ਵੇਲੇ ਜਦੋਂ ਉਹ ਮਰਨ ਕਿਨਾਰੇ ਸੀ ਤਾਂ ਉਸਨੂੰ ਚੰਗੇ ਡਾਕਟਰ ਨੂੰ ਕਿਉਂ ਨਹੀਂ ਵਿਖਾਇਆ ਸੀ ? ਰੋਜ਼ ਉਸਦੀ ਦਵਾਈ ਵਾਲੀ ਪਰਚੀ ਗੁੰਮ ਕਿਉਂ ਜਾਂਦੀ ਸੀ? ਉਸਦੀ ਨੂੰਹ ਨੇ ਉਸਦੀ ਸੇਵਾ ਕਿਉਂ ਨਹੀਂ ਕੀਤੀ..?

ਮੈਂ ਉਸਨੂੰ ਕੁਝ ਹੋਰ ਸੁਆਲ ਪੁੱਛੇ ਤੇ ਕੁਝ ਦਵਾਈਆਂ ਖਾਣ ਤੇ ਪੂਰਾ ਆਰਾਮ ਕਰਨ ਵਾਸਤੇ ਕਿਹਾ। ਕੁਝ ਦਿਨਾਂ ਬਾਅਦ ਦੋਬਾਰਾ ਆਉਣ ਵਾਸਤੇ ਕਿਹਾ।

ਬਜ਼ੁਰਗ ਉਠਿਆ ਤੇ ਬਾਹਰ ਚਲਾ ਗਿਆ।

"ਕੋਈ ਬਿਮਾਰੀ ਛਿਮਾਰੀ ਨਹੀਂ ਐ ਏਸ ਬਾਬੇ ਨੂੰ ਬਸ ਆਪਣੇ ਦਿਲ ਵਿਚ ਕੋਈ ਭਾਰ ਲਈ ਘੁੰਮਦੈ ਮਨ 'ਤੇ ਬੋਝ ਚੁੱਕੀ ਬੰਦੇ ਨੂੰ ਨੀਂਦ ਕਿਥੋਂ ਆਜੂ ਜੁਆਨੀ ਵੇਲੇ ਇਹ ਆਪਣੇ ਬਜ਼ੁਰਗ ਪਿਉ ਨੂੰ ਭੁਲ ਗਿਆ ਸੀ ਹੁਣ ਇਸਦਾ ਪੁੱਤਰ ਇਸਨੂੰ ਪੱਠੇ ਨਹੀਂ ਪਾ ਰਿਹਾ ਇਸਨੂੰ ਭੈੜੇ ਤੇ ਡਰਾਵਣੇ ਸੁਪਨੇ ਆਉਣ ਲੱਗ ਪਏ ਨੇ ਸਰ ਜੀ ਇਹਨੂੰ ਕਹਿਣਾ ਸੀ ਬਈ ਬਜ਼ੁਰਗਾ ਸਵਰਗ ਨਰਕ ਸਭ ਏਥੇ ਹੀ ਐ ਉਪਰ ਥੱਲੇ ਕਿਤੇ ਨਹੀਂ ਜੋ ਕਰੋਗੇ ਸੋ ਭਰੋਗੇ ਸਾਡੇ ਬਹੁਤੇ ਲੋਕਾਂ ਦਾ ਇਹੋ ਹਾਲ ਹੁੰਦਾ ਐ ਜੀ ਪਿਛਲੀ ਉਮਰੇ ਇਹ ਕੋਈ ਅਲੋਕਾਰੀ ਕੇਸ ਨਹੀਂ ਐ ਹਰ ਘਰ ਵਿਚ ਇਹੀ ਕੁਝ ਹੁੰਦੈ।"

ਬਜ਼ੁਰਗ ਦੇ ਬਾਹਰ ਜਾਂਦਿਆਂ ਹੀ ਸਰਦਾਰ ਜੀ ਨੇ ਆਪਣੇ ਵਿਚਾਰ ਬਿਨਾਂ ਮੇਰੇ ਪੁੱਛਿਆਂ ਹੀ ਦੇ ਦਿੱਤੇ।

"ਕਮਾਲ ਹੈ ਸਰਦਾਰ ਜੀ...ਤੁਸੀਂ ਤਾਂ ਮੇਰੇ ਕੋਲੋਂ ਵੀ ਜ਼ਿਆਦਾ ਤਜ਼ਰਬੇਕਾਰ ਲਗਦੇ ਹੋ ?"

ਮੈਂ ਹੱਸਦੇ ਹੋਏ ਸਰਦਾਰ ਜੀ ਵੱਲ ਦੇਖਦੇ ਕਿਹਾ।

"ਨਾਂਹ ਜੀ ਅਸੀਂ ਕਿਥੋਂ ਹੋਏ ਜੀ ਏਨੇ ਜੋਗੇ ਬਸ ਉਈਂ ਕਿਹਾ ਜੀ ।"

ਸਰਦਾਰ ਜੀ ਕੁਝ ਸ਼ਰਮਾ ਜਿਹੇ ਗਏ ।

" ਚੱਲੋ ਛਡੋ ਉਸ ਬਾਬੇ ਨੂੰ ਸਰਦਾਰ ਜੀ ਤੁਸੀਂ ਇਹ ਦੱਸੋ ਬਈ ਆਹ ਜੋ ਕੈਂਸਰ ਵਾਲੀ ਗੱਲ ਬੜੀ ਦੇਰ ਤੋਂ ਹੋ ਰਹੀ ਹੈ ਪਰ ਇਸਦਾ ਹੱਲ ਕਿਉਂ ਨਹੀਂ ਕਢਦੀਆਂ ਸਰਕਾਰਾਂ ?"

ਮੈਂ ਉਸਨੂੰ ਮੁੜ ਉੱਸੇ ਵਿਸ਼ੇ ਵੱਲ ਲੈਕੇ ਆਉਣਾ ਚਾਹੁੰਦਾ ਸਾਂ।

" ਕਮਾਲ ਕਰਦੇ ਹੋਰ ਸਰ ਜੀ ਤੁਸੀਂ ਮੈਨੂੰ ਤਾਂ ਇੰਝ ਪੁਛ ਰਹੇ ਹੋ ਜਿਵੇਂ ਮੈਂ ਮੁਖ ਮੰਤਰੀ ਹੋਵਾਂ ਇਹ ਸਰਕਾਰਾਂ ਦਾ ਕੰਮ ਆ ਜੀ ਮੈਂ ਕੀ ਹਲ ਦੱਸ ਸਕਦਾਂ !"

" ਇਸ ਕੈਂਸਰ ਦੀ ਜੜ੍ਹ ਕਿਥੇ ਆ ਸਰਦਾਰ ਜੀ .?"

"ਸਰ ਜੀ ਪੰਜਾਬ ਵਿਚ ਕੈਂਸਰ ਦਾ ਕਹਿਰ ਨਿੱਤ ਦਿਨ ਵਧ ਰਿਐ.. ਪੰਜਾਬ ਦੇ ਹਜ਼ਾਰਾ- ਲੋਕ ਇਸ ਬੀਮਾਰੀ ਦੀ ਲਪੇਟ ਵਿਚ ਆ ਰਹੇ ਨੇ ਬਲੱਡ ਕੈਂਸਰ, ਅੰਤੜੀ, ਗਲੇ, ਹੱਡੀਆ-,ਮਿਹਦੇ ,ਛਾਤੀ ਤੇ ਬੱਚੇਦਾਨੀ ਦਾ ਤੇ ਪਤਾ ਨਹੀਂ ਕਿਹੜਾ ਕਿਹੜਾ ਕੈਂਸਰ ਹੋ ਰਿਐ ਰੋਜ਼ ਅਠਾਰਾ- ਬੀਹ ਲੋਕ ਇਸ ਬੀਮਾਰੀ ਕਾਰਨ ਦਮ ਤੋੜ ਰਹੇ ਆ ਸਰ ਜੀ ਕੈਂਸਰ ਦਾ ਮੁੱਖ ਕਾਰਨ ਖੇਤੀ ਖੇਤਰ ਵਿਚ ਵਰਤੀਆ- ਜਾ ਰਹੀਆ- ਅੰਧਾਧੁੰਦ ਕੀਟਨਾਸ਼ਕ ਦਵਾਈਆ- ਨੇ ਖਾਸ ਕਰਕੇ ਨਰਮੇ ਦੀ ਖੇਤੀਬਾੜੀ ਵਾਸਤੇ .ਇਹ ਕੀਟਨਾਸ਼ਕ ਪੰਜਾਬ ਦੀ ਹਵਾ, ਮਿੱਟੀ ਪਾਣੀ ਵਿਚ ਜ਼ਜ਼ਬ ਹੋ ਕੇ ਸਰੀਰ ਵਿਚ ਦਾਖਲ ਹੋ ਰਹੇ ਨੇ ਚਾਰੇ ਤੇ ਖੁਰਾਕ ਰਾਹੀ- ਪਸ਼ੂਆ- ਦੇ ਦੁੱਧ ਵਿਚ ਵੀ ਦਾਖਲ ਹੋ ਰਹੇ ਨੇ ਕੈਂਸਰ ਇਕ ਅਜਿਹੀ ਨਾਮੁਰਾਦ ਬੀਮਾਰੀ



ਐ ਜੋ ਕਿਸੇ ਆਫਤ ਤੋ- ਘੱਟ ਨਹੀ- ਤੇ ਪੂਰੇ ਸੂਬੇ ਵਿਚ ਆਪਣੇ ਪੈਰ ਪਸਾਰ ਚੁੱਕੀ ਹੈਜੀ ਬੜੀ ਜਲਦੀ ਇਹ ਨਿਗਲ ਜਾਊ ਸਾਰੇ ਪੰਜਾਬੀਆਂ ਨੂੰ ਪਹਿਲਾ- ਅਸੀ- ਸਿਰਫ ਮਨੁੱਖਾ- ਵਿਚ ਹੀ ਕੈਂਸਰ ਬਾਰੇ ਫਿਕਰਮੰਦ ਸੀ ਪਰ ਹੁਣ ਇਸਨੇ ਪਸ਼ੂਆ- ਨੂੰ ਵੀ ਆਪਣੀ ਲਪੇਟ ਵਿਚ ਲੈ ਲਿਐ ਸਰਕਾਰਾਂ ਸਿਵਾਏ ਭਾਸ਼ਣਬਾਜ਼ੀ ਤੇ ਇਕ ਦੂਸਰੇ ਉਪਰ ਦੂਸ਼ਣਬਾਜ਼ੀ ਦੇ ਕੁਝ ਨਹੀਂ ਕਰਦੀਆਂ ਇੱਕ ਕਹਿੰਦਾ ਬਈ ਦੂਸਰਿਆਂ ਦਾ ਕਸੂਰ ਐ ਤੇ ਦੂਸਰਾ ਕਹਿੰਦਾ ਬਈ ਪੁਆੜੇ ਦੀ ਜੜ੍ਹ ਹੀ ਪਹਿਲੀ ਸਰਕਾਰ ਸੀ ਸਰ ਜੀ ਬਚਾ ਲਉ ਪੰਜਾਬ ਨੂੰ ਤੁਸੀਂ ਤਾਂ ਗੱਲਾਂ ਗੱਲਾਂ ਵਿਚ ਹੀ ਲੋਕਾਂ ਦੇ ਦੁਖ ਤਕਲੀਫ ਸਮਝ ਜਾਂਦੇ ਹੋ ਜੀ ਤੁਸੀਂ ਕੱਢੋ ਨਾ ਕੋਈ ਹੱਲ...।"

ਸਰਦਾਰ ਜੀ ਅਚਾਨਕ ਇਧਰ ਉਧਰ ਦੇਖਣ ਲੱਗੇ।

"ਇੱਕ ਗਿਲਾਸ ਹੋਰ ਦਿਉ ਜੀ ਪਾਣੀ ਦਾ ਸਾਲਾ ਕੈਂਸਰ ਕੈਂਸਰ ਬੋਲ ਕੇ ਗਲਾ ਸੁਕਦਾ ਜਾਂਦਾ ਜੀ ? ਆਇਆ ਮੈਂ ਆਪਣੇ ਪੋਤਰੇ ਵਾਸਤੇ ਕੋਈ ਰਾਏ ਲੈਣ ਸੀ ਜੀ ਤੁਸੀਂ ਮੈਨੂੰ ਹੋਰ ਹੀ ਭੰਬਲਭੂਸੇ ਵਿਚ ਪਾ ਦਿੱਤਾ ਜੀ ।"

ਸਰਦਾਰ ਜੀ ਨੇ ਮੇਰੇ ਵੱਲ ਦੇਖਦੇ ਕਿਹਾ।

" ਉਹਦੇ ਬਾਰੇ ਵੀ ਗੱਲ ਕਰਦੇ ਹਾਂ ਸਰਦਾਰ ਜੀ ।"

ਮੈਂ ਪਾਣੀ ਦੀ ਬੋਤਲ ਉਸ ਵੱਲ ਕਰ ਦਿੱਤੀ।

ਹਾਲਾਂਕਿ ਮੌਸਮ ਠੰਡਾ ਸੀ ਪਰ ਉਸਨੇ ਸਾਰੀ ਬੋਤਲ ਖਾਲੀ ਕਰ ਦਿੱਤੀ।

"ਲਉ ਜੀ ਹੁਣ ਕਿਤੇ ਜਾ ਕੇ ਠੰਡ ਪਈ ਐ ...।"

ਮੂੰਹ ਉਪਰ ਹੱਥ ਮਾਰਦੇ ਸਰਦਾਰ ਜੀ ਨੇ ਮੇਰੇ ਵੱਲ ਬੜੀ ਅਜੀਬ ਨਜ਼ਰ ਨਾਲ ਤੱਕਿਆ।

"ਸਰਦਾਰ ਜੀ ਤੁਸੀਂ ਨਸ਼ਿਆਂ ਬਾਰੇ ਗੱਲ ਕਰ ਰਹੇ ਸੀ ।"

ਮੇਰੀ ਦਿਲਚਸ਼ਪੀ ਉਸ ਦੀਆਂ ਗੱਲਾਂ ਤੇ ਉਸਦੇ ਬਖਿਆਨ ਦੇ ਅੰਦਾਜ਼ ਵਿਚ ਵਧਦੀ ਜਾ ਰਹੀ ਸੀ।

"ਸਰ ਜੀ ਨਸ਼ੇ ਦੀ ਕੀ ਗੱਲ ਕਰਨੀ ਐ ਸਾਡੇ ਨਾਲ ਦੇ ਸੂਬੇ ਵਿਚ ਭੁੱਕੀ ਦੀ ਖੇਤੀਬਾੜੀ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਐ ਉੱਥੇ ਡੋਡਿਆਂ ਨੂੰ ਕਣਕ ਵਾਂਗ ਬੀਜਦੇ ਐ ਜਦੋਂ ਫਸਲ ਤਿਆਰ ਹੁੰਦੀ ਐ ਅਫੀਮ ਤੇ ਡੋਡੇ ਸਰਕਾਰ ਲੈ ਲੈਂਦੀ ਐ ਤੇ ਭੁੱਕੀ ਦੂਸਰੇ ਸੂਬਿਆਂ ਤੋਂ ਹੁੰਦੀ ਹੋਈ ਸਾਡੇ 'ਲਾਕੇ ਵਿਚ ਪਹੁੰਚ ਜਾਂਦੀ ਐ ਸਰ ਜੀ, ਅਸੀਂ ਤਾਂ ਸੁਣਿਆਂ ਬਈ ਜਦੋਂ ਭੁੱਕੀ ਉਸ ਸੂਬੇ ਤੋਂ ਚਲਦੀ ਐ ਤਾਂ ਇਸਦਾ ਮੁੱਲ ਪੰਜਾਹ ਕੁ ਰੁਪਏ ਪ੍ਰਤੀ ਕਿੱਲੋ ਹੁੰਦਾ ਐ ਪਰ ਸਾਡੇ ਪਿੰਡਾਂ 'ਚ ਪਹੁੰਚਦੇ ਇਹ ਮੁੱਲ ਅੱਠ ਨੌਂ ਸੋ ਰੁਪਏ ਹੋ ਜਾਂਦੈ ਦੂਸਰੀ ਗੱਲ ਇਹ ਭੁੱਕੀ ਵੀ ਖਾਲਸ ਨਹੀਂ ਹੁੰਦੀ ਜੀ ਰਸਤੇ ਵਿਚ ਬਹੁਤ ਗੜਬੜ ਹੁੰਦੀ ਐ ਸਾਲੇ ਵਿਚੋਲੇ ਆਪਣਾ ਕਾਰਾ ਕਰ ਜਾਂਦੇ ਨੇ ਸੁਣਿਆਂ ਬਈ ਇਹਦੇ ਵਿਚ ਵੀ ਘੋੜੇ ਤੇ ਊਠਾਂ ਦੀ ਲਿਦ, ਲਕੜੀ ਦਾ ਬੂਰਾ ਤੇ ਹੋਰ ਗੰਦਮੰਦ ਮਿਲਾਇਆ ਹੁੰਦੈ ਜਿਹੜਾ ਸਰੀਰ ਨੂੰ ਓਦਾਂ ਹੀ ਖਤਮ ਕਰ ਦਿੰਦੈ ਬੰਦਾ ਕਿਸੇ ਕੰਮ ਦਾ ਨਹੀਂ ਰਹਿੰਦਾ ਜੀ ਤਦੇ ਹੀ ਸਾਡੇ ਉਧਰ ਚਾਰ ਚਾਰ ਨਿਆਣੇ ਜੰਮ ਚੁੱਕੀਆਂ ਕਈ ਜਨਾਨੀਆਂ ਭਈਆਂ ਨਾਲ ਦੌੜ ਜਾਂਦੀਆਂ ਨੇ ਜੇ ਦੌੜ ਨਾ ਸਕਣ ਤਾਂ ਆਪਣੇ ਆਦਮੀਆਂ ਨੂੰ ਭਈਆਂ ਹੱਥੋਂ ਮਰਵਾ ਦਿੰਦੀਆਂ ਨੇ ਉਹ ਵੀ ਵਿਚਾਰੀਆਂ ਕੀ ਕਰਨ ਬੰਦੇ ਤਾਂ ਸਾਲੇ ਖੁੱਸੀ ਹੋ ਜਾਂਦੇ ਨੇ ਸਰ ਜੀ, ਇੱਕ ਗੱਲ ਦੱਸਾਂ ਭਈਏ ਆਏ ਤਾਂ ਇਧਰ ਨੌਕਰ ਚਾਕਰ ਬਣ ਕੇ ਸੀ ਜੀ ਪਰ ਉਹ ਦਿਨੋ ਦਿਨ ਮਾਲਕ ਬਣੀ ਜਾ ਰਹੇ ਆ ਜ਼ਮੀਨਾਂ ਦੇ ਵੀ ਤੇ ਜ਼ੋਰੂਆਂ ਦੇ ਵੀ ਦੂਸਰੇ ਪਾਸੇ ਵਿਦੇਸ਼ੋਂ ਇਧਰ ਆ ਕੇ ਸਾਡੇ ਮੁੰਡੇ ਸਾਲੇ ਵਿਆਹ ਕਰਵਾ ਕੇ ਵਾਪਸ ਪਰਤ ਜਾਂਦੇ ਨੇ ਤੇ ਜਨਾਨੀਆਂ ਨੂੰ ਇਧਰ ਛੱਡ ਜਾਂਦੇ ਨੇ ਜਦੋਂ ਦੋ ਤਿੰਨ ਸਾਲ ਉਹ ਵਿਦੇਸ਼ ਨਹੀਂ ਪਹੁੰਚਦੀਆਂ ਤਾਂ ਉਹਨਾਂ ਨੂੰ ਫਿਰ ਭਈਏ ਸਾਂਭ ਲੈਂਦੇ ਨੇ ਹੁਣ ਤਾਂ ਬਾਹਰਲੇ ਜੱਟਾਂ ਦੀ ਨੂੰਹ ਫਲਾਣੇ ਬੀਹਾਰੀਏ ਨਾਲ ਦੌੜ ਗਈ ਫਲਾਣੇ ਦੇ ਪੋਤਰੇ ਦੀ ਸ਼ਕਲ ਉਹਨਾਂ ਘਰ ਕੰਮ ਕਰਦੇ ਢਿਮਕਾਣੇ ਭਈਏ ਨਾਲ

ਮਿਲਦੀ ਐ ਵਰਗੀਆਂ ਗੱਲਾਂ ਆਮ ਸੁਣਨ ਨੂੰ ਮਿਲਦੀਆਂ ਨੇ ਹੋਰ ਤਾਂ ਹੋਰ ਲੁਧਿਆਣੇ ਕੰਨੀ ਤਾਂ ਇੱਕ ਬਿਹਾਰੀ ਭਊ ਐਮ. ਐਲ. ਏ. ਬਣ ਗਿਆ ਜੀ ਕਹਿੰਦੇ ਨੇ ਤੁਹਾਡੇ ਸ਼ਹਿਰ ਵੀ ਇੱਕ ਭਈਆ ਮੇਅਰ ਬਣਿਆ ਰਿਐ ਪਿੱਛੇ ਜਿਹੇ ਸਰ ਜੀ ਜਿੱਥੇ ਭਈਏ ਕਤੀਰਾਂ ਬੰਨ ਬੰਨ ਇਧਰ ਆ ਰਹੇ ਆ ਉਥੇ ਸਾਡੇ ਨਿਆਣੇ ਸਾਲੇ ਜੰਮਦੇ ਹੀ ਲੱਗ ਪੈਂਦੇ ਆ ਕਹਿਣ ਭਈ ਮੈਂ ਬਾਹਰਲੇ ਦੇਸ਼ ਜਾਊਂਗਾ ਜੀ ਉਧਰ ਸਾਲੇ ਅਜੈਂਟਾਂ ਨੇ ਬੜਾ ਪੁੱਠ ਚੁੱਕਿਐ ਕਈਆਂ ਨੂੰ ਸਮੁੰਦਰੀਂ ਤੇ ਕਿਸੇ ਨੂੰ ਹਵਾਈ ਜਹਾਜ਼ਾਂ ਰਾਹੀਂ ਕਿਸੇ ਨੂੰ ਜੰਗਲਾਂ ਰਾਹੀਂ ਕਿਸੇ ਨੂੰ ਕਬੂਤਰ ਬਣਾ ਕੇ ਤੇ ਕਿਸੇ ਨੂੰ ਬੱਕਰਾਂ ਬਣਾ ਕੇ ਵਿਦੇਸ਼ ਭੇਜਣ ਦੇ ਚੱਕਰਾਂ ਵਿਚ ਉਹਨਾਂ ਨੂੰ ਲੁੱਟੀ ਜਾ ਰਹੇ ਨੇ ਬਾਹਰ ਜਾਣ ਵਾਸਤੇ ਸਾਡੇ ਇੱਥੇ ਸਾਲੇ ਮਾਮੇ ਭਾਣਜੀਆਂ ਨਾਲ ਤੇ ਭਤੀਜੇ, ਭੂਆਂ ਨਾਲ ਵਿਆਹ ਕਰਵਾਈ ਜਾ ਰਹੇ ਐ ਸਾਡੇ ਲੋਕ ਉਧਰ ਕਬਜ਼ਾ ਕਰੀ ਜਾ ਰਹੇ ਆ ਜੀ ਤੇ ਇਧਰ ਭਈਏ ਸਾਡੇ ਉਪਰ ਸਰ ਜੀ ਤੁਸੀਂ ਦੇਖ ਲੈਣਾ, ਆਉਣ ਵਾਲੇ ਸਮੇਂ ਵਿਚ ਜੇ ਪੰਜਾਬ ਦਾ ਮੁੱਖ ਮੰਤਰੀ ਇੱਕ ਭਈਆ ਜਾਂ ਬਿਹਾਰੀਆ ਨਾ ਬਣਿਆ ਤਾਂ ਮੇਰਾ ਨਾਮ ਬਦਲ ਦੇਣਾ ਜੀ ਹਾਂ, ਉਹ ਵੱਖਰੀ ਗੱਲ ਐ ਬਈ ਕੈਨੇਡਾ ਦਾ ਮੁੱਖ ਮੰਤਰੀ ਤਾਂ ਪਹਿਲਾਂ ਹੀ ਇਕ ਪੰਜਾਬੀ ਭਰਾ ਬਣ ਗਿਆ ਸੀ ਜੀ ਤੇ ਆਉਣ ਵਾਲੇ ਸਮੇਂ ਵਿਚ ਪ੍ਰਧਾਨ ਮੰਤਰੀ ਵੀ ਕੋਈ ਪੰਜਾਬੀ ਹੀ ਬਣੂਗਾ ਸਰ ਜੀ, ਇਹ ਤਾਂ ਕੁਦਰਤ ਦਾ ਸੰਤੁਲਣ ਤਾਂ ਇੰਝ ਹੀ ਬਰਕਰਾਰ ਰਹਿਣੈ ਕੁਦਰਤ ਕਦੇ ਵੀ ਅਨਿਆਂ ਨਹੀਂ ਕਰਦੀ ਸਭ ਕੁਝ ਐਨ ਬਰਾਬਰ ।"

ਬੋਲਦੇ ਹੋਏ ਸਰਦਾਰ ਜੀ ਨੇ ਦੂਸਰੀ ਪਾਣੀ ਵਾਲੀ ਬੋਤਲ ਨੂੰ ਹੱਥ ਪਾ ਲਿਆ।

ਰੱਜ ਕੇ ਪਾਣੀ ਪੀਤਾ ਤੇ ਫਿਰ ਸ਼ੁਰੂ ਹੋ ਗਏ।

"ਸਰ ਜੀ ਸਾਡੇ ਤਾਂ ਲੋਕੀ ਭੁੱਕੀ ਨੂੰ ਦੁਧ, ਦਹੀਂ, ਲੱਸੀ ਤੇ ਪਾਣੀ ਵਿਚ ਘੋਲ ਘੋਲ ਇੰਝ ਪੀਂਦੇ ਐ ਜਿੱਦਾਂ ਪਹਿਲਿਆਂ ਸਮਿਆਂ ਵਿਚ ਸੱਤੂ ਹੁਣ ਤਾਂ ਸਾਡੀ ਮੁੰਡੀਰ ਕੈਮਿਸਟਾਂ ਵਾਲਿਆਂ ਦੀ ਕਮਾਈ ਵਧਾਉਣ ਵਿਚ ਬਹੁਤ ਹੱਥ ਵਟਾ ਰਹੀ ਐ ਕੀ ਫੈਂਸੀ ਕੀ ਜ਼ਖਮਾਂ 'ਤੇ ਲਾਉਣ ਵਾਲੀ ਮਲ੍ਹਮ, ਟੀਕੇ, ਕੈਪਸੂਲ ਕਹਿਣ ਦਾ ਮਤਲਬ ਕਿ ਨਸ਼ੇ ਖਾਤਰ ਸਾਰਾ ਕੁਝ ਹੀ ਚੱਟ ਕਰੀ ਜਾਂਦੇ ਐ ਕੁਝ ਤਾਂ ਸਾਲੇ ਕਾਕਰੋਚਾਂ ਨੂੰ ਸਾੜ ਸਾੜ ਪਾਣੀ 'ਚ ਘੋਲ ਕੇ ਪੀ ਜਾਂਦੇ ਐ ਹੁਣ ਤਾਂ ਕਹਿੰਦੇ ਕੋਈ ਚਿੱਟਾ ਵੀ ਆ ਗਿਐ .ਇਸ ਚਿਟੇ ਬਾਰੇ ਮੈਨੂੰ ਪੂਰਾ ਗਿਆਨ ਨਹੀਂ ਹੈ ਪਰ ਕਹਿੰਦੇ ਨੇ ਬਈ ਬੜਾ ਖਤਰਨਾਕ ਹੈ .ਸਰ ਜੀ ਸਾਡੇ ਉਧਰ ਇੱਕ ਝੋਲਾ ਚੁੱਕ ਡਾਕਟਰ ਐ ਉਹ ਨਸ਼ੇ ਘਟਾਉਣ ਦਾ ਨਹੀਂ ਸਗੋਂ ਵਧਾਉਣ ਵਿਚ ਆਪਣਾ ਯੋਗਦਾਨ ਪਾ ਰਿਹਾ ਐ ਉਸਨੇ ਹੋਰਨਾਂ ਦਾ ਕੀ 'ਲਾਜ਼ ਕਰਨਾ ਆ .ਉਹ ਦਿਨ ਵਿਚ ਆਪਣੇ ਆਪ ਨੂੰ ਹੀ ਨਸ਼ੇ ਵਾਲੇ ਕਈ ਟੀ.ਕੇ. ਲਗਾ ਲੈਂਦੈ ਜਦੋਂ ਕਿ ਇੱਕ ਟੀਕੇ ਵਿਚ ਇੰਨਾ ਨਸ਼ਾ ਹੁੰਦੈ ਕਿ ਚਾਰ ਘੰਟੇ ਵਾਲਾ ਅਪੈਂਡਿਕਸ ਦਾ ਆਪ੍ਰੇਸ਼ਨ ਹੋ ਸਕਦੈ ਕੁਝ ਤਾਂ ਐਸੇ ਵੀ ਹੈਗੇ ਨੇ ਉਹ ਸਵੇਰੇ ਨੇਰਨੇ ਢਿਡ ਜਦੋਂ ਤੀਕ ਇੱਕ ਛੱਨਾ ਭੁੱਕੀ ਜਾਂ ਕੈਪਸੂਲਾਂ ਦਾ ਗੱਫਾ ਜਾਂ ਭਾਰੀ ਨਸ਼ੇ ਦਾ ਟੀਕਾ ਨਾ ਲਗਾ ਲੈਣ ਉਹ ਮੰਜੇ ਤੋਂ ਹੇਠਾਂ ਪੈਰ ਨਹੀਂ ਰੱਖ ਸਕਦੇ ਉਨ੍ਹਾਂ ਦੀਆਂ ਅੱਖਾਂ ਹੀ ਨਹੀਂ ਖੁਲਦੀਆਂ ਦੂਸਰੇ ਆ ਕੁਝ ਸਾਲੇ ਫੁੱਕਰੇ ਤੇ ਬੇਸੁਰੇ ਗਾਇਕ ਸੰਗੀਤ ਦਾ ਸਾਹਿਤ ਦਾ ਸਾਲਿਆਂ ਨੂੰ ਓ ਅ ਨਹੀਂ ਆਉਂਦਾ ਸਾਲੇ ਬਕਵਾਸ ਲਿਖਦੇ ਨੇ ਬੇਸੁਰਾ ਗਾਉਂਦੇ ਨੇ ਭੈੜੀਆਂ ਭੈੜੀਆਂ ਜਾਨਵਰਾਂ ਵਰਗੀਆਂ ਸ਼ਕਲਾਂ ਬਣਾ ਲੈਂਦੇ ਨੇ ਜ਼ਮੀਨਾ ਵੇਚ ਵੇਚ ਕੈਸਟਾਂ ਕਢਦੇ ਨੇ ਜਦੋਂ ਕੁਝ ਪੱਲੇ ਨਹੀਂ ਪੈਂਦਾ ਤਾਂ ਨਸ਼ੇ ਕਰਨ ਤੇ ਵੇਚਣ ਲੱਗ ਪੈਂਦੇ ਨੇ ਇਹ ਨਸ਼ਿਆ ਵਾਲਾ ਕੰਮ ਬਹੁਤ ਮਾੜਾ ਐਜੀ ।"

ਸਰਦਾਰ ਜੀ ਫਿਰ ਅਚਾਨਕ ਰੁੱਕ ਜਾਂਦੇ ਨੇ।

"ਸਰ ਜੀ, ਇੱਕ ਕੱਪ ਚਾਹ ਦਾ ਤਾਂ ਪਿਲਾ ਦਿਉ ਬਸ ਉਵੇਂ ਹੀ ਮੇਰਾ ਮਗਜ਼ ਮਾਰੀ ਜਾ ਰਹੇ ਹੋ ਬੜੇ ਚਲਾਕ ਹੋ ।"

ਬੋਲਦੇ ਹੋਏ ਸਰਦਾਰ ਨੇ ਆਪਣੀਆਂ ਕਾਲੀਆਂ ਚਿੱਟੀਆਂ ਮੁਛਕੜੀਆਂ ਵਿਚ ਖਚਰੀ ਮੁਸਕਰਾਹਟ



ਬਿਖੇਰੀ।

ਉਸਦੀਆਂ ਗੱਲਾਂ ਸੁਣ ਕੇ ਮੈਂ ਸੁੰਨ ਹੋ ਰਿਹਾ ਸਾਂ।

ਮੈਂ 'ਹਾਂ' ਵਿਚ ਸਿਰ ਹਿਲਾਇਆ।

ਮੈਂ ਦਫਤਰ ਵਿਚ ਕੰਮ ਕਰਦੇ ਮੁੰਡੇ ਨੂੰ ਚਾਹ ਲਿਆਉਣਾ ਵਾਸਤੇ ਕਿਹਾ।

"ਦੋ ਸਮੌਸੇ ਵੀ ਫੜੀ ਆਈਂ ਕਾਕਾ ਨਾਲ ਚਟਣੀ ਵੀ...ਸਵੇਰੇ ਦਾ ਕੁਝ ਨਹੀਂ ਖਾਧਾ .ਢਿਡ ਵਿਚ ਭੁੱਖੇ ਚੂਹੇ ਨਹੀਂ ਸਗੋਂ ਸਾਲੇ ਹਾਥੀ ਇੱਧਰ ਉਧਰ ਦੌੜਦੇ ਪਏ ਆ .।"

ਸਰਦਾਰ ਜੀ ਨੇ ਆਪ ਹੀ ਹੁਕਮ ਸੁਣਾ ਦਿੱਤਾ।

ਮੁੰਡੇ ਨੇ ਮੇਰੇ ਵੱਲ ਦੇਖਿਆ ਤਾਂ ਮੈਂ ਹਾਂ ਵਿਚ ਸਿਰ ਹਿਲਾਇਆ।

"ਸਰਦਾਰ ਜੀ ਤੁਸੀਂ ਤਾਂ ਬੜੇ ਸੁਲਝੇ ਹੋਏ ਲਗਦੇ ਹੋ ਕਿੰਨੇ ਪੜ੍ਹੇ ਲਿਖੇ ਹੋ ? ਪਹਿਲਾਂ ਪਾਲੀਟਿਕਸ ਵਿਚ ਸੀ .?"

ਮੈਂ ਗੱਲ ਨੂੰ ਜ਼ਾਰੀ ਰੱਖਣਾ ਚਾਹੁੰਦਾ ਸਾਂ।

"ਨਾ ਜੀ ਪਾਲੀਟਿਕਸ ਪੁਲਟਿਕਸ ਕਿਥੇ ਜੀ ਜਦੋਂ ਵੰਡ ਹੋਈ ਸੀ ਤਾਂ ਮੈਂ ਤਿੰਨ ਚਾਰ ਸਾਲਾਂ ਦਾ ਸੀ ਛੇਹਾਂ ਭੈਣਾਂ ਦਾ ਇੱਕਲੌਤਾ ਭਰਾ..ਅਖੇ-ਮੁਸ਼ਕਿਲ ਨਾਲ ਮਿਲਿਆ ਪੁੱਤ ਐ ਭੈਣਾਂ ਦਾ ਭਰਾ ਹੈ ਘਰ ਵਾਲਿਆਂ ਨਾਮ ਰੁਲਦਾ ਸਿੰਘ ਰੱਖ ਦਿੱਤਾ ਸਾਲੀ ਆਪਣੀ ਜ਼ਿੰਦਗੀ ਤਾਂ ਜੰਮਦੇ ਹੀ ਰੁਲਣੀ ਸ਼ੁਰੂ ਹੋ ਗਈ ਇਧਰ ਆ ਕੇ ਪੰਜਵੀਂ ਜਮਾਤ ਪਾਸ ਕੀਤੀ ਐ ਫੌਜ ਵਿਚ ਨੌਕਰ ਭਰਤੀ ਹੋ ਗਿਆ ਪਰ ਫਿਰ ਅਚਾਨਕ ਬਾਪੂ ਜੀ ਪੂਰੇ ਹੋ ਗਏ ਤੇ ਨਾਲ ਹੀ ਯਾਰਾਂ ਦੀ ਨੌਕਰੀ ਬਸ ਜੀ ਫਿਰ ਕਬੀਲਦਾਰੀ ਵਿਚ ਐਸੇ ਉਲਝੇ ਕਿ ਪੜ੍ਹਾਈ ਲਿਖਾਈ ਜਾਂਦੀ ਰਹੀ ਬਸ ਅਖ਼ਬਾਰਾਂ ਪੜ੍ਹ ਪੁੜ੍ਹ ਛਡੀ ਦੀਆਂ ਨੇ ਅੱਜ ਕੱਲ੍ਹ ਇੰਟਰਨੈੱਟ, ਟੀਵੀ, ਵਟਸ ਅੱਪ ਤੇ ਆ ਤੁਹਾਡੀ ਬੂਥਾ ਪੁਸਤਕ ਮੇਰਾ ਮਤਲਬ ਫੇਸ ਬੁੱਕ ।"

ਜ਼ਬਰੀਂ ਮੁਸਕਰਾਉਂਦਾ ਹੋਇਆ ਸਰਦਾਰ ਵਾਰ ਵਾਰ ਦਰਵਾਜ਼ੇ ਵੱਲ ਦੇਖੇ।

ਏਨੀ ਦੇਰ ਨੂੰ ਮੁੰਡਾ ਚਾਹ ਤੇ ਸਮੋਸੇ ਲੈ ਕੇ ਆ ਗਿਆ।

"ਸਰਦਾਰ ਜੀ ! ਕਿਸਾਨਾਂ ਦੀਆਂ ਆਤਮ ਹੱਤਿਆਵਾਂ ਪਿੱਛੇ ਖਾਸ ਕਾਰਨ ਕੀ ਹਨ ?"

ਮੈਂ ਚਾਹ ਦਾ ਕੱਪ ਤੇ ਸਮੋਸੇ ਲੈਣ ਦਾ ਇਸ਼ਾਰਾ ਕਰਦੇ ਹੋਏ ਅਗਲਾ ਸੁਆਲ ਕਰ ਦਿੱਤਾ।

ਸਰਦਾਰ ਜੀ ਨੇ ਇੱਕ ਸਮੋਸੇ ਨੂੰ ਹੱਥ ਵਿਚ ਫੜ ਲਿਆ ਤੇ ਉਸਨੂੰ ਘੋਖਵੀਂ ਨਜ਼ਰ ਨਾਲ ਤੱਕਣ ਲੱਗਾ ।ਫਿਰ ਉਸਨੇ ਮੇਰੇ ਵੱਲ ਇੰਝ ਦੇਖਿਆ ਜਿਵੇਂ ਕਹਿ ਰਿਹਾ ਹੋਵੇ ਕਿ ਕੁਝ ਸਬਰ ਰੱਖੋ।

ਮੈਂ ਵੀ ਟੇਬਲ ਉਪਰ ਪਈ ਫਾਈਲ ਨੂੰ ਉਲਟਾਉਂਦਾ ਪਰਤਾਉਂਦਾ ਹੋਇਆ ਸੋਚਣ ਲੱਗਾ ਕਿ ਮੇਰੇ ਕੋਲ ਪੰਜਾਬ ਤੋਂ ਨਸ਼ੇ ਵਾਲੇ ਬਹੁਤ ਕੇਸ ਆਉਂਦੇ ਨੇ ।ਕਈ ਬਹੁਤ ਗੁੰਝਲਦਾਰ ਹੁੰਦੇ ਨੇ ।ਸਰਦਾਰ ਜੀ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ, ਸਮਸਿਆਵਾਂ ਤੇ ਉਲਝਣਾਂ ਨੂੰ ਖੂਬ ਸਮਝਦਾ ਹੈ ।ਕਿਉਂ ਨਾ ਏਸ ਸਰਦਾਰ ਜੀ ਨੂੰ ਆਪਣੇ ਕੋਲ ਨੌਕਰੀ ਉਪਰ ਰੱਖ ਲਵਾਂ ਜਾਂ ਕਦੇ ਕਦਾਈਂ ਇਸਨੂੰ ਆਪਣੇ ਕੋਲ ਬੁਲਾ ਲਿਆ ਕਰਾਂ ?

ਕੁਝ ਦੇਰ ਬਾਦ ਸਰਦਾਰ ਜੀ ਨੇ ਸਮੌਸਿਆਂ ਦੀ ਪਲੇਟ ਖਾਲੀ ਕਰ ਦਿੱਤੀ ।ਚਾਹ ਦਾ ਅਖੀਰਲਾ ਘੁੱਟ ਭਰਿਆ ਤੇ ਉੱਚਾ ਜਿਹਾ ਡਕਾਰ ਮਾਰਿਆ ।ਹੱਥ ਨਾਲ ਆਪਣੀ ਮੂੰਹ ਤੇ ਦਾਹੜੀ ਨੂੰ ਸਾਫ ਕੀਤਾ।

"ਸਰਦਾਰ ਜੀ, ਮੈਂ ਪੁੱਛ ਰਿਹਾ ਸੀ ਕਿ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਪਿੱਛੇ ਖਾਸ ਕਾਰਨ ਕੀ ਹਨ ?"

ਮੈਂ ਡਰਦੇ ਹੋਏ ਨੇ ਗੱਲ ਅੱਗੇ ਤੋਰੀ।

ਸਰਦਾਰ ਜੀ ਨੂੰ ਸ਼ਾਇਦ ਪਤਾ ਲੱਗ ਗਿਆ ਸੀ ਕਿ ਮੈਂ ਉਸ ਕੋਲੋਂ ਪੰਜਾਬ ਦੀਆਂ ਉਲਝਣਾਂ ਦੀ ਚੀਰਫਾੜ ਕਰਵਾਉਣਾ ਚਾਹੁੰਦਾ ਹਾਂ।

ਉਸਨੇ ਮੇਰੇ ਵੱਲ ਦੇਖਿਆ 'ਤੇ ਬੋਲਿਆ, " ਸਰ ਜੀ ! ਕਿਸਾਨਾਂ ਦੇ ਆਤਮ ਹੱਤਿਆ ਕਰਨ ਦੇ ਬਹੁਤ ਕਾਰਨ ਨੇ ਇੱਕ ਤਾਂ ਸਾਡੇ 'ਲਾਕੇ ਵਿਚ ਬਹੁਤੀਆਂ ਜ਼ਮੀਨਾਂ ਬੰਜਰ ਨੇ ਬੈਰਾਨੀਆਂ ਨੇ ਵੈਸੇ ਹੀ ਕੁਝ ਪੈਦਾ ਨਹੀਂ ਹੁੰਦਾ ਉਧਰ ਪਿਛਲੇ ਛੇ ਸੱਤ ਸਾਲਾਂ ਤੋਂ ਮੌਸਮ ਬੜਾ ਧੋਖਾ ਦੇ ਰਿਹਾ ਐ ਅਜੀਬ ਕਿਸਮ ਦੀ ਲੁਕਣ ਛੁਪਾਈ ਖੇਲ ਰਿਹੈ ਕਦੇ ਡੋਬਾ ਲਾ ਦਿੰਦੈ ਕਦੇ ਸੋਕਾ ਸਰਦੀਆਂ ਵਿਚ ਗਰਮੀਆਂ ਦੀ ਰੁਤ ਆ ਜਾਂਦੀ ਐ ਤੇ ਗਰਮੀਆਂ ਵਿਚ ਸਰਦੀਆਂ ਦੀ ਫਸਲਾਂ ਠੀਕ ਨਹੀਂ ਹੁੰਦੀਆਂ ਸਾਡੇ ਜ਼ਿਆਦਾਤਰ ਕਿਸਾਨ ਵੀਰ ਨਰਮਾ ਤੇ ਕਪਾਹ ਬੀਜਦੇ ਐ ਬੀ.ਟੀ. ਕਾਟਨ ਦਾ ਸਿਆਪਾ ਵੱਖਰਾ ਇਹਨਾਂ ਫਸਲਾਂ 'ਤੇ ਖਰਚਾ ਜ਼ਿਆਦਾ ਐ ਤੇ ਆਮਦਨ ਘਟ ਇੱਕ ਏਕੜ ਪਿੱਛੇ ਪੰਝੀ ਵਾਰ ਦਵਾਈ ਸਪਰੇਅ ਕਰਨੀ ਪੈਂਦੀ ਐ .ਸਪਰੇਅ ਕਰਨ ਵਾਲੇ ਦਾ ਬਿਮਾਰ ਹੋਣਾ ਲਾਜਮੀ ਐ ਚਾਹੇ ਸੀਰੀ ਬਿਮਾਰ ਹੋਵੇ ਜਾਂ ਕਿਸਾਨ, ਖਰਚਾ ਤਾਂ ਕਿਸਾਨ ਦਾ ਹੀ ਹੋਣੈ ਦੂਹਰੀ ਮਾਰ ਪੈਂਦੀ ਐ ਕਿਸਾਨ ਨੂੰ ਕਿਸਾਨ ਦੇ ਪੱਲੇ ਕੁਝ ਪੈਂਦਾ ਨਹੀਂ ਪਰ ਆੜਤੀਏ ਸਮੇਂ ਸਿਰ ਉਹਨਾਂ ਦੇ ਮੂਹਰੇ ਆ ਖੜਦੇ ਆ ਬੈਂਕ ਵਾਲੇ ਪੁਲਸ ਨਾਲ ਆ ਧਮਕਦੇ ਆ .ਹੁਣ ਤੁਸੀਂ ਦੱਸੋ ਕਿਸਾਨ ਗੱਲ 'ਚ ਰੱਸਾ ਨਾ ਪਾਵੇ ਤਾਂ ਹੋਰ ਕੀ ਫੁੱਲਾਂ ਦੇ ਹਾਰ ਪਾਵੇ ਜੀ ।"

"ਸਰਦਾਰ ਜੀ ! ਆੜਤੀਏ ਤੇ ਬੈਂਕ ਵਾਲੇ ਕੀ ਕਰਨ ਆਉਂਦੇ ਨੇ ?"

"ਸਰ ਜੀ ! ਤੁਸੀਂ ਵੀ ਕਮਾਲ ਕਰਦੇ ਹੋ .ਹੁਧਾਰ ਦਿੱਤੇ ਪੈਸੇ ਵਾਪਸ ਮੰਗਣ ਆਉਂਦੇ ਆ ਹੋਰ ਕਿਸਾਨਾਂ ਨੂੰ ਸ਼ਗਣ ਪਾਉਣੈ .ਕਿਸਾਨਾਂ ਨੇ ਆੜਤੀਆਂ ਤੋਂ ਵਿਆਜੂ ਪੈਸੇ ਫੜੇ ਹੁੰਦੇ ਆ ਉਪਰੋਂ ਵਿਆਜ ਵੀ ਡਾਂਗਾਂ ਦੀ ਦਰ ਉੱਤੇ .ਕਈ ਵਾਰੀ ਤਾਂ ਸੋ ਪਿੱਛੇ ਦਸ ਰੁਪਏ ਮਹੀਨਾ .ਇਹ ਵਿਆਜ ਹੀ ਕਿਸਾਨਾਂ ਨੂੰ ਸਿਰ ਨਹੀਂ ਚੁੱਕਣ ਦਿੰਦਾ ਚਾਰ ਸਾਲਾਂ ਬਾਅਦ ਉਹ ਕਿਸਾਨਾਂ ਕੋਲ ਆ ਧਮਕੇ ਦੇ ਆ ਬਈ ਪੈਸੇ ਮੋੜੋ ਜਾਂ ਫਿਰ ਗਹਿਣੇ ਰੱਖੀ ਨੂੰ ਬੈਅ ਕਰਵਾਓ ਅੰਗੂਠੇ ਉਨ੍ਹਾਂ ਪਹਿਲਾਂ ਹੀ ਸਟਾਂਪ ਪੇਪਰਾਂ ਉੱਤੇ ਲੁਆਏ ਹੁੰਦੇ ਆ ਬੈਂਕ ਵਾਲਿਆਂ ਦੀ ਵੀ ਸੁਣ ਲਉ ਸਰਕਾਰ ਨੇ ਆਰਡਰ ਕੱਢੇ ਆ ਪਈ ਜਿਸ ਕਿਸਾਨ ਕੋਲ ਘੱਟ ਤੋਂ ਘੱਟ ਪੰਜ ਏਕੜ ਜ਼ਮੀਨ ਐ, ਉਹ ਟਰੈਕਟਰ ਕਰਜ਼ੇ 'ਤੇ ਲੈ ਸਕਦਾ ਐ ਹੁਣ ਕਿਸਾਨ ਕੋਲ ਤਾਂ ਜ਼ਹਿਰ ਖਾਣ ਨੂੰ ਪੈਸਾ ਨਹੀਂ ਟਰੈਕਟਰ ਕਿਥੋਂ ਲੈ ਲਉ ਪਰ ਫੇਰ ਵੀ ਖਰੀਦ ਲੈਂਦਾ ਆ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਵਿਆਹ ਸ਼ਾਦੀਆਂ ਤੇ ਹੋਰ ਮਾਮੇ ਛੱਕਾਂ ਦੇ ਖਰਚੇ ਹੀ ਕਿਸਾਨਾਂ ਨੂੰ ਉਭਣ ਨਹੀਂ ਦਿੰਦੇ ਹੁਣ ਪੈਸੇ ਤਾਂ ਚਾਹੀਦੇ ਈ ਚਾਹੀਦੇ ਐ ਜਦੋਂ ਕੋਈ ਚਾਰਾ ਨਹੀਂ ਰਹਿੰਦਾ ਤਾਂ ਫਿਰ ਉਹ ਤੁਰ ਪੈਂਦੇ ਆ ਬੈਂਕ ਨੂੰ ਟਰੈਕਟਰ ਲੈਣ ਵਾਸਤੇ ਸਰ ਜੀ ਤੁਸੀਂ ਕਹੋਗੇ ਕਿ ਟਰੈਕਟਰ ਲੈਣ ਨਾਲ ਪੈਸੇ ਕਿਥੋਂ ਆਜੂਗੇ ਇੱਥੇ ਇੱਕ ਹੋਰ ਕਿੱਸਾ ਐ ਜੀ .ਸਾਡੇ 'ਲਾਕੇ ਵਿਚ ਅਜੈਂਸੀ ਤੋਂ ਟਰੈਕਟਰ ਦਿਲਵਾਉਣ ਵਾਲੇ ਦਲਾਲਾਂ ਦਾ ਬੜਾ ਵੱਡਾ ਜਾਲ ਵਿਛਿਐ ਜੀ ਉਹ ਬੈਂਕ ਵਾਲਿਆਂ ਨਾਲ ਮਿਲ ਕੇ ਚਾਰ ਪੰਜ ਦਿਨਾਂ ਵਿਚ ਹੀ ਕੇਸ ਪਾਸ ਕਰਵਾ ਦਿੰਦੇ ਆ ਬੈਂਕ ਵਾਲੇ ਜ਼ਮੀਨ ਆਪਣੇ ਕੋਲ ਗਿਰਬੀ ਰੱਖਦੇ ਐ ਤੇ ਟਰੈਕਟਰ ਦੀ ਕੀਮਤ ਦਾ ਚੈੱਕ ਕਿਸਾਨ ਦੇ ਹੱਥ ਉੱਤੇ ਨਿਧੜਕ ਹੋ ਕੇ ਧਰਦੇ ਐ ਕਿਸਾਨ ਜਿੱਦਾਂ ਹੀ ਬੈਂਕ ਤੋਂ ਬਾਹਰ ਨਿਕਲਦੈ ਬਾਹਰ ਦਲਾਲ ਉਸਨੂੰ ਸ਼ਿਕਾਰੀ ਕੁੱਤਿਆਂ ਵਾਂਗ ਦੱਬੋਚ ਲੈਂਦੇ ਐ ਮਨ ਲਉ, ਜੇ ਚੈਕ ਐ ਚਾਰ ਲੱਖ ਰੁਪਏ ਦਾ ਜਿਹੜਾ ਟਰੈਕਟਰਾਂ ਦੀ ਅਜੈਂਸੀ ਦੇ ਨਾਂ ਬਣਿਆ ਹੁੰਦੈ, ਉਹ ਸਵਾ ਤਿੰਨ ਤੋਂ ਸਾਢੇ ਤਿੰਨ ਲੱਖ ਰੁਪਏ ਵਿਚ ਵਿਕ ਜਾਂਦੈ ਕਿਸਾਨ ਰੁਪਏ ਜੇਬ ਚ ਪਾ ਕੇ ਘਰ ਤੁਰ ਜਾਦੈ ਤੇ ਘਰ ਜਾ ਕੇ ਛੋਟੇ ਮੋਟੇ ਉਧਾਰ ਉਤਾਰਦੈ ਭੁੱਕੀ ਦੀਆਂ ਦੋ ਬੋਰੀਆਂ ਖਰੀਦਦੈ ਤੇ ਉਸਦੇ ਅਗਲੇ ਇੱਕ ਸਾਲ ਨੂੰ ਧੱਕਾ ਵਜ ਜਾਂਦੈ ਸਰ ਜੀ, ਕਈ ਕਿਸਾਨ ਵੀਰ ਛੋਟੀ ਗ਼ੇਮ ਖੇਡਦੇ ਐ ਉਹ ਮੱਝਾਂ ਵਾਸਤੇ ਬੈਂਕ ਤੋਂ ਕਰਜਾ ਲੈਂਦੇ ਐ ਇਸਦੇ ਵਿਚ ਵੀ ਬੈਂਕ ਦੇ ਕੁਝ ਅਫਸਰਾਂ ਤੇ ਦਲਾਲਾਂ ਦੇ ਕਾਰਨਾਮੇਂ ਹੁੰਦੇ ਐ ਜੀ .ਹੁਣ ਹਕੀਕਤ ਵਿਚ ਟਰੈਕਟਰ ਤੇ ਮੱਝਾਂ ਖਰੀਦੀਆਂ ਨਹੀਂ ਹੁੰਦੀਆਂ . ਫਸਲ ਹੋਈ ਨਹੀਂ ਹੁੰਦੀ ਦੁਧ ਵਿਕਿਆ ਨਹੀਂ ਹੁੰਦਾ ਛੇਹੀਂ ਮਹੀਨਿਆਂ ਬਾਅਦ ਬੈਂਕ ਵਾਲੇ ਪੁਲਸ ਸਮੇਤ ਕਰਜ਼ੇ ਦੀ ਕਿਸ਼ਤ ਲੈਣ ਆ ਧਮਕਦੇ ਐ ਹੁਣ ਕਿਸਾਨ ਆਤਮ ਹੱਤਿਆ ਨਾ ਕਰਨ ਤਾਂ ਹੋਰ ਭੰਗੜਾ



ਪਾਉਣ ਸਰ ਜੀ, ਤੁਸੀਂ ਮੈਨੂੰ ਕਿਹੜੀਆਂ ਗੱਲਾਂ ਵਿਚ ਉਲਝਾਇਆ ਹੋਇਐ ਜੀ .ਚਾਰ ਘੰਟੇ ਹੋ ਗਏ ਜੀ ਮੈਨੂੰ ਇਥੇ ਬੈਠਿਆਂ ਮੇਰੇ ਪੋਤਰੇ ਬਾਰੇ ਦੱਸੋ ਜੀ ਜਦੋਂ ਨਤੀਜਾ ਆਇਆ ਤਾਂ ਮੈਂ ਅਗਲੇ ਦਿਨ ਹੀ ਤੁਹਾਡੇ ਕੋਲ ਲੈ ਕੇ ਆਵਾਂਗਾ ਜੀ ਤੁਸੀ ਉਸਨੂੰ ਸਮਝਾਇਓ ਜੀ ।"

ਸਰਦਾਰ ਜੀ ਮੁੱਛਾਂ ਸਾਫ ਕਰਦਾ ਹੋਇਆ ਮੇਰੇ ਵੱਲ ਦੇਖ ਬੋਲ ਰਿਹਾ ਸੀ।

"ਹਾਂ, ਹਾਂ ਜ਼ਰੂਰ ਜਦੋਂ ਨਤੀਜਾ ਆਵੇਗਾ ਤਾਂ ਜ਼ਰੂਰ ਕੋਈ ਚੰਗੀ ਸਲਾਹ ਦੇਵਾਂਗੇ ਕਿਤੇ ਨਾ ਕਿਤੇ ਚੰਗੇ ਕਾਲਜ ਵਿਚ ਦਾਖਲਾ ਮਿਲ ਜਾਵੇਗਾ ਮੇਰੇ ਇੱਕ ਕਾਲਜ ਦੇ ਮਾਲਕ ਵਾਕਫਕਾਰ ਨੇ ਮੈਂ ਉਹਦੇ ਨਾਲ ਗੱਲ ਕਰਾਂਗਾ ਹੋਰ ਤੁਹਾਡੇ ਬੱਚੇ ਕੀ ਕਰਦੇ ਨੇ ਜੀ ?"

" ਦੋ ਮੁੰਡੇ ਤੇ ਇੱਕ ਕੁੜੀ ਐ ਜੀ ਕੁੜੀ ਤਾਂ ਆਪਣੇ ਸਹੁਰੇ ਰਸਦੀ ਵਸਦੀ ਆ ਜੀ ਵੱਡਾ ਮੁੰਡਾ ਤਾਂ ਟੱਬਰ ਸਣੇ ਬੜੇ ਚਿਰਾਂ ਤੋਂ ਕੈਨੇਡਾ ਵਸ ਗਿਆ ਉਹ ਤਾਂ ਦੋ ਤਿੰਨ ਸਾਲਾਂ ਬਾਅਦ ਪਿੰਡ ਫੇਰਾ ਮਾਰਦਾ ਐ ਹੁਣ ਤਾਂ ਪੰਜ ਸਾਲ ਹੋ ਗਏ ਦੂਸਰਾ ਮੁੰਡਾ ਪਿੰਡ ਹੀ ਰਹਿੰਦਾ ਐ ਉਸੇ ਦੇ ਨਿੱਕੇ ਮੁੰਡੇ ਬਾਰੇ ਤਾਂ ਤੁਹਾਡੇ ਨਾਲ ਗੱਲ ਕਰਨ ਆਇਆਂ ਜੀ ਨਿੱਕੇ ਦਾ ਵੱਡਾ ਮੁੰਡਾ ਪਲਸ ਟੂ ਕਰਕੇ ਜਹਾਜੇ ਚੜ੍ਹ ਗਿਆ ਸੀ .ਇਟਲੀ ਵਿਚ ਧੱਕੇ ਖਾਂਦਾ ਫਿਰ ਰਿਐ ਇਹੀ ਕਹਿ ਰਿਹਾ ਬਈ ਬਸ ਪੱਕੇ ਹੁੰਦੇ ਹੀ ਆਇਆ ਦਸ ਸਾਲ ਹੋ ਗਏ ਅਜੇ ਤਕ ਵਾਪਸ ਨਹੀਂ ਆਇਆ .ਇਧਰ ਆਪਣੇ ਖੇਤਾਂ ਵਿਚ ਤੁਸੀਂ ਕੱਖ ਭੰਨ ਕੇ ਦੂਹਰਾ ਨਹੀਂ ਕਰਦੇ ਤੇ ਬਾਹਰ ਲੋਕਾਂ ਦੇ ਘਰਾਂ ਵਿਚ ਗੁਸਲਖਾਨੇ ਸਾਫ ਕਰਦੇ ਫਿਰਦੇ ਹੋ ਉਸ ਵੇਲੇ ਤੁਹਾਡੀ ਅਣਖ ਕਿਥੇ ਚਲੀ ਜਾਂਦੀ ਐ ਸਾਲੇ ਫੁਕਰੇ ਕਿਸੇ ਥਾਂ ਦੇ ਅਖੇ-ਜੀ ਅਸੀਂ ਜੱਟ ਹੁੰਨੇਆਂ ਵੱਡੇ ਸਰਦਾਰ ਜ਼ਮੀਂਦਾਰ ਇੱਕ ਦਮ ਗੱਪੀ ਐਵੇਂ ਵੱਡੀਆਂ ਵੱਡੀਆਂ ਮਾਰੀ ਜਾਣਗੇ ।"

ਬੋਲਦੇ ਬੋਲਦੇ ਸਰਦਾਰ ਜੀ ਨੂੰ ਅਚਾਨਕ ਸਾਹ ਚੜ੍ਹ ਗਿਆ।

ਉਹ ਕੁਝ ਦੇਰ ਡੌਰ ਭੌਰ ਹੋਇਆ ਇਧਰ ਉਧਰ ਦੇਖ ਰਿਹਾ ਸੀ।

"ਸਰਦਾਰ ਜੀ ਇਸਦਾ ਹੱਲ ਕੋਈ ਨਹੀਂ ਹੈ..!"

ਮੈਂ ਫਿਰ ਪਾਣੀ ਵਾਲੀ ਬੋਤਲ ਸਰਦਾਰ ਜੀ ਅੱਗੇ ਕਰਦਾ ਬੋਲਿਆ।

ਮੈਂ ਗੱਲ ਨੂੰ ਟੁੱਟਣ ਨਹੀਂ ਦੇਣਾ ਚਾਹੁੰਦਾ ਸਾਂ।

ਉਸਨੇ ਵੱਡੇ ਵੱਡੇ ਤਿੰਨ ਚਾਰ ਘੁੱਟ ਪਾਣੀ ਦੇ ਭਰੇ।

ਲੰਮਾ ਜਿਹਾ ਸਾਹ ਲਿਆ।

"ਸਰ ਜੀ ! ਹੱਲ ਮੈਂ ਥੋੜੇ ਕਢਣੈ .ਹੱਲ ਤਾਂ ਸਰਕਾਰਾਂ ਨੇ ਕਢਣੈ ਜਾਂ ਫਿਰ ਤੁਹਾਡੇ ਵਰਗੇ ਸਮਝਦਾਰ ਲੋਕਾਂ ਨੇ ਉਂਜ ਵੈਸੇ ਹੁਣ ਕਿਸਾਨ ਵੀ ਸਮਝਦਾਰ ਹੋ ਗਏ ਨੇ ਜਾਂ ਇੰਝ ਕਹਿ ਲਉ ਕਿ ਚਲਾਕ ਹੋ ਗਏ ਐ .ਉਨ੍ਹਾਂ ਨੇ ਆਪਣੀ ਇੱਕ ਯੁਨੀਅਨ ਬਣਾ ਲਈ ਐ ਜਿਸ ਕਿਸਾਨ ਨੇ ਆੜਤੀਆਂ ਦਾ ਜ਼ਿਆਦਾ ਉਧਾਰ ਦੇਣਾ ਹੋਵੇ ਉਹ ਸਭ ਤੋਂ ਪਹਿਲਾਂ ਕਿਸਾਨ ਯੁਨੀਅਨ ਦਾ ਮੈਂਬਰ ਬਣਦੈ .ਆੜਤੀਏ ਤਾਂ ਹੁਣ ਤੀਹ ਏਕੜਾਂ ਵਾਲਿਆਂ ਨੂੰ ਵੀ ਦਸ ਹਜਾਰ ਤੀਕ ਹੁਧਾਰ ਨਹੀਂ ਦਿੰਦੇ ਕਿਉਂਕਿ ਪਿਛਲੇ ਚਾਰ ਪੰਜ ਸਾਲਾਂ ਵਿਚ ਜਿਹੜੇ ਪੈਸੇ ਉਨ੍ਹਾਂ ਕਿਸਾਨਾਂ ਨੂੰ ਦਿੱਤੇ ਸਨ, ਉਹ ਵਾਪਸ ਨਹੀਂ ਮਿਲੇ ਵਾਪਸ ਮਿਲਣੇ ਕਿਥੋਂ ਸੀ ਜਦੋਂ ਫਸਲਾਂ ਹੀ ਨਹੀਂ ਹੋਈਆਂ ਪਰ ਜਦੋਂ ਉਹ ਪੈਸੇ ਮੰਗਣ ਜਾਂਦੇ ਨੇ ਤਾਂ ਅੱਗੋਂ ਕਿਸਾਨਾਂ ਦੀ ਯੁਨੀਅਨ ਵਾਲੇ ਉਨ੍ਹਾਂ ਨੂੰ ਡਾਂਗਾਂ ਚੁੱਕ ਕੇ ਮਾਰਨ ਨੂੰ ਦੌੜਦੇ ਐ ਵੈਸੇ ਇਸ ਗੱਲੋਂ ਬੈਂਕ ਵਾਲੇ ਨਿਸ਼ਚਿੰਤ ਹੁੰਦੇ ਐ ਬੈਂਕ ਵਾਲੇ ਘਾਟੇ ਵਿਚ ਨਹੀਂ ਜਾਂਦੇ ਕਿਉਂਕਿ ਜਦੋਂ ਕੋਈ ਪੇਸ਼ ਨਹੀਂ ਜਾਂਦੀ ਤਾਂ ਹਾਰ ਕੇ ਕਿਸਾਨ ਜ਼ਮੀਨ ਹੀ ਵੇਚੇਗਾ ...ਜਦੋਂ ਵੇਚੇਗਾ ਉਦੋਂ ਉਹ ਬੈਂਕ ਨੂੰ ਪੈਸੇ ਦੇ ਕੇ ਹੀ ਖਲਾਸੀ ਕਰਵਾਏਗਾ ਬੈਂਕ ਦੀ ਐਨ. ਓ. ਸੀ. ਤੋਂ ਬਿਨਾਂ ਰਜਿਸਟਰੀ ਨਹੀਂ ਹੁੰਦੀ ਸੋ ਬੈਂਕ ਵਾਲੇ ਸੇਫ ਆ .ਹੁਣ ਕਿਸਾਨ ਕੋਲ ਜ਼ਮੀਨ ਰਹੀ ਨਾ ਉਸ ਕੋਲ ਸਿਵਾਏ ਕਰਜਿਆਂ ਤੇ ਦੇਣਦਾਰੀਆਂ ਦੇ ਹੋਰ ਕੁਝ ਐ ਨਹੀਂ ਉਹ ਆਤਮ ਹੱਤਿਆ ਨਾ ਕਰੇ ਤਾਂ ਹੋਰ ਕੀ ਕਰੇ ।"

ਬੋਲਦੇ ਹੋਏ ਸਰਦਾਰ ਜੀ ਨੇ ਪਾਣੀ ਦੀ ਦੂਸਰੀ ਬੋਤਲ ਖਾਲੀ ਕਰ ਦਿੱਤੀ।

ਮੈਂ ਅਜੇ ਸੋਚ ਹੀ ਰਿਹਾ ਸਾਂ ਕਿ ਸਰਦਾਰ ਜੀ ਨਾਲ ਗੱਲ ਕਰਾਂ ਕਿ ਜੇਕਰ ਉਹ ਰੋਜ਼ ਮੇਰੇ ਕੋਲ ਚਾਰ ਪੰਜ ਘੰਟਿਆਂ ਵਾਸਤੇ ਆ ਜਾਇਆ ਕਰਨ ਤਾਂ ਕਿ ਮੈਨੂੰ ਕੋਈ ਸਾਥੀ ਮਿਲ ਜਾਵੇ ਤਾਂ ਅਚਾਨਕ ਰਿਸੈਪਸ਼ਨਿਸ਼ਟ ਨੇ ਇੰਟਰਕਾਮ ਰਾਹੀਂ ਦੱਸਿਆ ਕਿ ਦੋ ਪੁਲਸ ਵਾਲੇ ਆਏ ਨੇ ਤੇ ਉਹ ਮੈਨੂੰ ਬਾਹਰ ਆ ਕੇ ਮਿਲਣ ਵਾਸਤੇ ਕਹਿ ਰਹੇ ਨੇ।

" ਸਰਦਾਰ ਜੀ ਤੁਸੀਂ ਬੈਠੋ ਮੈਂ ਇੱਕ ਮਿੰਟ ਵਿਚ ਆਇਆ ਮੈਨੂੰ ਕੋਈ ਮਿਲਣ ਆਇਆ ਹੈ ।"

ਬੋਲ ਕੇ ਮੈਂ ਕੁਰਸੀ ਤੋਂ ਉਠਿਆ ਤੇ ਬਾਹਰ ਚਲਾ ਗਿਆ।

ਬਾਹਰ ਪੁਲਸ ਦਾ ਇੱਕ ਇੰਸਪੈਕਟਰ ਤੇ ਇਕ ਹਵਲਦਾਰ ਬੈਠੇ ਸਨ।

ਇੰਸਪੈਕਟਰ ਨੇ ਆਪਣੀ ਜਾਣ-ਪਹਿਚਾਣ ਕਰਵਾਈ।ਉਹ ਨੇੜੇ ਦੇ ਥਾਣੇ ਤੋਂ ਆਏ ਸਨ।ਉਸਨੇ ਮੈਂਨੂੰ ਇੱਕ ਪਾਸੇ ਜਾ ਕੇ ਗੱਲ ਕਰਨ ਲਈ ਬੇਨਤੀ ਕੀਤੀ।

ਮੈਂ ਸੋਚਿਆ ਕੋਈ ਪਹਿਚਾਣ ਛੁਪਾਈ ਰੱਖਣ ਵਾਲਾ ਕੇਸ ਹੋਣਾ ਹੈ। ਸੋ ਮੈਂ ਉਹਨਾਂ ਨੂੰ ਆਪਣੇ ਰੈਸਟ ਰੂਮ ਵਿਚ ਲੈ ਕੇ ਚਲਾ ਗਿਆ।

" ਹਾਂਜੀ ਸਰ ਦੱਸੋ ਕੀ ਕੇਸ ਹੈ ਤੁਹਾਡਾ..?"

ਮੈਂ ਪੁੱਛਿਆ।

" ਸਰ ਜੀ ਸਾਡਾ ਕੋਈ ਕੇਸ ਨਹੀਂ ਜੋ ਤੁਹਾਡੇ ਕੋਲ ਅੰਦਰ ਕੈਬਿਨ ਵਿਚ ਸਰਦਾਰ ਜੀ ਬੈਠੇ ਨੇ ਉਸ ਬਾਰੇ ਗੱਲ ਕਰਨ ਆਏ ਹਾਂ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ..?"

ਇੰਸਪੈਕਟਰ ਬੋਲਿਆ।

" ਸਰਦਾਰ ਜੀ ਜੋ ਅੰਦਰ ਬੈਠੇ ਨੇ ਮੇਰੀ ਮਦਦ ਕਿਹੜੀ ਮਦਦ ਕਾਹਦੀ ਮਦਦ ?"

ਮੈਂ ਹੈਰਾਨ ਹੋ ਕੇ ਪੁੱਛਿਆ।

"ਸਰ ਜੀ ਤੁਸੀਂ ਨਹੀਂ ਜਾਣਦੇ..? ਇਹ ਅਮ੍ਰਿਤਸਰ ਦੇ ਪਾਗਲ ਖਾਨੇ ਤੋਂ ਚੋਰੀ ਭੱਜਿਆ ਹੋਇਆ ਰੁਲਦਾ ਸਿੰਘ ਹੈ ਜੀ ਇਸ ਉਪਰ ਇਕ ਆੜਤੀਏ ਤੇ ਇਕ ਪੁਲਸ ਵਾਲੇ ਨੂੰ ਜਾਨੋਂ ਮਾਰਨ ਦਾ ਕੇਸ ਚਲਿਆ ਹੋਇਆ ਹੈ ਪਰ ਇਸਦੀ ਦਿਮਾਗੀ ਹਾਲਤ ਠੀਕ ਨਾ ਹੋਣ ਕਰਕੇ ਇਸਨੂੰ ਪਾਗਲਖਾਨੇ ਇਲਾਜ਼ ਵਾਸਤੇ ਪਿਛਲੇ ਛੇ+ ਸਾਲ ਤੋਂ ਦਾਖਲ ਕੀਤਾ ਹੋਇਐ ਦਸ ਕੁ ਦਿਨ ਪਹਿਲਾਂ ਇਹ ਕੋਰਟ ਵਿਚ ਪੇਸ਼ੀ ਵੇਲੇ ਪੁਲਸ ਨੂੰ ਚਕਮਾ ਦੇ ਕੇ ਭੱਜ ਗਿਆ ਸੀ ਸਾਨੂੰ ਹੁਣੇ ਹੀ ਅਮ੍ਰਿਤਸਰ ਤੋਂ ਸੂਚਨਾ ਮਿਲੀ ਸੀ ਕਿ ਉਹ ਤੁਹਾਡੇ ਕੋਲ ਬੈਠਾ ਹੈ ਅਸੀਂ ਇਹ ਚਾਹੁੰਦਿਆਂ ਕਿ ਜਦੋਂ ਤਕ ਪੁਲਸ ਵੈਨ ਤੇ ਹੋਰ ਸਿਪਾਹੀ ਨਾ ਆ ਜਾਣ ਤੁਸੀਂ ਇਸਨੂੰ ਗੱਲੀਂ ਲਗਾਈ ਰੱਖੋ ਮੈਂ ਵੱਡੇ ਅਫਸਰ ਨੂੰ ਇਤਲਾਹ ਦੇ ਦਿੱਤੀ ਹੈ ਕਿ ਇਹ ਰੁਲਦਾ ਸਿੰਘ ਹੀ ਹੈ ਕਿਉਂਕਿ ਮੈਂ ਬਾਹਰ ਸ਼ੀਸ਼ੇ ਰਾਹੀਂ ਉਸਨੂੰ ਪਹਿਚਾਨ ਲਿਐ ।"

ਇੰਸਪੈਕਟਰ ਹੌਲੀ ਆਵਾਜ਼ ਵਿਚ ਬੋਲ ਰਿਹਾ ਸੀ।

"ਕੀ ਕਹਿ ਰਹੇ ਹੋ ? ਇਹ ਪਾਗਲ ਹੈ ! ਕਤਲ ਕੇਸ ਚੱਲ ਰਿਹਾ ਹੈ ਉਸ ਉਪਰ ! ਨਹੀਂ ਮੈਂ ਨਹੀਂ ਮੰਨਦਾ ਉਹ ਤਾਂ ਬਿਲਕੁਲ ਠੀਕ ਹੈ ਪਿਛਲੇ ਪੰਜ ਘੰਟਿਆਂ ਤੋਂ ਉਹ ਮੇਰੇ ਨਾਲ ਗੱਲਾਂ ਕਰ ਰਿਹਾ ਹੈ...ਮੈਨੂੰ ਤਾਂ ਪਾਗਲ ਨਹੀਂ ਲੱਗਾ ਮੈਂ ਸਾਰੀ ਉਮਰ ਲੋਕਾਂ ਨੂੰ ਮਨੋਵਿਗਿਆਨਕ ਤੌਰ ਉਪਰ ਹੀ ਪੜ੍ਹਿਆ ਤੇ ਪਰਖਿਆ ਹੈ ਰੁਲਦਾ ਸਿੰਘ ਪਾਗਲ ਨਹੀਂ ਹੈ ਉਹ ਤਾਂ ਸਾਰੇ ਸੂਬੇ ਦੀਆਂ ਸਮਸਿਆਵਾਂ ਨੂੰ ਬਹੁਤ ਬਾਰੀਕੀ ਨਾਲ ਸਮਝਦਾ ਹੈ ਉਹ ਪਾਗਲ ਕਿਦਾਂ ਹੋ ਸਕਦੈ ?"

ਮੈਂ ਸੁੰਨ ਹੋ ਰਿਹਾ ਸਾਂ।

"ਸਰ ਲਗਦਾ ਹੈ ਤੁਸੀਂ ਇਸ ਬਾਰੇ ਸਚਮੁਚ ਨਹੀਂ ਜਾਣਦੇ ਇਸਦੀਆਂ ਖ਼ਬਰਾਂ ਤਾਂ ਕਈ ਦਿਨ



ਅਖ਼ਬਾਰਾਂ ਤੇ ਟੀਵੀ ਚੈਨਲਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਸਨ ਹੋਇਆ ਇੰਝ ਸੀ ਕਿ ਇਸਦੇ ਨਿੱਕੇ ਮੁੰਡੇ ਨੇ ਆਪਣੇ ਵੱਡੇ ਮੁੰਡੇ ਨੂੰ ਬਾਹਰ ਭੇਜਣ ਵਾਸਤੇ ਕਿਸੇ ਆੜਤੀਏ ਕੋਲੋਂ ਪੰਜ ਲੱਖ ਰੁਪਏ ਹੁਧਾਰ ਲਿਆ ਸੀ ਫਿਰ ਕੁਦਰਤੀ ਤਿੰਨ ਚਾਰ ਸਾਲ ਫਸਲਾਂ ਦੇ ਝਾੜ ਠੀਕ ਨਹੀਂ ਹੋਏ ਕਦੇ ਸੋਕੇ ਤੇ ਕਦੇ ਡੋਬੇ .ਮੂਲ ਤਾਂ ਕੀ ਸੂਦ ਦਾ ਵੀ ਧੇਲਾ ਨਾ ਮੋੜਿਆ ਗਿਆ ਚਾਰ ਸਾਲਾਂ ਵਿਚ ਆੜਤੀਏ ਨੇ ਚਾਰ ਲੱਖ ਨੂੰ ਬਣਾ ਦਿੱਤਾ ਬੀਹ ਲੱਖ ਕੋਰੇ ਕਾਗਜ਼ਾਂ ਉਪਰ ਰੁਲਦਾ ਸਿੰਘ ਦੇ ਦਸਤਖਤ ਪਹਿਲਾਂ ਹੀ ਕਰਵਾ ਲਏ ਹੋਏ ਸਨ ਉਹਨਾਂ ਨੇ ਕਾ.ਗਜ਼ ਵਿਚ ਲਿਖਵਾ ਲਿਆ ਹੋਇਆ ਕਿ ਜੇਕਰ ਉਹ ਪੈਸੇ ਵਾਪਸ ਨਾ ਕਰੇ ਤਾਂ ਉਹ ਉਸਦੇ ਚਾਰ ਕਿੱਲੇ ਜ਼ਮੀਨ ਉਹਨਾਂ ਦੇ ਨਾਮ ਬੈਅ ਕਰਵਾ ਦੇਵੇਗਾ ਦੂਸਰਾ ਉਹਨਾਂ ਨੇ ਧੋਖੇ ਨਾਲ ਹੁਧਾਰ ਦਿੱਤੇ ਪੈਸੇ ਵੀ ਵਧਾ ਚੜ੍ਹ ਕੇ ਲਿਖ ਲਏ ਸਨ ਦੋ ਤਿੰਨ ਸਾਲਾਂ ਬਾਅਦ ਉਹ ਅਦਾਲਤ ਤੋਂ ਆਰਡਰ ਲੈ ਕੇ ਆ ਗਏ ਜ਼ਮੀਨ ਉਪਰ ਕਬਜ਼ਾ ਲੈਣ ਵਾਸਤੇ ਦੋ ਆੜਤੀਏ ਤੇ ਦੋ ਪੁਲਸ ਵਾਲੇ ਜਦੋਂ ਅਦਾਲਤੀ ਹੁਕਮ ਲੈ ਕੇ ਪਿੰਡ ਆਣ ਵੜੇ ਤਾਂ ਇਸਦੇ ਮੁੰਡੇ ਨੇ ਸ਼ਰਮ ਦੇ ਮਾਰੇ ਆਪਣੀ ਪਤਨੀ, ਨਿੱਕੇ ਪੁੱਤਰ ਤੇ ਧੀ ਨੂੰ ਜ਼ਹਿਰ ਪਿਲਾ ਦਿੱਤਾ ਉਹ ਵਿਚਾਰੇ ਤੜਫ ਤੜਫ ਕੇ ਮਰਨ ਲੱਗੇ ਬਸ ਫਿਰ ਕੀ ਸੀ ਸੂਬੇ ਸਿੰਘ ਉਹਨਾਂ ਨੂੰ ਤੜਫਦੇ ਦੇਖ ਨਹੀਂ ਸਕਿਆ ਇਹ ਗੁੱਸੇ ਵਿਚ ਆਪਾ ਖੋ ਬੈਠਾ ਇਸਨੇ ਆਪਣੀ ਲਾਈਸੈਂਸੀ ਦੇਸੀ ਰਾਈਫਲ ਨਾਲ ਇੱਕ ਆੜਤੀਆ ਤੇ ਇਕ ਸਿਪਾਹੀ ਨੂੰ ਭੁੰਨ ਸੁਟਿਆ .ਉਹ ਮੌਕੇ ਉਪਰ ਹੀ ਦਮ ਤੋੜ ਗਏ ਤੇ ਹਸਪਤਾਲ ਲਿਜਾਦਿਆਂ ਇਸਦੇ ਮੁੰਡੇ ਦਾ ਸਾਰਾ ਪਰਿਵਾਰ ਵੀ ਦਮ ਤੋੜ ਗਿਆ ਪੁਲਸ ਨੇ ਇਸ ਨੂੰ ਫੜ ਕੇ ਲਿਆ ਤੇ ਫਿਰ ਅਦਾਲਤ ਨੇ ਇਸਨੂੰ ਜੇਲ੍ਹ ਭੇਜ ਦਿੱਤਾ...ਪਰ ਕੁਝ ਚਿਰ ਬਾਅਦ ਹੀ ਜੇਲ੍ਹ ਵਿਚ ਇਸਨੂੰ ਪਾਗਲਪਣ ਦੇ ਦੌਰੇ ਪੈਣਾ ਸੂਰੂ ਹੋ ਗਏ ਤੇ ਅਦਾਲਤ ਨੇ ਇਸਨੂੰ ਪਾਗਲਖਾਨੇ ਇਲਾਜ਼ ਕਰਨ ਵਾਸਤੇ ਦਾਖਲ ਕਰਨ ਦੇ ਹੁਕਮ ਸੁਣਾ ਦਿੱਤੇ ਸੁਣਿਆ ਹੈ ਬਈ ਇਸਦਾ ਵੱਡਾ ਮੁੰਡਾ ਕੈਨੇਡਾ ਰਹਿੰਦਾ ਹੈ ਇੱਕ ਦੋ ਵਾਰ ਉਹ ਆਇਆ ਸੀ ਇਸਨੂੰ ਮਿਲਣ ਪਾਗਲਖਾਨੇ ਤਿੰਨ ਚਾਰ ਸਾਲ ਪਹਿਲਾਂ ਇਸਦੀ ਪਤਨੀ ਵੀ ਸਵਰਗ ਸਿਧਾਰ ਗਈ ਸੀ ਹੁਣ ਇਸ ਵਿਚਾਰੇ ਦਾ ਕੋਈ ਪਤਾ ਨਹੀਂ ਲੈਣ ਆਉਂਦਾ ਅਮ੍ਰਿਤਸਰ ਵਾਲੇ ਸਾਡੇ ਸਾਹਬ ਦਸ ਰਹੇ ਸਨ ਕਿ ਇਹ ਉਥੇ ਵੀ ਸਾਰਾ ਪਾਗਲ ਖਾਨਾ ਸਿਰ 'ਤੇ ਚੁੱਕੀ ਰੱਖਦਾ ਹੈ ਉਹ ਤਾਂ ਇਸਨੇ ਅੱਜ ਬੜੇ ਦਿਨਾਂ ਬਾਅਦ ਆਪਣੇ ਫੇਸਬੁੱਕ ਉਪਰ ਆਪ ਲਿਖ ਕੇ ਪਾਇਆ ਕਿ ਇਹ ਅੱਜ ਤੁਹਾਨੂੰ ਮਿਲਣ ਆਇਆ ਹੋਇਆ ਹੈ ਇਸ ਬਾਰੇ ਪਾਗਲ ਖਾਨੇ ਵਿਚ ਇਸਦੇ ਇੱਕ ਕੇਅਰ ਟੇਕਰ ਨੇ ਆਪਣੇ ਵੱਡੇ ਸਾਹਬ ਨੂੰ ਦੱਸਿਆ ਸੀ ਜੋ ਫੇਸ ਬੁੱਕ ਉਪਰ ਇਸਦਾ ਦੋਸਤ ਹੈ ਤਾਂ ਅਸੀਂ ਤੁਹਾਡੇ ਕੋਲ ਪਹੁੰਚ ਗਏ ।"

ਇੰਸਪੈਕਟਰ ਦੀਆਂ ਗੱਲਾਂ ਸੁਣ ਕੇ ਮੇਰੇ ਤਾਂ ਪੈਰਾਂ ਹੇਠੋ ਜ਼ਮੀਨ ਖਿਸਕ ਰਹੀ ਸੀ।ਮੈਨੂੰ ਯਕੀਨ ਨਾ ਹੋਵੇ ਕਿ ਜਿਸ ਵਿਅਕਤੀ ਨਾਲ ਮੈਂ ਸਵੇਰ ਦੀਆਂ ਗੱਲਾਂ ਕਰ ਰਿਹਾਂ ਉਹ ਆਮ ਨਹੀਂ ਸਗੋਂ ਇੱਕ ਪਾਗਲ ਹੈ।ਇੱਕ ਖ਼ੂਨੀ ਹੈ।

ਇੰਨੇ ਚਿਰ ਨੂੰ ਇੰਸਪੈਕਟਰ ਨੂੰ ਫੋਨ ਆ ਗਿਆ ਕਿ ਪੁਲਸ ਵੈਨ ਲੈ ਕੇ ਪਹੁੰਚ ਗਈ ਹੈ।

" ਮੈਂ ਅੰਦਰ ਜਾਕੇ ਬੈਠਦਾਂ ਤੁਸੀਂ ਕੁਝ ਚਿਰ ਬਾਅਦ ਅੰਦਰ ਆਇਓ .।"

ਬੋਲਦਾ ਹੋਇਆ ਮੈਂ ਆਪਣੇ ਕੈਬਿਨ ਵੱਲ ਮੁੜਿਆ।

ਮੇਰੀਆਂ ਲੱਤਾਂ ਤੁਰਨ ਤੋਂ ਜੁਆਬ ਦੇ ਰਹੀਆਂ ਸਨ।ਮੇਰੇ ਦਿਮਾਗ ਅੰਦਰ ਬਹੁਤ ਕੁਝ ਜੰਮ ਤੇ ਮਰ ਰਿਹਾ ਸੀ।ਅਜੀਬ ਕਿਸਮ ਦਾ ਯੁੱਧ ਛਿੜ ਗਿਆ ਸੀ।ਸਰਦਾਰ ਜੀ ਦਾ ਚਿਹਰਾ ਵਾਰ ਵਾਰ ਇਧਰ ਉਧਰ ਘੁੰਮ ਰਿਹਾ ਸੀ।

ਬੜੀ ਮੁਸ਼ਕਿਲ ਨਾਲ ਜਦੋਂ ਮੈਂ ਕੈਬਿਨ ਵਿਚ ਦਾਖਲ ਹੋਇਆ।

ਸਰਦਾਰ ਜੀ ਫੇਸਬੁੱਕ ਉਪਰ ਰੁੱਝੇ ਹੋਏ ਸਨ।

ਉਹ ਮੈਨੂੰ ਉਸ ਵੇਲੇ ਵੀ ਕਿਸੇ ਪਾਸੇ ਤੋਂ ਪਾਗਲ ਨਹੀਂ ਦਿੱਸ ਰਹੇ ਸਨ।ਮੇਰੇ ਆਵਾਜ਼ ਇੱਕ ਦਮ ਗੁੰਮ

ਹੋ ਗਈ ਸੀ। ਮੈਂ ਕੁਝ ਕਹਿਣਾ, ਕੁਝ ਪੁੱਛਣਾ ਚਾਹੁੰਦਾ ਸਾਂ ਪਰ ਮੇਰੇ ਵਿਚ ਹਿੰਮਤ ਹੀ ਨਹੀਂ ਪਈ।

ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲ ਪਾਉਂਦਾ ਅਚਾਨਕ ਸਰਦਾਰ ਜੀ ਦੇ ਮੁਬਾਈਲ ਫੋਨ ਉਪਰ ਇੱਕ ਲੋਕ ਗੀਤ ਦੀ ਧੁੰਨ ਵੱਜ ਉੱਠੀ।

"ਇਹ ਕੋਣ ਐ ਇਸ ਵੇਲੇ ... ਮੈਂ ਤਾਂ ਕਿਸੇ ਨੂੰ ਨੰਬਰ ਦਿੱਤਾ ਵੀ ਨਹੀਂ ਅਜੇ ਪਰਸੋਂ ਹੀ ਤਾਂ ਲਿਆ ਐ ਨਵਾਂ ਸਿੱਮ ਹਾਂ ਜੀ .ਕੌਣ ਜੀ ਤੁਸੀਂ ਦੱਸੋ ਪਹਿਲਾਂ ਤੁਸੀਂ ਦੱਸੋ ਜੀ ਤੁਸੀਂ ਕੋਣ ਬੋਲਦੇ ਹੋ ਫੋਨ ਤੁਸੀਂ ਕੀਤਾ ਐ ਤੁਹਾਨੂੰ ਕੰਮ ਕੀ ਐ ਮੇਰੇ ਨਾਲ ਕੀ ਕਿਹਾ ਜੀ ਬੈਂਕ ਤੋਂ ਬੋਲ ਰਹੇ ਕਰਜ਼ਾ ਲੋਨ ਨਹੀਂ ਜੀ ਕਰਜ਼ਾ ਨਹੀਂ ਚਾਹੀਦਾ ਬਸ ਜੀ ਨਹੀਂ ਜੀ ਹੁਣ ਇਸ ਉਮਰੇ ਕਰਜ਼ਾ ਕੀ ਕਰਨਾ ਪਹਿਲਾਂ ਹੀ ਕਰਜ਼ੇ ਦਾ ਕਰਜ਼ ਨਹੀਂ ਚੁਕਾ ਪਾ ਰਹੇ ਜੀ . ਯਾਰ ਤੈਨੂੰ ਕਿਹਾ ਨਾ ਨਹੀਂ ਚਾਹੀਦਾ ਭਰਾਵਾ ਹੈਂਜੀ... ਮੈਂ ਕੋਣ ਬੋਲਦਾਂ? ਦੁਰ ਫਿਟੇ ਮੂੰਹ ਤੇਰੇ ਢੀਠ ਦਾ ਤੂੰ ਤਾਂ ਬੀਮੇ ਦੇ 'ਜੈਂਟ ਵਾਂਗ ਪਿੱਛੇ ਹੀ ਪੈ ਗਿਐਂ ਓਏ ਕੰਜਰਾ ... ਮੈਂ ਰੁਲਦਾ ਬੋਲਦਾਂ ਕੀ ਕਿਹਾ ਪਿੱਛੇ ਕੀ ਲਾਉਨਾਂ .ਉਹ ਭਰਾਵਾ ਕੀ ਫਰਕ ਪੈਣੈ ਰੁਲਦੇ ਪਿੱਛੇ ਸਿੰਘ ਲਗਾਵਾਂ ਰਾਮ, ਕੁਮਾਰ, ਮਸੀਹ, ਖਾਨ ਜਾਂ ਕੁਝ ਹੋਰ ਕੀ ਫਰਕ ਪੈਣੈ ਰੁਲਦੇ ਨੇ ਰੁਲਦਾ ਹੀ ਰਹਿਣੈ ਨਾ ਹੋਰ ਉਸਨੇ ਮੰਤਰੀ ਬਣ ਜਾਣੈ ਪੈ ਗਈ ਹੁਣ ਠੰਡ ਦੋਬਾਰਾ ਫੋਨ ਕੀਤਾ ਨਾ ਦੇਖ ਲੈਣਾ ਫਿਰ ।"

ਬੋਲਦੇ ਹੋਏ ਸਰਦਾਰ ਜੀ ਨੇ ਗੁੱਸੇ ਵਿਚ ਮੁਬਾਈਲ ਫੋਨ ਬੰਦ ਕਰ ਲਿਆ।

ਫਿਰ ਉਸਨੇ ਅਚਾਨਕ ਮੇਰੇ ਵੱਲ ਦੇਖਿਆ।

"ਸਰ ਜੀ ਇਹ ਬੈਂਕ ਵਾਲੇ ਵੀ ਨਾ .ਬਸ ਪਿੱਛੇ ਹੀ ਪੈ ਜਾਂਦੇ ਨੇ ਅਖੇ- ਲੋਨ ਲੈ ਲਉ ਜੀ ਲੋਨ .ਸਾਲੇ ਲੋਨ ਦੇ ਭੈਂਚੋ ਲੋਨ ਦੇ ਹੀ ਤਾਂ ਸਾਰੇ ਕਾਰੇ ਨੇ ਓਹੀ ਤਾਂ ਭੁਗਤ ਰਿਹਾਂ ।"

ਬੋਲਦੇ ਹੋਏ ਸਰਦਾਰ ਜੀ ਬਹੁਤ ਹੀ ਠਰਮੇ ਨਾਲ ਮੇਰੇ ਵੱਲ ਦੇਖ ਰਹੇ ਸਨ।

ਮੈਨੂੰ ਬਿਲਕੁਲ ਸਮਝ ਨਹੀਂ ਆ ਰਹੀ ਸੀ ਕਿ ਸਰਦਾਰ ਜੀ ਸਚਮੁਚ ਪਾਗਲ ਹਨ ਕਿ ਜਾਂ ਫਿਰ ਮੈਂ ਹੀ ਅਜੇ ਅਨਾੜੀ ਹਾਂ।

**ਪਤਾ-ਆਲ੍ਹਣਾ, 433 ਫੇਜ਼ 9 ਮੁਹਾਲੀ। ਮੁਬਾਇਲ-9417173700)**

**'ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ...!', 'ਪੁਲਸੀਆਂ ਕਿਉਂ ਮਾਰਦਾ ਹੈ?', 'ਬੁਲਬੁਲਿਆਂ ਦੀ ਕਾਸ਼ਤ' ਤੋਂ ਬਾਅਦ ਆਇਆ ਪੰਜਾਬੀ ਦੇ ਸੂਝਵਾਨ ਕਹਾਣੀਕਾਰ ਕੇਸਰਾ ਰਾਮ ਦਾ ਨਵਾਂ ਕਹਾਣੀ ਸੰਗ੍ਰਹਿ 'ਥੈਂਕਸ ਏ ਲੌਟ ਪੁੱਤਰਾ !'**

***ਥੈਂਕਸ ਏ ਲੌਟ ਪੁੱਤਰਾ***
***ਕਹਾਣੀਕਾਰ***
***ਕੇਸਰਾ ਰਾਮ***




ਕੇਸਰਾ ਰਾਮ ਪੰਜਾਬੀ ਕਹਾਣੀਕਾਰਾਂ ਦੀ ਚੌਥੀ ਪੀੜ੍ਹੀ ਵਿਚ ਉੱਘੜਵਾਂ ਨਾਂ ਇਸ ਕਰ ਕੇ ਵੀ ਹੈ ਕਿ ਉਹਦੀਆਂ ਕਹਾਣੀਆਂ ਸਮਕਾਲ ਦੇ ਕਰੂਰ ਯਥਾਰਥ ਨਾਲ ਖਹਿ ਕੇ ਢੁਕਵੀਂ ਸ਼ਬਦਾਵਲੀ ਨੂੰ ਅਪਣਾਉਂਦੀਆਂ ਹਨ।

**-ਬਲਬੀਰ ਮਾਧੋਪੁਰੀ**

**ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, ਦਿੱਲੀ**
**ਮੁੱਲ: 250 ਰੁਪਏ, ਪੰਨੇ : 158**



## ਕਹਾਣੀ / ਕਿਆ ਕੋ ਆਖਿ ਸੁਣਾਏ / -ਇੱਛੂਪਾਲ

"ਮੈਂ ਜਾਣਦਾ ਹਾਂ ਤੇਰੇ ਅੰਦਰ ਕੋਈ ਸਵਾਲ ਕਲਵਲ ਕਰ ਰਿਹਾ ਹੈ। ਤੇਰੀਆਂ ਅੱਖਾਂ ਵਿਚਲੀ ਚਮਕ, ਤੇਰੇ ਮਨ ਅੰਦਰ ਦਾ ਉਬਾਲ....ਹੈ ਨਾ ! ਤੇਰੇ ਇੰਝ ਹਾਂ ਵਿੱਚ ਸਿਰ ਹਿਲਾਣ ਨਾਲ ਤੇਰੀ ਸਹਿਮਤੀ ਮਿਲ ਗਈ ਹੈ। ਤੂੰ ਬਾਰ-ਬਾਰ ਮੈਨੂੰ ਇਹੋ ਪੁੱਛਦੀ ਰਹੀ ਏ...? ਤੇਰਾ ਇਹ ਸਵਾਲ ਆਪਣੀ ਥਾਂ ਖਲੋਤਾ ਏ। ਇੱਕ ਇਤਿਹਾਸਕ ਮੀਨਾਰ ਵਾਂਗ। ਆਪਣੀਆਂ ਸੱਚਾਈਆਂ ਸਨਮੁੱਖ ਖਲੋਤਾ ਹੋਇਆ ਅੱਖਰਾਂ -ਅੱਖਰਾਂ ਨੂੰ ਸ਼ਬਦਾਂ 'ਚ ਪਰੋਣਾ, ਸ਼ਬਦਾਂ ਨੂੰ ਜੀਭ ਦੁਆਰਾ ਬੋਲਣਾ, ਅੱਖਾਂ 'ਚ ਡੂੰਘਿਆਈ ਲਿਆਣੀ ਤੇ ਚਿਹਰੇ ਦੇ ਹਾਵ ਭਾਵ ਆਦਿ ਸਭ ਕੁਝ ਦਾ ਸੁਮੇਲ ਇੱਕ ਕਲਾ ਹੈ ਤੇਰੀ... ਤੇਰਾ ਇਹ ਸਵਾਲ....?

"ਤੂੰ ਇਹ ਵੀ ਜਾਣਦੀ ਏ ਮਾਸੀ... ਮੇਰਾ ਕੀ ਉੱਤਰ ਹੋਵੇਗਾ। ਕੁਝ ਵੀ ਤਾਂ ਨਹੀਂ, ਕੇਵਲ ਮੇਰੀਆਂ ਅੱਖਾਂ 'ਚ ਚਮਕ, ਚਿਹਰੇ ਦੀ ਚੁੱਪੀ। ਮੱਥੇ ਵਿੱਚ ਕੋਈ ਵੀ ਤਿਊੜੀ ਨਹੀਂ ਹੋਣੀ ਆ।"

"ਇਸ ਵੇਲੇ ਤੇਰੇ ਸਿਰ ਹਿਲਾਣ ਦਾ ਮਤਲਬ ਇਹੋ ਹੈ ਨਾ ਕਿ ਮੈਂ ਸੱਚ ਬੋਲ ਰਿਹਾ ਵਾਂ। ਅਸਲ ਵਿੱਚ ਮੇਰੇ ਮਨ ਅੰਦਰ ਵੀ ਕੁਝ ਹੋਣਾ। ਕੁਝ ਅਜਿਹਾ ਵੀ, ਜਿਸ ਦਾ ਗਵਾਹ ਮੈਂ ਆਪ ਹਾਂ। ਤੂੰ ਵੀ ਤੇ ਇਸ ਸੰਬੰਧੀ ਇਨ੍ਹਾਂ ਹੀ ਕਿਹਾ ਸੀ...ਉਦੋਂ....।"

"ਇੰਦਰ ਕਿਸੇ ਨੂੰ ਨਹੀਂ ਕਹਿਣਾ।" ਮੇਰੇ ਹੋਂਠ ਸੀਤੇ ਗਏ ਸੀ। ਅਜੇ ਤੱਕ ਸੀਤੇ ਹੋਏ ਨੇ। ਮਾਸੀ ਦਾ ਗੱਲ ਕਰਨ ਦਾ ਵੱਲ। ਵਿਸ਼ਵਾਸ ਵਿੱਚ ਲੈਣ ਦਾ ਨਿੱਕਾ ਜਿਹਾ ਜਾਲ਼। ਨਿੱਕਾ ਜਿਹਾ ਜਾਲ਼ ਇਸ ਲਈ ਕਹਿ ਰਿਹਾਂ ਹਾਂ ਕਿ ਵੱਸ ਵਿੱਚ ਕਰਨਾ ਉਹ ਭਲੀ ਭਾਂਤੀ ਜਾਣਦੀ ਹੈ। ਬਦੋਬਦੀ ਖਿੱਚ ਕੇ ਅੱਖਾਂ ਨਾਲ ਅੱਖਾਂ ਮਿਲਾਉਂਦੀ ਹੋਈ, ਕਿੰਨੀ ਹੀ ਦੇਰ ਤੱਕ ਅੱਖਾਂ ਵਿੱਚ ਅੱਖਾਂ ਪਾਈ ਹੀ ਰੱਖਦੀ, ਬੁੱਲ੍ਹਾਂ ਨੇੜੇ ਆਪਣੇ ਬੁੱਲ ਲਿਆ ਕੇ ਨੱਕ ਦੀ ਦੂਰੀ ਨੂੰ ਨਾਪਦੀ ਹੋਈ ਝੱਟ ਪਿੱਛੇ ਧੱਕ ਦੇਂਦੀ....।

"ਵਾਹਿਗੁਰੂ... ਵਾਹਿਗੁਰੂ... ਇਹ ਕੀ ਅਨਰਥ ਹੋ ਗਿਆ ਸੀ ਸਾਡੇ ਤੋਂ। ਕੋਈ ਸੁਣੇਗਾ ਤੇ ਕੀ ਆਖੇਗਾ। ਮੇਰੀ ਉਮਰ... ਉਪਰੋਂ ਤੂੰ ਤੇ ਮੇਰੀ ਪ੍ਰੀਤੀ ਤੋਂ ਵੀ ਛੋਟਾ ਏਂ। ਤੇਰੇ ਜਨਮ ਵੇਲੇ ਮੈਂ ਹੀ ਪਹਿਲਾਂ ਆਪਣੇ ਇਨ੍ਹਾਂ ਹੱਥਾਂ ਨਾਲ ਤੈਨੂੰ ਚੁੱਕ ਕੇ ਤੇਰੀ ਮਾਂ ਨੂੰ ਦਿੱਤਾ ਸੀ। ਤੈਨੂੰ ਦੁੱਧ ਚੁੰਘਾਇਆ ਸੀ। ਤੂੰ ਵੀ ਤੇ ਹੁਣ ਮੇਰੇ ਨੇੜੇ ਢੁੱਕ ਕੇ ਮੇਰੇ ਤੇ ਲੱਟੂ ਹੋ ਗਿਆ ਸੀ। ਤੇਰੀ ਮਾਂ ਦੀ ਹਾਨਣ ਹਾਂ... ਤੇਰੇ ਨਹੀਂ...। ਅੱਜ ਤੇਰੇ ਵੀ ਜਵਾਨੀ ਚੜ੍ਹ ਆਈ ਸੀ। ਝੱਟ ਪੱਟ ਪਲ ਦੀ ਪਲ ਆਪਣਾ ਦੋਸ਼ ਕਿਸੇ ਤੇ ਕਿੰਝ ਮੜਨਾ ਇਹ ਉਹਦਾ ਹੁਨਰ ਹੈ। ਗੁਣ ਵੀ ਕਹਿ ਸਕਦੇ ਹਾਂ। ਗੁਣ ਜਾਂ ਗੁਣਵਾਂਨ ਉਹ ਹੈ ਹੀ ਆਪਣੀ ਭਾਸ਼ਾ ਨੂੰ ਸ਼ਬਦਾਂ ਅੰਦਰ ਚਿੱਥ ਚਿੱਥ ਕੇ ਪਰੋਣਾ ਉਹ ਇਹ ਵੀ ਜਾਣਦੀ ਹੈ। ਇਹ ਗੁਣ ਕਰਕੇ ਉਹ ਹਰਮਨ ਪਿਆਰੀ ਬਣੀ ਰਹੀ ਹੈ। ਆਪਣੇ ਵੱਲ ਖਿੱਚਣ ਦਾ ਅੰਦਾਜ ਅਤੇ ਸਦਾ ਲਈ ਆਪਣੇ ਵੱਸ ਵਿੱਚ ਕਰਨ ਦਾ ਸਲੀਕਾ...। ਉਹ ਵੀ ਨਿਵੇਕਲਾ ਹੈ। ਉਹਦਾ ਨਿੱਜੀ ਸਲੀਕਾ। ਇੱਕ ਇੰਦਰ ਜਾਲ਼ ਵੀ ਕਹਿ ਸਕਦੇ ਹਾਂ...।

ਪ੍ਰਤੀ ਦੀ ਪ੍ਰੀਤ ਤਾਂ ਉਹਨੇ ਢਹਿ ਢੇਰੀ ਕਰ ਦਿੱਤੀ ਸੀ। ਕੇਵਲ ਇਕੋ ਮੁਲਾਕਾਤ ਅੰਦਰ ਹੀ। ਪ੍ਰੀਤੀ ਦਾ ਪ੍ਰੀਤਾ ਉਹਨੇ ਪ੍ਰੀਤ ਕਰਦਿਆਂ ਹੀ ਫੜ ਲਿਆ ਸੀ। ਆਪਣੇ ਘਰ ਦੀ ਚਾਰ ਦੀਵਾਰੀ ਉਹਲੇ। ਪਹਿਲਾਂ ਪ੍ਰੀਤੀ ਨੂੰ ਧੱਕਾ ਮਾਰ ਕੇ ਘਰ ਦੇ ਅੰਦਰ ਧੱਕਿਆ। ਪ੍ਰੀਤੀ ਆਪਣੇ ਕੱਪੜੇ ਸਵਾਰਦੀ ਹੋਈ ਘਰ ਦੇ ਅੰਦਰ ਚਲੀ ਗਈ। ਪਰ ਉਹਦਾ ਪ੍ਰੀਤਾ ਉਹਦੇ ਢਾਹੇ ਚੜ੍ਹ ਗਿਆ ਸੀ। ਉਹਦੀ ਕੁੜਿੱਕੀ ਵਿੱਚ ਫਸ ਗਿਆ ਸੀ। ਪ੍ਰੀਤੇ ਨੇ ਵੀ ਝੱਟ ਆਪਣਾ ਆਪ ਸਾਂਭ ਲਿਆ ਸੀ। ਪ੍ਰੀਤੇ ਦੇ ਕਾਂਬਾਂ ਛਿੜ ਗਿਆ ਸੀ। ਉਹਨੇ ਉਹਦੇ ਦੋਵੇਂ ਹੱਥ ਫੜੇ ਚੁੰਮੇ ਅਤੇ ਆਪਣੀ ਛਾਤੀ ਨਾਲ ਲਾਏ। ਆਪਣੀ ਕਮੀਜ਼ ਦੇ ਗਲਮੇ ਰਾਹੀ ਨੰਗੀ ਛਾਤੀ ਨਾਲ ਪ੍ਰੀਤੇ ਦੇ ਹੱਥ ਪਲੋਸਦੀ ਰਹੀ। ਪ੍ਰੀਤਾ ਨਾ ਬੋਲਣ ਜੋਗਾ ਨਾ ਹੀ ਕੋਈ ਹਰਕਤ ਕਰਨ ਲਈ ਤਿਆਰ ਹੋ ਸਕਿਆ ਸੀ। ਹੌਲੀ ਜਿਹੇ ਉਹਨੇ ਪ੍ਰੀਤੇ ਦੇ ਬੁੱਲ੍ਹਾਂ ਨਾਲ ਆਪਣੇ ਬੁੱਲ ਮੇਲਦੇ ਹੋਏ ਚੂਸੇ। ਪ੍ਰੀਤੇ ਦੇ ਜਿਸਮ 'ਚੋਂ ਜਿਵੇਂ ਜਾਨ ਹੀ ਨਿੱਕਲ ਗਈ ਹੋਵੇ। ਉਹ ਮੁਰਦਾ ਜਿਸਮ, ਮੁਰਦਾ ਅੱਖਾਂ ਨਾਲ ਉਹਦੀਆਂ ਅੱਖਾਂ ਦੀਆਂ

ਪੁਤਲੀਆਂ ਵਿਚਲੀ ਲਿਸ਼ਕ ਅਨੁਭਵ ਕਰ ਰਿਹਾ ਸੀ। ਇਸ ਤੋਂ ਪਹਿਲਾਂ ਕਿ ਪ੍ਰੀਤੇ ਦੇ ਜਵਾਨ ਜਹਾਨ ਜਿਸਮ ਵਿੱਚ ਕੁੱਝ ਗਰਮੀ ਆਉਂਦੀ ਉਹਨੇ ਧੱਕਾ ਮਾਰ ਕੇ ਪ੍ਰੀਤੇ ਨੂੰ ਪਰ੍ਹੇ ਧੱਕਦਿਆਂ ਹੋਇਆ ਕਿਹਾ, "ਪ੍ਰੀਤੇ ਇਹ ਤੇਰਾ ਆਖਰੀ ਮੌਕਾ ਸੀ...। ਬਸ ਆਖਰੀ। ਅਗਲਾ ਕਦਮ ਇਸ ਜ਼ਿੰਦਗੀ ਵਿੱਚ ਭਰਨ ਦਾ ਯਤਨ ਕੀਤਾ ਜਾਂ ਤੇਰੇ ਅੰਦਰ ਕੋਈ ਚੇਸ਼ਟਾ ਜਾਗੀ ਤੇ ਸਮਝ ਲਵੀਂ। ਤੂੰ ਅਜੇ ਪੜ੍ਹਦਾ ਏ। ਤੇਰੇ ਮਾਂ ਬਾਪ ਦੀ ਹਾਲਤ ਮੈਂ ਜਾਣਦੀ ਹਾਂ। ਪਿੱਛੇ ਮੁੜ ਕੇ ਹੁਣ ਤੱਕੀ ਵੀ ਨਾ...ਜੇ ਕਰ ਤੱਕਿਆ ਤੇ ਵੇਖ ਲਵੀਂ...ਮੇਰਾ ਨਾਂ...।ਪ੍ਰੀਤਾ ਤੇ ਉਹਦੀ ਕੁੜਿੱਕੀ 'ਚੋਂ ਜਿਵੇਂ ਧੂ ਕੇ ਬਾਹਰ ਕੱਢਿਆ ਗਿਆ ਸੀ। ਪ੍ਰੀਤੇ ਦੀ ਪ੍ਰੀਤੀ ਵੱਲ ਖਿੱਚ ਵਧਣ ਘਟਣ ਦਾ ਅੰਦਾਜ਼ਾ ਲਾਉਣਾ ਇੰਨਾਂ ਸੌਖਾ ਨਹੀਂ ਸੀ ਜਾਪਦਾ। ਪ੍ਰੀਤੀ ਦੇ ਗਰਭ ਅੰਦਰ ਕੋਈ ਪ੍ਰੀਤ ਕਹਾਣੀ ਜਨਮ ਲੈ ਗਈ ਸੀ। ਇਹ ਕਸ਼ਿਸ਼ ਉਨ੍ਹਾਂ ਦੋਨਾਂ ਨੂੰ ਕਿੰਨਾਂ ਦੂਰ ਰੱਖ ਸਕਦੀ ਸੀ। ਕੀ ਨੇੜੇ ਹੋਰ ਨੇੜੇ ਵੀ ਢੁੱਕ ਸਕਦੇ ਨੇ। ਇੱਥੇ ਕੇਵਲ ਕਿਆਸ ਹੀ ਕੀਤਾ ਜਾ ਸਕਦਾ ਹੈ। ਮਾਸੀ ਇਸ ਖੇਲ ਦੀ ਪੁਰਾਣੀ ਖਿਡਾਰਨ ਰਹਿ ਚੁੱਕੀ ਹੈ। ਇਸ ਖੇਡ ਵਿੱਚ ਕਿੰਝ ਜਿੱਤ ਪ੍ਰਾਪਤ ਕਰਨੀ ਹੈ ਉਹ ਜਾਣਦੀ ਹੈ। ਪ੍ਰੀਤਾ ਅਜੇ ਥੋੜਾ ਜਿਹਾ ਅੱਗੇ ਗਿਆ ਸੀ ਕਿ ਉਹਨੂੰ ਆਥਣ ਦੇ ਇਸ ਝੁਸ ਮੁਸੇ 'ਚ ਪ੍ਰੀਤੇ ਦਾ ਬਾਪ ਦਿਸ ਪਿਆ। ਉਹ ਗੁਰਦੁਆਰੇ ਤੋਂ ਪਾਠ ਕਰਕੇ ਘਰ ਨੂੰ ਪਰਤ ਰਿਹਾ ਸੀ। ਉਹਨੂੰ ਮੌਕਾ ਮਿਲ ਗਿਆ। ਪ੍ਰੀਤੇ ਦੇ ਬਾਪ ਨੂੰ ਰੋਕਦਿਆਂ ਹੋਇਆ ਕਹਿਣ ਲੱਗੀ।

"ਭਾਪਾ ਉਹ ਤੁਹਾਡਾ ਪ੍ਰੀਤਾ ਹੀ ਜਾ ਰਿਹਾ ਹੈ ਨਾ। ਮੈਂ ਆਥਣ ਦੇ ਝੁਸਮੁਸੇ 'ਚੋਂ ਉਹਨੂੰ ਪਛਾਣ ਨਾ ਸਕੀ...। ਤੁਹਾਡੀ ਵਰਗੀ ਤੋਰ ਤੋਂ ਲੱਗਿਆ ਸੀ ਕਿ ਕੋਈ....।"

"ਹਾਂ ਭੈਣ ਪ੍ਰੀਤਾ ਹੀ ਹੈ...। ਕੀ ਗੱਲ...?"

"ਗੱਲ ਕੁੱਝ ਨਹੀਂ ਭਾਪਾ ਬਸ ਐਵੇਂ ਹੀ....।"

"ਤੂੰ ਦੱਸ ਤੇ ਸਹੀ... ਤੇਰਾ ਵੀ ਤਾਂ ਬੱਚਾ ਹੈ...।"

"ਹਾਂ ਹੈ ਤੇ ਮੇਰੇ ਬੱਚਿਆ ਵਾਂਗ ਹੀ...। ਮੇਰਾ ਖ਼ਸਮ ਬਣਨ ਚੱਲਿਆ ਸੀ..। ਉਹਨੇ ਇਹ ਬੋਲ ਮਨ 'ਚ ਹੀ ਉਚਾਰੇ ।

"ਹਾਂ ਤੁਸੀਂ ਠੀਕ ਕਹਿ ਰਹੇ ਹੋ। ਮੈਂ ਘਰੋਂ ਬਾਹਰ ਕਿਸੇ ਕੰਮ ਆਈ ਤਾਂ ਮੇਰੀ ਚਾਰ ਦੀਵਾਰੀ ਦੀ ਨੁਕਰ ਵਾਲੇ ਬਿਜਲੀ ਦੇ ਖੰਭੇ ਦੀ ਆੜ ਵਿੱਚ ਕਿਸੇ ਕੁੜੀ ਨਾਲ ਪਤਾ ਨਹੀਂ ਕੀ ਕਰਦਾ ਪਿਆ ਸੀ। ਮੈਨੂੰ ਵੇਖ ਕੇ ਕੁੜੀ ਤਾਂ ਭੱਜ ਗਈ ਪਰ ਉਬ ਨਾ ਭੱਜ ਸਕਿਆ। ਮੈਂ ਉਹਨੂੰ ਝੱਟ ਫੜ ਲਿਆ। ਡਰਦਾ ਹੋਇਆ ਮੇਰੇ ਪੈਰੀਂ ਪੈ ਗਿਆ।

ਮੈਂ ਕਿਹਾ..ਬੱਚਿਆ ਤੇਰਾ ਬਾਪ ਦਿਨ ਰਾਤ ਮਿਹਨਤ ਕਰਕੇ ਤੈਨੂੰ ਪੜ੍ਹਾ ਰਿਹਾ ਹੈ ਤੇ ਤੂੰ ਇਹ ਕਿਹੜੀ ਤੇ ਕਿਹੋ ਜਿਹੀ ਪੜ੍ਹਾਈ ਕਰੀ ਜਾ ਰਿਹਾ ਏ। ਚਲੋ ਭਾਪਾ, ਬੱਚਾ ਜਵਾਨ ਹੋ ਰਿਹਾ ਹੈ। ਇਹੋ ਉਮਰ ਪ੍ਰੀਤਾਂ ਦੀ ਪੀਂਘ ਚੜ੍ਹਨ ਵਾਲੀ ਹੁੰਦੀ ਹੈ। ਕੁੱਝ ਨਾ ਕਹਿਣਾ... ਬੱਚਾ ਜਵਾਨ ਹੋ ਰਿਹਾ ਹੈ। ਜਵਾਨ ਬੱਚੇ ਦੇ ਮੂੰਹ ਨਹੀਂ ਲੱਗੀਦਾ।"

ਮਾਸੀ ਆਪਣਾ ਕੰਮ ਕਰ ਗਈ ਸੀ। ਇਸ ਇਸ਼ਕ ਨੂੰ ਅੱਗ ਛੁਆ ਕੇ ਪ੍ਰੀਤੀ ਘਰ ਅੰਦਰ ਮੰਜੇ ਤੇ ਮੂੰਹ ਭਾਰ ਲੇਟੀ ਹੋਈ ਸਿਸਕੀਆਂ ਭਰ ਰਹੀ ਸੀ। ਉਹਨੇ ਲੇਟੀ ਹੋਈ ਪ੍ਰੀਤੀ ਦੇ ਸਰੀਰ ਨੂੰ ਆਪਣੀਆਂ ਅਨੁਭਵੀ ਨਜ਼ਰਾਂ ਨਾਲ ਵਾਚਿਆ ਪਰਖਿਆ। ਸਰੀਰ ਦੇ ਉਭਾਰ ਨੂੰ ਅਨੁਭਵ ਕੀਤਾ। ਮਾਸੀ ਦੀ ਮਾਂ ਮੰਨੀ ਪ੍ਰਮੰਨੀ ਦਾਈ ਸੀ। ਮਾਂ ਨੇ ਆਪਣੇ ਤਜ਼ਰਬੇ ਅਨੁਸਾਰ ਉਹਨੂੰ ਆਪਣਾ ਸਾਰਾ ਗਿਆਨ ਅਤੇ ਹੁਨਰ ਵੀ ਦਿੱਤਾ ਸੀ। ਅਜਿਹੀ ਸਥਿਤੀ ਵਿੱਚ ਕਿਵੇਂ ਨਿਪਟਣਾ ਹੈ , ਕਿਹੜੇ ਕਿਹੜੇ ਢੰਗ ਵਰਤਣੇ ਹਨ। ਇਸ ਸਬੰਧੀ ਉਹ ਦੇਸੀ ਦਵਾਈਆਂ ਦੇ ਢੇਰ ਸਾਰੇ ਗੁਣ ਜਾਣਦੀ ਸੀ।

ਪ੍ਰੀਤੇ ਦੇ ਘਰ ਕੀ ਵਾਪਰਿਆ, ਉਹਦੀ ਭਿਣਕ ਉਹਨੂੰ ਲੱਗ ਗਈ ਸੀ। ਪ੍ਰੀਤਾ ਪਾਗਲ ਜਿਹਾ ਹੋਇਆ ਸਾਰੀ ਸਾਰੀ ਰਾਤ ਘਰ ਦੀ ਗਲੀ ਅੰਦਰ ਘੁੰਮਦਾ ਰਹਿੰਦਾ। ਉਹਦੀ ਪੜਾਈ, ਉਹਦਾ ਭਵਿਸ਼ ਉਹਦੇ ਸੁੱਖ ਸਭ ਕੁਝ ਤਾਂ ਢਹਿ ਢੇਰੀ ਹੋ ਗਏ ਸੀ। ਉਹਦਾ ਸਭ ਕੁਝ ਛੁੱਟ ਗਿਆ ਸੀ। ਪ੍ਰੀਤਾ ਦਾ ਘਰੋਂ ਬਾਹਰ ਨਿਕਲਣਾ ਬੰਦ ਹੋ ਗਿਆ ਸੀ। ਉਹ ਭਾਰੀ ਪੇਟ ਵਲੋਂ ਵੀ ਹੁਣ ਹਲਕੀ ਹੋ ਗਈ ਸੀ। ਦੋ ਚਾਰ ਮਹੀਨਿਆਂ



ਦੇ ਅੰਦਰ ਪ੍ਰੀਤੀ ਦਾ ਵਿਆਹ ਵੀ ਹੋ ਗਿਆ ਸੀ। ਸ਼ਹਿਰ ਦੇ ਕਿਸੇ ਵਪਾਰੀਆਂ ਦੇ ਘਰ। ਵੱਡੇ ਵੱਡੇ ਘਰਾਂ ਦੇ ਲੋਕਾਂ ਨਾਲ ਉਹਦਾ ਵਾਹ ਪੈ ਗਿਆ ਸੀ। ਪ੍ਰੀਤੀ ਦਾ ਘਰਵਾਲਾ ਆਪਣੇ ਸੌਹਰੇ ਪਰਿਵਾਰ ਨਾਲ ਘੁਲ ਮਿਲ ਗਿਆ ਸੀ। ਪ੍ਰੀਤੀ ਤੋਂ ਵੱਡੀ ਉਹਦੀ ਭੈਣ ਅਜੇ ਕਵਾਰੀ ਸੀ। ਉਹ ਕਿਧਰੇ ਸਰਕਾਰੀ ਸਕੂਲ ਵਿੱਚ ਪੜ੍ਹਾ ਰਹੀ ਸੀ। ਉਹਦੀ ਆਮਦਨੀ ਨਾਲ ਘਰ ਦਾ ਖਰਚ ਚਲਦਾ ਸੀ। ਮਾਸੀ ਵੱਖ ਤੌਰ ਤੇ ਬਚਾ ਕੇ ਡਾਕਖਾਨੇ ਵੀ ਜਮਾਂ ਕਰਾ ਆਉਂਦੀ। ਪ੍ਰੀਤੀ ਦੀ ਵੱਡੀ ਭੈਣ ਨੂੰ ਮਰਦਾਂ ਨਾਲ ਨਫ਼ਰਤ ਸੀ। ਕਿਸੇ ਨੇ ਉਹਨੂੰ ਧੋਖਾ ਦਿੱਤਾ ਸੀ। ਉਹ ਸਦਾ ਆਪਣੀ ਹੀ ਅੱਗ 'ਚ ਸੜਦੀ ਰਹਿੰਦੀ ਆਪਣੀ ਨੌਕਰੀ ਤੋਂ ਘਰ ਅਤੇ ਪੁਸਤਕਾਂ ਵਿੱਚ ਖੁੱਭੀ ਰਹਿੰਦੀ। ਉਹਦੀਆਂ ਨਿੱਜੀ ਚੀਜ਼ਾਂ ਵਸਤਾਂ ਛੋਟੀਆਂ ਭੈਣਾਂ ਹੀ ਲੈ ਕੇ ਆਉਂਦੀਆਂ। ਘਰ 'ਚ ਆਏ ਗਏ ਨਾਲ ਮਿਲਣਾ ਵੀ ਉਹਨੂੰ ਨਹੀਂ ਭਾਉਂਦਾ। ਕੇਵਲ ਰਸਮੀ ਦੁਆ ਸਲਾਮ ਤੱਕ ਹੀ ਮਹਿਦੂਦ ਰਹਿੰਦੀ। ਸਮਾਂ ਵੀ ਗੁਜਰ ਗਿਆ। ਹੁਣ ਉਹਦੇ ਮਨ ਵਿੱਚ ਕਿਸੇ ਦਾ ਵੀ ਚਿਹਰਾ ਚਿਰਾਗ਼ ਬਣ ਕੇ ਨਹੀਂ ਟਿਮਟਿਮਾਉਂਦਾ। ਲੱਗਦਾ ਹੈ ਉਹਨੇ ਹੁਣ ਉਸ ਜੀਵੀ ਜ਼ਿੰਦਗੀ ਤੇ ਮਿੱਟੀ ਪਾ ਕੇ ਜੀਣਾ ਸਿੱਖ ਲਿਆ ਹੈ। ਹੁਣ ਉਹਦੀ ਉਸ ਪੁਰਾਣੀ ਥਾਂ ਤੋਂ ਉੱਠ ਕੇ ਕੋਈ ਕਿਵੇਂ ਬੁਲਾਵਾ ਦੇ ਸਕਦਾ ਹੈ। ਕਦੀ ਕਦੀ ਉਹ ਆਪ ਮੁਹਾਰੇ ਬੋਲ ਪੈਂਦੀ ਹੈ।

"ਮੈਨੂੰ ਇਨ੍ਹਾਂ ਅੱਥਰੂਆਂ ਨਾਲ ਨਫ਼ਰਤ ਹੈ। ਕਿਨਾਂ ਕਜਿਆ ਨਾਲ ਇਨ੍ਹਾਂ ਨੂੰ ਸੁਕਾਇਆ ਹੈ। ਹੁਣ ਇਹ ਮੁੜ ਕਦੀ ਕਦੀ ਉਘੜ ਆਉਂਦੇ ਨੇ।" ਆਪਣੇ ਹੱਥਾਂ ਨਾਲ ਅੱਖਾਂ ਨੂੰ ਦਬਾਉਂਦੀ ਹੋਈ ਦੇ ਪਾਣੀ ਦੀ ਧਾਰ ਵਗ ਗਈ ਅਤੇ ਇਹ ਧਾਰ ਆਪਣਾ ਰਾਹ ਬਣਾ ਬੈਠੀ। ਇਸ ਧਾਰ ਨੂੰ ਕੋਈ ਬੰਨ ਨਹੀਂ ਪਾ ਸਕਿਆ। ਅੰਦਰ ਦੀ ਅੱਗ ਨੂੰ ਉਹਨੇ ਪਾਣੀ ਬਣ ਵਹਿਣ ਦਿੱਤਾ। ਉਹਦਾ ਹੱਥ ਬਾਰ ਬਾਰ ਪੇਟ ਤੇ ਟਿਕਦਾ , ਜਿਹੜਾ ਖਾਲੀ ਹੋਣ ਮਗਰੋਂ ਕਦੀ ਵੀ ਨਹੀਂ ਸੀ ਭਰਨਾ ਹੋਇਆ। ਮਾਸੀ ਵੱਲ ਵੇਖਦਿਆਂ ਹੋਇਆ ਮੈਂ ਆਪ ਮੁਹਾਰੇ ਹੀ ਸੋਚੀ ਗਿਆ ਸੀ।

ਮੈਂ ਜਾਣਦਾ ਹਾਂ ਮਾਸੀ ਤੂੰ ਮੇਰੀਆਂ ਸਾਰੀਆਂ ਗੱਲਾਂ ਸੁਣ ਰਹੀ ਏ.... ਹੈ ਨਾ। ਇਸ ਗੱਲ ਦੀ ਪੁਸ਼ਟੀ ਤੇਰੀਆਂ ਅੱਖਾਂ ਦੀਆਂ ਪੁਤਲੀਆਂ ਵਿੱਚ ਲਿਸ਼ਕ ਰਹੀ ਇਹ ਗੰਗਾ ਜਮਨਾ ਦੱਸ ਰਹੀ ਹੈ। ਤੂੰ ਮਾਸੀ ਮੇਰਾ ਹੱਥ ਆਪਣੇ ਪੂਰੇ ਜੁੱਸੇ ਨਾਲ ਫੜਿਆ ਏ। ਮੈਂ ਵੀ ਇਸੇ ਲੜੀ ਨੂੰ ਜੋੜਨ ਦਾ ਜਤਨ ਕਰ ਰਿਹਾ ਜਿਸ ਲੜੀ ਨੂੰ ਤੇਰੀਆਂ ਅੱਖਾਂ ਦੀ ਝੜੀ ਮੈਨੂੰ ਆਪਣੇ ਵਹਿਣ ਵਿੱਚ ਰਲਾ ਰਹੀ ਹੈ।

"ਹਾਂ ਇਹ ਸੱਚ ਹੈ ਦੀਪੀ ਸਬੰਧੀ ਹੀ ਕੁੱਝ ਸੋਚ ਰਿਹਾ ਹਾਂ। ਦੀਪਾ ਪਾਸ ਮੈਂ ਪੜ੍ਹਿਆਂ ਹਾਂ। ਪੜ੍ਹਦਾ ਪੜ੍ਹਦਾ ਉਹਦੀ ਗੋਦੀ ਵਿੱਚ ਸੌਂ ਜਾਂਦਾ ਸੀ। ਦੀਪੀ ਆਪਣੀ ਗੋਦ ਵਿੱਚ ਮੈਨੂੰ ਨਿਹਾਰਦੀ ਰਹਿੰਦੀ। ਤੂੰ ਵੀ ਤੇ ਕਦੀ ਉਹਨੂੰ ਇੰਝ ਕਰਨ ਤੋਂ ਡਾਂਟਿਆ ਫ਼ਟਕਾਰਿਆ ਨਹੀਂ ਸੀ। ਕੀ ਸੀ ਉਹ....।"

"ਇੰਦਰ ਕਿਸੇ ਨੂੰ ਨਾ ਆਖੀ ?" ਇੱਥੇ ਵੀ ਮਾਸੀ ਤੇਰੀ ਤਾੜਨਾ ਪਿਆਰ 'ਚ ਭਿੱਜੀ ਹੋਈ ਹੁੰਦੀ ਸੀ। ਅਜਿਹਾ ਕੀ ਸੀ ਜੋ ਤੁਸੀਂ ਮੈਨੂੰ ਆਪਣੀ ਰੱਸੀ ਨਾਲ ਵਲੇਟ ਲੈਂਦੇ। ਦੀਪਾ ਪੜ੍ਹਾ ਰਹੀ ਹੁੰਦੀ, ਮੈਂ ਪੜ੍ਹਦਾ ਪੜ੍ਹਦਾ ਉਹਨੂੰ ਵੀ ਪੜ੍ਹਨ ਲੱਗ ਪਿਆ ਸੀ। ਇਹ ਮੇਰੇ ਚਿੱਤ ਚੇਤੇ ਅੰਦਰ ਮੇਰੀ ਉਮਰ ਦੇ ਨਾਲ ਨਾਲ ਵਧਦਾ ਗਿਆ।

ਮੈਂ ਇਹ ਗੱਲ ਕਿਸ ਨਾਲ ਸਾਂਝੀ ਕਰਦਾ? ਕਿਸ ਤੋਂ ਇਨ੍ਹਾਂ ਸਵਾਲਾਂ ਦਾ ਉੱਤਰ ਪੁੱਛਦਾ? ਪਰ ਪੁੱਛਦਾ ਕੀ...? ਤੇਰੀ ਚੇਤਨਾ ਤਾੜਨਾ ਭਰੀ ਵੀ ਮੇਰੀ ਹਰ ਉਮਰ ਦੇ ਮੋੜ ਤੇ ਆ ਟਿਕਦੀ। ਤੁਹਾਡੀ ਗੱਲ ਅਜੇ ਵੀ ਚੇਤੇ ਹੈ..।

ਇੰਨੀ ਵੀ ਕੀ ਕਾਹਲ ਹੋਈ? ਪਹਿਲਾਂ ਆਪਣੇ ਆਪ ਨੂੰ ਵੇਖ ਲੈ। ਉਸ ਸਵਾਦ ਨੂੰ ਆਪੂੰ ਮਹਿਸੂਸ ਕਰ ਸਕਦੇ ਹੋ ਜਿਹੜਾ ਇਸ ਵੇਲੇ ਦਾ ਤੁਸੀਂ ਜੀ ਰਹੇ ਹੋ। ਅਜਿਹੀ ਹਾਲਤ ਵਿੱਚ ਕੋਈ ਭਲਾ ਕੀ ਕਹਿ ਸਕਦਾ ਹੈ। ਉਹਨਾਂ ਜੀਵੇ ਪਲਾਂ ਨੂੰ ਸ਼ਬਦਾਂ ਅੰਦਰ ਪਰੋ ਸਕਿਐ। ਕੋਈ ਕੱਜਣ ਮੇਚ ਦਾ ਪਵਾ ਸਕਦੇ ਹਾਂ..? ਕੱਜਣ ਕਿਵੇਂ ਪਾਉਂਦੀ ਦੀਪਾ ਦੇ ਮੇਚ ਦਾ ਜਾਂ ਤੁਹਾਡੇ ਹਲਕ ਤੋਂ ਉਤਰਨ ਵਾਲਾ। ਪਾਣੀ ਤਾਂ ਸਦਾ ਉਪਰ ਤੋਂ ਹੇਠਾਂ ਵੱਲ ਨੂੰ ਆਉਂਦੇ। ਇਹ ਵੀ ਤਾਂ ਸੱਚ ਹੈ। ਦੀਪੀ ਨੇ ਹਮੇਸ਼ਾਂ ਇਕੱਲ ਦੀ ਬੁੱਕਲ ਵਲੇਟ ਲਈ। ਹੈ ਨਾ..। ਮਾਸੀ ਤੂੰ ਇੰਝ ਕਰਮੇ ਨੂੰ ਘਰ ਬੁਲਾ ਲਿਆ। ਉਹਦੀ ਚੰਗੀ ਸੇਵਾ ਕੀਤੀ। ਸਾਰੀ ਰਾਤ ਬਹੁਤ

ਸਾਰੀਆਂ ਗੱਲਾਂ ਹੋਈਆਂ। ਤੁਹਾਡੀ ਰਜਾਈ ਵਿੱਚ ਹੀ ਲੇਟਿਆ ਸੀ। ਦੀਪੀ ਦੂਜੇ ਕਮਰੇ ਅੰਦਰ ਤੜਫ਼ੀ। ਪਤਾ ਨਹੀਂ ਉਹ ਰਾਤ ਤੁਹਾਡੀ ਆਪਣੀ ਸੀ ਜਾਂ ਦੀਪੀ ਤੇ ਕਰਮੇ ਦੇ ਕਰਮਾਂ ਦਾ ਕੋਈ ਫ਼ੈਸਲਾ। ਉਸ ਫ਼ੈਸਲੇ ਦੀਆਂ ਨਿਗਾਹਾਂ ਤੇ ਤੁਹਾਡੇ ਉਚਾਰਨ ਅੰਦਰ ਕੈਦ ਸਨ। ਉਹ ਉਡੀਕਦੇ ਰਹੇ, ਸਿੱਲ ਪੱਥਰ ਹੋਏ। ਕੀ ਕਰਦੀ ਦੀਪਾ। ਉਹਨੇ ਕਰਮੇ ਨੂੰ ਧੱਕਾ ਦੇ ਦਿੱਤਾ। ਕਰਮਾ ਇੱਕ ਵਧੀਆ ਨੌਕਰੀ ਤੇ ਸੀ। ਕਰਮੇ ਦਾ ਪਿਛੋਕੜ ਗਰੀਬ ਹੋਣਾ ਤੈਨੂੰ ਕਿੰਝ ਭਾਉਂਦਾ। ਹੈ ਨਾ..।

ਮੈਂ ਤੁਹਾਡੇ ਸਬੰਧੀ ਬਹੁਤ ਕੁੱਝ ਜਾਣਦਾ ਹਾਂ..। ਮੈਂ ਇਹ ਜਾਣਦਾ ਹਾਂ ਕਿ ਤੁਸੀਂ ਕਿਸੇ ਤੋਂ ਉਹਦੀ ਅਸਲੀਅਤ ਕੁੱਝ ਪਲਾਂ ਅੰਦਰ ਉਹਦੇ ਅੰਦਰੋਂ ਉਗਲਾ ਲੈਂਦੇ ਹੋ...।

ਦੀਪੀ ਵੀ ਇੱਕ ਔਰਤ ਹੈ..। ਉਹਦੇ ਸੀਨੇ ਅੰਦਰ ਵੀ ਬਹੁਤ ਕੁੱਝ ਦਫ਼ਨ ਹੋਇਆ ਹੈ। ਦਫ਼ਨ ਤੁਸੀਂ ਕੀਤਾ ਹੈ। ਅਜੇ ਵੀ ਚੇਤੇ ਨੇ ਉਸ ਸਮੇਂ ਦੇ ਬੋਲ।

" ਕਿਹਾ ਨਾ, ਜ਼ਿੰਦਗੀ ਨਾ ਹੀ ਕਿਧਰੇ ਰੁਕਦੀ ਏ ਅਤੇ ਨਾ ਹੀ ਥੰਮਦੀ ਏ।" ਥੰਮ ਤਾਂ ਗਈ ਏ ਦੀਪਾ ਦੀ। ਆਪਣੇ ਹੀ ਆਪ ਨਾਲ ਸਮੇਟੀ ਹੋਈ ਹੈ। ਆਪਣਾ ਬੋਝ ਜਿਹੜਾ ਤੁਹਾਡਾ ਦਿੱਤਾ ਹੋਇਆ ਸੀ, ਚੁੱਕੀ ਫਿਰਦੀ ਏ। ਕਰਮਾਂ ਦਾ ਬੋਝ ਪਰ ਕਰਮੇ ਦਾ ਨਹੀਂ।

" ਜਦੋਂ ਕਦੀ ਮੈਂ ਕਰਮੇ ਸਬੰਧੀ ਸੋਚਦੀ ਹਾਂ, ਵਿਚਰਦੀ ਹਾਂ ਆਪਣੇ ਅੰਦਰ ਨਾਲ... ਸੋਚਦੀ ਹਾਂ ਅਸੀਂ ਆਪਣੀ ਥਾਂ ਕਿੰਨਾਂ ਦੁੱਖ, ਬੇਬਸੀ ਭੋਗੀ ਹੈ। ਜਦੋਂ ਕਰਮੇ ਨੂੰ ਸਤਾਣ ਲਈ ਉੱਤਰ ਆਉਂਦੀ ਹਾਂ ਤੇ ਉਸ ਵੇਲੇ ਮੈਨੂੰ ਵੱਡਾ ਜਾਲਿਮ ਕੋਈ ਨਜ਼ਰ ਨਹੀਂ ਆਉਂਦਾ। ਕੁੱਝ ਅਜਿਹਾ ਹੀ ਕਰਮੇ ਨਾਲ ਵਾਪਰਿਆ ਹੈ। ਮੇਰੇ ਅਤੇ ਆਪਣੀ ਪਤਨੀ ਵਿਚਾਲੇ। ਉਹਦਾ ਅੰਦਰ ਕਿਸ ਵੇਖਿਆ....। ਉਸ ਰਾਤ ਮਾਂ ਨੇ ਉਹਦਾ ਮਾਣ ਜਾਂ ਅਪਮਾਨ ਜਿਹੜਾ ਅਜੇ ਵੀ ਉਹਦੇ ਦੁਆਲੇ ਉਮੜਦਾ ਮਿਟਦਾ ਰਹਿੰਦਾ ਹੈ। ਮਾਸੀ ਕੀ ਸੀ ਉਹ..ਤੁਸੀਂ ਕੀ ਸੋਚਿਆ ਸੀ। ਅੱਜ ਕਿੰਨਾ ਕੁੱਝ ਹੈ ਉਸ ਪਾਸ। ਦੀਪੀ ... ਦੀਪੀ ਦਾ ਹਨੇਰਾ ਅਜੇ ਵੀ ਰੌਸ਼ਨ ਨਹੀਂ ਹੋ ਪਾਇਆ। ਕਰਮੇ ਦੇ ਕਰਮਾਂ 'ਚ। ਆਪਣੇ ਘਰ ਮਹਿਮਾਨ ਨੂੰ ਬੁਲਾ ਕੇ ਉਹਦਾ ਆਦਰ ਸਤਿਕਾਰ ਕਰਨਾ, ਉਹਨੂੰ ਨੀਂਵਾ ਬਨਾਣਾ ਇਹ ਰਾਜ਼ ਹੈ। ਤੁਹਾਡਾ ਆਪਣਾ ਰਾਜ਼। ਦੀਪੀ ਚੁੱਪ ਇਸ ਲਈ ਕਿ ਉਹਦੀ ਜ਼ਿਦਗੀ ਦੇ ਕੁੱਝ ਖ਼ੂਬਸੂਰਤ ਪਲਾਂ ਵਿਚੋਂ ਰਿੜਕਿਆ ਹੋਇਆ ਮਿਠਾਸ ਨਾਲ ਭਰਿਆ ਹੋਇਆ ਕੁੱਜਾ ਜਿਹੜਾ ਦੀਪੀ ਨੇ ਆਪਣੇ ਪਾਸ ਸਾਂਭਿਆਂ ਹੋਇਆ ਹੈ।

ਇਹ ਨੀਤੀ ਦਾ ਕਿਹੋ ਜਿਹਾ ਖੇਲ ਸੀ। ਇਸ ਅਪਮਾਨ ਨਾਲ ਕਰਮੇ ਦਾ ਦਿਲ ਇੱਕ ਪੱਕੇ ਹੋਏ ਫੋੜੇ ਵਾਂਗ ਸੁਲਗ ਰਿਹਾ ਹੈ। ਜਿਸ ਲਈ ਉਹ ਜੀ ਰਿਹਾ ਸੀ। ਕਿਸੇ ਦੇ ਹੋਛੇਪਨ ਦਾ ਅਹਿਸਾਸ ਅਜੇ ਤੱਕ ਉਹਨੂੰ ਸਤਾ ਰਿਹਾ ਹੈ। ਮਾਸੀ ਤੁਸੀਂ ਇੰਨੇ ਵੀ ਵਿਚਾਰੇ ਨਹੀਂ ਹੋ? ਮੈਂ ਵੀ ਫੂਕ ਫੂਕ ਕੇ ਆਪਣੇ ਸ਼ਬਦਾਂ ਨੂੰ ਦਲੀਲਾਂ ਦੇ ਨਾਲ ਕਹਿ ਰਿਹਾ ਹਾਂ ...ਗਵਾਹ ਹਾਂ...।"

"ਇੰਦਰ ਕਿਸੇ ਨੂੰ ਨਾ ਆਖੀ..? ਸਮਝੇ ਬੱਚੇ..। ਨਹੀਂ ਤੇ ਪੁੱਤਰਾ..। ਪੁੱਤਰ ਬਣਾਂ ਦਿਆਂਗੀ..। ਇਹ ਬੋਲ ਹਮੇਸ਼ਾਂ ਮੇਰਾ ਪਿੱਛਾ ਕਰ ਰਹੇ ਨੇ...। ਮੇਰੀ ਜ਼ਿੰਦਗੀ ਦਾ ਇੱਕ ਹਿੱਸਾ ਨੇ। ਇਨ੍ਹਾਂ ਬੋਲਾਂ ਨੂੰ ਨਹੁੰਆਂ ਨਾਲ ਖ਼ੁਰਚ ਖ਼ੁਰਚ ਕੇ ਉਖੇੜ ਰਿਹਾ ਹਾਂ। ਕਈ ਸਲੇਟਾਂ ਸਿੱਲਾਂ ਬਣੀਆਂ ਹੋਈਆਂ ਕੰਧਾਂ ਨਾਲ ਚਿਪਕੀਆਂ ਨੇ। ਇਨ੍ਹਾਂ ਸਿੱਲਾਂ ਤੇ ਲਿਖੀ ਹੋਈ ਇਬਾਰਤ ਮੈਂ ਹੁਣ ਪੜ੍ਹ ਪਾਇਆ ਹਾਂ।"

" ਵਧੀਆਂ ਹੋਇਆ ਹੈ। ਕਰਮਾਂ ਇੱਕ ਆਸ਼ਕ ਹੋਇਆ...। ਸੱਚਾ ਆਸ਼ਕ ਹੋ ਨਿਬੜਿਆ। ਉਹਨੇ ਚਿਹਰੇ ਤੇ ਕੋਈ ਮੁਖੌਟਾ ਨਹੀਂ ਪਾਇਆ ਹੈ। ਦੀਪੀ ਨੇ ਕਿਹਾ ਹੈ। ਉਸ ਵੇਲੇ ਉਹਦੀਆਂ ਅੱਖਾਂ ਵੇਖਣਯੋਗ ਸਨ। ਚੁੰਬਨ ਜਿਹੀ ਕੋਈ ਸ਼ੈਅ ਸੀ ਪਰ ਉਹਦੇ ਹੱਥ ਕੁਝ ਨਹੀਂ ਸੀ। ਉਹਦੀ ਡੋਰ ਕਿੱਥੇ ਸੀ। ਕਿਸ ਦੇ ਹੱਥ ਉਨ੍ਹਾਂ ਵਿਚਲਾ ਮੋਹ ਨਹੀਂ ਮੋਇਆ। ਮਰਦਾ ਵੀ ਕਿਵੇਂ। ਕਰਮੇ ਨੇ ਅਜੇ ਤੱਕ ਆਪਣੀ ਵਿੱਥਿਆ ਕਿਸੇ ਨੂੰ ਨਹੀਂ ਸੁਣਾਈ। ਦੀਪੀ ਵੀ ਇਸੇ ਗੱਲ ਤੇ ਪਹਿਰਾ ਦੇ ਰਹੀ ਹੈ। ਜਹੁਨੱਮ ਵਿੱਚ ਰਹਿ ਕੇ ਜੰਨਤ ਦੀ ਉਮੀਦ ਦਾ ਕੀ ਲਾਭ ਹੈ। ਉਨ੍ਹਾਂ ਨੇ ਥਾਂ ਥਾਂ ਤੇ ਆਪਣਾ ਰਾਜ਼ ਕਿਸੇ ਨਾਲ ਸਾਂਝਾ ਨਹੀਂ ਕੀਤਾ, ਜ਼ਬਤ ਤੋਂ ਕੰਮ ਲਿਆ। ਇਹ ਕਹਾਣੀ ਕਿਵੇਂ ਵੱਖਰੀ ਜਿਹੀ ਹੈ । ਹੈ ਨਾ...।

ਮਾਸੀ ਮੈਂ ਇਹ ਜਾਣਦਾ ਹਾਂ ਇਸ ਵੇਲੇ ਤੁਸੀਂ ਆਪਣੇ ਆਪ ਨੂੰ ਕਿਸੇ ਸੜ ਰਹੀ ਚੱਟਾਨ ਤੇ ਨੰਗੇ ਪੈਰੀਂ



ਖੜੋਤੇ ਹੋਏ ਮਹਿਸੂਸ ਕਰ ਰਹੇ ਹੋ। ਤੁਸੀਂ ਅਜੇ ਕੁਝ ਨਹੀਂ ਭੁੱਲੇ ਹੋ। ਅਜਿਹੀ ਹਾਲਤ ਵਿੱਚ ਆਦਮੀ ਆਪਣੇ ਆਪ ਨਾਲ ਸਵਾਲ ਕਰਦਾ ਰਹਿੰਦਾ ਹੈ। ਕਦੀ ਭੁਲਦਾ ਨਹੀਂ।  ਦੀਪੀ ਆਪਣੀ ਇਸ ਨੀਮ ਬੇਹੋਸ਼ੀ ਅਵਸਥਾ ਵਿੱਚ ਗੁਆਚੀ ਰਹਿੰਦੀ ਹੈ। ਕਰਮੇ ਨਾਲ ਆਪਣੇ ਆਪ ਦੀਪਾ ਨੂੰ ਤੁਸੀਂ ਕਿੱਥੋਂ ਤੱਕ ਢੋਂਦੇ ਰਹੋਗੇ। ਤੁਸੀਂ ਤੇ ਉਹਦੇ ਸਾਹਵੇ ਜਵਾਬ ਦੇਹ ਹੋ। ਇਹ ਵੀ ਇੱਕ ਸਮਾਜ ਹੈ। ਘਰ ਦੇ ਜੀਵਾਂ ਨਾਲ ਘਿਰਿਆ ਹੋਇਆ। ਘਰ ਦੀ ਚਾਰ ਦੀਵਾਰੀ ਅੰਦਰਲਾ ਸਮਾਜ। ਇੱਥੇ ਹਰ ਕੋਈ ਇੱਕ ਦੂਜੇ ਸਾਹਮਣੇ ਜਵਾਬਦੇਹ ਹੈ। ਕਿੰਝ ਸ਼ਾਂਤ ਕਰ ਪਾਓ ਗੇ ਆਪਣੇ ਆਪ ਨੂੰ। ਇਹ ਅਸ਼ਾਂਤੀ ਤੁਹਾਡਾ ਪਿੱਛਾ ਕਰ ਰਹੀ ਹੈ। ਇਹ ਉਹੋ ਦਰਦ ਹੈ ਜਿਸ ਨੂੰ ਦੀਪੀ, ਕਰਮਾ, ਪ੍ਰੀਤੀ ਤੇ ਪ੍ਰੀਤਾ ਵੀ ਝੱਲ ਰਹੇ ਨੇ। ਕੀ ਉਹ ਚੁੱਪ ਨੇ?

" ਮੈਨੂੰ ਉਹ ਬੀਤੇ ਪਲ ਚੇਤੇ ਆਉਂਦੇ ਨੇ। ਉਹ ਪਲ ਬੇਚੈਨ ਕਰ ਰਹੇ ਨੇ। ਉਹ ਪਲ ਮੇਰੇ ਅੰਦਰ ਡਰ ਪੈਦਾ ਕਰ ਗਏ ਨੇ। ਇਹ ਡਰ ਮੇਰਾ ਪਿੱਛਾ ਨਹੀਂ ਛੱਡਦਾ। ਮੈਂ ਬਾਰ ਬਾਰ ਆਪਣੇ ਗਲ ਦੁਆਲੇ ਕੋਈ ਫੰਦਾ ਜਿਹਾ ਮਹਿਸੂਸ ਕਰ ਰਹੀ ਹਾਂ। ਮੈਂ ਜਾਣਦੀ ਹਾਂ ਕਰਮਾ ਵੀ ਇਸ ਦਰਦ ਤੋਂ ਅਜੇ ਮੁਕਤ ਨਹੀਂ ਹੋਇਆ ਹੈ। ਉਹ ਮੈਨੂੰ ਅਪਸਰਾ ਕਹਿ ਕੇ ਸੰਬੋਧਨ ਹੁੰਦਾ ਸੀ। ਮੈਂ ਉਹਨੂੰ ਦੇਵ ਕਹਿੰਦੀ। ਇਸ ਪੀੜਾ ਤੋਂ ਆਪਣੇ ਆਪ ਨੂੰ ਅਜ਼ਾਦ ਨਹੀਂ ਕਰ ਪਾਈ। ਜਿੱਥੇ ਮੈਂ ਰਹਿੰਦੀ ਹਾਂ ਅਤੇ ਜਿੱਥੇ ਮੈਂ ਕੰਮ ਕਰਦੀ ਹਾਂ, ਮੇਰੇ ਲਈ ਉਹ ਥਾਵਾਂ ਖੰਡਰ ਨੇ ਨਿਰੇ ਖੰਡਰਾਤ। ਹਰ ਉਹ ਥਾਂ, ਬਾਗ਼-ਬਗੀਚੇ , ਦਰਿਆ ਦੇ ਕਿਨਾਰੇ ,ਝੀਲਾਂ ਵਿਚਲੀਆਂ ਤੈਰ ਰਹੀਆਂ ਕਿਸ਼ਤੀਆਂ ਹਾਉਸ ਬੋਟਾਂ ਅੰਦਰ ਬਿਤਾਏ ਉਹ ਪਲ ਹੁਣ ਬਸ ਕਬਰਸਤਾਨ ਲਗ ਰਹੀਆਂ ਨੇ। ਮੈਨੂੰ ਹਨੇਰਾ ਪਸੰਦ ਏ...।

ਦੀਪੀ ਦੀਆਂ ਇਹ ਗੱਲਾਂ ਸੁਣ ਕੇ ਧੱਕਾ ਲੱਗਿਆ ਹੈ ਨਾ। ਉਹਨੂੰ ਕਦੀ ਪਲੋਸ ਕੇ ਵੇਖਦੇ। ਕਿਸੇ ਹੱਦ ਤੱਕ ਤੁਹਾਡੀ ਸੋਚ ਠੀਕ ਵੀ ਹੋ ਸਕਦੀ ਹੈ। ਪਰ ਸਮਾਂ ਤੁਹਾਡੇ ਦੋਨਾਂ ਵਿਚਾਲੇ ਦੋ ਫਾੜ ਕਰ ਗਿਆ ਹੈ। ਇਹ ਫ਼ਾਸਲਾ ਉਮਰ ਦੇ ਨਾਲ ਨਾਲ ਆਪਣੀਆਂ ਦੂਰੀਆਂ ਵੀ ਵਧਾ ਗਿਆ ਹੈ। ਇਹ ਇੱਕ ਤੁਹਾਡਾ ਨਜ਼ਰੀਆਂ ਵੀ ਹੋ ਸਕਦਾ ਹੈ। ਉਹ ਨੂੰ ਕੀ ਦਰਕਾਰ ਸੀ? ਇਹ ਸਵਾਲ ਵੀ ਤੁਹਾਡੇ ਸਨਮੁੱਖ ਖੜੋਤਾ ਹੈ। ਦੀਪੀ ਨੇ ਤੁਹਾਡੇ ਸਨਮੁੱਖ ਆਪਣੀ ਚਾਹਤ ਵੀ ਦੱਸੀ ਸੀ।

"ਮੈਨੂੰ ਇੱਕ ਅਜਿਹਾ ਮਰਦ ਲੋੜੀਦਾ ਹੈ ਜਿਹੜਾ ਇੱਕ ਭਰਪੂਰ ਜੀਵਨ ਦੇ ਸਕੇ ਉਹ ਵੀ ਪੂਰੀ ਜ਼ਿੰਦਗੀ ਭਰ ਲਈ। ਇਹ ਅਧੂਰੀ ਜ਼ਿੰਦਗੀ ਕਿਸ ਕਾਰੀ?"

ਉਹ ਤੇ ਜੋ ਕੁਝ ਚਾਹੁੰਦੀ ਸੀ ਪਰ ਉਹਨੂੰ ਭੋਗਣਾ ਕੁੱਝ ਹੋਰ ਹੀ ਪਿਆ, ਉਹਦੀਆਂ ਲਗਾਮਾਂ ਇਨ੍ਹਾਂ ਹੱਥਾਂ ਵਿੱਚ ਸਨ ਜਿਨ੍ਹਾਂ ਹੱਥਾਂ ਨਾਲ ਤੁਸੀਂ ਮੇਰਾ ਹੱਥ ਘੁੱਟ ਰਹੇ ਹੋ।

ਆਦਮੀ ਦੇ ਅੰਦਰ ਦੀ ਚਾਹਤ ਕੁਝ ਹੋਰ ਹੁੰਦੀ ਹੈ ਅਤੇ ਉਹਨੂੰ ਜੀਉਣਾ ਕੁੱਝ ਹੋਰ ਪੈਂਦਾ ਹੈ। ਹੈ ਨਾ ਮਾਸੀ। ਅੱਜ ਹਸਪਤਾਲ ਦੀ ਸਭ ਤੋਂ ਉਪਰਲੀ ਮੰਜਿਲ ਦੇ ਇਸ ਕਮਰੇ ਅੰਦਰ ਤੁਹਾਡੇ ਨਾਲ ਤੁਹਾਡੀ ਇਕੱਲ ਹੀ ਤੁਹਾਡਾ ਸਾਥ ਦੇ ਰਹੀ ਹੈ ਨਾ। ਇਹੋ ਤੁਹਾਡਾ ਅਸਲੀ ਅਤੇ ਈਮਾਨਦਾਰ ਸਾਥੀ ਮਾਜੂਦ ਹੈ । ਮੈਂ ਵੀ ਇੱਥੇ ਇੱਕ ਮੁਲਾਜਮ ਹਾਂ। ਆਪਣੇ ਕੰਮ ਦੇ ਨਾਲ ਨਾਲ ਤੁਹਾਡੇ ਨਾਲ ਵਿਹਲਾ ਸਮਾਂ ਬਿਤਾ ਰਿਹਾ ਹਾਂ। ਪਰ ਬਾਰ ਬਾਰ ਮੇਰੇ ਹੋਂਠਾਂ ਤੇ ਉਹ ਸਵਾਲ ਬਦੋ ਬਦੀ ਆ ਜਾਂਦਾ ਹੈ।

"ਇੰਦਰ ਕਿਸੇ ਨੂੰ ਨਾ ਆਖੀ.. ਵਰਨਾ?" ਮੈਂ ਇਹ ਵੀ ਜਾਣਦਾ ਹਾਂ ਕਿ ਇਹ ਕੇਵਲ ਤੁਹਾਡੀ ਚੇਤਾਵਨੀ ਜਾਂ ਤਾੜਨਾ ਸੀ। ਕਿਸੇ ਸੱਚ ਮੂਹਰੇ। ਤੁਸੀਂ ਇੱਕ ਦਿਨ ਸਾਰਿਆਂ ਸਾਹਮਣੇ ਇਹ ਗੱਲ ਬੜੇ ਹੀ ਫ਼ਖ਼ਰ ਨਾਲ ਆਖੀ ਸੀ।

"ਇੰਦਰ ਇੱਕ ਚੰਗਾ ਦੋਸਤ ਹੈ। ਦੋਸਤੀ ਨਿਭਾਣੀ ਕੋਈ ਇਸ ਤੋਂ ਸਿੱਖੇ। ਤੁਹਾਡੀ ਇਸ ਗੱਲ ਵਿੱਚ ਵੀ ਇੱਕ ਭੇਦ ਸੀ। ਤਾੜਨਾ ਭਰਿਆ ਭੇਦ। ਪਿਆਰ ਨਾਲ ਭਿੱਜਿਆ ਹੋਇਆ। ਕਿਸੇ ਨੂੰ ਆਪਣੇ ਵੱਸ ਵਿੱਚ ਕਰਨ ਦਾ ਸਲੀਕਾ। ਤੁਹਾਡੀ ਮੁਸਕਾਨ ਜਿਵੇਂ ਮੇਰੀਆਂ ਵੱਖੀਆਂ ਵਿੱਚ ਕੁਤਕੁਤਾੜੀਆਂ ਕੱਢ ਰਹੀ ਹੈ। ਕੀ ਕਹਿਣਾ ਚਾਹੁੰਦੇ ਹੋ। ਮੈਂ ਜਾਣਦਾ ਹਾਂ।"

ਮੇਰੀ ਸਮਝ ਵਿੱਚ ਇੱਕ ਗੱਲ ਨਹੀਂ ਸੀ ਆਈ। ਪ੍ਰੀਤੀ ਦੇ ਵਿਆਹ ਮਗਰੋਂ ਸਰਦੀਆਂ ਵਿੱਚ ਤੁਸੀਂ ਮਾਸੜ ਨਾਲ ਪੰਜਾਬ ਚਲੇ ਗਏ। ਗੁਰੂਦੁਆਰਿਆਂ ਦੇ ਦਰਸ਼ਨਾਂ ਲਈ। ਮਾਸੜ ਦੀ ਸਿਹਤ ਭਾਵੇਂ ਢਿੱਲੀ

ਸੀ। ਘਰ ਵਿੱਚ ਦੀਪੀ, ਪ੍ਰੀਤੀ ਅਤੇ ਗੁਰਦੇਵ ਤੇ ਛੱਡ ਗਏ ਸੀ। ਇੱਥੇ ਵੀ ਤੁਹਾਡਾ ਕੋਈ ਮਕਸਦ ਸੀ ।ਕੋਈ ਅਜਿਹੀ ਸੋਚ ਜਿਸ ਤੱਕ ਅਪੜਨਾ ਕਠਿਨ ਸੀ। ਘਰ ਪ੍ਰਤੀ ਆਪਣੀਆਂ ਧੀਆਂ ਪ੍ਰਤੀ ਤੁਹਾਡੀ ਚਿੰਤਨ ਮਧਾਣੀ ਇੱਕ ਵੱਡੀ ਚਾਟੀ ਵਿੱਚ ਰਿੜਕਦੀ ਹੀ ਰਹਿੰਦੀ ਹੈ। ਹੈ ਨਾ। ਯਾਤਰਾ ਮਗਰੋਂ ਜਦੋਂ ਤੁਸੀਂ ਘਰ ਪਰਤੇ ਤੇ ਸਭ ਤੋਂ ਪਹਿਲਾਂ ਤੁਸੀਂ ਦੀਪੀ , ਪ੍ਰੀਤੀ ਤੇ ਛੋਟੀ ਨਾਲ ਮਿਲੇ। ਕਈ ਸ਼ੰਕੇ ਉਭਰਦੇ 'ਤੇ ਮਿਟਦੇ ਵੀ ਰਹੇ। ਗੁਰਦੇਵ ਨਾਲ ਗੱਲ ਬਾਤ ਕੀਤੀ। ਸਬੰਧੀਆਂ ਦੇ ਘਰ ਵੀ ਗਏ। ਤੁਸੀਂ ਜਾਣਦੇ ਸੀ ਕਿ ਵੱਡੇ ਸ਼ਰਾਫ਼ਾ ਦਾ ਮੁੰਡਾ ਛੋਟੀ ਨੂੰ ਪ੍ਰੀਤੀ ਦੇ ਵਿਆਹ ਵਿੱਚ ਘੂਰ ਰਿਹਾ ਸੀ। ਛੋਟੀ ਵੀ ਕਿਸੇ ਤੋਂ ਘੱਟ ਨਹੀਂ ਸੀ। ਅਕਾਸ਼ ਵਿੱਚ ਉਡਦੇ ਪੰਛੀਆਂ ਦੇ ਪਰ ਗਿਣ ਲੈਂਦੀ ਹੈ। ਉਹ ਭੌਤਿਕ ਚੀਜ਼ਾਂ ਵਿੱਚ ਵਿਸ਼ਵਾਸ ਰੱਖਦੀ ਹੈ। ਕਾਨੂੰਨ ਦੀ ਪੜਾਈ ਕਰ ਰਹੀ ਹੈ। ਆਪਣੀਆਂ ਦੋਹਾਂ ਭੈਣਾਂ ਤੋਂ ਅੱਗੇ ਦੀ ਸੋਚ ਰੱਖਦੀ ਹੈ। ਪੂਰੇ ਪਰਿਵਾਰ ਦੀ ਚਹੇਤੀ ਵੀ।

"ਗੁਰਦੇਵ ਸਿੰਘ... ਮੈਨੂੰ ਲੱਗਦੈ ਹੁਣ ਛੋਟੀ ਨੂੰ ਵਿਆਹ ਦਿੱਤਾ ਜਾਵੇ। ਅਸੀਂ ਬੁੱਢੇ ਹੁਣ ਸੁੱਖ ਦਾ ਸਾਹ ਵੀ ਲੈਣਾ ਚਾਹੁੰਦੇ ਹਾਂ। ਤੁਹਾਡਾ ਬਾਪੂ ਉਂਝ ਅਜੇ ਉਨ੍ਹਾਂ ਦੀ ਨੌਕਰੀ ਦੇ ਪੰਜ ਛੇ ਸਾਲ ਰਿਟਾਇਰ ਹੋਣ ਲਈ ਬਾਕੀ ਹਨ। ਅਸਲ ਵਿੱਚ ਮੇਰੇ ਪਿਤਾ ਨੇ ਉਨ੍ਹਾਂ ਦੀ ਉਮਰ ਘੱਟ ਲਿਖਾਈ ਸੀ। ਉਹ ਕੁੱਝ ਅੱਗੇ ਦੀ ਸੋਚਦੇ ਸਨ। ਆਪਣੀ ਰਿਸ਼ਤੇਦਾਰੀ ਵਿੱਚ ਹੀ ਕੋਈ ਸਿਆਣਾ ਜਿਹਾ ਵਰ ਆਪੇ ਵੇਖ ਲੈ। ਸਾਡੀ ਹਾਲਤ ਤਾਂ ਤੁਸੀਂ ਜਾਣਦੇ ਹੋ। ਦੀਪੀ ਕੀ ਕਰੇਗੀ। ਇਹ ਚਿੰਤਾ ਵੀ ਮੈਨੂੰ ਅੰਦਰੋਂ ਅੰਦਰ ਖਾਈ ਰਹੀ ਹੈ।

"ਠੀਕ ਹੈ ਮਾਂ ਜੀ।"

"ਠੀਕ ਨਹੀਂ ਹੈ। ਕਰਨਾ ਹੈ। ਇਹ ਕੰਮ ਸਿਰੇ ਚਾੜਨਾ ਹੈ। ਇੱਕ ਮਾਂ ਦੀ ਬੇਨਤੀ, ਪਾਲਣਾ ਕਰਨਾ ਤੁਹਾਡਾ....। ਵੱਡੇ ਪੁੱਤਰ ਹੋ ਮੇਰੇ...। ਇਸ ਪਰਿਵਾਰ ਦੇ।" ਗੁਰਦੇਵ ਸੋਚੀਂ ਪੈ ਗਿਆ ਸੀ। ਪ੍ਰੀਤੀ ਨੇ ਇਹ ਸਾਰੀ ਗੁੱਥੀ ਸੁਲਝਾ ਲਈ ਸੀ। ਪ੍ਰੀਤੀ ਜਾਣਦੀ ਸੀ ਵੱਡੇ ਸਰਾਫ਼ਾਂ ਦਾ ਮੁੰਡਾ ਵਿਆਹ ਵਿੱਚ ਛੋਟੀ ਸਬੰਧੀ ਜਾਣਕਾਰੀ ਹਾਸਲ ਕਰ ਰਿਹਾ ਸੀ। ਆਨੇ ਬਹਾਨੇ ਗੁਰਦੇਵ ਨਾਲ ਘਰ ਆ ਜਾਂਦਾ ਸੀ। ਛੋਟੀ ਸਬੰਧੀ ਉਹਦੇ ਵਿਭਾਗ ਵਿਚ ਜਾ ਕੇ ਪਤਾ ਕਰ ਆਇਆ ਸੀ। ਗੁਰਦੇਵ ਨੇ ਦੋਨਾਂ ਨਾਲ ਗਲਬਾਤ ਕੀਤੀ।

" ਮਾਸੀ ਇਥੇ ਵੀ ਤੁਹਾਡੇ ਸਾਹਮਣੇ ਕੁਝ ਵਾਪਰ ਗਿਆ। ਅਜਿਹਾ ਕੁਝ ਜਿਸ ਨੂੰ ਤੁਸੀਂ ਕਦੀ ਆਪਣੇ ਸੁਪਨੇ ਵਿੱਚ ਵੀ ਨਹੀਂ ਵੇਖਿਆ ਹੋਣਾ। ਛੋਟੀ ਆਪਣੇ ਵਿਭਾਗ ਦੇ ਇੱਕ ਨੌਜਵਾਨ ਅਧਿਆਪਕ ਨਾਲ ਪ੍ਰੀਤ ਪਾ ਬੈਠੀ ਸੀ। ਇੱਥੇ ਮਸਲਾ ਕੁਝ ਹੋਰ ਸੀ। ਛੋਟੀ ਨਾ ਹੀ ਦੀਪੀ ਵਰਗੀ ਕਮਜ਼ੋਰ ਹਿਰਦੇ ਵਾਲੀ ਸੀ ਤੇ ਨਾ ਹੀ ਉਹ ਪ੍ਰੀਤੀ ਵਾਂਗ ਡੁਸਕ ਡੁਸਕ ਕੇ ਸਰਹਾਣੇ ਵਿੱਚ ਮੂੰਹ ਭਾਰ ਰੋਣ ਵਾਲੀ ਸੀ। ਸਾਖਆਤ ਤੁਹਾਡੇ ਸਾਹਮਣੇ ਆ ਖਲੋਤੀ ਸੀ। ਉਦੋਂ ਤੁਹਾਡਾ ਹੱਥ ਵੀ ਉੱਠਿਆ ਸੀ। ਤੁਹਾਡਾ ਹੱਥ ਉੱਠਦੇ ਸਾਰ ਹੀ ਛੋਟੀ ਨੇ ਬਾਂਹ ਤੋਂ ਫੜ ਲਿਆ। ਤੁਹਾਡੀ ਤਾੜਨਾ ਤੁਹਾਡੀਆਂ ਅੱਖਾਂ ਅੰਦਰ ਹੀ ਲਿਸ਼ਕੀ ਰਹੀ। ਛੋਟੀ ਨੇ ਅਨੇਕਾਂ ਕਾਨੂੰਨੀ ਧਮਕੀਆਂ ਦੇ ਦਿੱਤੀਆਂ ਸਨ। ਉਦੋਂ ਤੁਸੀਂ ਬੇਹੋਸ਼ ਹੋ ਗਏ ਸੀ। ਦੀਪੀ ਨੇ ਮੈਨੂੰ ਆਵਾਜ਼ ਦਿੱਤੀ। ਮੈਂ ਤੁਹਾਡਾ ਮੁਆਇਨਾ ਕੀਤਾ। ਇੱਕ ਹਲਕਾ ਜਿਹਾ ਦਿਲ ਦਾ ਝਟਕਾ ਸੀ। ਮੇਰੇ ਦਵਾਈ ਦੇਣ ਨਾਲ ਤੁਸੀਂ ਠੀਕ ਤਾਂ ਹੋ ਗਏ ਪਰ ਵੱਡੇ ਡਾਕਟਰ ਨੂੰ ਦਸ ਕੇ ਆਪਣੀ ਤਸੱਲੀ ਕਰਵਾ ਲਈ ਸੀ। ਛੋਟੀ ਵੀ ਬਹੁਤ ਰੋਈ ਸੀ। ਮੇਰੇ ਗਲ ਲੱਗ ਕੇ ਨਾਲ ਵਾਲੇ ਕਮਰੇ ਵਿੱਚ ਉਹਨੇ ਇਨ੍ਹਾਂ ਹੀ ਕਿਹਾ ਸੀ।

"ਇੰਦਰ ਵੀਰ ਮਾਂ ਨੇ ਮੈਨੂੰ ਜਨਮ ਦਿੱਤਾ ਕਾਹਦੇ ਲਈ....? ਆਪਣੀ ਧੌਂਸ ਜਮਾਈ ਰੱਖਣ ਲਈ। ਉਹ ਵੇਖੋ ਦੀਪੀ ਦੀ ਹਾਲਤ ਇੱਕ ਜ਼ਿੰਦਾ ਲਾਸ਼ ਬਣ ਕੇ ਸਾਡੇ ਸਾਹਮਣੇ ਖੜੀ ਹੈ। ਇੱਕ ਚਲਦੀ ਫਿਰਦੀ ਲਾਸ਼ !ਮੈਂ ਵੀ ਬਣ ਜਾਵਾ...। ਇਨ੍ਹਾਂ ਪੜ੍ਹ ਲਿਖ ਕੇ ਸਰਾਫ਼ਾਂ ਦੇ ਘਰ ਵਿੱਚ ਸਿਰ ਤੋਂ ਪੈਰਾਂ ਤੱਕ ਗਹਿਣੇ ਪਾ ਕੇ ਬੁੱਤ ਬਣੀ ਰਹਾਂ। ਇਸ ਸਮਾਜ ਨੇ ਮੇਰੇ ਘਰ ਦੇ ਸਮਾਜ ਨੇ ਜੋ ਕੁਝ ਦਿੱਤਾ ਹੈ। ਇਸ ਵਿੱਚ ਨਾ ਕੇਵਲ ਆਲਾ ਦੁਆਲਾ ਹੈ ਸਗੋਂ ਪੂਰੀ ਦੁਨੀਆਂ, ਜਿਹੜੀ ਅਜੋਕੇ ਯੁੱਗ ਵਿੱਚ ਇੱਕ ਮਹਿਦੂਦ ਦਾਇਰੇ ਅੰਦਰ ਪਰੋਈ ਜਾ ਰਹਾ ਹੈ। ਇਹ ਸਾਰੀ ਦੁਨੀਆਂ, ਮੇਰੀਆਂ ਅੱਖਾਂ ਮੂਹਰੇ ਆ ਖਲੋਤੀ ਹੈ। ਮੇਰਾ ਵੀ ਕੋਈ ਫਰਜ਼ ਹੈ। ਇਸ ਫਰਜ਼ ਲਈ ਮੈਂ ਬਚਨਬੱਧ ਹਾਂ। ਮੇਰੀ ਉਡਾਣ ਬਹੁਤ ਉੱਚੀ ਹੈ। ਮੈਨੂੰ ਉੱਡਣ ਤੋਂ ਪਹਿਲਾਂ ਹੀ ਗੋਲੀ ਨਾਲ ਫੁੰਡ ਰਹੇ ਨੇ।" ਛੋਟੀ ਅੱਗੇ ਮੈਂ ਵੀ ਸਿਰ ਝੁਕਾ ਲਿਆ ਸੀ ।ਉਹ ਕਦੀ ਕਦੀ ਮੇਰੀਆਂ ਪੁਸਤਕਾਂ ਲੈਂ



ਜਾਂਦੀ ਸੀ ਮੇਰੇ ਤੋਂ ਚੋਰੀ। ਇਨਸਾਨੀ ਦਿਮਾਗ ਤੇ ਸਰੀਰ ਦੇ ਅੰਗ ਅੰਗ ਸਬੰਧੀ ਭੇਦ ਇਕੱਠੇ ਕਰਕੇ ਉਨ੍ਹਾਂ ਦੀ ਤੁਲਨਾ ਆਪਣੇ ਸਹਿਪਾਠੀਆਂ ਨਾਲ ਕਰਦੀ। ਇਨਸਾਨੀ ਫਿਤਰਤਾ ਨੂੰ ਸਮਝਦੀ। ਅਜਿਹੀ ਕੁੜੀ ਸਬੰਧੀ ਤੁਹਾਡੀ ਸੋਚ ਮੈਨੂੰ ਚਿੰਤਾ ਵਿੱਚ ਪਾ ਰਹੀ ਸੀ।

ਮਾਸੀ ਉਦੋਂ ਵੀ ਦੀਪੀ ਹੀ ਅੱਗੇ ਆਈ। ਇੱਕ ਸਿਆਣੀ ਬਿਆਣੀ ਅਧਿਆਪਕਾ ਬਣ ਕੇ। ਪਹਿਲਾ ਉਹਨੇ ਛੋਟੀ ਨੂੰ ਟਟੋਲਿਆ। ਉਹਦਾ ਮਨ ਪੜ੍ਹਿਆ। ਗੁਰਦੇਵ ਨਾਲ ਗੱਲ ਕੀਤੀ। ਸਰਾਫ਼ਾਂ ਦੇ ਮੁੰਡੇ ਸਬੰਧੀ ਮੈਂ ਸਾਰੀ ਜਾਣਕਾਰੀ ਦਿੱਤੀ। ਗੁਰਦੇਵ ਤੇ ਸਰਾਫ਼ਾਂ ਦਾ ਮੁੰਡਾ ਇੱਕ ਕਾਰ ਵਿੱਚ ਮਿੱਥੀ ਥਾਂ ਤੇ ਆਏ। ਮੈਂ ਦੀਪੀ ਅਤੇ ਛੋਟੀ ਪਹਿਲਾਂ ਹੀ ਪਹੁੰਚ ਗਏ ਸੀ। ਛੋਟੀ ਦੀ ਹਰ ਦਲੀਲ ਦਾ ਅਸੀਂ ਉੱਤਰ ਦਿੱਤਾ ਫੇਰ ਕਿਧਰੇ ਜਾ ਕੇ ਉਹਨੇ ਹਾਮੀ ਭਰੀ।

ਮਾਸੀ ਤੁਸੀਂ ਤੇ ਆਪਣੀ ਥਾਂ ਮਾਂ ਵਾਂਗ ਸੋਚ ਰਹੇ ਸੀ। ਤੁਹਾਡਾ ਪਿਛੋਕੜ ਅਤੇ ਜਿੱਥੇ ਤੁਸੀਂ ਆਪਣੀ ਜ਼ਿੰਦਗੀ ਹੰਢੀ ਇਹ ਦੋ ਵੱਖੋ ਵੱਖਰੀਆਂ ਸਥਿਤੀਆਂ ਸਨ। ਤੁਹਾਡੀ ਸੋਚ ਉੱਚੀ ਸੀ। ਹਰ ਦੌਰ ਦੇ ਆਪਣੇ ਹਾਲਾਤ ਹੁੰਦੇ ਨੇ। ਛੋਟੀ ਸਰਾਫ਼ਾਂ ਦੇ ਘਰ ਕੇਵਲ ਖੁਸ਼ ਹੈ ਅਤੇ ਉੱਥੇ ਹਰਮਨ ਪਿਆਰੀ ਵੀ। ਵੇਖੋ ਕਿਧਰੇ ਤੇ ਅੱਪੜ ਗਈ ਹੈ।

ਮਾਸੀ ਕੀ ਕਹਿਣਾ ਚਾਹੁੰਦੇ ਹੋ...? ਇੰਦਰ ਦੋਸਤਾਂ ਵਾਂਗ ਸਾਡੇ ਨਾਲ ਵਿਚਰ ਰਿਹਾ ਹੈ। ਤੁਹਾਡੀ ਸਹਿਮਤੀ ਤੁਹਾਡੇ ਹੰਝੂ ਦੇ ਰਹੇ ਹਨ।

" ਇੰਦਰ ਕਿਸੇ ਨੂੰ ਨਾ ਆਖੀ...। ਵਰਨਾ...। ਇਹ ਤਾੜਨਾ ਅਜੇ ਵੀ ਮੇਰਾ ਪਿੱਛਾ ਕਰ ਰਹੀ ਹੈ। ਸੱਚ ਮਾਸੀ ਇਹ ਤੁਹਾਡੀ ਤਾੜਨਾ ਅਜੇ ਵੀ ਮੇਰੇ ਲਈ ਬੁਝਾਰਤ ਬਣੀ ਹੋਈ ਹੈ। ਨਹੀਂ ਸੁਲਝ ਰਹੀ...?

ਜਿਹੜਾ ਪਲ ਬੀਤ ਗਿਆ ਉਹਨੂੰ ਛੱਡਿਆ ਤੇ ਜਾ ਸਕਦਾ ਹੈ ਪਰ ਭੁੱਲ ਨਹੀਂ ਸਕਦੇ। ਉੱਚੀ ਹੇਕ ਨਾਲ ਉਹਨੂੰ ਬੁਲਾ ਵੀ ਨਹੀਂ ਸਕਦੇ। ਤੁਸੀਂ ਇਹ ਕਿਵੇਂ ਕਹਿ ਸਕਦੇ ਹੋ? ਤੁਸੀਂ ਉਹਨੂੰ ਆਵਾਜ਼ ਦਿੱਤੀ ਨਹੀਂ ਤੇ ਉਹ ਤੁਹਾਡੇ ਸਨਮੁੱਖ ਆ ਖਲੋਇਆ ਹੋਵੇ।"

ਮਾਸੀ ਤੁਹਾਡੇ ਚਿਹਰੇ ਤੇ ਕੱਸੀਆਂ ਹੋਈਆਂ ਆੜੀਆਂ-ਤਿਰਛੀਆਂ ਲਕੀਰਾਂ ਹੌਲੀ ਹੌਲੀ ਅਲੋਪ ਹੋ ਰਹੀਆਂ ਨੇ। ਘੜੀ ਦੀਆਂ ਸੂਈਆਂ ਅੱਗੇ ਨੂੰ ਹੀ ਵੱਧ ਰਹੀਆਂ ਨੇ। ਅੱਜ ਸਵੇਰੇ ਕਰਮ ਸਿੰਘ ਮੈਨੂੰ ਮਿਲਣ ਆਇਆ ਸੀ। ਮੈਂ ਉਸ ਵੇਲੇ ਰਾਊਂਡ ਤੇ ਸੀ। ਉਹ ਅਜੇ ਵੀ ਉਸੇ ਅੱਗ ਵਿੱਚ ਸੁਲਗ ਰਿਹਾ ਹੈ। ਦੀਪਾ ਨਾਲ ਥੋੜੀ ਦੇਰ ਤੱਕ ਹਸਪਤਾਲ ਦੇ ਪਾਰਕ ਵਿੱਚ ਬੈਠੇ ਰਹੇ। ਕੀ ਉਹ ਨਵੀਂ ਇਬਾਰਤ ਲਿਖਣ 'ਚ ਕਾਮਯਾਬ ਹੋ ਸਕਣਗੇ? ਜਿਸ ਅੱਗ ਦਾ ਮੈਂ ਜ਼ਿਕਰ ਕਰ ਰਿਹਾ ਹਾਂ ਉਹ ਤੇ ਕੇਵਲ ਚੁੱਪ ਪਏ ਜਵਾਲਾ ਮੁਖੀ ਦਾ ਇਤਿਹਾਸ ਹੈ। ਕਦੀ ਇਹ ਜਵਾਲਾਮੁਖੀ ਗਰਮ ਸੀ। ਉਹ ਜਜ਼ਬਾ ਉਨ੍ਹਾਂ ਦੇ ਦਾਇਰੇ ਤੋਂ ਬਾਹਰ ਨਿੱਕਲ ਸਕਿਐ। ਕਰਮਾ ਪ੍ਰੀਤਾ ਉਹ ਅਧਿਆਪਕ ਪਿੱਛੇ ਮੁੜਨ ਦੀ ਥਾਂ ਹੁਣ ਅੱਗੇ ਨੂੰ ਵੀ ਨਹੀਂ ਸਮਝ ਪਾ ਰਹੇ ਨੇ। ਕੀ ਹੈ ਇਹ ਮਾਸੀ...?

" ਤੁਹਾਡਾ ਸਵਾਲ...ਅਜੇ ਵੀ ਮੇਰੀ ਚੇਤਨਾ ਅੰਦਰ ਲੁਕਿਆ ਹੈ। ਬਬਲੀ ਦਾ , ਜਿਸ ਦੀ ਮਾਂ ਨੇ ਉਹਦੀ ਪੀਂਘ ਅੱਖ ਦੇ ਫੇਰ ਵਿੱਚ ਚਾੜ ਦਿੱਤੀ ਸੀ।

ਮੈਂ ਨਹੀਂ ਜਾਣਦਾ ਇੱਥੇ ਤੁਹਾਡਾ ਜਵਾਬ ਕੀ ਹੋਵੇਗਾ। ਕਿਸੇ ਦੀ ਵੀ ਬੀਤ ਰਹੀ ਜ਼ਿੰਦਗੀ ਤੇ ਅਤੀਤ ਦਾ ਸਾਇਆ ਨਾ ਪਏ। ਖੰਡਰਾਂ ਤੇ ਚਾਨਣੀ ਚੰਗੀ ਲੱਗਦੀ ਹੈ। ਉਹਨਾਂ ਨੂੰ ਹੋਰ ਚਮਕਾ ਵੀ ਦੇਂਦੀ ਹੈ। ਮਾਸੀ ਉੱਥੇ ਕਦੀ ਬਸਤੀ ਨਹੀਂ ਹੁੰਦੀ। ਮਾਸੀ ਤੁਹਾਡਾ ਉਹ ਸਵਾਲ.....?

" ਮੈਨੂੰ ਇੱਕ ਅਜਿਹਾ ਮਰਦ ਲੋੜੀਦਾ ਜਿਹੜਾ ਇੱਕ ਭਰਪੂਰ ਜੀਵਨ ਦੇ ਸਕੇ ਉਹ ਵੀ ਪੂਰੀ ਜ਼ਿੰਦਗੀ ਭਰ ਲਈ ਇਹ ਅਧੂਰੀ ਜ਼ਿੰਦਗੀ ਕਿਸ ਕਾਰੀ...?

(ਸੰਪਰਕ-094197-95923, 84929-23650)

## ਕਹਾਣੀ/ ਵਾਹਿਗੁਰੂ ਜੀ ਕਾ ਅੱਲ੍ਹਾ-ਹੂ...! / -ਗੁਰਪ੍ਰੀਤ ਸਹਿਜੀ

ਨੀਵੀਂ ਪਾ ਕੇ ਤਾਸ਼ ਵੰਡੀ ਜਾਂਦੇ ਦੀ ਮੇਰੀ ਧੌਣ ਅੰਬ ਗਈ।

ਕਿੰਨੇ ਈ ਹੱਥ ਹੋ ਗਏ ਪੀਹ ਤੇ ਮੇਰੇ ਵਿੱਚ ਨਿਆਣਾ ਪਾ ਕੇ ਖੜੋ ਗਈ। ਝਹੇਡਾਂ ਕਰ-ਕਰ ਕੇ ਖੰਜਾ ਵੀ ਲਿਆ। ਐਤਕੀਂ ਮਾਰੀ ਦੇ ਨੇ ਪੱਤਾ ਰੱਖਕੇ ਕਾਟਾ ਲ਼ਗਾ ਕੇ ਮੈਂ ਸਾਰੀ ਮਿੱਤ ਨੂੰ ਆਵਦੇ ਪੱਖ ਵਿੱਚ ਕਰ ਲ਼ਿਆ ਤੇ ਪੀਹ ਨੂੰ ਕੱਡਕੇ ਔਹ ਪਰੇ ਮਾਰਿਆ। ਮਰਦਾ ਬੰਦਾ ਕੋਈ ਪਾਪ ਕਰੇ ਉਹ ਗੱਲ ਤਾਂ ਵੱਖਰੀ ਐ। ਉਹਦੇ ਵਿੱਚ ਕਿਸੇ ਰਾਇਤ ਦੀ ਵੀ ਗੁਜਾਇਸ਼ ਹੁੰਦੀ ਐ।

ਪਰ ਗ੍ਰੰਥੀ ਹੋ ਕੇ ਆਹ ਪੱਤਾ ਰੱਖਕੇ ਕਾਟਾ ਲਾਉਂਣ ਵਾਲ਼ੀ ਗੱਲ਼ ਰੱਬ ਤੋਂ ਵੀ ਨਹੀਂ ਜ਼ਰੀ ਜਾਣੀ। ਕਲ਼ੇਜੇ ਵਿੱਚ ਬੀੜੀ ਦੇ ਨਖਾਰੇ ਜਿੱਡੀ ਮੋਰੀ ਹੋ ਗਈ ਤੇ ਮੈਂ ਸੱਜੇ ਕੰਨ ਨੂੰ ਖੁਰਕ ਕਰਨ ਦੇ ਪੱਜ ਨਾਲ਼ ਹੱਥ ਲਾ ਕੇ ਤੌਬਾ ਕੀਤੀ -"ਹੇ ਦਾਤਾ...ਮੰਦੀ-ਚੰਗੀ ਨੂੰ ਲਕੋਕੇ ਰੱਖੀਂ.."

"ਤੇਰਾ ਵੈਗੁਰੂ ਸਾਥੋਂ ਈਂ ਪਰਦਾ ਰੱਖਲੂ..ਹੈਂ..! ਲੋਕਾਂ ਦੀਆਂ ਅੱਖਾਂ 'ਚ ਘੱਟਾ ਝੋਕਦੂ..."-ਦੀਸ਼ੇ ਨੇ ਮੇਰਾ ਮੋਡਾ ਹਲੂਣ ਕੇ ਆਵਦੇ ਵੰਨੀਂ ਝਕਾ ਲਿਆ। ਸੱਜੇ ਹੱਥ ਦੀਆਂ ਦੋ ਉਂਗਲ਼ਾਂ ਦੀ ਦੁਸਾਂਘ ਨੱਕ ਤੇ ਸਿੰਨ ਦਿੱਤੀ-"ਪਰ ਆਵਦੀ ਨਿਗਾਹ 'ਚ ਕਰੇ ਕੋੜ ਥੋੜਾ ਕੱਜਲੂ.."-ਫਿਰ ਦੀਸ਼ਾ ਮੇਰੇ ਵੰਨੀ ਝਾਕੀ ਈ ਗਿਆ। ਕਿਸੇ ਸ਼ੈਅ ਤੋਂ ਡਰ ਖਾ ਕੇ ਨੀਵੀਂ ਪਾ ਲਈ।

"ਹਾਹੋ ਏਹ ਤੇ ਹੈ-ਈ ਫੇਰ.."-ਮੈਂ ਕੱਚਾ ਜਿਹਾ ਧੂੰਆਂ ਮਾਰਿਆ। ਅੱਖ਼ਾਂ ਦੇ ਕੋਏ ਕੰਬ ਗਏ।

"ਸੋਲ਼ਾਂ ਆਨੇ ਐ ਚਾਚਾ..."-ਸਾਜੀ ਨੇ ਤਾੜੀ ਮਾਰ ਕੇ ਪੂਰਾ ਮਾਣ ਕਰਿਆ ਤੇ ਕਿਹਾ-"ਬੰਦਾ ਤੇ ਆਵਦੀ ਨਿਗਾ 'ਚ ਸਹੀ ਹੋਣਾ ਚਾਈਦੈ... ਲੋਕਾਂ ਤੋਂ ਕੀ ਵੜੇਵਾਂ ਲੈਣਾ... ਨਾਲ਼ੇ ਲੋਕ ਤੇ ਮੇਰੇ ਸਾਲੇ ਰੱਬ ਤੋਂ ਵੀ ਦੁੱਖੀ ਐ...ਰੱਬ ਤੋਂ ਵੀ.."-ਸਾਫ਼ੇ ਦਾ ਢਿੱਲਕ ਰਿਹਾ ਲ਼ੜ ਲੋਟ ਕਰਕੇ ਟੁੰਗ ਲਿਆ।

ਜਿਸ ਬੰਦੇ ਵਿੱਚ ਪੀਹ ਚਲ਼ੀ ਗਈ ਉਹਨੇ ਸਾਰੇ ਪੱਤੇ ਸਰਾਂ ਵਿੱਚ ਰਲ਼ਾਕੇ ਤਰਾਸ਼ ਲ਼ਏ ਤੇ ਮੇਰੇ ਅੱਗੇ ਹੱਥ ਅੱਡ ਕੇ ਆਖਿਆ-"ਲ਼ਿਆ ਬਈ ਵਖਾ-ਖਾਂ ਪੱਤੇ..ਏਨਾਂ 'ਚ ਕੇੜੀ ਰਮੈਣ ਛਪਲਾਈ ਬੈਠਾਂ.."

"ਹਏਂ..!..ਪੱਤੇ..!"-ਮੇਰਾ ਤੇ ਰੰਗ ਈ ਵਾਣ-ਵੰਨਾ ਜਿਹਾ ਹੋ ਗਿਆ। ਥੁੱਕ ਦੀ ਘੁੱਟ ਨੂੰ, ਜੋ ਮੈਂ ਪਿਚਕਾਰੀ ਮਾਰਕੇ ਔਹ ਪਰੇ ਕਰਮ ਤੇ ਸੁਟਣਾ ਸੀ, ਸੰਘ ਤੋਂ ਹੇਠਾਂ ਨਿਘਾਰ ਲ਼ਿਆ।

"ਹਏਂ..!..ਹਏਂ ਕੀ..?"-ਮੇਰੀ ਚਿੜ ਭੰਨਾ ਕੇ ਸੱਜੀ ਸੇਲ਼ੀ ਮਾਰੀ-"ਹਲ਼ੇ ਭੰਬੂ ਦੀ ਬੇਗੀ ਨੀਂ ਟੱਪੀ... ਮੇਰੇ ਵੀ ਪੂਰੇ ਪੱਤੇ ਗਿਣੇ ਵਏ-ਆ..ਬੱਚੂ ਤੇਰੇ ਨੇਫ਼ੇ 'ਚੋਂ ਲੱਬੂ..ਵਖਾ..ਮਖਿਆ ਗ੍ਰੰਥੀ ਹੋ ਕੇ ਵੀ ਹਜੇ ਤੀਵੀਂ ਦਾ ਮੋਹ ਨੀਂ ਛੱਡਿਆ.."

ਬੇਗੀ ਨੂੰ ਥੁੱਕ ਲਾ ਕੇ ਗੋਲੇ ਹੇਠ ਕਰਕੇ ਜੋੜ ਲਿਆ ਤੇ ਉਹਦੇ ਅੱਗੇ ਸਾਰੇ ਪੱਤੇ ਖਲ਼ਾਰ ਕੇ ਛੱਜ਼ ਬਣਾਕੇ ਕਰ ਦਿੱਤੇ। ਉਹ ਪੋਟੇ ਨੂੰ ਥੁੱਕ ਲ਼ਾ ਕੇ ਪੱਤੇ ਫਰੋਲ ਕੇ ਵੇਖਣ ਲੱਗ ਪਿਆ।

"ਗੁਰੂ ਕਾ ਖਾਲਸੈ ਕੰਜਰੋ..ਐਦੇ ਤੇ ਤਬਾਰ ਕਰੋ...ਦਾੜ੍ਹੀ ਆਲ਼ੇ ਬੰਦੇ ਦੀ ਹੇਠੀ ਕਰਨ ਤੇ ਤੁਲ਼ੇ ਓਂ..ਗੱਪ ਥੋੜਾ ਰਾੜੂ..ਸਵ ਖੇਹੀ ਕਰੀ ਜਾਨੇ ਓਂ.."-ਦੀਸ਼ੇ ਨੇ ਮੇਰੇ ਪੱਖ ਵਿੱਚ ਹਾਮੀ ਭਰੀ। ਇਹ ਸੁਣਕੇ ਮੇਰੇ ਤੋਂ ਇੱਕ ਬਿੰਦ ਵੀ ਨਹੀਂ ਹੋਰ ਬੈਠਿਆ ਗਿਆ। ਚੋਲ਼ੇ ਨੂੰ ਠੀਕ ਕਰਕੇ, ਕੱਛਹਿਰੇ ਦਾ ਲ਼ਮਕ ਰਿਹਾ ਨਾਲ਼ਾ ਨੇਫ਼ੇ ਵਿੱਚ ਅੜੁੰਗ ਲਿਆ। ਹੋਰ ਜਾਣੇ ਨੂੰ ਆਵਦੀ ਥਾਏਂ ਬੈਠਾ ਕੇ, ਬਰਛਾ ਚੱਕ ਕੇ ਘਰ ਨੂੰ ਤੁਰ ਪਿਆ। ਗਲ਼ੀ ਵਿੱਚ ਪਈ ਪਿੱਲ਼ੀ ਇੱਟ ਦੇ ਠੁੱਡਾ ਮਾਰਕੇ ਦੋ ਡਲ਼ੇ ਕਰ ਦਿੱਤੇ।

"ਅੰਮ੍ਰਿਤ ਪਾਨ ਕਰਕੇ ਤੇ ਬੰਦੇ ਦਾ ਅੰਦਰ ਚਾਨਣ ਨਾਲ਼ ਭਰਕੇ ਸੁੱਚਾ ਹੋ ਜਾਂਦੈ...ਪਰ ਮੇਰਾ ਤੇ ਜਾਣੀ ਅੱਗੇ ਨਾਲ਼ੋਂ ਵੀ ਬੇੜਾ ਬਹਿ ਗਿਆ... ਮੂੰਹ ਚੱਕ ਕੇ ਐਵੇਂ ਗ੍ਰੰਥੀ ਬਣਕੇ ਬਹਿ ਗਿਆਂ... ਪਾਪ ਤੇ ਛੋਰੀ ਦੇਣੇ ਹਜੇ ਵੀ ਓਨੇ ਕਰੀਂ ਜਾਨਾਂ...ਜੇ ਉੱਥੇ ਈ ਪੱਤਾ ਰੱਖਕੇ ਲ਼ਾਈ ਕਾਟ ਦੀ ਸੈਤਾਨੀ ਫੜੀ ਜਾਂਦੀ ਤੇ ਏਸ ਸਾਰੀ ਚਵਲ਼ ਹੇੜ ਨੇ ਚੇੜ ਈ ਪਾ ਲ਼ੈਣੀ ਸੀ ਅਖੇ-"ਊਂ ਤੇ ਚੋਲ਼ਾ ਪਾਕੇ ਬਣਿਆ ਫਿਰਦੈ



ਗ੍ਰੰਥੀ..ਊਂ ਵੱਡਾ ਨਗੋਰੀ ਤਾਸ਼ ਵਿੱਚ ਬੇਈਮਾਨੀ ਕਰਦਾ ਅਹੀਂ ਵੀਹ ਆਗੀਂ ਬੜੁੱਚ ਲਿਆ..ਹੂੰ.."-ਮੈਂ ਗਲ਼ੀ 'ਚ ਖੜੋਕੇ ਪਿੱਛੇ ਭਉਂ ਕੇ ਵੇਖਿਆ ਤਾਂ ਓਨਾਂ ਦੀਆਂ ਅਵਾਜ਼ਾਂ ਛਾਤੀ ਪੱਛ ਗਈਆਂ।

"ਮੇਰਾ ਤੇ ਹੋ ਗਿਆ ਸੀ ਨਾ 'ਅੱਲ੍ਹਾ-ਹੂ' ਚਲੋ ਸ਼ੁਕਰ ਆ ਰੱਬ ਨੇ ਸਾਰੀ ਪੱਤੀ 'ਚ ਮੇਰੀ ਇੱਜ਼ਤ ਰੱਖਲ਼ੀ, ਸ਼ੁਕਰ ਐ, ਰੱਖੀ ਵੀ ਆਵਦੇ ਵਾਸਤੇ ਈ ਐ...ਕੋਈ ਅਹਿਸਾਨ ਨਹੀਂ ਕਰਿਆ...ਪਰ ਜੇ ਮੈਂ ਆਪ ਤੋਂ ਸੱਚ ਪੁੱਛਾਂ ਤਾਂ ਮੇਰੀ ਖੁਦ ਅੱਗੇ ਕੋਈ ਖਾਸ ਕਦਰ ਨਹੀਂ ਰਹੀ.."-ਪਿੱਛੇ ਭਉਂ ਕੇ ਵੇਖਿਆ ਤਾਂ ਠੇਡਾ ਖਾ ਕੇ ਡਿੱਗਦਾ ਮਸਾਂ ਬਚਿਆ-"ਜਿੰਨਾ ਚੀਕ ਬੰਦਾ ਆਵਦੀ ਨਿਗ਼ਾ ਵਿੱਚ ਨਈਂ ਗਿਰਦਾ ਓਨਾਂ ਚਿਰ ਈ ਮਾਣ ਨਾਲ਼ ਜਿਉਂ ਸਕਦੈ...ਪਰ ਫੇਰੇ ਦੇਣੀ ਦੇ ਕੁਛ ਗੁਨਾਹ ਹੁੰਦੇ ਈ ਐਵਜੇ ਨੇ... ਜਿੰਨਾਂ ਨੂੰ ਬੰਦਾ ਆਪ ਈ ਮਾਫ ਕਰਦੈ ਕਾਈ ਹੋਰ ਨਈਂ.."-ਇਹਨਾਂ ਸੋਚਾਂ ਦੀ ਐਸੀ ਚੌਧੀ ਲੱਗੀ ਘਰ ਜਾਣ ਦੀ ਥਾਂਏਂ ਮੈਂ ਏਧਰ ਛੱਪੜੀ ਤੇ ਆ ਗਿਆ।

ਕਿੰਨੇ ਦਿਨਾਂ ਬਾਦ ਅੱਜ ਧੁੰਦ ਪਾੜ ਕੇ ਧੁੱਪ ਨਿਕਲ਼ੀ ਸੀ।

ਹੱਥ ਵਿੱਚ ਫੜੇ ਬਰਛੇ ਨੂੰ ਧਰਤੀ ਦੀ ਹਿੱਕ ਵਿੱਚ ਗੱਡਕੇ ਛੱਪੜੀ ਦੇ ਕਿਨਾਰੇ ਬਹਿਕੇ ਥੇਬੀਆਂ ਕੱਡਣ ਲੱਗ ਪਿਆ। ਚੋਲ਼ਾ ਮਗਰੋਂ 'ਕੱਠਾ ਕਰਕੇ ਲ਼ੱਕ ਤੇ ਪੱਟਾਂ ਦੇ ਸੰਨ ਵਿੱਚ ਤੁੰਨ ਲਿਆ। ਕਿਤੇ ਗਿੱਲ਼ੀ ਰੇਤ ਨਾਲ਼ ਲਿੱਬੜ ਈ ਨਾ ਜਾਵੇ। ਥੇਬੀਆਂ ਕੱਡਣ ਦੇ ਨਾਲ਼ ਮਣਾਂ-ਮੂੰਹੀਂ ਭਾਰ ਹਲਕਾ ਹੋ ਜਾਂਦਾ।

ਮੰਹਿ ਨੂੰ ਮਲਕੇ ਨੁਹਾ ਰਹੇ ਨਾਜਰ ਨੂੰ ਬੋਲ਼ ਮਾਰਕੇ ਸੁਲ਼ਾ ਮਾਰੀ-"ਬਾਈ ਹੁਣ ਕਾਅਦੀ ਘਾਲੋਂ ਨੂੜੀ ਐ... ਕਾਤੋਂ ਐਵੇਂ ਜੂਨੀਂ ਰੋਲ਼ੀ ਜਾਨੈ...ਸਿੰਘ ਸਜਕੇ ਲੱਗ-ਜਾ ਗੁਰੂ ਦੇ ਲ਼ੜ'-ਗਿੱਲ਼ੇ ਹੱਥਾਂ ਨੂੰ ਥੇਬੀਆਂ ਕੱਡਕੇ ਝੜਕ ਕੇ ਸੁੱਕਾ ਕਰ ਲਿਆ। ਇਹ ਗੱਲ ਭਾਂਵੇ ਮੈਂ ਆਖ ਤੇ ਬੈਠਾ ਪਰ ਚਿੱਤ 'ਚੋਂ ਹਲੂਣੀ ਉੱਠੀ-ਬਈ ਲ਼ੜ ਲੱਗਣ ਦਾ ਕੀਤਾ ਤੇ ਮਨਾਂ ਮੰਵੀਂ ਡੱਕਵੰਝ ਈ ਐ..ਨਾਲ਼ੇ ਲੋਕ ਗੁਰੂ ਨੂੰ ਆਵਦੇ ਲ਼ੜ ਲੌਂਦੇ ਐ... ਟੁੱਕ ਦੀ ਬੁਰਕੀ ਪੱਕੀ ਕਰੀਐ... ਭੁੱਖਾ ਮਰਦਾ ਈ ਮੈਂ ਗ੍ਰੰਥੀ ਬਣ ਗਿਆਂ.."

"ਹਾ..ਈ..ਈ..!"-ਨਾਜਰ ਕੂਕਲ਼ੀ ਮਾਰਕੇ ਹੱਸ ਪਿਆ ਤੇ ਮੋਡੇ ਵੀ ਹਿੱਲੇ-'ਨਾ ਬੀ ਗ੍ਰੰਥੀਆ...ਹਲ਼ੇ ਮੈਥੋਂ ਤਾਂ ਨੀਂ ਧੂਇਆ ਜਾਣਾ ਪੱਗੜ ਦਾ ਮਣ ਬੋਝ.."-ਉਹਨੇ ਮੇਰੇ ਸਿਰ ਤੇ ਬੱਧੀ ਨੌ ਮੀਟਰ ਦੀ ਨੀਲ਼ੀ ਪੱਗ ਵੱਲ਼ ਉਂਗਲ਼ ਸੇਧੀ-"ਹਰਿੱਕ ਸ਼ੈਅ ਦਾ ਇੱਕ ਵੇਲ਼ਾ ਤੇ ਉਮਰ ਈ ਹੁੰਦੀਐ...ਹਜੇ ਤੇ ਸੁੱਖ 'ਨਾ ਕੰਜਰਾ ਪੁੱਠੇ-ਸਿੱਧੇ ਕੰਮ ਕਰਨ ਦੀ ਉਮਰ ਐ ...ਫੇਰ ਜਿਦੋਂ ਪਿੰਡੇ 'ਚ ਸੱਤਿਆ ਨਾ ਰਹੀ ਬਣਜੂੰ ਆਪੇ ਈ ਰੱਬ ਵੰਨੀਓਂ ਨਿੰਘ...ਚਿੱਤ 'ਚ ਮੈਲ਼ ਨੀਂ ਰੱਖਣੀ.."

'ਕੰਜਰ' ਆਖਣ ਦੀ ਤਾਂ ਓਦੀ ਪੱਕੀ ਆਦਤ ਸੀ। ਹਰਖ ਵੀ ਕੋਈ ਨਹੀਂ ਸੀ ਕਰਦਾ। ਨਾਲ਼ੇ ਇਹ ਵੀ ਕਿਹੜਾ ਕਿਸੇ ਨੂੰ ਗੱਲ਼ ਚਿੱਥ ਕੇ ਜਾਂ ਲਾ ਕੇ ਕਹਿੰਦਾ ਸੀ। ਬੂਰੀ ਮੰਹਿ ਦੀ ਮੋਟੀ ਪੂਛ ਜਚਾਕੇ ਫੜੀ ਹੋਈ ਸੀ, ਕਿਤੇ ਗੰਦੇ ਪਾਣੀ ਦੇ ਉੱਤੇ ਛਿੱਟੇ ਨਾ ਪਾਦੇ। ਇੱਟ ਦੀ ਡੋਲ਼ੀ ਨਾਲ਼ ਮੰਹਿ ਦੇ ਪਿੰਡੇ ਤੇ ਜੰਮਿਆਂ ਗੋਹਾ ਖੁਰਚ-ਖੁਰਚ ਕੇ ਲਾਹੀ ਗਿਆ। ਖਰਖਰਾ ਘਰੇ ਭੁੱਲ਼ ਗਿਆ ਹੋਣਾ...!

"ਬੁਡੇਪੇ 'ਚ ਜਾ ਕੇ ਹਰਿੱਕ ਮੱਲੋ-ਮੱਲੀਂ ਰੱਬ ਦਾ ਸਾਲ਼ਾ ਬਣਨ ਨੂੰ ਫਿਰਦੈ ਵੈਗਰੂ...ਪਰ ਤਮਾ ਐਸ ਉਮਰ 'ਚ ਈ ਹੁੰਦੀਐ.."-ਬਰਛਾ ਧਰਤੀ ਦੀ ਹਿੱਕ ਵਿੱਚੋਂ ਖੁੰਗ ਲ਼ਿਆ ਤੇ ਚੁੰਜ ਨੂੰ ਲੱਗੀ ਕਾਲ਼ੀ ਮਿੱਟ-ਬਰੇਤੀ ਨਾਲ਼ ਪਾਣੀ 'ਚ ਘਚੋਲ਼ ਕੇ ਧੋ ਲਿਆ। ਧੁੱਪ ਵਿੱਚ ਲਿਸਕਾ ਕੇ ਵੇਖ਼ਿਆ।

"ਕਾਤੋਂ..? ਓਦੋਂ ਰੱਬ ਨੇ ਲ਼ੜ ਨੀਂ ਲ਼ੌਣਾ...ਬੀ ਉਮਰ ਬਾਲ਼ੀ ਹੋ-ਗੀ ਐ.."-ਦੰਦ ਜੋੜ ਕੇ ਮੂੰਹ ਵਿੱਚੋਂ ਟਿੱਚ ਦੀ ਅਵਾਜ਼ ਕੱਡਕੇ ਛੱਪੜੀ 'ਚ ਉੱਗਰੇ ਵਣ ਦੇ ਤਣੇ ਨਾਲ਼ ਸਿਰ ਖਰਕ ਰਹੀ ਮੰਹਿ ਨੂੰ ਹੋਕਰ ਮਾਰੀ-'ਹਿਸ਼..ਹਟ...'

"ਨਈਂ..ਨਈਂ ਔਹ ਗੱਲ਼ ਨਈਂ...ਜੀਨੂੰ ਧੰਨੇ ਭਗਤ ਆਨੂੰ ਜਿਉਂਦੇ-ਜੀਅ ਰੱਬ ਮਿਲ਼ਜੇ ਔਦੇ ਜੇਈ ਕਾਈ ਰੀਸ ਨਈਂ.."-ਛੱਪੜੀ ਦੇ ਪਾਣੀ ਦੀਆਂ ਸੱਤ ਚੂਲ਼ੀਆਂ ਭਰਕੇ, ਕੋਢੀ ਢੂਹੀ ਖੜੋਕੇ 'ਵੈਗਰੂ' ਦੇ ਜਾਪ ਨਾਲ਼ ਸਿਰ ਉੱਤੋਂ ਦੀ ਪਿਛਾਂ ਛਿੜਕ ਦਿੱਤੀਆਂ। ਦਾੜ੍ਹੀ ਨਾਲ਼ ਗਿੱਲ਼ੇ ਹੱਥ ਪੂੰਜ ਲਏ।

"ਢੂਹੀ ਮਾਰ ਐਵਜੇ ਕੰਮ ਦੀ"-ਨਾਜਰ ਨੇ ਡਮਰੂ ਦੀ ਤਰਾਂ ਪੁੱਠੇ ਹੱਥ ਦਾ ਪੰਜਾ ਘੁਮਾਕੇ, ਹੱਥ

'ਚ ਫੜੀ ਡੇਲ਼ੀ ਨੂੰ ਵਣ ਦੇ ਤਣੇ ਨਾਲ਼ ਢੁੱਡ ਮਾਰਦੀ ਮੰਹਿ ਦੀ ਟੋਟਣ 'ਚ ਸਿੰਨ ਕੇ ਮਾਰਿਆ ਤਾਂ ਮੰਹਿ ਛੱਪੜੀ ਦੇ ਵਿਚਾਲ਼ ਨੂੰ ਤੁਰ ਪਈ-"ਮੁੜਕੇ ਨਈਂ ਐਸ ਜੂਨੀਂ ਔਣਾ ਜੱਗ ਤੇ...ਮੌਜਾਂ ਲੁੱਟ ਮੌਜਾਂ...ਮਰਕੇ ਵੀ ਭੈਣ ਦੇਣੇ ਰੱਬ ਕੋਲ਼ ਈ ਜਾਣੈ...ਫੇਰ ਓਨੂੰ ਐਥੇ ਜਿਉਂਦੇ-ਜੀਅ ਮਿਲ਼ਕੇ ਕੀ ਥਣ ਫੜੌਣਾ..."-ਸੱਜੀ ਬਾਂਹ ਨੂੰ ਕੂਹਣੀ ਕੋਲ਼ੋਂ ਮੋੜ ਕੇ ਵੱਖੀ ਨਾਲ਼ ਲਾ ਲਿਆ ਤੇ ਮੁੱਠੀ ਮੀਚ ਲਈ।

ਨਾਜਰ ਦੀ ਆਖ਼ੀ ਆਹ ਗੱਲ਼ ਖੁੜਕੀ ਵੀ ਬਾਲ਼ੀ ਪਰ ਫੇਰ ਵੀ ਮੈਂ ਕੁਛ ਬੋਲ਼ ਨਹੀਂ ਸਕਿਆ। ਖ਼ੌਰੇ ਕਿਸ ਗੱਲ਼ ਦੀ ਕਾਣ ਮੰਨ ਗਿਆ। ਉਹ ਖੰਗਰ ਇੱਟ ਅਰਗਾ ਪੱਕਾ ਯਾਰ ਸੀ। ਜੇ ਕੋਈ ਹੋਰ ਹੁੰਦਾ ਮੋਡੇ 'ਚੋਂ ਬਾਂਹ ਨਾ ਛੁੰਗ ਦਿੰਦਾ। ਖ਼ਰ ਏਹ ਵੀ ਆਪ ਨੂੰ ਹੱਥੀਂ ਫੋਕੀ ਅਣਫ਼ ਦੇ ਪੱਠੇ ਪਾਉਂਣ ਵਾਲ਼ੀ ਗੱਲ਼ ਈ ਹੈ। ਹੋਰ ਕੋਈ ਹੁੰਦਾ ਫੇਰ ਵੀ ਕਿਹੜਾ ਮੈਂ ਵੰਝ ਖੁੰਘ ਦੇਣਾ ਸੀਗਾ। ਸੱਚੀ ਗੱਲ਼ ਮੇਰੇ ਜਿਹੇ ਝੂਠੇ ਬੰਦੇ ਨੂੰ ਗਾਲ਼ ਈ ਹੁੰਦੀ ਹੈ। ਚਲੋ ਛੱਡੋ ਪਰੇ ਏਹ ਗੱਲ਼। ਮਿੱਟੀ ਪਾਓ...ਤੁਸੀਂ ਕੀ ਲੈਣਾ..?

ਉਂਝ ਮੇਰੀ ਪੱਕੀ ਟੌਹਰ ਬਣ ਗਈ ਗ੍ਰੰਥੀ ਬਣਕੇ। ਜਿੱਥੇ ਵੀ ਕਿਤੇ ਜਾਵਾਂ ਹਰ ਸ਼ੈਅ ਖਾਣ-ਪੀਣ ਵਾਲ਼ੀ ਸਾਰਿਆਂ ਤੋਂ ਮੋਹਰੀ ਕਰਕੇ ਮੈਨੂੰ ਈ ਦਿੱਤੀ ਜਾਂਦੀ ਹੈ। ਕਿਤੇ ਬਾਦ ਵਿੱਚ ਜੂਠੇ-ਮਿੱਸੇ ਹੱਥ ਲੱਗਣ ਕਰਕੇ ਮੇਰਾ ਅਮ੍ਰਿੰਤ ਨਾ ਭੰਗ ਹੋ ਜਾਵੇ। ਨਾਲ਼ੇ ਸੁੱਖ ਨਾਲ਼ ਹੁਣ ਤੇ ਮਹੀਨੇ ਵਿੱਚ ਵਾਰਾ ਨਹੀਂ ਆਉਂਦਾ ਕਦੇ ਕਿਸੇ ਦਾ ਭੋਗ..ਕਦੇ ਕਿਸੇ ਮੰਗਣਾ-ਵਿਆਹ। ਜੇਬ ਵਿੱਚ ਗਾਂਧੀ ਦੀ ਟੋਟਣ ਪੂਰੀ ਲਿਸਕਾ ਕੇ ਰੱਖੀ ਦੀ ਐ। ਜਿਸ ਨੋਟ ਤੇ ਗਾਂਧੀ ਦੀ ਬੂਥੀ ਨਈਂ ਹੁੰਦੀ ਉਹ ਧੇਲੇ ਦਾ ਈ ਰਹਿ ਜਾਂਦੈ। ਜਵਾਕ ਨਈਂ ਵਿਰਦਾ ਓਸ ਨਾਲ਼ ਤੇ। ਊਂ ਮੇਰੇ ਸਾਲ਼ੇ ਆਖਣ-ਗੇ-'ਗਾਂਧੀ ਬਾਲ਼ਾ ਮਾੜਾ ਏਨੇ ਮੁਲ਼ਖ ਭੁੰਜੇ ਲਾਕੇ ਰੱਖਤਾ'-ਪਰ ਸੱਚੀਂ ਗੱਲ਼ ਤਾਂ ਏਹ ਐ..ਚਲ਼ਦੀ ਗਾਂਧੀ ਦੀ ਡਾਂਗ ਈ ਐ..। ਮੇਰੇ ਨਾਲੋਂ ਕਈ ਬੰਦੇ ਉਮਰ 'ਚ ਕਾਰੀ ਵੱਡੇ ਆ..ਬਾਲ਼ੇ ਵੀ ਨਹੀਂ..ਨਾਲ਼ੇ ਮੈਂ ਬੱਗੇ-ਕਾਂਵਾਂ ਵੇਲੇ ਦਾ ਤਾਂ ਨਹੀਂ ਜੰਮਿਆ। ਆਹੀ ਕੋਈ ਦੋ-ਤਿੰਨ ਵਰ੍ਹੇਵੱਡੇ ਹੋਣਗੇ। ਉਹਨਾਂ ਨੂੰ ਬੀੜੀ ਪੀਂਦੇ ਵੇਖਕੇ ਮਨ ਲ਼ਲਚਾ ਜਿਹਾ ਜਾਂਦਾ। ਕੀ ਕਰਾਂ ਸਬਰ ਨਹੀਂ ਹੁੰਦਾ। ਮੂੰਹ ਵਿੱਚ ਐਨਾ ਪਾਣੀ ਆ ਜਾਂਦਾ ਏ ਕਈ ਵਾਰ ਤੇ ਸਾਰੇ ਬੰਦਨ ਤੇ ਰੋਕਾਂ ਉਹਦੇ ਵਿੱਚ ਡੁੱਬਕੇ ਮਰ ਜਾਣ ਨੂੰ ਕਰਦੇ ਹਨ।

ਭੁੱਖ ਦੀ ਲਾਲ਼ਸਾ ਨਾਲ਼ ਮੇਰੇ ਹੱਥ ਵੀ ਕੰਬਣ ਲੱਗ ਪੈਂਦੇ ਹਨ-'ਏਹ ਤੇ ਐਬ ਨੇ ਬਚੋ..ਬਚੋ..!' ਫੋਕੇ ਜਿਹੇ ਹਰਫ਼ ਮੇਰੀ ਜੀਭ ਐਵੇਂ ਬੋਲ਼ੀ ਜਾਂਦੀ ਹੈ। ਮੈਂ ਛੇਤੀ ਨਾਲ਼ ਅੱਖਾਂ ਮੁੰਦਕੇ ਗੀਝੇ 'ਚੋਂ ਮਾਲ਼ਾ ਕੱਡਕੇ ਫੇਰਦਾ ਹੋਇਆ 'ਵੈਗੁਰੂ... ਵੈਗੁਰੂ.!' ਦਾ ਜਾਪ ਕਰਨ ਲੱਗ ਪੈਂਦਾ ਹਾਂ। ਪਰ ਸਾਰੇ ਰੌਲ਼ੇ-ਰੱਪੇ ਵਿੱਚੋਂ ਕੱਚ ਦੀ ਗਲ਼ਾਸੀ 'ਚ ਧਾਰ ਬੰਨ ਕੇ ਪੈਂਦੀ ਰੂੜੀ ਮਾਰਕਾ ਦਾਰੂ ਦੀ ਟੁਣਕਾਰ ਈ ਸੁਣਾਈ ਦਿੰਦੀ ਹੈ। ਚਿੱਤ ਦੀ ਠਰਕ ਭੋਰਨ ਦੇ ਲਈ ਮੈਂ ਜੱਗ ਵਿੱਚੋਂ ਪਾਣੀ ਦੀ ਧਾਰ ਬੰਨਕੇ ਇਉਂ ਪਾਉਂਨਾ ਜਿਵੇਂ ਕੋਈ ਪੈੱਗ ਬਣਾ ਰਿਹਾ ਹੋਵਾਂ। ਕੰਨ ਦੀ ਸਿਸਤ ਬੰਨਕੇ ਪਾਣੀ ਦੀ ਪੈਂਦੀ ਟੁਣਕਾਰ ਸੁਣਦਾਂ..! ਬੇਬੇ ਨੇ ਕਈ ਵਾਰ ਮੈਨੂੰ ਏਦਾਂ ਕਰਦੇ ਨੂੰ ਵੇਖਿਆ ਤੇ ਫੇਰ ਕਨਸੋ ਲਈ-'ਵੇ ਪੁੱਤ ਆਹ ਕੀ ਖੇਡਾਂ ਜੇਈਆਂ ਕਰੀ ਜਾਂਨੈ...'-ਮੇਰੇ ਹੱਥ ਪੈਰ ਕੰਬ ਜਾਂਦੇ ਨੇ ਜਿਵੇਂ ਮੈਂ ਕੋਈ ਕੋਤਾਈ ਕਰਦਾ ਫੜ ਲਿਆ ਗਿਆ ਹੋਵਾਂ।

ਫ਼ੈਰ ਹੁਣ ਛੱਪੜੀ ਦੇ ਕਿਨਾਰੇ ਖੜੇ ਦਾ ਤੇਹ ਨਾਲ਼ ਮੇਰਾ ਸੰਘ ਈ ਆਠਰ ਗਿਆ। ਗਲ਼ਾ ਖਗੂੰਰ ਕੇ ਥੁੱਕ ਜੀਭ ਤੇ ਰੱਖ ਲਿਆ ਤੇ ਫੇਰ ਕਿਤੇ ਨੇੜ-ਤੇੜ ਨਲ਼ਕਾ ਵੇਖਿਆ। ਦੋ ਘੁੰਮਾਂ ਦੀ ਲ਼ਾਮ 'ਤੇ ਲੱਗੇ ਨਲ਼ਕੇ ਤੋਂ ਤੀਵੀਂਆਂ ਪਾਣੀ ਦੇ ਭਰੇ ਤੌੜੇ ਸਿਰ ਤੇ ਰੱਖਕੇ ਲਈ ਆਉਂਦੀਆਂ ਨਿਗਾਹ ਚੜ ਗਈਆਂ।

ਮੈਂ ਤਿੱਖੀ ਅੱਖ ਦੀ ਲਿਸਕੋਰ ਨਾਲ਼ ਮੜੰਗਾ ਪਛਾਣ ਗਿਆ-'ਏਹ ਮੂਰਤੀ ਆ..!'

ਸੁੱਤੇ ਨਾਗ ਜੇਹੀ ਕੋਈ ਸ਼ੈਅ ਮੇਰੇ ਅੰਦਰ ਫੇਰ ਜਾਗ ਪਈ। ਮੂਰਤੀ ਨਾਲ਼ ਕਿੰਨੇ ਈ ਵਰਿਆਂ ਤੋਂ ਪਿਆਰ ਦੀ ਛਹਿ ਹੇਠ ਸਰੀਰਾਂ ਦੀ ਪੱਕੀ ਸਾਂਝ ਵਾਲ਼ਾ ਰਿਸ਼ਤਾ ਚੱਲ਼ਿਆ ਆ ਰਿਹਾ ਸੀ। ਗ੍ਰੰਥੀ ਬਣਨ ਦੇ ਲ਼ਈ ਹਾਲ਼ੇ ਦਾੜੀ ਵਧੌਣੀ ਸ਼ੁਰੂ ਕਰੀ ਸੀ ਪਰ ਮੂਰਤੀ ਦੇ ਨਾਲ਼ ਰੱਜਕੇ ਜਿਉਂਣਾ ਚਾਹੁੰਦਾ ਸਾਂ। ਕਿਤੇ ਫੇਰ ਨਾ ਇਹਦੀ ਰੜਕ ਚਿੱਤ ਵਿੱਚ ਖੌਰੂ ਪਾਵੇ..! ਚਿੱਤ ਅਕਾ ਲੈਣ ਦੀ ਰੀਝ ਸੀ।

ਓਦਣ ਰਾਤ ਨੂੰ ਕੰਧ ਲ਼ੰਘ ਕੇ ਘਰ ਦੇ ਵਿਹੜੇ ਵਿੱਚ ਉੱਤਰ ਗਿਆ ਸਾਂ। ਗੇਟ ਨੂੰ ਸੱਬਲ਼ ਅਡਾ



ਕੇ ਪਿੱਤਲ਼ ਦਾ ਵੱਡਾ ਮੁੱਠੀ ਜਿੰਦਰਾ ਲ਼ਾਇਆ ਪਿਆ ਸੀ। ਪਰ ਕੰਧ ਬੰਦੇ ਦੇ ਕਾਮ ਤੋਂ ਛੋਟੀ ਈ ਹੁੰਦੀ ਹੈ। ਭੋਥੇ ਦਾ ਲਾਂਗੜ ਕੱਡਕੇ ਕੰਧ ਦੀ ਛਾਂਵੇਂ ਦਬਵੇਂ ਪੈਰੀਂ ਘਰ ਦੇ ਦੂਜੇ ਬੰਨੇ ਗਿਆ ਜਿੱਥੇ ਮੂਰਤੀ ਛੱਤੜੇ ਦੇ ਹੇਠ ਖ਼ੜੀ ਸੀ। ਹਿੱਕ ਵਿੱਚ ਧੇਹ ਦੇ ਕੇ ਵੱਜੀ। ਮੌਤ ਦਾ ਡਰ ਵੀ ਕਿਧਰੇ ਈ ਪੂਣੀ ਕੱਤ ਗਿਆ। ਮੈਂ ਪੋਲ਼ੇ ਜਿਹੇ ਬੁੱਲ਼ਾਂ ਤੇ ਬੁੱਲ਼ ਰੱਖਕੇ ਲੰਬਾ ਚੁੰਮਣ ਕਰਨ ਦੀ ਕੋਸ਼ਿਸ਼ ਕੀਤੀ ਤਾਂ ਮੁੱਛਾਂ ਦੇ ਕੁਛ ਵਾਲ਼ ਨੱਕ ਵਿੱਚ ਵੜ ਗਏ ਤੇ ਕੁਛ-ਕੁ ਮੂੰਹ ਵਿੱਚ। ਵਾਲ਼ਾਂ ਨਾਲ਼ ਝੁਣਝੁਣੀ ਜੇਹੀ ਹੋਈ। ਦੋਵਾਂ ਦਾ ਨਜ਼ਾਰਾ ਈ ਬਕਬਕਾ ਹੋ ਗਿਆ..!

"ਵੇ ਜਾ ਪਰੇ ਮਰ..ਥੂ..ਥੂ..!"-ਛਾਤੀ ਤੇ ਧੱਫ਼ਾ ਮਾਰਕੇ ਮੈਨੂੰ ਜੋਕ ਆਗੂੰ ਤੋੜਕੇ ਪਰੇ ਕਰ ਦਿੱਤਾ ਤੇ ਜੀਭ ਬਾਹਰ ਕੱਡਕੇ ਮੂੰਹ ਵਿੱਚੋਂ ਦਾੜੀ ਦੇ ਵਾਲ਼ ਕੱਡਣ ਲੱਗ ਪਈ। ਮੇਰੇ ਨਾਲ਼ ਗਾਡੀ ਪਾਕੇ ਜਿਵੇਂ ਆਪ ਨੂੰ ਹੱਥੀਂ ਢੱਠੇ ਖੂਹ 'ਚ ਧੱਕਾ ਦੇ ਦਿੱਤਾ ਹੋਵੇ।

"ਮਰਿਆ ਤਾਂ ਤੇਰੇ ਤੇ ਕਦੋਂ ਦਾ ਪਿਆਂ..ਜੇ ਹਾਲੇ ਵੀ ਕੋਈ ਕਸਰ ਰਹਿਗੀ ਐ ਤਾਂ ਅੱਜ ਕੱਡਲਾ"-ਬਾਂਹ ਫੜਕੇ ਆਪਣੇ ਵੱਲ ਖਿੱਚਿਆ ਤਾਂ ਉਹਨੇ ਫੇਰ ਜ਼ੋਰ ਨਾਲ਼ ਹਾਉਕਾ ਮਾਰ ਕੇ ਬਾਂਹ ਛੁਡਾ ਲ਼ਈ-"ਐਨੀ ਚਾਂਬਲ਼ੀ ਕਾਤੋਂ ਜਾਨੀਐ.. ਹਲ਼ੇ ਤੇ ਏਨੀ ਰਾਤ ਪਈਐ..ਪਾਠੀ ਵੇਲ਼ੇ ਜਾਊਂ.."- ਲੱਕ ਤੇ ਚੂੰਡੀ ਭਰ ਲਈ। ਚਾਰੇ ਬੰਨੇ ਧੌਣ ਘਕਾਕੇ ਵੇਖਿਆ ਤਾਂ ਚਾਨਣ ਦੀ ਕੋਈ ਤਿੱਪ ਵੀ ਨਹੀਂ ਸੀ ਲੱਭੀ। ਮੈਂ ਹੱਥਾਂ-ਪੈਰਾਂ ਵਿੱਚ ਆ ਗਿਆ।

ਮੂਰਤੀ ਨੇ ਭੁੰਜੇ ਡਿੱਗੀ ਪਈ ਚੁੰਨੀ ਝਾੜਕੇ ਸਿਰ ਤੇ ਲੋਟ ਕਰਕੇ ਲਈ-"ਮਖਿਆਂ ਅਗਾਂ ਤੋਂ ਦਾੜੀ ਮੁੰਨ-ਮੁੰਨਾ ਕੇ ਆਵੀਂ..ਇਉਂ ਬਿੰਦ ਨੀ ਨਿਬਾ ਹੋਣਾ'- ਦਾੜੀ ਦੇ ਵਾਲ਼ਾਂ ਦੀ ਚੂੰਡੀ ਭਰਕੇ ਮਲੀ-'ਨਈਂ ਤੇ ਕਾਈ ਲੋੜ ਨਈਂ ਕੌਲੇ ਕੱਛਣ ਦੀ...ਐਂ ਭਲੇਖਾ ਪੈਂਦਾ ਮਰਨੀ ਦਾ ਜਿਵੇਂ ਆਵਦੇ ਬੁੜੇ ਨਾਲ਼ ਚੁੰਬੜੀ ਹੋਆਂ...ਤੇਰੇ ਜਿਸ ਰੂਪ 'ਨਾ ਮੋਹ ਪਾਇਆ ਸੀਗਾ...ਔਂਤ ਪੈਣਾ ਔਹ ਤੇ ਜਾਣੀ ਰਿਹਾ ਨੀਂ ਤੇਰਾ.." -ਚੁੰਨੀ ਦੀ ਬੁੱਕਲ਼ ਮਾਰਕੇ ਪਰਾਂ ਹਨੇਰੇ ਵਿੱਚ ਸਿੱਤਮ ਹੋ ਗਈ। ਬੋਲ਼ ਮਾਰਕੇ ਵੀ ਨਹੀਂ ਠੱਲ਼ ਸਕਿਆ। ਮੇਰੇ ਪੈਰਾਂ ਵਿੱਚ ਮਧੋਲ਼ ਕੇ ਟਿੱਥ ਗਈ।

"ਆਹ ਕੁੱਤੀ ਤੀਵੀਂ ਪਿੱਛੇ ਲਾ-ਕੇ ਦਾੜੀ ਖੱਸੀ ਕਰਾ ਦਿਆਂ...ਦੂਰ ਫਿੱਟੇ ਮੂੰ"-ਚਿੱਤ ਵਿੱਚ ਇੱਕ ਹੰਕਾਰ ਭਰ ਗਿਆ। ਮੈਂ ਖਿੱਝ ਕੇ ਜ਼ੋਰ ਦੇਣੀ ਉਹਦੇ ਪ੍ਰਛਾਂਵੇਂ ਨੂੰ ਦਲੱਤੀ ਜੱਦਰ ਦਿੱਤੀ। ਮਿੱਟੀ ਦੀ ਧੂੜ ਮੇਰੇ ਸਿਰ ਤਾਂਈ ਉੱਡਕੇ ਪਈ। ਫੇਰ ਕਈ ਦਿਨ ਮੈਂ ਲੰਗ ਮਾਰਕੇ ਈ ਤੁਰਦਾ ਰਿਹਾ। ਮੇਰੀ ਜਾਚੇ ਮੂਰਤੀ ਦੇ ਹਾਣ ਦਾ ਕੋਈ ਵੀ ਨਹੀਂ ਸੀ ਦਿਖ਼ ਰਿਹਾ। ਮਨ ਦੇ ਏਸ ਧੂੰਐਂ ਨੂੰ ਮਕੌਣ ਲਈ ਤੇ ਸ਼ਰਨ ਲ਼ਈ ਸੀ, ਪਰ ਨਹੀਂ, ਆਪ ਨੂੰ ਕਿਸੇ ਹੋਰ ਕੈਦ ਵਿੱਚ ਨੂੜ ਲਿਆ। ਮੈਂ ਕੁਲ਼ਜੀ ਗਿਆ ਤੇ ਮੁੱਛ ਨੂੰ ਵਟਾ ਚਾੜਿਆ। ਕਿਸੇ ਦੇ ਲ਼ੜ ਲੱਗ ਕੇ ਏਹੀ ਹੰਕਾਰ ਤੇ ਮਾਰਨਾ ਹੁੰਦਾ, ਜੋ ਮੇਰੇ 'ਚ ਲਾਂਗੜ ਕੱਡਕੇ ਖੜੋ ਗਿਆ ਸੀ। ਮੈਂ ਕੰਧ ਟੱਪਕੇ ਘਰ ਨੂੰ ਆ ਗਿਆ-"ਕੋਈ ਨਾ.."-ਕੋਲ਼ ਖੜੀ ਟਰਾਲ਼ੀ ਦੀ ਬਾਡੀ ਤੇ ਬਾਣੀ ਪੰਗਤੀ ਲਿਖੀ ਹੋਈ ਸੀ-"ਕਿਸ ਨੂੰ ਮੰਦਾ ਆਖਿਐ..ਜਿਤ ਜੰਮਿਆਂ ਰਾਜਣ..।"

ਮੇਰੇ ਪਿੰਡੇ ਦਾ ਸਾਰਾ ਚਿੱਟਾ ਲਾਵਾ ਫੇਰ ਨਾੜਾਂ 'ਚ ਗਸ਼ਤ ਕਰਨ ਲੱਗ ਪਿਆ।

ਪਰ ਹੁਣ...!

ਪਾਣੀ ਦਾ ਤੌੜਾ ਸਿਰ ਤੇ ਰੱਖਕੇ ਕੋਲ਼ ਦੀ ਲੰਘਦੀ ਮੂਰਤੀ ਇੱਕ ਰੁੱਕਾ ਨਾਜਰ ਨੂੰ ਫੜਾਕੇ ਜਾਂਦੀ ਹੋਈ ਮੇਹਣਾ ਮਾਰ ਗਈ-"ਮਖਾਂ ਪੈਰੀ ਪੈਨੀ ਆਂ ਬਾਬਾ ਜੀ...ਜਿੰਨਾਂ ਚਿਰ ਮੈਂ ਆਵਦੇ ਪਿਓ ਦੇ ਦਰੀਂ ਬੈਠੀਂ ਆਂ...ਓਦੋਂ ਤੀਕ ਤੇਰੀਆਂ ਜੀ ਔਂਦਿਆਂ ਨੂੰ...ਜਿੱਦੋਂ ਚਾਰ ਲਾਂਵਾਂ ਲੈਲ਼ੀਆਂ ਓਦੋਂ ਜਾਣੀ ਮੇਰੇ ਵੰਨੋਂ ਵੀ ਤੇਰਾ ਭੋਗ ਪੈਗਿਆ ..ਜੇ ਫੇਰ ਮੇਰੇ ਵੰਨੀਂ ਅੱਖ ਚਾਕੇ ਵੀ ਵੇਖਿਆ ਮੈਥੋਂ ਬੁਰਾ ਕਾਈ ਨੀਂ ਹੱਡ ਖਾਰ-ਦੂੰ"- ਤੇ ਚੁੰਨੀ ਦਾ ਲ਼ੜ ਦੰਦਾਂ ਹੇਠ ਚੱਬਕੇ ਖਿੜ ਕੇ ਹੱਸ ਪਈ। ਪਾਣੀ ਦਾ ਤੌੜਾ ਉਹ ਜਾਣ ਕੇ ਅਨਟਾਰੇ ਤਾਂਈ ਭਰਦੀ। ਪਾਣੀ ਛੱਲ਼ਕੇ ਕੁੱੜਤੀ ਨੂੰ ਵੱਖੀ ਕੋਲੋਂ ਭਿਉਂ ਦਿੰਦਾ ਤੇ ਇਉਂ ਲੱਗਦਾ ਅੱਗ ਦਾ ਭਾਂਬੜ ਭਿੱਜ ਗਿਆ ਹੋਵੇ।

ਇਹ ਸੁਣਕੇ ਬਰਛੇ ਨੂੰ ਜ਼ੋਰ ਨਾਲ਼ ਧਰਤੀ ਵਿੱਚ ਪੀਨ ਤੀਕ ਗੱਡ ਦਿੱਤਾ ਜਿੱਥੇ ਉਹ ਦੀ ਪੈੜ ਦਾ ਨਿਸ਼ਾਨ ਸੀ। ਮੈਂ ਇੰਜ ਕਿਸ ਤੇ ਵਾਰ ਕਰਿਆ ਪਤਾ ਨਹੀਂ ਪਰ ਹਾਂ ਕੋਈ ਸ਼ੈਅ ਮੇਰੇ 'ਚ ਮਰ ਗਈ..।

"ਕੰਜਰਾ ਆਹ ਸਵ ਕਜੀਆ ਤੇਰੀ ਦਾੜੀ ਦਾ...ਢੂਕਣੇ 'ਚ ਲ਼ੈਣੀ ਐਂ...ਜੇੜ੍ਹੀ ਭਾਣ ਵੱਟੀ ਦੀ ਐ ਵੱਟ-ਲ਼ੈ..."-ਉਹਨੇ ਮੋਡਾ ਮਾਰਕੇ ਭੋਥੇ ਦੇ ਲੜ ਫੜਕੇ ਤਾਂਅ ਚੱਕ ਕੇ ਚੱਸ ਭੰਨੀ-"ਔਹ ਵੇਖ ਜਾਂਦੀ ਐ ਕਨਈ ਸੱਕਾਂ ਨੂੰ ਅੱਗ ਲੌਂਦੀ...ਦੁੱਦ ਦਾ ਗਲਾਸ ਹੱਥ 'ਚ ਫੜਕੇ ਉਵਾਲ਼ਾ ਕੇੜਾ ਨਾ ਦਵਾਦੇ...ਨਾ ਤੈਥੋਂ ਰੱਬ ਦਾ ਹੋਇਆ ਜਾਣਾ ਤੇ ਨਾ ਜੱਗ ਦਾ.."-ਨਾਜਰ ਨੇ ਆਵਦੀ ਅਕਲ਼ ਨਾਲ਼ ਪੂਰੀ ਮਨੌਤੀ ਦਿੱਤੀ ਜਦੋਂ ਮੈਂ ਉਹਦੀ ਪਿੱਠ ਵੱਲ਼ ਆਨੇਂ ਪਾੜਕੇ ਪਰੇ ਨੂੰ ਛੱਪੜੀ ਦੇ ਪਾਣੀ ਵਿੱਚ ਥੁੱਕ ਦਿੱਤਾ। ਥੁੱਕ ਵੀ ਪਾਣੀ ਵਿੱਚ ਦਿਸਦੇ ਮੇਰੇ ਮੂੰਹ ਤੇ ਤੈਰਦਾ ਵੇਖਿਆ ਤੇ ਫੇਰ ਬਰੇਤੀ ਦਾ ਗੁੰਮਾ ਵੱਟਕੇ ਉੱਤੇ ਮਾਰਕੇ ਪਾਣੀ 'ਚ ਘਚੋਲ਼ ਦਿੱਤਾ।

ਪਲ਼ਕਾਂ ਕਿਸੇ ਗੁੱਝੀ ਸ਼ਰਮ ਵਿੱਚ ਨਿਵ ਗਈਆਂ। ਹੱਥ ਵੀ ਨਿਚੱਲ਼ੇ ਨਾ ਰਹੇ ਤਾਂ ਬਰਛੇ ਦੀ ਨੋਕ ਨਾਲ਼ ਪੈਰਾਂ ਦੇ ਸੰਨ ਵਿਚਲ਼ੀ ਧਰਤੀ ਨੂੰ ਖੋਭ-ਖੋਭ ਕੇ ਪੁੱਟਣ ਲੱਗ ਪਿਆ-"ਮੈਂ ਕਰੂੰ ਮਨ ਤੇ ਵੱਸ..ਮੇਹਰ ਹੋਗੀ ਨਾ ਦਾਤੇ ਦੀ ਫੇਰ ਨਈਂ ਕਿਹੇ ਸਾਲ਼ੇ ਨੂੰ ਡੇਲ਼ਿਆਂ ਦੇ ਵੱਟੇ ਵੀ ਸਿਆਣਨਾ.."-ਕਿਸੇ ਅਦਿੱਖ ਸ਼ਕਤੀ ਦੀ ਓਟ ਲ਼ੈਣ ਲ਼ਈ ਅੰਬਰ ਵੱਲ਼ ਝਾਕ ਕੇ ਸੱਜੇ ਹੱਥ ਦੀ ਇੱਕ ਉਂਗਲ਼ ਖੜੀ ਕਰਕੇ ਸਿਰ ਤੋਂ ਅਤਾਂ ਚੱਕੀ..।

ਨਾਜਰ ਵੀ ਮੇਰੀ ਉਂਗਲ਼ ਦੀ ਸੇਧ 'ਚ ਅੰਬਰ ਵੰਨੀ ਝਾਕਿਆ-"ਓ ਐਵੇਂ ਨਾ ਕੰਜਰਾ ਕਿਹੇ ਤੇ ਧਿੱਜੀ ਜਾ...ਜੇ ਕੁਸ ਕਰਿਆ ਤਾਂਵੀਂ ਬੰਦਾ ਦੁਖੀ ਐ...ਜੇ ਕੁਸ ਨਾ ਕਰਿਆ ਤਾਂਵੀਂ..."-ਫੇਰ ਚੁਗਲ਼ ਅਵਾਜ਼ ਵਿੱਚ ਆਸੇ-ਪਾਸੇ ਤਕਾ ਕੇ ਛਹਿਕੇ ਬੋਲ਼ਿਆ-"ਕੁਸ ਕਰਕੇ ਤਾਂ ਪਛਤਾ ਲਈਗੇ...ਐਵੇਂ ਫੇਰ ਬੁੱਢੇ-ਵਾਰੇ ਗਾਲ਼ਾਂ ਕੱਡੀ ਜਾਵਾਂਗੇ..ਆਪ ਨੂੰ ਈ..ਹੂੰ..!"-ਉਹਨੇ ਗੱਲ਼ ਸਿਰੇ ਲਾਉਂਣ ਲਈ ਛੱਪੜੀ 'ਚੋਂ, ਨੀਰੇ ਦੀ ਚੱਸ ਕਰਦੀ ਹੋਈ, ਬਾਹਰ ਨਿਕਲ਼ ਰਹੀ ਝੋਟੀ ਨੂੰ ਦੋ ਸੋਟੀਆਂ ਮਾਰਕੇ ਫੇਰ ਪਾਣੀ ਵਿੱਚ ਠੇਲ ਦਿੱਤਾ। ਮੈਂ ਬਰਛਾ ਚੱਕ ਕੇ ਹੱਥ ਵਿੱਚ ਲ਼ਮਕਾ ਕੇ ਛੱਪੜੀ ਦੀ ਪਰਕਰਮਾ ਕਰਨ ਲੱਗ ਪਿਆ। ਬਾਂਹ ਵਿੱਚ ਪਾਏ ਲ਼ੋਹੇ ਦੇ ਕਿੰਨੇ ਕੜੇ ਖੜਕੇ।

"ਵੈਗਰੂ..ਵੈਗਰੂ..ਵੈਗਰੂ..!"-ਦਾ ਜਾਪ ਕਰਦਾ ਹੋਇਆ ਚਿੱਤ ਵਿੱਚ ਫਿਰ ਰਹੀ ਆਰੀ ਨੂੰ ਠੱਲਣ ਦੀ ਕੋਸ਼ਿਸ਼ ਕਰੀ ਪਰ ਫਰਕ ਕੋਈ ਨਹੀਂ ਪਿਆ। ਚਿੱਤ 'ਚ ਅਵੱਲ਼ੀ ਗੂੰਜ਼ ਪੈਣ ਲ਼ੱਗੀ-"ਜਿੰਨਾਂ ਚੀਕ ਪਿੰਡੇ 'ਚ ਸੱਤਿਐ ਹੋਨਾ ਚੀਕ ਤੇ ਹਰਕ ਦੁੱਖ ਕਲੇਸ ਭੋਗੂੰ... ਮੰਵੀਂ ਐਸ ਬਾਣੇ 'ਚ ਕੈਦ ਜੇਈ ਭੋਗੀ ਜਾਨੈਂ... ਕਾਈ ਸ਼ੈਅ ਹੱਡੀਂ ਪਾਰੇ ਆਨੂੰ ਭੱਜੀ ਫਿਰਦੀ ਐ..ਕਾਬੂ ਨਈਂ ਔਂਦੀ.."

ਦਿਨ ਤੇ ਖਰ ਕੁੜੀ ਦੇਣੇ ਦੇ ਓਹੀ ਹੁੰਦੇ ਸੀਗੇ ਮਨਾਂ, ਬੁਲ਼ਟ ਤੇ 'ਦੁੱਗ..ਦੁੱਗ...!' ਕਰਾਕੇ ਗੇੜੀ ਦੇਣ ਜਾਂਦਾ ਤਾਂ ਸਲ਼ੰਸਰ ਦਾ ਖੜਾਕ ਸੁਣਕੇ ਪਿੰਡ ਦੀਆ ਕੁੜੀਆਂ ਭੱਜ ਕੇ ਖੁਰਲ਼ੀ ਤੇ ਚੜਕੇ, ਧੌਣ ਉੱਚੀ ਕਰ-ਕਰ ਕੇ ਕੰਧਾਂ-ਕੌਲਿਆਂ ਓਤ ਦੀ ਝਾਕੀ ਜਾਂਦੀਆਂ। ਸਾਲ਼ੀ ਓਦੋਂ ਤੇ ਚੜਤ ਈ ਅੱਥਰੀ ਸੀ।

ਜਵਾਨੀ ਤੇ ਹੁੰਦੀ ਈ ਕਾਮ ਤੇ ਜੋਸ਼ ਦਾ ਮਿਲਵਾਂ ਜਨੂੰਨ ਹੈ। ਪਰ ਮੈਂ ਚੌਰਾ ਜਿਵੇਂ ਓਹੀ ਪਾਪ ਬਖਸਾ ਰਿਹਾਂ ਜੋ ਹਾਲ਼ੇ ਕਰੇ ਈ ਨਹੀਂ। ਜੇ ਬੰਦਾ ਪਾਪ ਈ ਨਾ ਕਰੂ ਫੇਰ ਰੱਬ ਬਖਸ਼ੂ ਕੀ-ਨੂੰ, ਕੀ-ਨੂੰ ਸਜ਼ਾ ਦੇਵੂ..। ਰੱਬ ਦਾ ਤਾਂ ਬੋਲਜੂ ਘੜੰਮਚੂ।

ਬਾਪੂ ਦੀ ਆਖੀ ਗੱਲ਼ ਅਜੇ ਵੀ ਖੁੜਕੀ ਜਾਂਦੀ ਹੈ। ਮੈਂ ਭਲੱਚੇ 'ਚ ਲੈ ਕੇ ਪੁੱਛਿਆ-"ਬਾਪੂ ਭਲ਼ਾਂ ਆਹ ਬੰਦਾ ਕੇਹੀ ਸ਼ੈਅ ਦਾ ਨਾਉਂ ਐਂ...?"-ਏਹ ਸੁਣਦੇ ਸਾਰ ਈ ਬਾਪੂ ਰੰਬੀ ਨੂੰ ਕਿਆਰੀ ਦੀ ਵੱਟ ਤੇ ਗੱਡ ਕੇ ਚੌਂਖੜੀ ਮਾਰ ਕੇ ਬਹਿ ਗਿਆ ਤੇ ਤਿੱਤਰ ਖੰਭੀ ਦਾੜੀ ਨੂੰ ਖੁਰਚ ਕੇ ਬੋਲਿਆ-"ਜੇ ਕਾਈ ਸ਼ੈਅ ਕਿਹੇ ਨੂੰ ਤਕਲ਼ੀਫ ਨਾ ਦੇਵੇ..ਸਵਾਰੇ..ਓ ਤੇ ਹੈਈ ਮੁੰਡੂ ਰੱਬ... ਜੇ ਕਾਈ ਵੜੇਵਾਂ ਕੰਮ ਈ ਨਾ ਪੱਧਰਾ ਕਰੇ ਹੋ ਐ ਸ਼ੈਤਾਨ... ਰਾਖ਼ਸ਼... ਮੁੰਡੂ ਜੀ ਹੈਸ ਸਾਵ 'ਨਾ ਬੰਦਾ ਭਾਈ ਦੋਆਂ ਸੈਆਂ ਦੇ ਮਲ਼ਾਪੇ ਤੋਂ ਈ ਬਣਦੈ...।"



"ਦੋਵਾਂ ਤੋਂ ਮਿਲਕੇ ਬਨਦੈ..! ਹੂੰਅ"-ਮੈਨੂੰ ਅੱਗੇ ਨਾਲੋਂ ਕੁੱਛ ਸੋਝੀ ਜੇਹੀ ਆ ਗਈ ਪਰ ਫੇਰ ਮੈਂ ਟਿੰਡ ਗੇੜੀ-" ... ਬਾਪੂ ਜੇ ਦੋਮੇਂ ਸ਼ਗਤੀਆਂ ਬੰਦੇ ਕੋਲ਼ੇ ਐ ਫੇਰ ਬੰਦਾ ਦੁਖੀ ਕਾਤੋਂ ਐ..?"

"ਬੰਦਾ ਨਾ ਹੁਣ ਦੋ-ਚਿੱਤੀ 'ਚ ਗੜੁੱਚ ਹੋਇਐ ਪਿਐ..ਨਾ ਰੱਬ ਬਣਦੈ ਨਾ ਸੈਤਾਨ..ਆਪੇ ਨੂੰ ਪਿੰਝੀ ਜਾਂਦੈ..ਕਦੋਂ ਕਿੱਥੇ ਕੀ ਬਣਨੈ ਜੀਨੂੰ ਏਹ ਜਾਚ ਆਜੇ ਓਦਾ ਬੇੜਾ ਈ ਬੰਨੇ ਲੱਗਦੈ..ਏਹ ਦੁਨੀਆ ਭਾਈ ਦੁਨੀਆਂ... ਨਰਕ-ਸੁਰਗ ਨੀ..ਏਥੇ ਨਿਰਾ ਰੱਬ ਬਣਕੇ ਵੀ ਬੱਲ਼ੋਂ ਨੀ ਪੈਂਦੀ..ਰੱਬ ਨੂੰ ਰਾਖਸ਼ ਬਣਕੇ ਹਰਨਾਖਸ ਜਿਹੇ ਪਾਪੀ ਦਾ ਵਧ ਕਰਨੈ ਪੈਂਦਾ..!"-ਬਾਪੂ ਨੇ ਗੱਲ਼ ਆਖਕੇ ਹੱਥ ਝਾੜੇ ਪਰ ਮੇਰੇ ਪੱਲੇ ਕੱਖ ਨਹੀਂ ਪਿਆ। ਧੇਲ਼ਾ ਤੇ ਬਾਲ਼ੀ ਗੱਲ਼ ਐ।

ਦੇਹ ਦੀ ਬੁਖਾਰੀ ਭਖਦੀ ਅੱਗ ਫੂਕਾਂ ਮਾਰ ਕੇ ਠਾਰੀ ਜਾਣਾ ਵੀ ਗਲ਼ਤੀ ਹੈ।

ਮੇਰੇ ਸੱਗ ਹੁਣ ਕੋਈ ਵੀ ਐਸੀ ਗੱਲ ਨਹੀਂ ਕਰਦਾ, ਨਾ ਈ ਸੁਣਦੇ ਨੇ, ਜੇੜ੍ਹੀ ਧੂਣੀ ਤੇ ਬਹਿਕੇ ਰਾਤ ਨੂੰ ਬੇਲ਼ੀ ਕਰਦੇ ਹੁੰਦੇ ਸੀਗੇ। ਪਰ ਆਹ ਦਾੜੀ ਜੇਹੀ ਕਾਹਦੀ ਰੱਖ ਲਈ ਮੂਰਤੀ ਤਾਂ ਅੱਖ ਈ ਬਦਲ਼ ਗਈ, ਅਖੇ-"ਤੇਰੇ ਜਿਸ ਰੂਪ 'ਨਾ ਮੋਹ ਪਾਇਆ ਸੀਗਾ... ਔਤ ਪੈਣਾ ਔਹ ਤੇ ਹੈਈ ਨੀਂ ਤੇਰਾ.."-ਸਭ ਕੁਛ ਲੁਟਾ ਦਿੱਤਾ ਸੀ ਹੱਥੀਂ। ਆਸ਼ਕੀ ਤੇ ਹੈ ਈ ਚੁੰਨੀ ਤੇ ਪੱਗ ਦਾ ਸੌਦਾ...!

ਛੱਪੜੀ ਦੀ ਪ੍ਰਕਰਮਾ ਕਰਦੇ ਤੋਂ ਕਿੰਨੇ ਵਿਚਾਰ ਹੱਥ 'ਚ ਫੜੀ ਮਾਲ਼ਾ ਮਣਕੇ ਦੀ ਥਾਂ ਫਿਰੀ ਗਏ। ਗਾਨੀ ਦੇ ਦੁੰਬ ਨੂੰ ਪਲੋਸਿਆ ਤਾਂ ਅਮ੍ਰਿੰਤ ਪਾਨ ਕਰਨ ਵੇਲ਼ੇ ਆਖੀ ਜਥੇਦਾਰ ਦੀ ਗੱਲ ਟੁਣਕੀ-"ਕਿਸੇ ਪਰਾਈ ਤੀਵੀਂ ਦਾ ਸੰਗ ਨੀ ਕਰਨਾਂ ਭਾਈ...ਦੀਨ ਤੇ ਰਹਿਕੇ..."-ਪਰ ਜਿਸ ਤੀਵੀਂ ਨਾਲ਼ ਮੇਰੀ ਰੋਪਨਾ ਪਈ ਐ ਉਹ ਤੇ ਕੋੜੀ ਜਵਾਂ ਸੋਹਣੀ ਨਈਂ। ਹੋਰ ਈ ਬੇਢਬੀ ਜਿਹੀ ਆ। ਬੁੜੇ ਨੇ ਦਾਜ਼ ਵੰਨੀ ਝਾਕ ਲਿਆ ਪਰ ਬੂਥੀ-ਸ਼ਕਲ ਨਈਂ ਵੇਖੀ। ਉਹ ਵੇਖਦਾ ਵੀ ਕਿਉਂ? ਕੀ ਲੋੜ ਪਈ ਸੀ। ਬੁੜੇ ਨੇ ਕੇੜਾ ਆਪ ਓਹਦੇ ਨਾਲ ਉਮਰ ਕੱਟਣੀ ਸੀ ਕੱਲ੍ਹਾ ਪੈਸਾ-ਟਕਾ ਈ ਮੋਹਰੀ ਕਰ ਲਿਆ ਜੋ ਕੰਮ ਦਾ ਸੀਗਾ।

ਜਦੋਂ ਬਾਪੂ ਵਾਣ ਵੱਟ ਰਿਹਾ ਸੀ ਤਾਂ ਮੈਂ ਰੋਣਹੱਕਾ ਜਿਹਾ ਹੋ ਕੇ ਮੂੰਹ ਵਿੰਗਾ ਕਰਿਆ ਤੇ ਝਟ ਈ ਮੇਰੇ ਕੋਲ਼ ਬਹਿਕੇ ਮੇਰੇ ਹੱਥ ਦੀਆਂ ਦੋ ਉਂਗਲ਼ਾਂ ਫੜਕੇ ਅਕੜਾ ਦਿੱਤੀਆਂ ਤੇ ਭਾਖਿਆ-"ਮੁੰਡੂ ਰੰਗ ਦੋ ਈ ਨੇ ਜੱਗ ਤੇ...ਕਾਲਾ ਤੇ ਗੋਰਾ... ਬੈਸ ਅਕਲ ਹੋਣੀ ਚਾਈਦੀ ਐ...ਫੇਰ ਬਣਦੀ ਐ ਚਾਂਦੀ..."-ਚਲੋ ਊਂ ਤੇ ਗੱਲ਼ ਭਾਵੇਂ ਸੋਲ਼ਾਂ ਆਨੇ ਸੱਚ ਐ ਪਰ ਸਾਲਾ ਏਨਾ ਵੀ ਕਾਲ਼ਾ ਆਖ, ਨਿਰੀ ਲੁੱਕ ਈ ਮੱਥੇ ਡੰਮੀ ਜਾਂਦਾ ਐ।

"ਆਹ ਬੂਥੀ ਨਈਂ ਬਦਲ਼ੀ ਜਾ ਸਕਦੀ..ਮੱਤ ਤੇ ਬੰਦੇ ਨੂੰ ਧੱਕੇ ਖਾ ਕੇ ਆਜੂ...ਨਾਲ਼ੇ ਤੀਵੀਂ ਨੂੰ ਮੱਤ ਨਾ-ਈ ਆਵੇ ਚੰਗੈ...ਨਈਂ ਤੇ ਬੰਦੇ ਨੂੰ ਮੂਰੇ ਲਾ ਕੇ ਛਿੱਤਰ ਦੀ ਠਿੱਬੀ ਹੇਠ ਈ ਰੱਖਦੀ ਐ...ਓਦੀ ਮੱਤ ਤੋਂ ਕੀ ਫਲਾ ਹਕੌਣਾ..."-ਚਿੱਤ ਕਰਿਆ ਬਾਪੂ ਦੇ ਅੱਗੋਂ ਬੋਲ਼ ਪਵਾਂ ਅੱਜ ਦੀ ਚੁੱਪ ਨਿੱਤ ਫਾਹੇ ਲਾਊਗੀ, ਪਰ ਪਤਾ ਨੀਂ ਖੌਰੇ ਕਿਸ ਡੇਫ ਵਿੱਚ ਸਿਰ ਨਈਂ ਉਤਾਂਅ ਚੱਕਿਆ ਗਿਆ।

ਬਾਪੂ ਬੋਲੀ ਗਿਆ-"ਬੰਦਾ ਚਲਾਕ ਹੋਣਾ ਚਾਈਦੈ ਸਿਆਣੇ ਬੰਦੇ ਵੀ ਘਾਟਾ ਖਾ ਜਾਂਦੇ ਐ.."

ਉਹ ਤੀਵੀਂ ਮੇਰੀ ਬਹੂ ਕਵੇਂ ਬਣਜੂ, ਜੀਹਦੇ ਵੰਨੀ ਵੇਖਕੇ ਚਿੱਤ ਈ ਡੋਲੇ। ਚਾਰ ਬੰਦੇ ਹਾਉਂਕਾ ਈ ਨਾ ਖਿੱਚਣ। ਮੇਰੇ ਅੰਦਰ ਵਸ ਰਹੇ ਕਾਮ ਦੇਵ ਦਾ ਨਿਰਾਦਰ ਨਹੀਂ ਤਾਂ ਫੇਰ ਹੋਰ ਕੀ ਐ..?

ਏਹ ਸੋਚਾਂ ਸੋਚਕੇ ਹੁਣ ਮੇਰੇ ਹੱਥ ਦੀ ਪਕੜ ਢਿੱਲ਼ੀ ਹੋ ਗਈ ਤੇ ਬਰਛਾ ਭੁੰਜੇ ਡਿੱਗ ਪਿਆ ਪਰ ਮਾਲ਼ਾ ਚੀਚੀ ਵਿੱਚ ਅੜੀ ਰਹਿ ਗਈ। ਕਿੰਨੀ ਵਾਟ ਸੁੰਨ ਹੋ ਕੇ ਤੁਰਿਆ ਗਿਆ। ਫੇਰ ਕਾਹਲ਼ੀ ਨਾਲ਼ ਪਿੱਛੇ ਭਉਂਕੇ ਬਰਛਾ ਚੱਕ ਲਿਆ। ਇਹ ਬਰਛਾ ਵੈਰੀ ਨੂੰ ਸੋਧਣ ਲਈ ਗੁਰੂ ਸਾਬ ਨੇ ਸਾਡੇ ਹੱਥੀਂ ਫੜਾਇਆ ਸੀ ਪਰ ਅੱਠੇ ਪਹਿਰ ਮੇਰੇ ਹੱਥ ਨਾਲ਼ ਹੁੰਦੈ ਫੇਰ ਵੀ ਮੈਨੂੰ ਸੋਧ ਨਹੀਂ ਸਕਿਆ।

ਪਰਸੋਂ ਦੀ ਆਖ਼ੀ ਨਾਜਰ ਦੀ ਗੱਲ਼ ਚਿੱਤਵੀ-"ਇੱਛਾ ਮਾਰਕੇ ਵੀ ਕੋਈ ਜਿਓਣੈਂ...ਹੈਦੂੰ ਤੇ ਬੰਦਾ ਫੁੜਕਿਆ ਈ ਚੰਗਾ ਫੇਰ..."

ਓਪਰੀ ਤੀਵੀਂ ਆਲ਼ੀ ਮਨਾਹੀ ਤੇ ਜਵਾਂ ਈ ਗਲਤ ਆ। ਦੋਵਾਂ ਦੀ ਰਜ਼ਾ-ਮੂਜਬ ਨਾਲ਼

ਭਾਵੇਂ ਕੁਛ ਮਰਜ਼ੀ ਕਰੀ ਜਾਓ ਪਰ ਧੱਕਾ-ਮੁੱਕੀ ਨਾ ਕਰੋ, ਏਨੀ-ਕੁ ਖੁੱਲ੍ਹ ਤੇ ਚਾਈਦੀ ਆ, ਭਾਂਵੇ ਕਿਸੇ ਨੂੰ ਮੇਰੀ ਆਖੀ ਦਾ ਹਰਖ ਈ ਕਿਉਂ ਨਾ ਲੱਗੇ। ਨਾਲ਼ੇ ਬਾਬੇ ਆਪ ਤੇ ਕਈ ਤਿੰਨ-ਤਿੰਨ ਵਿਆਹ ਕਰਵਾ ਗਏ ਤੇ ਮੱਤ ਦਿਦੇ ਆ ਸਾਨੂੰ ਇੱਕ ਵਿਆਹ ਦੀ..! ਇੰਨਾਂ ਸੋਚਾਂ ਤੇ ਸ਼ਰਮ ਵੀ ਆਈ ਜਾਂਦੀ ਆ ਪਰ ਮੇਰੇ ਵੱਸ ਵਿੱਚ ਵੀ ਕੀ ਐ? ਮਨ ਤਾਂ ਸੋਚੀ ਜਾਂਦੈ। ਜੋ ਮਨ ਵਿੱਚ ਸ਼ੈਅ ਉੱਗਰ ਪਈ ਉਹ ਕਿਸੇ ਨਾ ਕਿਸੇ ਪੱਜ ਨਾਲ਼ ਬਾਹਰ ਆ ਈ ਜਾਂਦੀ ਐ। ਕਿਸੇ ਵੀ ਸ਼ੈਅ ਨੂੰ ਮਾਰਨ ਲ਼ਈ ਪੈਦਾ ਕਰਨਾ ਪੈਂਦਾ ਏ। ਜੋ ਸ਼ੈਅ ਪੈਦਾ ਨਹੀਂ ਹੋਈ ਉਹ ਮਰੂ ਵੀ ਕਿਵੇਂ...?

ਨਾਜ਼ਰ ਨੂੰ ਨੇੜੇ ਵੇਖਕੇ ਮੈਂ ਫਿਰ "ਵੈਗਰੂ...ਵੈਗਰੂ...!" ਦਾ ਜਾਪ ਕਰਨ ਲੱਗ ਪਿਆਂ। ਪਰਕਰਮਾ ਪੂਰੀ ਕਰਕੇ ਮੱਥਾ ਟੇਕਿਆ ਤੇ ਉਹ ਮੁਸਕਾ ਪਿਆ। ਉਹਨੇ ਝੋਹਕੇ ਵੇਖਿਆ-'ਲੈ ਬਈ ਗ੍ਰੰਥੀਆ... ਭਲ਼ਾਂ ਗੱਲ ਤੇ ਦੱਸ... ਬਈ ਜੇ ਕੋਈ ਬੰਦਾ ਦਾਰੂ-ਮੀਟ ਤੇ ਤੀਵੀਂ ਤੋਂ ਕੰਨੀ ਵੱਟਕੇ ਰੱਖੇ ਤੇ ਕਿਸੇ ਦਾ ਬੁਰਾ ਵੀ ਨਾ ਕਰੇ ਉਹ ਸਿੱਖ ਐ..?"

"ਹਾਹੋ..ਤੇ ਰੱਬ ਦਾ ਭਾਣਾ ਵੀ ਮੰਨੇ..."-ਚੋਲ਼ੇ ਦੇ ਮੂਹਰਲ਼ੇ ਬੰਨੇ ਨਾਲ਼ ਮੱਥੇ ਤੇ ਆਏ ਮੁੜਕੇ ਨੂੰ ਪੂੰਜ ਲਿਆ। ਤੇ ਥੋੜਾ ਜਿਹਾ ਥਥਲ਼ਾ ਗਿਆ। ਤੇਹ ਨਾਲ਼ ਰਗਾਂ ਪਿੰਝ-ਪਿੰਝ ਕੇ ਥੋਥੀਆਂ ਹੋ ਗਈਆਂ।

"ਹੂੰ..ਕਰਤੀ ਪਾਲੇ ਮਾਰੀ ਗੱਲ..! ਆਹ ਪਰੇਜ਼ ਕਰਨ ਆਲ਼ੇ ਨੌਂਤੀ ਸੌ ਫਿਰਦੇ ਐ..ਆਹ ਚੋਲ਼ਾ ਪੌਣ ਦੀ ਕੀ ਲੋੜ ਸੀਗੀ..ਸਿੱਖ ਬਣਨ 'ਲੀ ਆਵਦੀ ਜਿਉਂਣ ਦੀ ਵਾਰੀ ਦੇਣੀ ਪੈਂਦੀਐ ਵੀਰ..ਕਿਸੇ ਦੀ ਥਾਏਂ ਮਰਕੇ ਓਨੂੰ ਜਿਉਂਦਾ ਰੱਖਣਾ ਪੈਂਦਾ..ਜੋ ਲੋਕ ਓਸ ਦਾਤੇ ਦਾ ਸੁਨੇਹਾ ਲੈ ਕੇ ਆਏ ਉਹਨਾਂ ਦੀ ਤਾਂ ਲੋਕ ਮੰਨਦੇ ਨੀਂ ਸਗੋਂ ਪੁੱਠਾ ਓਨਾਂ ਦੀ ਧੂਫ-ਬੱਤੀ ਕਰਨ ਲੱਗ-ਪੇ-ਉਂ..ਤਾਂਈਂਗੇ ਦੁਨੀਆਂ ਗਰਕੀ ਪਈਐ.."

ਇਹ ਮੱਤ ਦੇ ਕੇ ਨਾਜਰ ਨੇ ਅਕਲ਼ਾਂ ਦੇ ਵਿੱਚ ਬਹਾ ਖਾਰ ਦਿੱਤਾ। ਕੋਈ ਹੋਰ ਸ਼ਕਤੀ ਵੀ ਹੈ ਜੀਹਦੇ ਆਸਰੇ ਇਹ ਦੁਨੀਆਂ ਘੁੱਕੀ ਫਿਰਦੀ ਐ। ਕੋਈ ਧਰਮ ਕਿਸੇ ਖ਼ੁਸ਼ੀ-ਮਲ਼ਾਰ ਤੋਂ ਵੱਡਾ ਨਹੀਂ ਹੁੰਦਾ। ਮੇਰੀ ਮੂੜ-ਮੱਤ ਤੇ ਪਏ ਫੋਕੇ-ਫਤੂਰ ਦੇ ਲ਼ੀੜੇ ਨੂੰ ਪਾੜਕੇ ਲ਼ੀਰਾਂ-ਲ਼ੀਰਾਂ ਕਰ ਦਿੱਤਾ।

"ਹੂੰ..! ਐਵੇਂ ਦੱਬੀ ਜਾਨਾਂ ਅੱਠਾਂ ਦੇ ਭਾਂਅ ਦੀਆਂ.."-ਮੈਂ ਅਜੇ ਵੀ ਹੈਂਕੜੀ ਨਹੀਂ ਸੀ ਛੱਡੀ। ਬਰਛੇ ਦੇ ਦਸਤੇ ਨੂੰ ਦੋਹਾਂ ਹੱਥਾਂ ਨਾਲ਼ ਜ਼ੋਰ ਦੀ ਘੁੱਟ ਲਿਆ। ਬਾਵਾਂ ਦੀਆਂ ਨਾੜਾਂ ਆਕੜ ਕੇ ਬਾਹਰ ਵੱਲ ਝਾਕੀਆਂ। ਚੀਜ਼ ਤੇ ਕੋਈ ਵੀ ਮਾੜੀ ਨਹੀਂ ਓਹਦੀ ਵਰਤੋਂ ਈ ਬੁਰੀ ਕਰਦੇ ਆ ਲੋਕ। ਜਿੰਨਾਂ ਦੀ ਕਤਾਰ ਵਿੱਚ ਮੈਂ ਖੜਾ ਸਾਂ ਦਾੜੀ ਦੀ ਬੁੱਕਲ ਮਾਰਕੇ।

"ਹੂੰ..ਹੂੰ...!"-ਚਿੜ ਭੰਨਾਕੇ ਗੱਲ਼ ਕੀਤੀ-'ਨਿਰਨੇ ਕਾਲਜੇ ਲੋਕ ਬਾਣੀ ਦਾ ਪਾਠ ਕਰਦੇ ਆ..ਪਰ ਸਾਰਾ ਦਿਨ ਕਿਹੇ ਇੱਕ ਅੱਖਰ 'ਤੇ ਖਰੇ ਨਈਂ ਪੁੱਗਦੇ...ਘੋਟਾ ਲ਼ਾਇਆ...ਗੁਰੂ ਸਾਵ ਦੇ ਆਖੇ ਲੱਗਕੇ ਕਦੇ ਦਸਵੰਧ ਕੱਢਿਆ... ਵਰ੍ਹੇ-ਛਮਾਈਂ ਦਾਨਿਆਂ ਦੀ ਇੱਕ ਬੋਰੀ ਗੁਰੂਘਰੇ ਦੇਣ ਨਾਲ਼ ਬਾਣੀ ਤੇ ਪੂਰ ਨਈਂ ਪੈਂਦਾ...'-ਉਹਨੇ ਆਪਣੇ ਘੜੇ ਸਵਾਲ਼ ਦਾ ਆਪ ਈ ਮੋੜਾ ਦਿੱਤਾ। ਪਰ ਮੈਂ ਆਹ ਪਸੇਰ ਪੱਕੇ ਦੀ ਬੱਧੀ ਪੱਗੜ ਦਾ ਵੀ ਫੋਕਾ ਮਾਣ ਰੱਖਣਾ ਸੀ। ਹੋਰ ਮਰਦਾ ਕੀ ਨਾ ਕਰਦਾ।

ਨਾਜਰ ਨੇ ਗੁੱਟ ਤੇ ਬੱਧੀ ਨੰਬਰਾਂ ਵਾਲ਼ੀ ਘੜੀ ਉਤਾਂਅ ਚੱਕ ਕੇ ਵੇਖੀ ਤੇ ਮੱਝਾਂ ਹੋਕਰ ਕੇ- "ਟਿੱਚ..ਚ..ਚ!"- ਛੱਪੜੀ ਵਿੱਚੋਂ ਬਾਹਰ ਕੱਡਕੇ ਮੂਹਰੇ ਲਾ ਕੇ ਤੁਰ ਪਿਆ। ਅੱਧੀ ਵਾਟ ਤਾਂਈਂ ਸਾਡੇ ਘਰਾਂ ਦਾ ਰਾਹ ਇੱਕ ਸੀ ਜੋ ਅੱਗੇ ਜਾ ਕੇ ਦੀਸ਼ੇ ਕੇ ਘਰ ਕੋਲ਼ੋਂ ਦੋਫਾੜ ਹੋ ਜਾਂਦਾ..।

ਪਿੰਡ 'ਚ ਵੜਦੇ ਸਾਰ ਈ ਇੱਕ ਮੰਗਤਾ ਸਾਡਾ ਰਾਹ ਘੇਰ ਕੇ ਖੜੋ ਗਿਆ। ਜੀਹਨੂੰ ਕਤੀੜਾਂ ਭੌਂਕ ਰਹੀਆਂ ਸੀ। ਉਹ ਪੱਚ ਵੱਜਣ ਤੋਂ ਡਰਕੇ ਜਦੋਂ ਬਗਾਟ ਮਾਰਦਾ ਤਾਂ ਸਾਰੇ ਕੁੱਤੇ ਚੱਡਿਆਂ 'ਚ ਪੂਛ ਲੈ ਕੇ ਪਿਛਾਂਹ ਨੂੰ ਬੌਂਦਲ਼ ਕੇ ਕੱਤਰੀ ਵੱਟ ਜਾਂਦੇ। ਉਹ ਕੰਧ ਵਿੱਚ ਬਣੇ ਸੁਰਾਖ ਕੋਲ਼ ਬੈਠਾ ਹੋਇਆ ਕੋਲ਼ ਦੀ ਲੰਘ ਰਹੇ ਕੀੜਿਆਂ ਤੋਂ ਦਾਣੇ ਖੋਹ ਕੇ ਜੇਬ ਵਿੱਚ ਪਾਈ ਜਾਂਦਾ ਸੀ; ਖਾਣ ਦੇ ਲਈ। ਉਹ ਇੰਜ ਈ ਕਰਦਾ ਹੁੰਦਾ ਤੇ ਦਾਨਿਆਂ ਦਾ ਬੁੱਕ ਬਣਾ ਕੇ ਫਿਰ ਕਿਸੇ ਦੇ ਘਰ ਚੱਲ਼ਕੇ ਇੰਨਾਂ ਦੇ ਵੱਟੇ ਰੋਟੀ ਮੰਗਣ ਦੀ ਨਿਸਚਾ



ਕਰਦਾ। ਬੁੜੀ-ਬੰਦਾ ਰੋਟੀ ਖਵਾ ਦਿੰਦਾ ਤਾਂ ਉਹ ਦਾਣੇ ਫੇਰ ਕੀੜਿਆਂ ਦੇ ਕਿਸੇ ਭੌਣ ਤੇ ਪਾ ਆਉਂਦਾ ਤੇ ਗਲ਼ੀ ਵਿੱਚ ਕਿਸੇ ਥਾਂ ਤੇ ਜਿੱਥੇ ਕੋਈ ਕੁੱਤਾ ਪਿਆ ਹੁੰਦਾ, ਉਹਨੂੰ ਉਠਾਕੇ ਆਪ ਓਸ ਥਾਂ 'ਤੇ ਪੈ ਜਾਂਦਾ।

ਤੇ ਖੈਰ ਉਹ ਨੇ ਦਾਨਿਆਂ ਨਾਲ਼ ਡੱਟੀ ਜੇਬ ਤੇ ਹੱਥ ਧਰਕੇ ਕਿਸੇ ਆਸ ਨਾਲ਼ ਸਾਡੇ ਅੱਗੇ ਹੱਥ ਅੱਡ ਲਿਆ-"ਪੈਸੇ ਦੇ..ਦੇ ਪੈਸੇ..!"

ਮੈਂ ਚਪੇੜ ਉਲ਼ਾਰ ਕੇ ਦਾਬਾ ਮਾਰਿਆ-"ਜਾ ਭਾਜਾ ਐਥੋਂ ਕਿਤੇ ਦੇਵਾਂ ਚੈੱਕ ਕੱਟਕੇ...ਛੂਟ ਵੱਟਜਾ ਏਥੋਂ ਭਲ਼ੀ-ਭਾਂਤੀ ਕੁੱਟ ਪਊ...ਹੈਨੀ-ਗੇ ਪੈਹੇ.."-ਫੇਰ ਉਹਦੀ ਹਿਮੰਤ ਨਹੀਂ ਪਈ ਮੇਰੇ ਤੋਂ ਕੁਛ ਮੰਗੇ। ਆਸ ਨੂੰ ਪੁਗਾਉਂਣ ਦੇ ਲਈ ਨਾਜਰ ਅੱਗੇ ਹੱਥ ਅੱਡ ਲਿਆ-"ਹੈਗੇ ਆ ਆਵੇ..ਪਰ ਦੇਣੇ ਨਈਂ.."-ਗੀਜੇ ਵਿੱਚ ਹੱਥ ਪਾ ਕੇ ਚਾਂਦੀ ਦੇ ਸਿੱਕੇ ਖਣਕਾ ਦਿੱਤੇ।

"ਹਏ ਮੇਰੇ ਪੈਸ਼ੇ..ਹਈ..! ਪੈਹੇ..!"-ਉਹ ਰੋਣ ਲ਼ੱਗ ਪਿਆ ਤਾਂ ਨਾਜਰ ਨੇ ਛੇਤੀ ਨਾਲ਼ ਪੰਜਾਂ ਦਾ ਨੋਟ ਕੱਡ ਕੇ ਦਿਖਾਕੇ ਬੋਲਿਆ-"ਹੱਸਕੇ ਵਖਾ ਫੇਰ ਦੇਊਂ...!"-ਉਹ ਹੱਸ ਪਿਆ। ਪਰ ਨਾਜਰ ਨੇ ਫੇਰ ਨੋਟ ਮੁੱਠੀ ਵਿੱਚ ਘੁੱਟ ਲਿਆ ਤੇ ਬੋਲ਼ਿਆ-"ਐਂ ਨੀ ਬਈ..ਆਹ ਤੇ ਠੱਗੀ ਮਾਰੀ ਜਾਂਨਾਂ...ਦੋ ਰਪਈਆਂ ਦਾ ਈ ਹੱਸਿਐਂ..ਪੰਜਾਂ ਦਾ ਨੀਂ.."-ਉਹ ਜ਼ੋਰ ਨਾਲ਼ ਚੀਖਾਂ ਮਾਰਕੇ ਹੱਸ ਪਿਆ। ਨਾਜਰ ਇਉਂ ਈ ਕਰਦਾ ਹੁੰਦਾ ਸੀ। ਜੇ ਓਸ ਕੋਲ਼ ਰੁਪਏ ਨਾ ਵੀ ਹੁੰਦੇ ਉਹ ਰਾਹ ਵਿੱਚੋਂ ਕਿਸੇ ਤੋਂ ਮੰਗ ਲ਼ੈਂਦਾ ਤੇ ਭਿਖਾਰੀ ਨੂੰ ਦੇ ਦਿੰਦਾ।

ਜਥੇਦਾਰ ਨੇ ਅਮ੍ਰਿੰਤ ਪਾਨ ਕਰਾਉਂਣ ਵੇਲ਼ੇ ਆਖਿਆ ਸੀ-"ਦਰੀਂ ਆਏ ਕਿਹੇ ਬੰਦੇ ਨੂੰ ਖੋਟਾ ਨਈਂ ਮੋੜਨਾ... ਜਿੰਨੇ ਜੋਗੀ ਸ਼ਰਧਾ ਹੋਨਾਂ ਦਾਤੇ ਦੇ ਬੰਦੇ ਦੇ ਕੰਮ ਔਣਾ ਭਾਈ...ਬੌਤੇ 'ਚੋਂ' ਬੌਤਾ ਥੋੜੇ 'ਚੋਂ ਥੋੜਾ ਫੇਰ ਬਰਕਤ ਪਊ ਕਮਾਈ 'ਚ..ਬੋਲ ਵੈਖਰੂ"-ਪਰ ਮੈਂ ਤੇ ਗੱਪ ਰੋੜ ਗਿਆ। ਸਭ ਕੁਛ ਹੁੰਦੇ-ਸੁੰਦੇ ਕਹਿਤਾ ਕੁਛ ਨਹੀਂ ਹੈਗਾ ਕੋਲ਼ੇ।

ਨਾਜਰ ਨੇ ਮੇਰੀ ਬੋਜੀ ਵਿੱਚ ਹੱਥ ਮਾਰ ਕੇ ਨੋਟ ਕੱਡ ਕੇ ਅੱਖਾਂ ਅੱਗੇ ਝਕਾ ਦਿੱਤੇ-"ਓਏ ਕੰਜਰਾ ਆਹ ਭਲ਼ਾਂ ਕੀ ਐ...ਗੱਪ ਮਾਰੀ ਜਾਂਨੈ ਓਵੀ ਚੋਲ਼ਾ ਪਾਕੇ...ਫਿੱਟੇ-ਮੂੰਹ ਤੇਰੇ ਐਵਜੇ ਦੇ...ਰੱਬ ਵੀ ਸ਼ਰਮ ਨਾਲ਼ ਪਾਣੀ-ਪਾਣੀ ਕਰੀ ਜਾਨਾਂ...ਕਿੰਨਾਂ ਕੁਛ ਤੇ ਦੇਤਾ ਵਾ..ਹਏਂ..! ਜੇ ਹਜੇ ਵੀ ਨਈਂ ਦਿੱਤਾ ਕੁਛ...ਫ਼ੇਰ ਕੰਜਰਾ ਥੋਨੂੰ ਦੇ ਵੀ ਨਈਂ ਸਕਦਾ..ਕੋਡਾ ਹੋਣਾ ਈ ਬਾਕੀ ਰਹਿ ਗਿਐ ਰੱਬ ਦਾ.."-ਇੰਨੇ ਈ ਉਹ ਘਰ ਵੱਲ਼ੀਂ ਮੁੜ ਗਿਆ ਨਹੀਂ 'ਤੇ ਹੋਰ ਬੜੀ ਕੁੱਤੇ-ਖਾਣੀ ਹੋਣੀ ਸੀ।

ਮੈਂ ਉੱਥੇ ਈ ਡੁੰਨ ਬਣਕੇ ਖੜੋ ਗਿਆ-"ਝੂਠ-ਗੱਪ ਮਾਰਨੇ ਅਜੇ ਵੀ ਨਈਂ ਛੱਡੇ...ਫ਼ੇਰ ਕਾਦਾ ਗ੍ਰੰਥੀ ਰਹਿ ਗਿਆਂ...ਡੱਕਵੰਜ ਦੇ ਨਿੰਘ ਤੇ ਬਥੇਰੇ ਨੇ ਪਰ ਮਨ ਦੇ ਨਿੰਘ ਥੋੜੇ ਬੂ..!"-ਥੁੱਕ ਦਿੱਤਾ ਜਿਸ ਦੀਆਂ ਛਿੱਟਾਂ ਮੇਰੇ ਪੈਰਾਂ ਦੀਆਂ ਪੈੜਾਂ 'ਤੇ ਪਈਆਂ। ਗੱਸ਼ ਪੈ ਗਈ। ਇਉਂ ਲੱਗਿਆ ਜਿਵੇਂ ਆਪਣੇ ਮੂੰਹ 'ਤੇ ਈ ਥੁੱਕਿਆ ਹੁੰਦਾ..!

ਨਾਜਰ ਘਰ ਵੜਦਾ ਹੋਇਆ ਉੱਚਾ ਬੋਲ਼ ਮਾਰਕੇ ਕਹਿ ਗਿਆ-"ਬੰਦੇ ਨੂੰ ਜਿੰਨੀ ਔਕਾਤ ਦਾਤੇ ਨੇ ਬਖਸ਼ੀ ਹੁੰਦੀ ਐ ਨਾ..ਓਦੇ ਸਾਵ ਨਾਲ਼ ਤੇ ਓਨੂੰ ਜੀਆਂ-ਜੰਤ ਦੇ ਕੰਮ ਔਣਾ ਚਾਈਦੈ...ਫ਼ੇਰ ਹੁੰਦੀਐ ਮੁਕਤੀ..ਖਰ ਛੱਡ ਓਏ ਲ਼ੌਂਢੇ ਵੇਲ਼ੇ ਟਕਾਣੇ-ਸਿਰ ਆਵੀਂ ਖੂਹੀ ਤੇ...ਓਥੇ ਵਖਾਊਂ ਬੰਦੇ ਦਾ ਪੁੱਤ..."

ਮੈਂ ਪੱਬਾਂ ਦੀਆਂ ਖੁਰੀਆਂ ਨਾਲ਼ ਵੀਹੀ ਦੀ ਕੱਕੀ ਰੇਤ ਨੂੰ ਪਿਛਾਂਹ ਪੱਟਕੇ ਸੁੱਟ ਦਿੱਤਾ ਤੇ ਤੁਰ ਪਿਆ। ਤੇਹ ਨਾਲ਼ ਰਗਾਂ ਪਿੰਝ ਗਈਆਂ। ਸਿਰ ਨੂੰ ਹੰਦਾਲ਼ੀ ਜੇਹੀ ਆ ਰਹੀ ਸੀ। ਘਰ ਵੜਦੇ ਸਾਰ ਮੈਂ ਕੰਧੋਲ਼ੀ ਦੀ ਬੁਰਜ਼ੀ ਉੱਤੇ ਪਏ ਗਲ਼ਾਸ ਨੂੰ ਚੱਕ ਕੇ, ਕੋਰੇ ਤੌੜੇ ਵਿੱਚੋਂ ਪਾਣੀ ਭਰਕੇ ਮੂੰਹ ਨੂੰ ਲਾਉਂਣ ਈ ਲੱਗਿਆ ਸਾਂ, ਕਿਸੇ ਨੇ ਹੱਥ ਮਾਰਕੇ ਪਾਣੀ ਦਾ ਗਲ਼ਾਸ ਭੁੰਜੇ ਡਿੱਗਾ ਕੇ ਡੁਲ਼ਾ ਦਿੱਤਾ।

ਪਾਣੀ ਦੇ ਰੁੜਦੇ ਗਲ਼ਾਸ ਵੰਨੀਂ ਝਾਕ ਕੇ ਪਿਛਾਂਹ ਕੌੜ ਕੇ ਵੇਖਿਆ ਤਾਂ ਬੇਬੇ ਖੜੀ ਸੀ। ਕੰਨਾਂ ਨੂੰ ਹੱਥ ਲਾਕੇ ਕੋਈ ਭੁੱਲ਼ ਬਖਸ਼ਾ ਰਹੀ ਸੀ। ਸਾਹ ਨਾਲ਼ ਸਤ ਨਹੀਂ ਸੀ ਰਲ਼ ਰਿਹਾ ਤੇ ਬੋਲ਼ੀ-"ਲ਼ੈ ਪਾਪ ਹੋ

ਗਿਆ ਸੀਗਾ... ਕਿੱਥੇ ਦੋਖ ਭਰਦੇ..ਮੌਸਿਆ ਨਹੌਣ ਨਾਲ਼ ਵੀ ਏਹ ਪਾਪ ਸਿਰੋਂ ਨਈਂ ਸੀਗਾ ਲੱਥਣਾ..''- ਮੇਰੇ ਮੱਥੇ 'ਚ ਉੱਭਰੀ ਤਿਊੜੀ ਨੇ ਪੁੱਛਿਆ ਤਾਂ ਟੋਕਰੀ ਵਿੱਚੋਂ ਨਵਾਂ ਗਲ਼ਾਸ ਚੁੰਨੀ ਦੇ ਪੱਲੇ ਨਾਲ਼ ਸਾਫ ਕਰਦੀ ਹੋਈ ਬੋਲੀ-''ਆਹ ਤੇ ਮਰਨੀ ਦਾ ਮੇਰਾ ਜੂਠਾ ਸੀਗਾ ਪੁੱਤ..''

ਪਾਣੀ ਦੇ ਹੇਠ-ਓਤ ਦੀ ਤਿੰਨ ਗਲ਼ਾਸ ਪੀ ਕੇ, ਮੈਂ ਵਰਾਂਡੇ ਵਿੱਚ ਡੱਥੇ ਮੰਜੇ ਤੇ ਲੇਟ ਗਿਆ। ਸਰਾਣੇ ਬਾਂਹ ਮੋੜ ਕੇ ਧਰ ਲਈ। ਕੋਈ ਚੀਜ਼ ਅੰਦਰ ਖੌਰੂ ਪਾਉਂਣ ਲੱਗ ਪਈ-''ਭਾਣਾ ਵਰਤ ਗਿਆ ਸੀ ਨਾ...ਫ਼ੇਰ ਰੱਬ ਨੂੰ ਕੇੜਾ ਮੂੰਹ ਵਖੌਂਦੇ..ਆਹ ਬਾਣਾ ਕਾਦਾ ਪਾ ਲਿਆ...ਪੰਗੇ ਨੂੰ ਛਿੱਕੇ ਗਏ...''

ਜਿੰਨਾਂ ਨੇ ਪਾਲ਼-ਪਲੋਸ ਕੇ ਏਡਾ ਵੱਡਾ ਕੀਤਾ, ਓਨਾਂ ਨਾਲ਼ ਈ ਲ਼ਕੀਰ ਖਿੱਚ ਕੇ ਬਹਿ ਗਿਆਂ। ਪਰ ਆਹ ਕੀ, ਹੁਣ ਓਹਦਾ ਜੂਠਾ ਖਾਣ ਨਾਲ਼ ਮੇਰਾ ਸੱਤ ਭੰਗ ਹੁੰਦਾ ਸੀ। ਸ਼ੀ..ਸ਼ੀ..! ਮੇਰੇ ਨਾਲ਼ ਏਨਾਂ ਵਿਤਕਰਾ ਕਾਤੋਂ ਕੋਈ ਮਾੜੀ ਜਾਤ ਦਾ ਤੇ ਨਹੀਂ..? ਹਰ ਸ਼ੈਅ ਮੇਰੀ ਘਰ 'ਚ ਅੱਡ ਕਰ ਦਿੱਤੀ ਐ। ਪਾਣੀ ਪੀਣ ਲਈ ਮੇਰਾ ਮੱਘਾ ਅੱਡ ਪਿਆ ਹੁੰਦਾ। ਦਾਲ਼ ਫੁਲ਼ਕਾ ਵੀ ਮੇਰਾ ਅੱਡ ਹੁੰਦਾ। ਮੁੱਕਦੀ ਗੱਲ਼ ਹੱਗਣ-ਮੂਤਣ ਵਾਲ਼ੀ ਥਾਂ ਦੀ ਸਾਂਝ ਰਹਿ ਗਈ ਹੋਰ ਸਾਝਾਂ ਮੁੱਕ ਗਈਆਂ।

ਘਰ ਦੀਆਂ ਕੰਧਾਂ ਉੱਤੇ ਡਿੱਗਣ ਨੂੰ ਆਉਂਦੀਆਂ। ਕਿਤੇ ਵੀ ਚਿੱਤ ਨਈਂ ਲੱਗ ਰਿਹਾ। ਜੀਅ ਕਰਦਾ ਆਪ ਨੂੰ ਲਾਂਬੂੰ ਲਾ ਲਵਾਂ। ਜੋ ਕੁਛ ਮੇਰਾ ਨਹੀਂ ਉਹ ਸੜਕੇ ਰਾਖ ਹੋ ਜਾਊ, ਬਾਕੀ ਜੋ ਮੇਰਾ ਹੋਇਆ ਪੱਲੇ ਰਹਿਜੂ। ਨਹੀਂ ਇਉਂ ਕਰਨ ਤੋਂ ਵੀ ਭੈਅ ਕਿਉਂ ਖਾਈ ਜਾਨਾਂ..?

ਮੇਰਾ ਗੱਚ ਭਰ ਗਿਆ। ਕਿੰਨੇ ਵਾਰ 'ਕੱਲ੍ਹਾ ਬਹਿਕੇ ਵੀ ਰੋਇਆਂ। ਜੇ ਕੋਈ ਅੱਖਾਂ ਦੀ ਸਿੱਲ਼ ਵੇਖਕੇ ਪੁੱਛ ਲੈਂਦਾ-''ਕੀ ਹੋ ਗਿਐ ਗੁੰਥਿਆ..'' -ਤਾਂ ਮੈਂ ਜਕ ਦਿਨੇ ਚੋਲ਼ੇ ਦੇ ਲ਼ੜ ਨਾਲ਼ ਅੱਖਾਂ ਪੂੰਜ ਕੇ ਘੜਿਆ-ਘੜਾਇਆ ਉੱਤਰ ਦੇ ਦਿੰਨਾ-''ਜੀ ਬਸ ਕੁਛ ਨਈਂ ਵੈਗਰੂ..ਆਹ ਗੁਰੂ ਸਾਬ ਦੀ ਸਾਖੀ ਜਾਦ ਆਗੀ...ਕਵੇਂ ਨੀਹਾਂ 'ਚ ਚਿਣਤੇ ਸੀਗੇ ਗੰਗੂ ਦੇ ਪਿੱਛੇ ਲਾਕੇ..''-ਪਰ ਮੈਂ ਪਤਾ ਨਹੀਂ ਕਿਸ ਗੰਗੂੰ ਦੇ ਪਿੱਛੇ ਲੱਗਕੇ ਆਪ ਨੂੰ ਹੱਡਾਂ ਵਿੱਚ ਚਿਣ ਲਿਆ।

ਅੱਖਾਂ ਅੱਗੇ 'ਨੇਰਾ ਆ ਜਾਂਦਾ। ਜੋ ਅੰਦਰ ਪਿਆ। ਜਿੱਥੇ ਚਾਨਣ ਦੀ ਕਦੀ ਤਿੱਪ ਵੀ ਨਹੀਂ ਗਈ।

ਨਾਜਰ ਦੀ ਗੱਲ ਚੇਤੇ ਆ ਗਈ ਤੇ ਬਰਛਾ ਚੱਕ ਕੇ ਖੇਤ ਨੂੰ ਤੁਰ ਪਿਆਂ। ਜਾਂਦੇ ਨੂੰ ਉਹ ਖੂਹੀ ਦੇ ਚਲ਼ੇ ਤੇ ਬੈਠਾ ਜਾਣੀ ਮੇਰੀ ਉਡੀਕ ਈ ਕਰੀ ਜਾਂਦਾ ਸੀ। ਮੈਂ ਵੀ ਚਲ਼ੇ ਤੇ ਬੈਠਾ ਈ ਸਾਂ ਉਹਨੇ ਫਟਾ-ਫਟ ਡੱਬ 'ਚੋਂ ਬੋਤਲ਼ ਤੇ ਗੀਝੇ 'ਚੋਂ ਕੱਚ ਦੀ ਗਲ਼ਾਸੀ ਕੱਡ ਕੇ ਅੱਗੇ ਧਰ ਦਿੱਤੀ।

ਛੇਤੀ ਨਾਲ਼ ਇੱਕ ਹਾੜਾ ਚਾੜ ਕੇ ਬੁੱਲ੍ਹਾਂ ਤੇ ਆਈਆਂ ਪਾਣੀ ਦੀਆਂ ਕੌਡੀਆਂ ਮੁੱਛਾਂ ਨੂੰ ਵਟਾ ਚਾੜ ਦਿੱਤਾ ਤੇ ਨਾਲ਼ ਈ ਮੂੰਗਰਾ ਚੱਬਕੇ ਸੇਲ਼ੀ ਠੋਕ ਕੇ ਮੈਨੂੰ ਵੀ ਹਾੜਾ ਲਗਾ ਕੇ ਚਿੱਤ ਕਰਾਰਾ ਕਰਨ ਦੀ ਸੁਲ਼ਾ ਮਾਰੀ।

''ਹੂੰ..!..ਹੂੰ..!''-ਬੁੱਲ਼ ਘੁੱਟਕੇ ਅੱਖਾਂ ਬੰਦ ਕਰਕੇ ਹੱਸ ਪਿਆ ਤੇ ਧੌਣ ਨੂੰ ਨਾਂਹ 'ਚ ਸੱਜੇ-ਖੱਬੇ ਮਸਤੀ ਵਿੱਚ ਘੁੰਮਾ ਦਿੱਤਾ। ਅੰਦਰੋਂ ਲ਼ਾਲ਼ਾਂ ਵੀ ਡੇਗੀ ਗਿਆ। ਫੋਕੀ ਟੌਹਰ ਲ਼ਈ ਹੱਥੀਂ ਰੀਝਾਂ ਨੂੰ ਮਾਰ ਦੇਣਾ ਵੀ ਪਾਪੀ ਹੋਣ ਤੋਂ ਘੱਟ ਨਹੀਂ। ਕੋਈ ਸ਼ਕਤੀ ਐਸੇ ਪਾਪ ਨੂੰ ਬਖਸ਼ ਨਹੀਂ ਸਕਦੀ।

ਏਸ ਜਕੜ ਤੋਂ ਮੁਕਤ ਹੋਣ ਲਈ ਹੱਲ੍ਹਾਸ਼ੇਰੀ ਸੀਨੇ ਵਿੱਚ ਗੂੰਜਣ ਲੱਗ ਪਈ-''ਤੀਵੀਂ ਤੇ ਗੰਗਾ ਹੁੰਦੀ ਐ..ਜੀਹ-ਚ ਗੋਤਾ ਮਾਰਕੇ ਬੰਦਾ ਮਨ ਦਾ ਕੋੜ ਸਾਫ ਕਰਕੇ ਪਾਕ ਹੋ ਜਾਂਦੈ..''-ਉਹੋ ਸਾਲ਼ੀ ਕੈਸੀ ਗੱਲ ਸੋਚੀ ਜਾਨਾਂ। ਸਉਂ ਲੱਗੇ ਏਹ ਨਹੀਂ ਹੋ ਸਕਦਾ। ਕੌਣ ਆ ਜੋ ਹੱਡਾਂ ਵਿੱਚ ਹਰਾਮੀਂ ਹੋਇਆ ਬੈਠਾ। ਖਵਰੇ ਏਨੇ ਈ ਜਿਉਂਣਾ ਦੁੱਬਰ ਕੀਤਾ ਹੋਇਆ। ਛੇਤੀ ਨਾਲ਼ ਚਾਰੇ ਕੂਟਾਂ ਵੱਲ਼ ਝਾਕਿਆ ਕੋਈ ਮੇਰੇ ਦਿਲ਼ ਦੀ ਬਿੜਕ ਤੇ ਨਹੀਂ ਲੈ ਰਿਹਾ।

ਜੋ ਹੱਡਾਂ 'ਚ ਹਰਾਮੀਂ ਏ ਬਾਹਰ ਆਉਂਣ ਲ਼ਈ ਬੜੇ ਤਰਲ਼ੇ ਮਾਰੀ ਜਾਂਦਾ ਪਰ ਮੰਈਂ ਕੋਈ ਪੇਸ਼



ਨਈਂ ਜਾਣ ਦਿੰਦਾ। ਮੱਤਾਂ ਦੀਆਂ ਛਮਕਾਂ ਨਾਲ਼ ਡਰਾਕੇ ਸਿਆਣਾ ਹੋਣ ਦਾ ਭਰਮ ਪਾਲ਼ੀ ਜਾਨਾਂ।

ਸਮਝ ਨਹੀਂ ਆਉਂਦੀ ਮੇਰੇ ਨਾਲ਼ ਹੋ ਕੀ ਰਿਹਾ..?

ਇੱਕ ਮਨਾਹੀ ਜਥੇਦਾਰ ਨੇ ਕਰਾਈ ਬਈ ਅੱਜ ਤੋਂ ਦਾਰੂ ਨਹੀਂ ਪੀਣੀ। ਹੈ ਤੇ ਭਾਂਵੇਂ ਸੋਲ਼ਾਂ ਆਨੇ ਗੱਲ਼ ਸਹੀ ਜੇ ਕੋਈ ਅਮਲ਼ ਕਰੇ। ਜਿਦੋਂ ਦੀ ਮੇਰੀ ਸੁਰਤ ਸੰਬਲੀ ਆ। ਨਾ ਸੁਰਤ ਤੇ ਸਾਰੀ ਉਮਰ ਬੰਦੇ ਦੀ ਨਹੀਂ ਸੰਬਲਦੀ ਜੇ ਏਹ ਕਹਾਂ ਬੀ ਜਿਦੋਂ ਦਾ ਮੈਂ ਲੋਕਾਂ ਅਰਗਾ ਹੋਣ ਲੱਗਿਆਂ, ਬਾਪੂ ਉਦੋਂ ਦਾ ਈ ਦਾਰੂ ਪੀਵੀ ਜਾਂਦਾ। ਮੇਰੇ ਅੰਦਾਜ਼ੇ ਨਾਲ਼ ਬਾਲ਼ੀ ਤੇ ਖਰ ਨਹੀਂ ਤੇਰਾਂ-ਚੌਦਾਂ ਲੱਖ ਦੀ ਦਾਰੂ ਪੀ ਕੇ ਮੂਤਤੀ ਹੋਣੀ ਆਂ।

ਪਰ ਦੁਖੀ ਬੰਦਾ ਪੀਵੇ ਨਾ ਤਾਂ ਹੋਰ ਕਰੇ ਵੀ ਕੀ..?

ਬਾਪੂ ਨੇ ਖੇਤਾਂ ਵਿੱਚ ਹੱਡ ਭੰਨਕੇ ਕਮਾਈ ਕੀਤੀ। ਦਿਹਾੜੀ ਤੇ ਬੰਦਾ ਲੈ ਕੇ ਜਾਣਾ ਤੇ ਗੱਲ਼ ਦੂਰ ਰਹੀ ਕਦੇ ਤਾਪ ਦੀ ਗੋਲ਼ੀ ਵੀ ਨਹੀਂ ਲ਼ਈ। ਸਾਰੀ ਉਮਰ ਗਲ਼ ਦੋ ਝੱਗਿਆਂ ਤੇ ਤੇੜ ਦੋ ਭੋਥਿਆਂ ਦੇ ਸਿਰ ਤੇ ਕੱਟ ਦਿੱਤੀ। ਪਰ ਕਦੇ ਫਸਲ਼ ਸੋਕੇ ਨਾਲ਼ ਤੇ ਕਦੇ ਡੋਬੇ ਨਾਲ਼ ਮਾਰੀ ਜਾਂਦੀ। ਕਰਜ਼ੇ ਨੇ ਬਾਪੂ ਦੇ ਸਾਰੇ ਚਾਅ ਚਰ ਲ਼ਏ ਤੇ ਉਹ ਦਾਰੂ ਪੀਣ ਲੱਗ ਪਿਆ। ਬਾਪੂ ਦੇ ਆਖਣ ਦੇ ਵਾਂਗ-''ਆਹ 'ਕੱਲ੍ਹੀ ਦਾਰੂ ਈ ਜੱਟਾਂ ਨੂੰ ਮਰਨੋਂ ਬਚਾਈ ਔਂਦੀ ਆ...ਨਈਂ 'ਤੇ ਕਦੋਂ ਦੇ ਮਰਗੇ ਹੁੰਦੇ...ਰੱਬ ਨੇ ਕਸਰ ਕਾਈ ਨੀਂ ਛੱਡੀ..''

ਏਸ ਦਾਰੂ ਦੇ ਕੀਤੇ ਸ਼ਰਾਬੀ ਬਾਪੂ ਨੇ ਚੁੱਲ੍ਹਿਆਂ ਦੀ ਰਾਖ ਵਿੱਚ ਬੇਬੇ ਦੀ ਜਵਾਨੀ ਨੂੰ ਮਧੋਲ਼ ਕੇ ਰੱਖ ਦਿੱਤਾ। ਵੈਸੇ ਦੁੱਖੀ ਬੰਦੇ ਨੂੰ ਤੇ ਪੀ ਈ ਲ਼ੈਣੀ ਚਾਹੀਦੀ ਐ।

ਬਾਪੂ ਨੂੰ ਹਮੇਸ਼ਾ ਮੇਰੇ ਤੋਂ ਲ਼ਿਲ਼ਕ ਰਹੀ, ਬਈ ਮੈਂ ਪੜਕੇ ਕੋਈ ਵੱਡਾ ਅਫਸਰ ਬਣਜੂੰ, ਪਰ ਬਣ ਨਾ ਸਕਿਆ। ਨੌਕਰੀ ਕੇੜਾ ਭੈਣ ਦੇਣੇ ਦੀ ਵੱਟ ਤੇ ਉੱਗੀ ਪਈ ਐ ਬੀ ਮੂਲ਼ੀ ਵਾਨੂੰ ਪੱਟਕੇ ਘਰੇ ਲੈ ਆਵਾਂ। ਮੁੱਲ਼ ਈ ਲੈਣੀ ਪੈਂਦੀ ਆ। ਜਿੰਨੀ ਪੜਾਈ ਕਰੀ ਸਾਰੀ ਅੱਖਰ-ਅੱਖਰ, ਔਕੜ-ਔਕੜ ਕਰਕੇ ਢੱਠੇ ਖੂਹ ਵਿੱਚ ਪੈ ਗਈ..।

ਜਦੋਂ ਵੀ ਕਿਤੇ ਮੈਂ ਆਵਦਾ ਨਾਂਉਂ ਲਿਖਦਾਂ 'ਜਲੌਰ ਸਿੰਘ' ਤਾਂ ਸਿਆਰੀ ਮੇਰੇ ਗਲ ਦਾ ਫਾਹਾ ਬਣ ਜਾਂਦੀ ਆ। ਹੁਣ ਅੱਕ ਕੇ ਸਿਆਰੀ ਪਾਉਂਣੀ ਈ ਛੱਡ ਦਿੱਤੀ ਬਸ 'ਸੱਸਾ' ਪਾ ਕੇ ਵਿੰਗੀ ਲ਼ਖੀਤਰ ਜੇਹੀ ਖਿੱਚ ਦਿੰਨਾਂ।

ਬਾਪੂ ਸਕੂਲ ਜਾ ਕੇ ਅਰਜਨ ਮਾਸਟਰ ਨੂੰ ਪੁੱਛਦਾ-''ਜਾਣੀ ਦੀ ਥੋਡੀ ਕਿੰਨੀ-ਕੁ ਤਨਖਾ ਹੋਗੀ ਐ ਜੀ..ਵਾਵਾ ਹੋਣੀ ਐਂ ਮੇਰੇ ਜਾਚੇ ਤੇ..''-ਫੇਰ ਦੋਵੇਂ ਹੱਥ ਪਿੱਛੇ ਕਰ ਕੇ ਮੂੰਹ ਵੱਲ਼ੀਂ ਝਾਕੀ ਜਾਊ।

''ਬਾਲ਼ੀ ਨਈਂ ਸੰਧੂ ਸਾਵ ਬਸ ਟੈਮ ਜਾ ਪਾਸ ਹੋਈ ਜਾਂਦੈ..ਚਾਲ਼ੀ-ਕੁ 'ਜ਼ਾਰ ਨੱਪ-ਘੁੱਟਕੇ ਮਸਾਂ ਦਿੰਦੀ ਐ ਸਰਕਾਰ..''-ਉਹ ਬਾਪੂ ਦੇ ਅਜਿਹੇ ਰਵਈਏ ਤੋਂ ਅਕੇਵਾਂ ਵੀ ਖਾ ਜਾਂਦਾ।

''ਵੀਹਾਂ ਈ ਪੁੱਗੀਆਂ ਪੀਆਂ ਕੇ...ਬੰਦੇ ਦਾ ਕਾਈ ਰਜ਼ਾ ਨਈਂ...ਲੈ ਏਹ ਕੇੜਾ ਕਹੀ ਮਾਰਕੇ ਲੈਣੇ ਆਂ...ਨਿਆਣੇ ਕੁੱਟਣ ਦੇ ਪੈਸੇ ਮਿਲਦੇ ਐ..''-ਬਾਪੂ ਚਿੱਤ ਵਿੱਚ ਕਰਾਰੀ ਜੇਹੀ ਗਾਲ਼ ਕੱਡ ਕੇ ਫਿਰ ਬੋਲਦਾ-''ਹੈਸ ਸਾਵ 'ਨਾ ਤੁਸੀਂ ਬਾਰਾਂ ਘੁੰਮਾਂ ਵਾਲੇ ਜੱਟ ਦੀ ਬੂਥ ਲਵਾਈ ਬੈਠੋਂ ਓਂ...ਏਨੀ ਤੇ ਬਾਲ਼ੀ ਐ ਸਾਨੂੰ..''-ਫੇਰ ਬਾਪੂ ਜਾ ਕੇ ਕਿਸੇ ਤੋਂ ਘਰ ਦੀ ਲੋੜ ਨੂੰ ਮੁੱਛਣ ਲਈ ਕਰਜ਼ਾ ਲੈਂਦਾ। ਬਈ ਹੋਰ ਦੋ ਵਰਿਆਂ ਨੂੰ ਮੈਂ ਮਾਸਟਰ ਲੱਗ ਜਾਊਂ। ਫੇਰ ਸਾਰੇ ਕਰਜ਼ੇ ਵੀ ਰਾਈ-ਰਾਈ ਨੂੜ ਦੇਣੀਆਂ। ਬਾਲ਼ਾ ਖਰਚਾ ਨਈਂ ਕਰਨਾ।

ਬਾਪੂ ਅਗੇਤਾ ਈ ਪੂਰੀ ਕਿਰਸ ਨਾਲ਼ ਹਿਸਾਬ ਲ਼ਗਾ ਕੇ ਖੁਸ਼ੀ ਵਿੱਚ ਮੜਿਆ ਜਾਂਦਾ। ਪਿੱਠੂ ਖੇਡਣ ਲਈ ਬਣਾਈ ਲ਼ੀਰਾਂ ਦੀ ਖਿੱਦੋ ਵਾਂਗ-''ਲੈ ਬੀ ਮੁੰਡੂ ਬੀ ਬੇਬੇ ਸੁਣਦੀ ਐਂ...ਜੇ ਵਰ੍ਹੇ ਨੂੰ ਵੀ ਏਹ ਨੌਕਰ ਹੋ-ਗਿਆ ਤਾਂ ਚਹੁੰ ਵਰਿਆਂ 'ਚ ਸਬ ਸਾਵ ਨੱਕੀ ਕਰ ਘੱਤਣਾ...''-ਮੰਜੇ ਤੇ ਬੈਠਾ ਐਵੇਂ ਈ ਪੋਟਿਆਂ ਨੂੰ ਥੁੱਕ ਲਗਾਕੇ ਲਏ ਕਰਜ਼ੇ ਦਾ ਸਾਬ-ਕਿਤਾਬ ਲਾਈ ਜਾਂਦਾ ਤੇ ਮੁੱਛਾਂ ਨੂੰ ਵਟਾ ਚਾੜੀ ਜਾਂਦਾ।

ਪਰ ਕੂਕੇ ਨਾ ਕਮਾਰ ਹੋਵੇ ਨਾ ਜਵਾਰ। ਕੁਛ ਮਿਲ਼ਣ ਤੋਂ ਪਹਿਲ਼ਾਂ ਈ ਬਾਪੂ ਨੇ ਮੇਰੇ ਜਸ਼ਨ ਮਨਾ

ਲ਼ਏ, ਪਰ ਮੈਂ ਝਾਂਵੇਂ ਦਾ ਝਾਂਵਾਂ ਈ ਰਹਿ ਗਿਆ। ਕੜਮਾ ਨਿਕਲ਼ ਗਿਆ। "ਸਾਰਾ ਦਿਨ ਡਓਂ-ਡਓਂ ਵੱਜਦਾ ਫਿਰਦੈਂ..ਲੱਗ-ਜਾ ਕਿਸੇ ਕਣ-ਬੰਨੇ..ਕਿਉਂ ਲਹੂ ਪੀਤੈ...ਛਾਪ ਵੇਚ ਕੇ ਫੀਸ ਭਰੀ ਸੀਗੀ...ਅਖੇ ਮੇਰੇ ਕੀ ਵੱਸ ਐ..ਜੋ ਤੇਰੇ ਵੱਸ ਉਹ ਕਰ-ਮਰਲੈ"-ਬਾਪੂ ਤੇ ਕਲੱਲੀ ਗਾਲ਼ ਕੱਡਕੇ ਹਰਖ ਡੈਲ਼ਾ ਕਰ ਲ਼ੈਂਦਾ ਪਰ ਮੈਂ ਕੀਹਦੇ ਤੇ ਕੱਡਾਂ। ਕਈ ਆਰੀਂ ਸੋਚਦਾਂ-ਮੇਰੇ ਹੱਡਾਂ 'ਚ ਬੈਠਾ ਹਰਾਮੀ ਫੁੜਕਾ ਈ ਦੇਵਾਂ। ਪਰ ਏਸ ਹਰਾਮੀਂ ਨਾਲ਼ ਈ ਮੈਂ ਹਾਂ ਤੇ ਮੇਰੇ ਨਾਲ਼ ਈ ਏਹ ਹਰਾਮੀਂ।

ਓਦਣ ਘਰੋਂ ਸਤਕੇ ਕਲ਼ੀਐ ਆਲ਼ੇ ਖੇਤ ਆ ਗਿਆ।

ਉੱਥੇ ਮੋਟਰ ਤੇ ਪਏ ਚੌਖੜੇ ਮੰਜੇ ਦੀ ਦੌਣ ਖੋਲ਼ ਕੇ ਚੰਗੀ ਤਰਾਂ ਵਟ ਚਾੜਕੇ ਦੂਹਰੀ-ਚੌਹਰੀ ਕਰਕੇ, ਡਾਹਨੇ ਨਾਲ਼ ਬੰਨਕੇ ਬੰਨ ਕੇ ਫਾਹਾ ਬਣਾ ਲ਼ਿਆ। ਡਾਹਣੇ ਨਾਲ਼ ਲ਼ਮਕਾ ਛੱਡ ਕੇ ਵੇਖਿਆ ਭਾਰ ਝੱਲੂ ਕਿ ਨਾਂਹ ਝੱਲੂ। ਹੁਜਕਾ ਵੱਜਣ ਦੇ ਨਾਲ਼ ਕਿੰਨੇ ਪੀਲ਼ੇ ਪੱਤੇ ਝੜਕੇ ਭੁੰਜੇ ਕਿਰ ਗਏ। ਪਰ ਸਾਲ਼ਾ ਫਾਹੇ 'ਚ ਧੌਣ ਫਸਾਉਂਣ ਨੂੰ ਚਿੱਤ ਨਾ ਕਰੇ।

ਆਪ ਨਾਲ਼ ਕਰੀ ਜੁਬਾਨ ਵੀ ਮੈਂ ਪੁਗੌਂਣੀ ਸੀ। ਨਹੀਂ ਤਾਂ ਹਰਾਮੀਂ ਨੇ ਮੇਹਣੇ ਮਾਰ-ਮਾਰ ਕੇ ਆਪਣੇ ਮੱਥੇ ਨਹੀਂ ਸੀ ਲੱਗਣ ਜੋਗਰਾ ਛੱਡਣਾ। ਊਂਈ ਮਾਰ ਦੇਣਾ ਸੀ। ਜਵਾਰ ਦੀ ਵੱਟ ਵਿੱਚ ਦੇਸੀ ਦਾਰੂ ਦੀ ਬੋਤਲ਼ ਕੱਡ ਲਈ। ਦਲ਼ੇਰੀ ਪੈਦਾ ਕਰਨ ਲਈ ਤਿੰਨ-ਚਾਰ ਹਾੜੇ ਲਗਾ ਲਏ।

ਨਸ਼ਾ ਹੋ ਗਿਆ ਬਾਲ਼ਾ, ਮੇਰੇ ਧੀ ਦੇਣੇ ਦੇ ਪੈਰ ਈ ਨਹੀਂ ਸੀ ਭੁੰਜੇ ਲੱਗਦੇ। ਹਾਅ ਈ ਤੇ ਮੈਂ ਭਾਲ਼ਦਾ ਸਾਂ ਮੇਰੇ ਪੈਰ ਨਾ ਖੜਨ। ਸੌਂਹਰੇ ਦੀ ਬਾਲ਼ੀ ਖਰੀ ਸੀ। ਦੂਰੋਂ ਅੱਗ ਚਾਂਬਲ਼ ਕੇ ਪੈਂਦੀ ਸੀ।

"ਲੁੱਟ ਲ਼ੈ ਮੌਜ਼ ਜੇੜੀ ਲੁੱਟਣੀ ਐ ਬਿੰਦ-ਝਟ ਹੋਰ...ਅੱਜ ਨਈਂ ਸੁੱਕਾ ਜਾਣ ਦੇਣਾ ਬੱਚੂ..."-ਆਡ ਵਿੱਚ ਖੜੇ ਪਾਣੀ ਵਿੱਚ ਆਪ ਨੂੰ ਵੇਖਕੇ ਰੋਅਬ ਮਾਰਿਆ। "ਓਸ ਦਿਨ ਫਾਹਾ ਲੈਣ ਤੋਂ ਬਚ ਗਿਆ। ਜੇ ਦਾਰੂ ਨਾ ਹੁੰਦੀ ਤਾਂ ਮੇਰਾ ਹੋ ਗਿਆ ਸੀ-ਅੱਲ਼ਾ-ਹੂ। ਪੂਰਿਆ ਗਿਆ ਸੀ ਸੰਖ।"

ਕਿੰਨੇ ਰੰਗ-ਤਮਾਸ਼ੇ ਵੇਖ ਲਏ ਦੁਨੀਆਂ ਤੇ ਓਦੂੰ ਬਾਦ। ਪਰ ਸ਼ੀਸ਼ਾ ਨਹੀਂ ਕਦੇ ਚੰਗੀ ਤਰਾਂ ਵੇਖਿਆ। ਆਪ ਨਾਲ਼ ਅੱਖ ਮਿਲਾਉਂਣ ਦੀ ਦਲ਼ੇਰੀ ਈ ਨਹੀਂ ਪਈ। ਨਾਲ਼ੇ ਊਂ ਵੀ ਕੇੜਾ ਬੰਦਾ ਸਾਰੀ ਉਮਰ ਸ਼ੀਸ਼ਾ ਵੇਖਦਾ। ਕਦੇ ਪੱਗ ਦਾ ਲ਼ੜ ਲੋਟ ਕਰੂ, ਕਦੇ ਦਾੜੀ ਦੇ ਖਤ ਕੱਡਦਾ। ਸ਼ੀਸ਼ਾ ਕਦੇ ਨਹੀ ਵੇਖਦਾ।

ਜਿੱਦੇਂ ਸ਼ੀਸ਼ਾ ਵੇਖਣ ਲੱਗ ਪਿਆ ਦੁਨੀਆਂ ਈ ਬਦਲ਼ ਜਾਊ..!

ਨਾਜਰ ਨੇ ਵੀ ਮੈਨੂੰ ਓਸ ਦਿਨ ਗੱਲ਼ਾਂ 'ਚ ਕਲ਼ੋਟਾ ਈ ਉਲ਼ਜਾ ਲ਼ਿਆ। ਪੂਰਾ ਈ ਇੱਲ਼ਤੀ ਐ। ਸੱਥ ਵਿੱਚ ਬੈਠੇ ਦਾਰੇ ਪੱਤੀ ਦੇ ਬੰਦੇ ਖੇਸ-ਚਤਈਆਂ ਦੀ ਬੁੱਕਲ਼ ਮਾਰੀ ਧੂਣੀ ਸੇਕੀ ਜਾਂਦੇ ਸੀ। ਅੰਨੇ-ਵਾਹ ਦੀ ਧੁੰਦ ਪੈਂਦੀ ਸੀ। ਬੰਦੇ ਨੂੰ ਬੰਦਾ ਵੀ ਨਹੀਂ ਸੀ ਦਿਖਦਾ। ਵੈਸੇ ਕੋਈ ਅਲ਼ੋਕਾਰੀ ਗੱਲ਼ ਨਹੀਂ ਬੰਦੇ ਨੂੰ ਉਂਝ ਵੀ ਕੇੜਾ ਬੰਦਾ ਦੀਂਹਦਾ। ਧੁੰਦ ਪਵੇ ਜਾਂ ਨਾਂਹ ਪਵੇ। ਹਵਾ ਵਗਣ ਕਰਕੇ ਠਾਕਾ ਬਾਲ਼ਾ ਈ ਹੋ ਗਿਆ। ਅੰਗ-ਪੈਰ ਸੁੰਨ-ਸਰਾਂ ਹੋ ਗਏ। ਮੈਂ ਵੀ ਪੱਗ ਓਤਦੀ ਕੰਬਲ਼ ਦਾ ਝੁੰਬ ਮਾਰਕੇ ਘਰੋਂ ਬਾਹਰ ਆ ਗਿਆ।

"ਮਖਿਆ ਅੱਜ ਤੇ ਭੈਣ ਦੇਣੀ ਧੁੰਦ ਪੈਂਦੀ ਐ ਗ੍ਰੰਥਿਆ ਕਰਲ਼ਾ ਕਾਈ ਸੁਗਲ.."-ਨਾਜਰ ਨੇ ਮੇਰੀ ਅਕਲ ਠੋਕਰੀ ਤੇ ਮੀਟ ਵਾਲ਼ੀ ਕੌਲ਼ੀ ਉਤਾਂਹ ਚੱਕ ਕੇ ਸੈਂਖੀ ਵਖਾਈ।

"ਓਸ ਰੱਬ ਨੂੰ ਮੂੰਹ ਵਖੌਣਾ ਬੀ...ਤੂੰਹੀਂ ਬੰਨ ਰੰਗ..."-ਮੂੰਹ ਵਿੱਚ ਫੇਰ ਪਾਣੀ ਆ ਗਿਆ। ਸਾਲ਼ੇ ਲ਼ੋਕ ਵੀ ਨਾ ਬੰਦਾ-ਕਬੰਦਾ ਵੇਖਕੇ ਈ ਸੁਲ਼ਾ ਮਾਰਦੇ ਆ। ਜਦੋਂ ਆਹ ਬਾਣਾ ਨਹੀਂ ਸੀ ਪਾਇਆ ਓਦੋਂ ਨਹੀਂ ਕਦੇ ਸੁਲ਼ਾ ਮਾਰੀ। ਸਾਰਾ ਪਤੀਲ਼ਾ ਕੇੜਾ ਨਾ ਚੋਪੜ ਦਿੰਦਾ।

"ਵੀਰਵਾਰ ਨਾ ਮਰੀਂ ਫੇਰ...ਨਾਲ਼ੇ ਰੱਬ ਨੇ ਘੱਟ ਲਹੂ ਪੀਤੈ...ਪੱਕੀ ਤੇ ਗੜੇ ਸਿੱਟਕੇ ਹੱਥੋਂ ਟੁੱਕ ਖੋਣ ਤਾਂਈ ਜਾਂਦੈ..ਅਸੀਂ ਵੀ ਤਾਂ ਮੱਥੇ ਨਈਂ ਹਿੱਕ 'ਚ ਠੁਕਣਾ ਸਾਲ਼ੇ ਦੇ..."-ਜਾੜ ਹੇਠ ਹੱਡੀ ਦਾ ਕੜਾਕਾ ਪਾਇਆ-"ਦੋ ਵਰ੍ਹੇ ਹੋ-ਗੇ ਫਸਲ਼ ਨਈਂ ਚੱਜ ਦੀ ਹੋਣ ਦਿੱਤੀ..ਲੈ...ਮੰਨ-ਖਾਂ..."-ਸ਼ੈਖੀ ਚੂੰਡ ਕੇ ਬੋਲ਼ਿਆ-"ਓਏ ਨਾਲੇ ਅੱਜ ਕੇੜਾ ਰੱਬ ਨੂੰ ਕੁਛ ਦੀਂਦਾ ਹੋਣਾ...ਭੈਣ ਦੇਣੇ ਦੀ ਐਨੀ ਧੁੰਦ ਪੈਂਦੀ ਐ



ਨੱਪਦੇ ਕਿੱਲੀ...ਆਜਾ ਹੋ ਮਾੜਾ ਜਾ ਐਧਰ...ਖਿੱਚਦੇ ਕੰਮ ਨੀਵੀਂ ਜੇਈ ਸਿੱਟ ਕੇ ਆਜਾ..ਆਪਾਂ ਤੇ ਬਈ ਬੇਬੇ-ਬਾਪੂ ਦੀ ਮਰਜ਼ੀ ਨਾਲ਼ ਜੰਮੇ ਆਂ..ਆਵਦੀ ਮਰਜ਼ੀ ਨਾਲ਼ ਮਰਾਂ-ਗੇ"-ਨਾਜਰ ਨੇ ਚਮਚੇ ਦੇ ਨਾਲ਼ ਕੌਲ਼ੀ ਖੜਕਾ ਕੇ ਮੀਟ ਦੀ ਸੁਲ਼ਾ ਮਾਰੀ।

"ਨਈਂ ਨਈਂ...ਛਕੋ ਭਾਈ ਏਹ ਸੋਡਾ ਰਿਜ਼ਕ ਐ..."-ਮੈਂ ਧੂਣੀ ਵੱਲ਼ ਆ ਗਿਆ ਸਾਂ।

ਮੈਨੂੰ ਸੱਥ ਵੱਲ਼ ਤੁਰੇ ਆਉਂਦੇ ਨੂੰ ਵੇਖ ਕੇ ਦੀਸ਼ੇ ਨੇ ਆਪਣੀ ਕੁਰਸੀ ਖਾਲ਼ੀ ਕਰਕੇ ਬਹਾ ਦਿੱਤਾ। "ਲੋ ਬੀ ਮਾਰੋ-ਖਾਂ ਭੋਰਾ-ਕੁ ਪਾਸਾ..ਪਾਠ ਤਿੰਨ ਪ੍ਰਕਾਰ ਦੇ ਹੁੰਦੇ ਐ..ਇੱਕ ਤੇ ਹੂੰਦੈ ਸਹੀ ਸਰਧਾ ਵਾਲ਼ਾ ਤੇ ਦੂਜਾ ਹੂੰਦੈ ਭੂੰਡ ਪਾਠ.."-ਉਹ ਵੀ ਅੱਗੇ ਧੂਣੀ ਸੇਕੀ ਜਾਂਦੇ ਬੰਦਿਆਂ 'ਚ ਫਸਕੇ ਬਹਿ ਗਿਆ। ਕਿਸੇ ਨੇ ਸੈਨਤ ਦੇ ਨਾਲ਼ ਪੁੱਛਿਆ-'ਬਈ ਦੱਸ'-ਛਟੀਆਂ ਦਾ ਝੋਕਾ, ਗੋਡਣੀ ਲਾ ਕੇ, ਪੱਟ ਨਾਲ਼ ਅੜਕਾ ਕੇ ਤੋੜਿਆ ਤੇ ਬੋਲ਼ਿਆ-"ਭੂੰਡ ਪਾਠ..! ਜੀਦੇ 'ਚ ਗ੍ਰੰਥੀ ਊਂ ਊਂ ਕਰੀ ਜਾਂਦੇ ਐ ਪੜਦੇ ਕੁੱਛ ਨੀ ਬੈਸ਼ ਨਿਗਾਹ ਜੀ ਮਾਰੀ ਜਾਂਦੇ ਐ.."-ਮੱਚਦੀ ਲ਼ਾਟ ਤੇ ਧਰਕੇ ਭਾਬੜ ਕਡਾਕੇ ਹੱਡਾਂ ਦਾ ਠੁਰ-ਠੁਰ ਕਰਦਾ ਪਾਲ਼ਾ ਲੁਹਾ ਦਿੱਤਾ।

"ਤੀਜਾ ਪਾਠ ਹੂੰਦੈ ਥੱਬਾ ਪਾਠ..ਜਾਣੀ ਇੱਕ ਪੜਿਆ ਤੇ ਚਾਰ ਲੱਧੇ..ਚਲ਼ ਬਾਬਾ ਅੱਗੇ-ਅੱਗੇ.."-ਦੀਸ਼ੇ ਨੇ ਚੁੱਟਕੀ ਮਾਰਕੇ ਗਲ਼ੀ ਵੱਲ਼ ਜਾਣ ਦਾ ਇਸ਼ਾਰਾ ਕੀਤਾ ਤਾਂ ਸਾਰੇ ਈ ਹੱਸ ਪਏ। ਜੀਅ ਤਾਂ ਮੇਰਾ ਵੀ ਕੀਤਾ ਪਰ ਮੈਂ ਗ੍ਰੰਥੀ ਹੋਣ ਕਰਕੇ ਹੱਸ ਨਹੀਂ ਸਕਿਆ। ਹਾਸੇ ਨੂੰ ਜਾਬੜਾਂ ਹੇਠ ਦੱਬ ਲਿਆ ਤੇ ਨੀਂਵੀਂ ਪਾਕੇ ਗਿੱਟੇ ਖੁਰਕ ਕਰਨ ਲੱਗ ਪਿਆ ਤੇ ਝਿੜਕ ਮਾਰੀ-"ਓਏ ਐਂ ਨਈਂ ਆਖੀ-ਦਾ ਹੁੰਦਾ..ਬਾਣੀ ਸਰਾਪ ਦਿੰਦੀ ਐ.."

"ਗ੍ਰੰਥੀ ਸ਼ਿਆਂ ਜੇ ਬੀ ਥੋਡਾ ਮਨ ਬਾਲ਼ਾ ਈ ਕਾਸੇ ਚੀਜ਼ 'ਲ਼ੀ ਲ਼ਲ਼ਚੇ..ਫੇਰ ਕੀ ਕਰੋਗੇ..?"-ਠੋਢੀ ਨੂੰ ਖੱਬੇ ਗੋਡੇ ਦੀ ਚੱਪਣੀ ਤੇ ਧਰਕੇ, ਪੈਰਾਂ ਭਾਰ ਬੈਠਾ ਮੇਰੇ ਵੱਲ਼ੀਂ ਮੀਸਣਾ ਬਣਕੇ ਝਾਕਣ ਲੱਗ ਪਿਆ।

"ਫੇਰ ਗੁਰੂ ਸਾਬ ਨੇ ਕਿਐ..ਬੀ ਆਵਦੇ ਸ੍ਰੀ ਸਾਬ ਨੂੰ ਹੋਸ ਚੀਜ਼ ਵਿੱਚ ਫੇਰ ਕੇ..."-ਮੈਂ ਖਗੂੰਰਾ ਮਾਰਕੇ ਰਗਾਂ ਸਾਫ ਕਰੀਆਂ-"ਭੋਗ ਲਵਾਕੇ ਪ੍ਰਸ਼ਾਦ ਮੰਨਕੇ ਖਾਲ਼ੋ...ਸਿੰਘਾਂ ਦੀ ਜਾਨ ਬਚੌਣ ਲਈ ਮਾਸ ਖਾਧਾ ਸੀਗਾ ਗੁਰੂ ਸਾਬ ਨੇ"-ਸੁਣੀ ਹੋਈ ਕੱਚੀ-ਪਿੱਲ਼ੀ ਕਥਾ ਸੁਣਾ ਕੇ ਅੱਗ ਨਾਲ਼ ਹੱਥ ਨਿੱਘੇ ਕਰਕੇ ਦਾੜੀ ਨੂੰ ਪਲ਼ੋਸਿਆ।

"ਫੇਰ ਜੇ ਕਿਹੇ ਤੀਮੀਂ 'ਲੀ ਥੋਡਾ ਮਨ ਡੋਲਜੇ...ਹੋਦੋਂ ਓਦੇ ਵੀ ਕੱਛ ਆਹ ਫੇਰ ਕੇ ਪ੍ਰਸ਼ਾਦ ਮੰਨਕੇ ਡਹਿਪੋਂ-ਗੇ.."-ਦੀਸ਼ਾ ਤਾੜੀ ਮਾਰ ਕੇ ਕੂਕਲ਼ੀ ਨਾਲ਼ ਹੱਸ ਪਿਆ ਤੇ ਧੂਣੀ ਤੇ ਬੈਠੇ ਬੰਦੇ ਵੀ ਖਿੜ ਕੇ ਹੱਸ ਪਏ।

ਮੇਰਾ ਚਿੱਤ ਕਰਿਆ ਸਾਲ਼ੇ ਚਵਲ਼ ਦੇ ਬਰਛਾ ਮਾਰ ਕੇ ਖਾਖਾਂ ਪਾੜ ਦਿਆਂ। ਪਾ ਦਿਆਂ ਖੌਰੂ ਪਰ ਮੇਰੇ ਹੱਡਾਂ ਵਿੱਚ ਲੁਕੇ ਬੈਠੇ ਹਰਾਮੀਂ ਨੇ ਹੱਥ ਫੜਕੇ ਮੁਸ਼ਕਾਂ ਈ ਮਾਰ ਦਿੱਤੀਆਂ। ਫੇਰ ਮੈਂ ਆਪ ਵੀ ਹੱਸਣ ਲ਼ੱਗ ਪਿਆ। ਮੂੰਹ ਤੇ ਬੁੱਲ਼ ਮੇਰੇ ਪਰ ਹੱਸ ਕੋਈ ਹੋਰ ਰਿਹਾ ਸੀ ਉਹ ਵੀ ਮੇਰੇ ਤੇ। ਬੇ-ਸ਼ਰਮੀ ਵਿੱਚ ਇਉਂ ਈ ਹੁੰਦਾ ਹੈ..ਬੰਦਾ ਆਪ ਤੇ ਈ ਹੱਸਦਾ..!

ਗਰਜ਼ ਲ਼ਈ ਲੋਕਾਂ ਨੂੰ ਧੋਖਾ ਦੇਈ ਜਾਣਾ ਤੇ ਠੀਕ ਹੈ ਪਰ ਕਿੰਨੇ ਕੜਮੇਂ ਨੇ ਮੇਰੇ ਅਰਗੇ ਜੋ ਆਪ ਨੂੰ ਈ ਧੋਖਾ ਦੇਈ ਜਾਂਦੇ ਆ। ਅਜੇਹਾ ਜਿਉਂਣਾ ਅੱਜ ਦੇ ਯੁੱਗ ਦਾ ਸਰਾਪ ਹੈ।

"ਨਈਂ..ਨਈਂ..ਐਸ ਤਕਾਂ ਦੇ ਘੋਰ ਪਾਪ ਐ.."-ਦਖਾਵੇ ਵਿੱਚ ਆਪ ਨੂੰ ਧੋਖਾ ਦਿੰਦਾ ਹੋਇਆ ਮੈਂ ਪੀਲ਼ੇ ਮਣਕੇ ਵਾਲ਼ੀ ਮਾਲ਼ਾ ਫੇਰ ਕੇ "ਵੈਗਰੂ..ਵੇਗਰੂ.." ਦਾ ਜਾਪ ਕਰਨ ਲੱਗ ਪਿਆ।

ਇਹ ਕੋਈ ਮਾਲ਼ਾ ਨਹੀਂ ਸਗੋਂ ਮੂਰਤੀ ਦੀ ਦਿੱਤੀ ਪ੍ਰੇਮ ਨਿਸ਼ਾਨੀ ਸੀ, ਜੋ ਹੁਣ 'ਵੈਗਰੂ' ਦਾ ਗਿਣ-ਗਿਣ ਕੇ ਜਾਪ ਕਰਨ ਦੇ ਕੰਮ ਆ ਰਹੀ ਸੀ। ਪੋਟਿਆਂ ਵਿੱਚ ਮਣਕਾ ਕੇਰ ਕੇ 'ਵੈਗਰੂ' ਆਖ ਦਿੰਨਾਂ। ਕੀ ਗਤੀ ਹੋਊ ਬੰਦੇ ਦੀ ਰੱਬ ਦਾ ਨਾਂਉ ਵੀ ਲੋਕ ਗਿਣਕੇ ਈ ਲੈਂਦੇ ਆ।

ਗਾਨੀ ਦੇ ਵੱਲ ਵੇਖਕੇ ਚਿੱਤ ਵਿੱਚ ਖੋਹ ਪੈਂਦੀ ਹੈ ਖੋਹ। ਇਉਂ ਲੱਗਦਾ ਮੂਰਤੀ ਦਾ ਹੱਥ ਫੜਿਆ ਹੋਵੇ ਬਈ ਨਾ ਜਾਹ ਛੱਡਕੇ। ਉਹ ਸਭ ਜਾਂਨੀਂ ਜਾਨ ਐ ਚੁੱਪ ਈ ਭਲੀ ਐ..। ਜਦੋਂ ਵੀ ਕਦੇ ਮੈਨੂੰ ਇਹ ਗੱਲ਼ ਚੇਤੇ ਆ ਜਾਂਦੀ ਐ ਤਾਂ ਮੈਂ ਹੱਸ-ਹੱਸ ਕੇ ਦੂਹਰਾ-ਤੀਹਰਾ ਹੋ ਜਾਂਨਾਂ

ਤੇ ਹੁਣ ਨਾਜਰ ਮੇਰੇ ਕੋਲ਼ ਖੂਹੀ ਤੇ ਬੈਠਾ ਹੋਇਆ ਗੁੱਛਕੇ ਨਾਲ਼ ਪੈੱਗ ਬਣਾ ਰਿਹਾ..!

ਕੱਚ ਦੀ ਗਲ਼ਾਸੀ ਵਿੱਚ ਪੈਂਦੀ ਦਾਰੂ ਦਾ ਸ਼ੋਰ ਬਾਹਲ਼ਾ ਈ ਚੰਗਾ ਲੱਗਦਾ। ਘਰ ਵਿੱਚ ਮੈਂ ਜੱਗ 'ਚੋਂ ਪਾਣੀ ਪਾਉਂਦੇ ਵੇਲ਼ੇ ਵੀ ਏਹੀ ਸੁਆਂਗ ਰਚਾਕੇ ਠਰਕ ਮੱਠਾ ਕਰਦਾਂ। ਸ਼ੋਰ ਸੁਣਦਾਂ..! ਬੇਬੇ ਨੇ ਕਈ ਵਾਰ ਮੈਨੂੰ ਏਦਾ ਕਰਦੇ ਨੂੰ ਵੇਖਿਆ ਤੇ ਫੇਰ ਕਨਸੋ ਲਈ-"ਵੇ ਪੁੱਤ ਆਹ ਕੀ ਖੇਡਾਂ ਜੇਈਆਂ ਕਰੀ ਜਾਂਨੈ.."- ਮੇਰੇ ਹੱਥ ਪੈਰ ਕੰਬ ਜਾਂਦੇ ਨੇ ਜਿਵੇਂ ਮੈਂ ਕੋਈ ਕੋਤਾਈ ਕਰਦਾ ਫੜ ਲਿਆ ਗਿਆ ਹੋਵਾਂ।

"ਕਿਉਂ ਬੀ ਗ੍ਰੰਥੀਆ ਪੌਣੀਐ ਗੁੱਤੀ..."-ਨਾਜਰ ਨੇ ਗਲਾਸੀ ਨੂੰ ਬੋਤਲ਼ ਦੀ ਕੰਗਨੀ ਨਾਲ਼ ਖੜਕਾ ਕੇ ਸੁਲਾ ਮਾਰੀ ਤੇ ਫੇਰ ਗੱਲ ਤੋਰੀ-"ਨਲਕਾ ਭਵੇਂ ਸੋਨੇ ਦਾ ਹੋਵੇ ਪਰ ਬਿਨਾਂ ਬੋਕੀ ਤੋਂ ਕਿਹੇ ਕੰਮ ਦਾ ਨਈਂ ਹੁੰਦਾ..ਨਾਲੇ ਜੀਹਦੇ ਲ਼ਹੂ 'ਚ ਗੈਰਤ ਨਾ ਹੋਵੇ ਨਾ..ਉਹ ਹਿੰਦੂ..ਸਿੱਖ ਤੇ ਹੋਰ ਪਤਾ ਨਈਂ ਕੀ-ਕੀ ਹੋ ਸਕਦੈ..ਪਰ ਉਹ ਬੰਦਾ ਨਈਂ ਕਦੇ ਹੁੰਦਾ.."-ਗਲ਼ਾਸੀ ਵਿੱਚ ਸਪਰੇ ਵਾਲ਼ੇ ਲ਼ੀਟਰਾਂ ਵਿੱਚੋਂ ਭਰਿਆ ਪਾਣੀ ਪਾ ਲਿਆ।

"ਬਈ ਆਪਾਂ ਸੌਖੇ ਕਵੇਂ ਹੋਆਂਗੇ.."-ਮੈਂ ਹੱਡਾਂ ਵਿੱਚ ਬੈਠੇ ਹਰਾਮੀ ਨੂੰ ਮਾਰਨ ਲ਼ਈ ਕੋਈ ਸਕੀਮ ਘੜਨ ਦੀ ਖੇਚਲ਼ ਕੀਤੀ।

'ਸੌਖੇ..!"-ਮੂੰਗਰੇ ਦੀ ਤਿੜ ਤੇ ਦੰਦੀ ਵੱਡੀ ਤੇ ਚੱਬ ਕੇ ਬੋਲ਼ਿਆ-"ਜਿੱਦਣ ਆਪਾਂ ਸਾਰੇ ਬੰਦੇ ਦੇ ਪੁੱਤ ਬਣਗੇ... ਹੁਣ ਤੇ ਖੈਰ ਬੰਦੇ ਈ ਭੰਗ ਐ... ਬੰਦੇ ਨੇ ਸਾਰੀ ਸ੍ਰਿਸ਼ਟੀ ਬੇ-ਰਾਮੀ ਕਰਤੀ...ਦੁਨੀਆਂ ਤੇ ਰੱਬ ਦਾ ਨੀ ਕੁੱਛ ਵੱਟਿਆ ਜਾਣਾ...ਆਪਾਂ ਤੇ ਫੇਰ ਕੀਦੇ ਪਾਣੀ ਹਾਰ ਆਂ..."-ਉਹ ਏਨਾ ਆਖਕੇ ਗੋਡਿਆਂ ਤੇ ਹੱਥ ਧਰਕੇ ਝਟਕੇ ਨਾਲ਼ ਉੱਠ ਖੜੋਤਾ ਤੇ ਮੋਟਰ ਆਲ਼ੇ ਕੋਠੇ ਵਿੱਚ ਵੜਕੇ ਚਾਬੀਆਂ ਵਾਲ਼ੇ ਝੋਲੇ ਨੂੰ ਪੁੱਠਾ ਮਧਿਆ ਕੇ ਫਰੋਲਣ ਲੱਗ ਪਿਆ।

ਅੰਬਰ ਤੇ ਉੱਡੇ ਜਾਂਦੇ ਬੱਦਲ਼ਾਂ ਵੱਲ਼ ਵੇਖਣ ਲੱਗ ਪਿਆ-"ਏਹ ਸਾਰਾ ਕਸੂਰ ਰੱਬ ਦੈ..ਜੀਣ ਲ਼ਈ ਜਿਦੋਂ ਸਾਹ ਈ ਕਾਫੀ ਸੀ ਫੇਰ ਬਿਨਾਂ ਢਿੱਡ ਤੋਂ ਬੰਦਾ ਕਿਉਂ ਨੀ ਪੈਦਾ ਕੀਤਾ..."-ਕਾਰੀ ਚਿਰ ਬਾਦ ਬਾਹਰ ਆ ਗਿਆ। ਉਹਦੇ ਵੰਨੀਂ ਝਾਕ ਕੇ ਬੌਂਦਲ਼ ਈ ਗਿਆ-"ਆਹ ਕੀ ਐ ਓਏ...?"

"ਦਿਖ-ਦਾ ਨਈਂ..?"-ਉਹਨੇ ਆਵਦੇ ਮੂੰਹ ਕੋਲ਼ ਕਰਕੇ ਦੋਵਾਂ ਹੱਥਾਂ ਨਾਲ਼ ਖੜਕਾ ਦਿੱਤੀ। ਜੀਹਦੇ ਨਾਲ਼ ਉਹ ਹਰੀਆਂ ਮਿਰਚਾਂ ਤੋੜਦੇ ਸੀ। ਉਂਝ ਤੇ ਮਿਰਚਾਂ ਨਾਲ਼ ਹੱਥ ਖਰਾਬ ਹੋ ਜਾਂਦੇ ਆ- "ਲ਼ਿਆ ਉਰੇ ਹੋ ਕੰਜਰਾ ਬਣਾਵਾਂ ਬੰਦੇ ਦਾ ਪੁੱਤ...ਹੋ ਉਰੇ.."

ਮੈਂ ਕੈਂਚੀ ਫੜਕੇ ਪਰੇ ਚਲ਼ਾਂਵੀਂ ਮਾਰੀ ਤੇ ਜਾਣ ਦੇ ਲਈ ਹਿੱਕ ਤਣਕੇ ਖੜਾ ਹੋ ਗਿਆ।

"ਨਈਂ ਆਹ ਪਾਪ ਨਈਂ ਕਰਨਾ... ਜੋ ਪੈਰ ਅੱਗੇ ਪਾ-ਲਿਆ ਮਰਦ ਦਾ ਕੰਮ ਨਈਂ ਪਿੱਛੇ ਪਾਉਂਣਾ..."-ਜਦੋਂ ਉਹਨੇ ਫੇਰ ਕੈਂਚੀ ਨੂੰ ਮੇਰੇ ਮੂੰਹ ਵੱਲ਼ ਕੀਤਾ ਤਾਂ ਮੈਂ ਲੋਸ਼ੀ ਕੁੱਤੀ ਆਂਨੂੰ ਪੈ ਗਿਆ- "ਓਏ ਯਾਰੀ ਰਾਹ ਸਿਰ ਦੀਐ ਦੀਨ ਤੋਂ ਵੱਡੀ ਨੀਂ..ਜੇ ਮੇਰੀ ਦਾੜ੍ਹੀ ਵੱਲ਼ੀਂ ਝਾਕਿਆ ਵੀ ਨਾ... ਆਹ ਬਰਛਾ ਪੀਨ ਤਾਂਈ ਹਿੱਕ 'ਚ ਗੱਡਦੂੰ.."-ਮੈਂ ਪਾਣੀ ਦੇ ਲੀਟਰ ਨੂੰ ਠੁੱਡਾ ਮਾਰ ਕੇ ਘਰ ਆਉਂਣ ਦੇ ਲ਼ਈ, ਰਾਹ ਦੀ ਬਿਜਾਏ ਤਰੇਲ਼ ਨਾਲ਼ ਗਿੱਲ਼ੀ ਵੱਟ ਪੈ ਗਿਆ। ਵੱਟ ਤੋਂ ਪੈਰ ਹਰ ਪੁਲਾਂਗ ਤੇ ਈ ਤਿਲ਼ਕੀ ਗਿਆ। ਚਿੱਤ ਵਿੱਚ ਗੱਲ਼ ਖੁੜਕੀ-"ਦਾੜ੍ਹੀ 'ਤੇ ਭਵੇਂ ਮੈਂ ਓਨੂੰ ਨਈਂ ਮੁੰਨਣ ਦਿੱਤੀ ਪਰ ਹੈ ਮੁੰਨਿਆਂ ਨਾਲ਼ੋਂ ਵੀ ਭੈੜੀ..."

ਮੈਂ ਕਿਸੇ ਸ਼ਰਮ ਨਾਲ਼ ਲ਼ਿਫ ਕੇ ਗਾੜੀ ਧੁੰਦ ਵਿੱਚ ਅਲੋਪ ਹੋ ਗਿਆ।

ਸੰਪਰਕ-99142-54374



## ਕਹਾਣੀ / ਗੋਲਡਨ ਬੈਗ / ਐਸ. ਐੱਚ ਡਿੰਪਲ

ਕੰਬਦੇ-ਕੰਬਦੇ ਹੱਥਾਂ ਨਾਲ ਗੋਲਡਨ ਬੈਗ ਚੁੱਕਿਆ ਹੈ। ਦੁਕਾਨਦਾਰ ਨੂੰ ਅੱਠ ਸੌ ਰੁਪਏ ਦੀ ਅਦਾਇਗੀ ਵੀ ਕਰ ਦਿੱਤੀ ਹੈ। ਹੁਣੇ ਦੁਕਾਨ ਵਿਚੋਂ ਨਿਕਲੀ ਹਾਂ। ਘਰ ਵੱਲ ਜਾ ਰਹੀ ਹਾਂ। ਰਿਕਸ਼ੇ ਦੇ ਪਹੀਏ ਦੇ ਘੁੰਮਣ ਦੀ ਹਲਕੀ ਜਿਹੀ ਆਵਾਜ਼ ਵਿਚ ਮੇਰੀ ਸੋਚ ਕੁਝ ਮਹੀਨੇ ਪਿਛਾਂਹ ਘੁੰਮ ਗਈ ਹੈ।

ਕੰਬਦੇ-ਕੰਬਦੇ ਹੱਥਾਂ ਨਾਲ ਗੋਲਡਨ ਬੈਗ ਚੁੱਕਿਆ ਹੈ। ਦੁਕਾਨਦਾਰ ਨੂੰ ਅੱਠ ਸੌ ਰੁਪਏ ਦੀ ਅਦਾਇਗੀ ਵੀ ਕਰ ਦਿੱਤੀ ਹੈ। ਹੁਣੇ ਦੁਕਾਨ ਵਿਚੋਂ ਨਿਕਲੀ ਹਾਂ। ਘਰ ਵੱਲ ਜਾ ਰਹੀ ਹਾਂ। ਰਿਕਸ਼ੇ ਦੇ ਪਹੀਏ ਦੇ ਘੁੰਮਣ ਦੀ ਹਲਕੀ ਜਿਹੀ ਆਵਾਜ਼ ਵਿਚ ਮੇਰੀ ਸੋਚ ਕੁਝ ਮਹੀਨੇ ਪਿਛਾਂਹ ਘੁੰਮ ਗਈ ਹੈ।

ਦਫ਼ਤਰ ਵਿਚ ਹਮੇਸ਼ਾ ਚਹਿਲ-ਪਹਿਲ ਹੁੰਦੀ ਹੈ, ਕਰਮਚਾਰੀ, ਅਧਿਕਾਰੀ, ਵਪਾਰੀ, ਕਿਸਾਨ ਤੇ ਆਮ ਲੋਕ। ਹਰ ਕਿਸੇ ਨਾਲ ਵਾਹ ਪੈਂਦਾ ਹੈ ਸਾਡਾ। ਖੁਰਾਕ ਅਤੇ ਸਿਵਲ ਸਪਲਾਈ ਦਾ ਵਿਭਾਗ ਹੈ ਹੀ ਇਹੋ ਜਿਹਾ। ਐਨੀ ਰੌਣਕ ਦੇ ਬਾਵਜੂਦ ਇਕੱਲੀ-2 ਮਹਿਸੂਸ ਕਰਦੀ। ਪਤਾ ਨਹੀਂ ਮੇਰੇ ਚਿਹਰੇ ਤੇ ਲਿਖੀ ਚਿੰਤਾ ਜਾਂ ਇਕੱਲੇਪਣ ਦੀ ਇਬਾਰਤ ਨੂੰ ਸਹਿਜਦੀਪ ਨੇ ਪੜ੍ਹ ਲਿਆ ਸੀ, ਜਾਂ ਉਸਦੀ ਫ਼ਿਤਰਤ ਹੀ ਇਹ ਹੈ। "ਮੈਡਮ, ਕੁਝ ਪ੍ਰੇਸ਼ਾਨ ਜਿਹੇ ਰਹਿੰਦੇ ਹੋ? ਮੇਅ ਆਈ ਹੈਲਪ ਯੂ?" ਤੋਂ ਗੱਲ ਆਰੰਭ ਕਰਕੇ ਉਸਨੇ "ਆਲਵੇਜ਼ ਐਟ ਯੋਅਰ ਡਿਸਪੋਜ਼ਲ" ਨਾਲ ਖਤਮ ਕੀਤੀ ਸੀ, ਅਤੇ ਉਸਦੇ ਇਸ "ਡਿਸਪੋਜ਼ਲ ਪ੍ਰੋਪੋਜ਼ਲ" ਵਿਚ ਲੁਕਿਆ ਇਸ਼ਾਰਾ ਮੈਂ ਬਾਖੂਬੀ, ਚੰਗੀ ਤਰ੍ਹਾਂ ਸਮਝ ਗਈ ਸੀ। ਉਸਨੇ ਦਬੇ ਲਫਜ਼ਾਂ ਵਿਚ ਇਹ ਵੀ ਦੱਸ ਦਿੱਤਾ ਸੀ ਕਿ ਉਸਦੀ ਪਤਨੀ ਉਸਨੂੰ ਛੱਡ ਕੇ ਕਿਤੇ ਹੋਰ ਚਲੀ ਗਈ ਹੈ, ਬੱਚਿਆਂ ਨੂੰ ਨਾਲ ਲੈ ਕੇ। ਖਾਂਦਾ ਪੀਂਦਾ ਵਿਭਾਗ ਹੋਣ ਕਰਕੇ ਆਪਣੀ ਕਮਾਈ ਖ਼ਰਚਣ ਲਈ ਵੀ ਉਸ ਕੋਲ ਕੋਈ ਬਹਾਨਾ ਜਾਂ ਤਰੀਕਾ ਨਹੀਂ ਹੈ।

ਕੰਟਰੋਲਰ ਦੇ ਉੱਚੇ ਪਦ ਤੇ ਬੈਠਾ ਹੋਣ ਕਰਕੇ ਅੰਨ੍ਹੀ ਕਮਾਈ ਸੀ। ਮੈਨੂੰ ਮਨਪਸੰਦੀ ਦਾ ਸੀਟ ਦੀ ਝਾਕ ਸੀ, ਪਰ ਕੁਝ ਲੈਣ ਲਈ ਕੁਝ ਦੇਣਾ ਇਸ ਵਿਭਾਗ ਦੇ ਮੁੱਢਲੇ ਅਣਲਿਖੇ ਅਸੂਲਾਂ ਵਿਚ ਸ਼ਾਮਲ ਹੈ। ਆਖ਼ਰ ਲੈਣ-ਦੇਣ ਕਰਕੇ ਹੀ ਤਾਂ ਮਹਿਕਮੇ ਦੀ ਟੌਅਰ ਹੈ। ਸਹਿਜਦੀਪ ਦੀ ਕੋਠੀ ਲਗਭਗ 20 ਵਿਸਵੇ ਵਿਚ ਫੈਲੀ ਹੋਈ ਹੈ। ਤਿੰਨ ਕਾਰਾਂ, ਇਕ ਬੁਲੇਟ ਮੋਟਰ-ਸਾਈਕਲ ਅਤੇ ਇਕ ਥਾਰ ਜੀਪ। ਘਰ ਦੇ ਹਰ ਕਮਰੇ ਵਿਚ ਏ.ਸੀ. ਲੱਗਾ ਹੈ। ਕਿਚਨ ਅਤੇ ਬਾਥਰੂਮ ਛੱਡ ਕੇ। ਇਹ ਮੈਨੂੰ ਉਸਨੇ ਖੁਦ ਦੱਸਿਆ ਸੀ ਅਤੇ ਨਾਲ ਹੀ ਇਹ ਵੀ ਕਹਿ ਦਿੱਤਾ ਸੀ, "ਮੈਂ ਸਿਰਫ਼ ਇਕ ਵਾਰ ਗੱਲ ਕਰਦਾ ਹੁੰਦਾ ਹਾਂ। ਨਾਓ ਦਾ ਬਾਲ ਇਜ਼ ਇਨ ਯੋਅਰ ਕੋਰਟ। ਜਿਸ ਦਿਨ ਜੀਅ ਕੀਤਾ, ਗੋਲਡਨ ਬੈਗ ਮੇਰੇ ਟੇਬਲ ਤੇ ਰੱਖ ਕੇ ਗੁੱਡ ਮੋਰਨਿੰਗ ਕਹੀਂ। ਫੇਰ ਦੇਖੀਂ ਜੱਟ ਦੇ ਕਾਰਨਾਮੇ। ਮਨਪਸੰਦੀਦਾ ਸੀਟ, ਮੂੰਹ ਮੰਗਵੇਂ ਪੈਸੇ ਅਤੇ ਬਾਕੀ ਤੂੰ ਸਮਝਦਾਰ ਏਂ।" ਉਹ ਖ਼ਚਰਾ ਜਿਹਾ ਹੱਸਿਆ ਸੀ।

ਤੇ ਅੱਜ, ਕੁਝ ਦਿਨ ਆਪਣੇ ਦਿਲ ਅਤੇ ਦਿਮਾਗ ਨਾਲ ਵਿਚਾਰ-ਚਰਚਾ ਬਾਅਦ ..........

ਮੈਂ ਕਮਰੇ ਵਿਚ ਵੜਦਿਆਂ ਹੀ ਵਿੱਸ਼ ਕਰਕੇ ਗੋਲਡਨ ਬੈਗ ਟੇਬਲ ਤੇ ਜਾ ਰੱਖਿਆ ਤਾਂ ਉਸਦੀਆਂ ਅੱਖਾਂ ਵਿਚ ਚਮਕ ਆ ਗਈ। ਘੰਟੀ ਵਜਾ ਕੇ ਉਸਨੇ ਪੀਅਨ ਨੂੰ ਦੋ ਕੱਪ ਕਾਫ਼ੀ ਦਾ ਆਰਡਰ ਦਿੱਤਾ ਅਤੇ "ਬੱਸ ਦੋ ਮਿੰਟ" ਕਹਿ ਕੇ ਟੇਬਲ ਤੇ ਪਏ ਕਾਗਜ਼ਾਂ ਵਿਚ ਗ਼ਲਤਾਨ ਹੋ ਗਿਆ। ਇਸ ਮਹਿਕਮੇ ਦੀ ਇਹੀ ਚੀਜ਼ ਸਭ ਤੋਂ ਕੁੱਤੀ ਚੀਜ਼ ਹੈ। ਜਿੰਮੇਵਾਰੀ। ਹਰ ਕੰਮ ਨੂੰ ਬੜੇ ਧਿਆਨ ਅਤੇ ਨੁਕਤਾ-ਨਿਗਾਹੀ ਨਾਲ

ਕਰਨਾ ਪੈਂਦਾ ਹੈ। ਪਤਾ ਨਹੀਂ ਕਦੋਂ ਜਾਣੇ-ਅਣਜਾਣੇ ਵਿਚ ਕੀਤੇ ਦਸਤਖ਼ਤ ਗਲੇ ਦਾ ਫੰਦਾ ਬਣ ਜਾਣ। ਕਦੋਂ ਤਾੜਣਾ ਪੱਤਰ, ਕਾਰਣ ਦੱਸੋ ਨੋਟਿਸ ਜਾਂ ਚਾਰਜਸ਼ੀਟ ਜਾਰੀ ਹੋ ਜਾਵੇ, ਕੋਈ ਇਨਕਵਾਰੀ ਖੁੱਲ੍ਹ ਜਾਵੇ ਜਾਂ ਮੁਅੱਤਲੀ ਹੋ ਜਾਵੇ, ਪਤਾ ਨਹੀਂ ਲੱਗਦਾ। ਫੇਰ ਲੱਗਦੇ ਨੇ ਪੈਰਾਂ ਨੂੰ ਪਹੀਏ। ਉਪਰਲੀ ਆਮਦਨ ਬੰਦ ਹੁੰਦੇ ਸਾਰ, ਖ਼ਰਚੇ ਵੀ ਵਧ ਜਾਂਦੇ ਨੇ।

ਪੀਅਨ ਨੇ ਇਕ ਕੱਪ ਮੇਰੇ ਅੱਗੇ ਅਤੇ ਦੂਜਾ ਸਾਅਬ ਅੱਗੇ ਲਿਆ ਕੇ ਟਿਕਾ ਦਿੱਤਾ। "ਸੌਰੀ, ਆਹ ਬੜੀ ਜ਼ਰੂਰੀ ਤੇ ਕੁੱਤੀ ਚਿੱਠੀ ਆ। ਦੋ ਮਿੰਟ ਦਵੋ ਸਿਰਫ਼।" ਕਹਿ ਕੇ ਸਾਅਬ ਫਿਰ ਕਾਗਜ਼ਾਂ ਵਿਚ ਉਲਝ ਗਿਆ। ਪਰਸੋਂ ਰਾਤ ਵਾਲਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਸਾਕਾਰ ਹੋ ਗਿਆ। ਪਤਾ ਨਹੀਂ ਅੱਖ ਕਦੋਂ ਲੱਗੀ ਅਤੇ ਕਦ ਸ਼ਾਂਤ ਹੋਏ ਮਨ ਦੇ ਪਾਣੀਆਂ ਵਿਚ ਮੁੜ ਹਲਚਲ ਹੋ ਗਈ। ਲੱਖ ਕੋਸ਼ਿਸ਼ਾਂ ਦੇ ਬਾਵਜੂਦ, ਜਿਸਮ ਦੀ ਅੱਗ ਬੁਝਣ ਦਾ ਨਾਮ ਨਹੀਂ ਸੀ ਲੈ ਰਹੀ। ਦਿਲ ਬੇਮੁਹਾਰਾ ਹੋ ਕੇ ਧੜਕਣ ਲੱਗਾ। ਚੜ੍ਹਦੇ ਸਿਆਲ ਦੇ ਇਸ ਮੌਸਮ ਵਿਚਲੀ ਪਸੀਨੇ ਦੀਆਂ ਬੂੰਦਾਂ ਨੇ ਮੇਰਾ ਮੱਥਾ ਗਿੱਲਾ ਕਰ ਦਿੱਤਾ। ਦਿਮਾਗ ਦੀਆਂ ਨਾੜੀਆਂ ਕਾਮ ਅਗਨੀ ਦੇ ਪੇਚਕਸ ਨੇ ਕਸ ਦਿੱਤੀਆਂ। ਬੰਦ ਅੱਖਾਂ ਸਾਹਮਣੇ ਕਦੀ ਕੋਈ ਨਕਸ਼ਾ ਉਘੜਦਾ, ਕਦੀ ਕੋਈ ਚਿਹਰਾ ਬਣਦਾ। ਰਹਿ-ਰਹਿ ਕੇ ਪਤੀ ਤੇ ਗੁੱਸਾ ਆਉਂਦਾ, ਜੋ ਦੂਜੇ ਬੰਨੇ ਮੂੰਹ ਕਰੀ ਸੁੱਤੇ ਪਏ ਨੇ। ਸੁੱਤੇ ਨੇ ਜਾਂ ਸੌਣ ਦਾ ਨਾਟਕ ਕਰ ਰਹੇ ਨੇ। ਮੈਂ ਕੰਬਲ ਹਟਾ ਕੇ, ਬਲਬ ਦੇ ਮੱਧਮ ਚਾਨਣ ਵਿਚ ਦੇਖਿਆ ਹੈ।

ਇਨ੍ਹਾਂ ਦਾ ਕੰਮ ਹੀ ਇਹੋ ਜਿਹਾ। ਮਾਰਕੀਟ ਮੈਨੇਜਰ। ਹਮੇਸ਼ਾ ਕੰਮ ਦੀ ਚਿੰਤਾ। ਸ਼ਹਿਰ-ਸ਼ਹਿਰ, ਪਿੰਡ-ਪਿੰਡ ਘੁੰਮਣਾ। ਹਮੇਸ਼ਾ ਛਾਂਟੀ ਦੀ ਤਲਵਾਰ ਸਿਰ ਤੇ ਲਟਕਦੀ। ਕਾਰੋਬਾਰ ਵਿਚ ਮੰਦੀ ਦਾ ਪਰਛਾਵਾਂ ਪੈਣ ਕਰਕੇ ਮਾਰਕੀਟਿੰਗ ਵੀ ਚੱਜ ਨਾਲ ਨਹੀਂ ਹੁੰਦੀ। ਕੋਈ ਖਰੀਦਣ ਲਈ ਤਿਆਰ ਨਹੀਂ ਕੁਝ। ਉਤੋਂ ਘਾਟੇ ਵਿਚ ਜਾਣ ਕਰਕੇ ਕੰਪਨੀ ਵੀ ਖ਼ਰਚਾ ਘਟਾਉਣ ਲਈ ਕਾਹਲੀ ਹੈ। ਕਿਸੇ ਸਮੇਂ ਵੀ ਨੌਕਰੀ ਜਾ ਸਕਦੀ ਹੈ। ਐਨੇ ਮਿਹਨਤੀ ਹੋਣ ਦੇ ਬਾਵਜੂਦ ਵਿੱਤੀ ਤੌਰ ਤੇ ਮਜਬੂਰ ਨੇ ਇਹ। ਸੋਹਣੇ ਚਿਹਰੇ ਤੇ ਚਿੰਤਾ ਨੇ ਲਕੀਰਾਂ ਵਾਹ ਦਿੱਤੀਆਂ ਨੇ। ਕਾਲੇ ਵਾਲਾਂ ਵਿਚ ਧੌਲਿਆਂ ਨੇ ਹੋਂਦ ਗੂੜ੍ਹੀ ਕਰਨੀ ਆਰੰਭ ਦਿੱਤੀ ਹੈ। ਦੇਰ ਤੋਂ ਕੋਈ ਨਵਾਂ ਸੂਟ ਨਹੀਂ ਸਵਾਇਆ। ਸ਼ੇਵ ਵੀ ਹਫ਼ਤੇ ਬਾਅਦ ਹੀ ਕਰਦੇ ਨੇ, ਉਹ ਵੀ ਮੇਰੇ ਵਾਰ-ਵਾਰ ਕਹਿਣ ਤੇ। ਕੋਈ ਆਸਾਰ ਨਹੀਂ ਕਿ ਹਾਲਾਤ ਮੋੜਾ ਖਾ ਜਾਣ। ਤੇ ਜਿਸ ਦਿਨ ਤੋਂ ਪਿਤਾ ਜੀ ਨੇ ਇਨ੍ਹਾਂ ਨੂੰ ਅੱਡ ਕੀਤਾ ਹੈ, ਇਨ੍ਹਾਂ ਦੇ ਜਿਵੇਂ ਆਸਾਣ ਹੀ ਮਾਰੇ ਗਏ ਹੋਣ। ਪਿਤਾ ਬਹਾਦੁਰ ਚੰਦ, ਖ਼ੁਦ ਕਮਾ ਕੇ ਬਣਾਈ ਜਾਇਦਾਦ ਦਾ ਵੱਡਾ ਹਿੱਸਾ ਛੋਟੇ ਪੁੱਤਰ ਸੁਰੇਸ਼ ਨੂੰ ਦੇ ਕੇ ਉਸ ਨਾਲ ਰਹਿਣ ਲੱਗੇ ਹਨ। ਉਹ ਸਰਕਾਰੀ ਬੈਂਕ ਦਾ ਮੈਨੇਜਰ ਹੈ। ਤੇ ਮੇਰੇ ਰਮੇਸ਼ ਜੀ ਨੂੰ ਇਕ ਕਮਰੀ ਜਿਹੀ ਅਤੇ ਡੇਢ ਲੱਖ ਰੁਪਏ ਮਿਲੇ ਨੇ ਸਿਰਫ਼। ਅਸਲ ਵਿਚ ਰਮੇਸ਼ ਜੀ ਪਿਤਾ ਜੀ ਦੀ ਪਹਿਲੀ ਪਤਨੀ ਸਰੋਜਨੀ ਦੇ ਪੁੱਤਰ ਹਨ, ਜਿਸ ਦੀ ਵਿਆਹ ਤੋਂ ਚਾਰ-ਪੰਜ ਸਾਲ ਬਾਅਦ ਮੌਤ ਹੋ ਗਈ ਸੀ, ਅਤੇ ਨਵੀਂ ਪਤਨੀ ਸੰਤੋਸ਼ ਦੇਵੀ ਨੇ ਪਿਤਾ ਜੀ ਨੂੰ ਅਜਿਹੀ ਪੱਟੀ ਪੜ੍ਹਾਈ ਸੀ ਕਿ ਪਿਤਾ ਜੀ ਰਮੇਸ਼ ਨੂੰ ਚਾਹੁੰਦੇ ਹੋਏ ਵੀ ਕੁਝ ਦੇ ਨਹੀਂ ਸੀ ਸਕਦੇ। ਇਸੇ ਲਈ ਰਮੇਸ਼ ਜੀ ਅੱਜ-ਕੱਲ੍ਹ ਗੁੰਮ-ਸੁੰਮ ਅਤੇ ਖ਼ਾਮੋਸ਼ ਰਹਿੰਦੇ। ਇੱਕੋ ਵੇਲੇ ਦੋ ਮਾਰਾਂ।

ਤੇ, ਏਧਰ ਮੇਰੀ ਹਾਲਤ। ਇਕ ਇਕ ਪਲ ਵਿਚ ਖ਼ੌਰੇ ਕਿੰਨੇ ਵਾਰ ਟੁੱਟਦੀ-ਉਸਰਦੀ। ਹਥੌੜੇ ਵੱਜਦੇ ਨੇ ਜਿਵੇਂ ਦਿਮਾਗ ਤੇ। ਅੰਦਰ ਅੱਗ ਲੱਗਦੀ ਹੈ ਤਾਂ ਰਮੇਸ਼ ਵੱਲ ਸਰਕਦੀ ਹਾਂ, ਪਰ ਇਹ ਹੋਰ ਪਰ੍ਹੇ ਹੋ ਜਾਂਦੇ ਨੇ। ਅੰਦਰ ਘਮਸਾਣ ਮੱਚ ਜਾਂਦਾ। ਕਿਸਨੂੰ ਦੱਸਾਂ ਆਪਣੇ ਦਿਲ ਦੀ ਗੱਲ? ਗੋਲਡਨ ਬੈਗ ਵਾਰ-ਵਾਰ ਅੱਖਾਂ ਅੱਗੇ ਘੁੰਮਦਾ। ਇੰਜ ਲੱਗਦਾ ਜਿਵੇਂ ਇਹ ਬੈਗ ਨਹੀਂ ਕੋਰੂੰ ਦਾ ਖ਼ਜ਼ਾਨਾ ਹੋਵੇ, ਰਾਮ ਬਾਣ ਹੋਵੇ, ਸੰਜੀਵਨੀ ਬੂਟੀ ਹੋਵੇ, ਸਭ ਰੋਗਾਂ ਦੀ ਦਵਾ।

ਘੰਟੀ ਵਜਾ ਕੇ ਕੰਟਰੋਲਰ ਸਾਹਿਬ ਨੇ ਪੀਅਨ ਨੂੰ ਬੁਲਾਇਆ, ਅਤੇ ਟੇਬਲ ਤੋਂ ਖਾਲੀ ਗਿਲਾਸ



ਚੁੱਕਣ ਲਈ ਆਖਿਆ। ਕਾਗਜ਼ਾਤ ਇਕੱਠੇ ਕਰਕੇ ਟੇਬਲ ਦੇ ਡਰਾਅਰ ਵਿਚ ਰੱਖ ਲਏ। ਪਿਛਲੇ ਕਮਰੇ ਵਿਚ ਜਾ ਕੇ ਅੱਧੇ ਮਿੰਟ ਬਾਅਦ ਵਾਪਸ ਆਇਆ ਤਾਂ ਉਸਦੇ ਮੂੰਹ ਵਿਚੋਂ ਛੋਟੀ ਇਲਾਇਚੀ ਅਤੇ ਲਿਬਾਸ ਵਿਚੋਂ ਇਤਰ ਦੀ ਸੁਗੰਧ ਕਮਰੇ ਵਿਚ ਮੰਡਰਾਉਣ ਲੱਗੀ। ਥੋੜਾ ਨੀਵਾਂ ਹੋ ਕੇ ਕੋਈ ਬਟਨ ਦੱਬਿਆ ਅਤੇ ਫਿਰ ਕੁਰਸੀ ਨੂੰ ਢੋਅ ਲਾ ਕੇ ਮੈਨੂੰ ਸੰਬੋਧਤ ਹੋਇਆ, "ਬਿਊਟੀਫੁੱਲ! ਐਂਡ ਯੋਅਰ ਡਿਸੀਜ਼ਨ.... ਬੋਲਡ ਐਂਡ ਬਿਊਟੀਫੁੱਲ। ਸੁਣਾਓ ਕਿਵੇਂ ਓ? ਹੌ ਡੂ ਯੂ ਫੀਲ? ਲਾਈਫ਼ ਇਜ਼ ਸ਼ੌਰਟ, ਡੀਅਰ। ਐਨਜਵਾਏ ਕਰੋ, ਬੁੱਲੇ ਲੁੱਟੋ। ਹੋਰ ਕੀ ਰੱਖਿਆ ਇਸ ਵਿਚ। ਮੈਂ ਤੁਹਾਡੇ ਹੁਸਨ ਦਾ ਕਦਰਦਾਨ ਹਾਂ ਅਤੇ ਤੁਸੀਂ ਮੇਰੀ ਅਕਲ ਦੇ, ਜਿਸ ਦੇ ਸਹਾਰੇ ਮੈਂ ਅੱਜ ਇਸ ਅਹੁਦੇ ਤੇ ਪੁੱਜਾ ਹਾਂ।" ਕਹਿੰਦਿਆਂ ਉਸਨੇ ਟੇਬਲ ਤੇ ਰੱਖੇ ਮੇਰੇ ਹੱਥ ਨੂੰ ਛੋਹਣ ਲਈ ਆਪਣਾ ਹੱਥ ਅੱਗੇ ਵਧਾਇਆ। ਡਰ ਨਾਲ ਸਹਿਮੀ ਮੇਰੀ ਆਵਾਜ਼ ਨਿਕਲੀ, "ਸਰ, ਜੇ ਕੋਈ ਅੰਦਰ.....।"

"ਪਹਿਲੀ ਗੱਲ, ਅੱਜ ਤੋਂ ਮੈਨੂੰ ਸਰ ਨਹੀਂ ਸਹਿਜ ਕਹਿਣਾ। ਸਹਿਜ ਜਾਂ ਸਹਿਜਦੀਪ। ਸਰ-ਸੁਰ ਅੱਜ ਤੋਂ ਖਤਮ। ਤੂੰ ਮੇਰੀ ਮੈਂ ਤੇਰਾ।" ਆਖਦਿਆਂ ਉਹ ਖ਼ਚਰੀ ਹਾਸੀ ਹੱਸਿਆ। "ਤੇ ਮੈਂ ਤੈਨੂੰ ਸ਼ਾਲਿਨੀ ਨਹੀਂ ਕਹਾਂਗਾ, ਮੇਰੀ ਜਾਨ ਕਹਾਂਗਾ। ਕੋਈ ਇਤਰਾਜ਼ ਤਾਂ ਨਹੀਂ?" ਮੈਂ "ਨੋ ਆਬਜੈਕਸ਼ਨ, ਮਾਈ ਲਾਰਡ" ਆਖਿਆ ਤੇ ਅਸੀਂ ਦੋਵੇਂ ਹੱਸੇ। ਉਹ ਬੋਲਦਾ ਰਿਹਾ, "ਤੇ ਰਹੀ ਗੱਲ ਕਮਰੇ ਵਿਚ ਕਿਸੇ ਦੇ ਆਉਣ ਦੀ, ਉਹ ਮੈਂ ਕਮਰੇ ਦੇ ਬਾਹਰ ਰੈੱਡ ਲਾਈਟ ਜਗਾ ਦਿੱਤੀ ਹੈ, ਜਿਸਦਾ ਅਰਥ ਹੈ ਕਿ ਸਾਹਬ ਕਿਸੇ ਅਤਿ-ਜ਼ਰੂਰੀ ਮੀਟਿੰਗ ਵਿਚ ਮਸਰੂਫ਼ ਨੇ। ਪੀਅਨ ਕਿਸੇ ਨੂੰ ਅੰਦਰ ਵੜਣ ਨਹੀਂ ਦੇਵੇਗਾ।"

"ਜੇ ਅਚਾਨਕ ਕੋਈ ਧੱਕੇ ਨਾਲ?"

"ਨਹੀ, ਅਸੰਭਵ ਮੇਰੀ ਜਾਨ.............. ਤੈਨੂੰ ਇਸ ਸ਼ਬਦ ਨਾਲ ਕੋਈ ਨਾਰਾਜ਼ਗੀ ਜਾਂ ਇਤਰਾਜ਼ ਤਾਂ ਨਹੀਂ ਨਾਂਹ?"

"ਓ ਨਹੀਂ, ਮੇਰੀ ਜਾਨ। ਤੁਸੀਂ ਦੱਸੋ, ਤੁਹਾਨੂੰ ਮੈਂ ਇੰਜ ਕਹਿ ਕੇ ਬੁਲਾ ਸਕਦੀ ਹਾਂ? ਮੇਰੀ ਜਾਨ ਕਹਿ ਕੇ?"

"ਇਹ ਵੀ ਕੋਈ ਪੁੱਛਣ ਦੀ ਗੱਲ ਹੈ?" ਹਾਸੇ ਦੀ ਗੂੰਜ ਫਿਰ ਕਮਰੇ ਵਿਚ ਫੈਲਦੀ ਹੈ, ਜਿਸ ਵਿਚ ਸਿਰਫ਼ ਸਾਡਾ ਦੋਹਾਂ ਦਾ ਹਾਸਾ ਰਲਗੱਡ ਹੈ, "ਯੈੱਸ, ਵਾਇ ਨਾਟ....ਵਾਇ ਨਾਟ? ਹਾਂ, ਤੇ ਰਹੀ ਗੱਲ ਧੱਕੇ ਨਾਲ ਕਿਸੇ ਦੇ ਅੰਦਰ ਆਉਣ ਦੀ। ਸ਼ਾਲਿਨੀ, ਮੈਂ ਹੇਠਾਂ ਝੁਕ ਕੇ ਜੋ ਬਟਨ ਦੱਬਿਆ ਸੀ, ਉਸ ਨਾਲ ਦਰਵਾਜ਼ਾ ਆਪਣੇ ਆਪ ਲਾਕ ਹੋ ਜਾਂਦਾ ਹੈ। ਸੋ ਬੇਫ਼ਿਕਰ ਹੋ ਜਾਵੋ। ਇਕ ਗੱਲ ਹੋਰ, ਇਥੇ ਆਪਾਂ ਸਿਰਫ਼ ਮਿਲਣਾ ਹੈ, ਗੱਲਾਂ ਕਰਨੀਆਂ ਹਨ, ਜਾਂ ਥੋੜਾ ਚੋਹਲ-ਪੁਹਲ.... ਬੱਸ। ਸ਼ਿਕਾਰ ਤਾਂ ਆਪਾਂ ਬਾਹਰ ਜਾ ਕੇ ਕਰਾਂਗੇ। ਇਕ ਦੂਜੇ ਦਾ।" ਉਹ ਫਿਰ ਖ਼ਚਰੀ ਹਾਸੀ ਹੱਸਿਆ।

ਉਸ ਸ਼ਾਮ ਅਸੀਂ ਚੈਰਿਸ਼ ਰੈਸਟਰਾਂ ਵਿਚ ਮਿਲਦੇ ਹਾਂ। ਮੱਧਮ ਆਵਾਜ਼ ਵਿਚ ਵੱਜਦੇ ਸੰਗੀਤ ਅਤੇ ਮੱਧਮ ਜਿਹੀ ਉਨਾਭੀ ਰੌਸ਼ਨੀ ਵਿਚ ਅਸੀਂ ਢੇਰ ਸਾਰੀਆਂ ਗੱਲਾਂ ਕੀਤੀਆਂ। ਜਿੰਦਗੀ ਵਿਚ ਪਹਿਲੀ ਵਾਰ ਸ਼ਰਾਬ ਟੇਸਟ ਕੀਤੀ। ਗਿਲਾਸ ਵਿਚ ਬੀਅਰ ਪਾਉਂਦਿਆਂ ਸਹਿਜਦੀਪ ਬੋਲਿਆ ਸੀ, "ਡਰ ਨਾ, ਬੀਅਰ ਕੋਈ ਨਸ਼ਾ ਨਹੀਂ। ਸ਼ਰਾਬ ਥੋੜੀ ਹੈ ਇਹ? ਇਹ ਤਾਂ ਹਲਕਾ ਜਿਹਾ ਸਰੂਰ ਦਿੰਦੀ ਆ ਜਿਸਮ ਨੂੰ। ਥਕਾਵਟ ਲਹਿ ਜਾਵੇਗੀ। ਤੁਸੀਂ ਜ਼ਿਆਦਾ ਨਾ ਲੈਣਾ। ਸਿਰਫ਼ ਦੋ-ਚਾਰ ਘੁੱਟ।" ਉਹ ਮੁਸਕਰਾਇਆ ਸੀ। ਆਪਣੇ ਅੰਦਰੋਂ ਕਿੱਧਰੋਂ। ਦੇਰ ਤੋਂ ਕਾਬੂ ਕੀਤੇ ਹਾਸੇ ਨਾਲ।

ਹੁਣ ਇਹ ਸਿਲਸਲਾ ਆਮ ਹੋ ਗਿਆ ਸੀ। ਚੰਦ ਦੀ ਚਾਨਣੀ ਵਿਚ ਮਿਲਦੇ ਤਾਂ ਨਹੀਂ ਸੀ, ਪਰ ਫੋਨ ਤੇ ਗੱਲਬਾਤ ਜਾਂ ਚੈਟਿੰਗ ਬੇਹਸਾਬ ਕਰਦੇ। ਲਗਾਤਾਰ ਦੋ-ਦੋ, ਤਿੰਨ-ਤਿੰਨ ਘੰਟੇ। ਇਕ ਦਿਨ ਤਾਂ ਸਾਢੇ ਚਾਰ ਘੰਟੇ ਗੱਲ ਹੋਈ। ਸਮਾਂ ਪਤਾ ਨਹੀਂ ਕਿੰਵ ਲੰਘੀ ਜਾਂਦਾ? ਜਦ ਵੀ ਉਸ ਨਾਲ ਚੈਟ ਜਾਂ ਟਾਕ ਕਰਦੀ, ਹੋਰ ਹੀ ਕਿਸੀ ਦੁਨੀਆਂ ਵਿਚ ਪੁੱਜ ਜਾਂਦੀ। ਅਜੀਬ ਜਿਹਾ ਨਸ਼ਾ, ਅਜਬ ਜਿਹਾ ਸਰੂਰ। ਜਦੋਂ ਹੀ ਉਸਦਾ ਮੈਸੇਜ ਜਾਂ ਕਾਲ ਆਉਂਦੀ, ਬਸ ਪਿੰਡੇ ਵਿਚੋਂ ਇਕ ਝਰਨਾਹਟ ਜਿਹੀ ਫਿਰ ਜਾਂਦੀ। ਇਹ ਮੇਰੇ ਲਈ ਇਕ ਨਵਾਂ ਅਨੁਭਵ ਸੀ। ਆਪਣੀ ਹੋਂਦ ਦਾ ਅਹਿਸਾਸ ਹੁੰਦਾ। ਜਾਪਦਾ ਕਿ ਮੇਰੀ ਵੀ ਕੋਈ ਕੀਮਤ ਹੈ। ਮੈਨੂੰ ਵੀ ਕੋਈ ਚਾਹੁੰਦਾ ਹੈ। ਕਿਸੇ ਨੂੰ ਆਪਣੀ ਮਾਨਸਿਕ ਜਾਂ ਸਰੀਰਕ ਸੰਤੁਸ਼ਟੀ ਲਈ ਮੇਰੀ ਵੀ ਲੋੜ ਹੈ। ਆਪਣੀ ਅਹਿਮੀਅਤ ਦਾ ਅਹਿਸਾਸ ਮੈਨੂੰ ਨਵੇਂ ਆਕਾਸ਼ਾਂ ਦਾ ਆਭਾਸ ਕਰਵਾਉਂਦਾ। ਇਹ ਯਾਦਗਾਰੀ ਪਲ ਸਨ, ਜਿਨ੍ਹਾਂ ਬਾਰੇ ਹੁਣ ਤੱਕ ਮੈਂ ਸਿਰਫ਼ ਸਹੇਲੀਆਂ ਤੋਂ ਸੁਣਿਆ, ਨਾਵਲਾਂ-ਕਹਾਣੀਆਂ ਜਾਂ ਕਿੱਸਿਆਂ ਵਿਚ ਪੜ੍ਹਿਆ ਜਾਂ ਫ਼ਿਲਮੀ ਪਰਦੇ ਤੇ ਦੇਖਿਆ ਹੀ ਸੀ। ਪਰ ਜਿਸ ਸ਼ਿੱਦਤ ਨਾਲ ਇਸ ਨੂੰ ਆਪਣੇ ਪਿੰਡੇ ਤੇ ਮੈਂ ਹੁਣ ਮਾਣ ਰਹੀ ਸੀ, ਇਹ ਸ਼ਬਦਾਂ ਦੇ ਬਿਆਨ ਤੋਂ ਕੋਹਾਂ ਦੂਰ ਸੀ। ਇਹ ਤਾਂ ਬੱਸ ਇਹੀ ਸੀ।

ਇਹ ਬੁਝਾਰਤ ਜਿਹੀ ਖੁੱਲ੍ਹਦੀ ਮਹਿਸੂਸ ਹੋ ਰਹੀ ਸੀ ਮੈਨੂੰ। ਕਿ ਜ਼ਿੰਦਗੀ ਦਾ ਇਹ ਅਛੂਤਾ ਚੈਪਟਰ ਤਾਂ ਸਭ ਤੋਂ ਸੁੰਦਰ ਤੇ ਦਿਲਕਸ਼ ਹੈ, ਜੋ ਪੂਰੇ ਜਿਸਮ ਨੂੰ ਇਕ ਸਰੂਰ ਭਰੀ ਝਰਨਾਹਟ ਦਿੰਦਾ ਹੈ। ਮੈਨੂੰ ਆਪਣੇ ਆਪ ਤੇ ਮਾਣ ਹੋ ਰਿਹਾ ਸੀ। ਕਦੇ ਵੀ ਨਹੀਂ ਲੱਗਾ ਕਿ ਕੁਝ ਗ਼ਲਤ ਕਰ ਰਹੀ ਹਾਂ। ਕਿਤੇ ਮੈਂ ਪੜ੍ਹਿਆ ਸੀ, ਕਿ ਗ਼ਲਤ ਤੇ ਠੀਕ ਦੇ ਆਪਣੇ-ਆਪਣੇ ਨਜ਼ਰੀਏ ਹਨ। ਜੋ ਤੁਹਾਡੇ ਲਈ ਸਹੀ ਹੈ, ਕਿਸੇ ਹੋਰ ਲਈ ਗ਼ਲਤ ਹੋ ਸਕਦਾ ਹੈ। ਜਾਂ ਇਸ ਦਾ ਉਲਟ। ਬੱਸ ਇਹੀ ਜ਼ਿੰਦਗੀ ਦੀ ਵਿਡੰਬਨਾ ਹੈ। ਜੇ ਇਹ ਸਮਾਜ ਲਈ ਗ਼ਲਤ ਹੈ ਤਾਂ ਮੇਰੇ ਲਈ ਤਾਂ ਸਹੀ ਹੈ। ਮੈਨੂੰ ਖੁਸ਼ੀ, ਸਕੂਨ ਅਤੇ ਸੰਤੁਸ਼ਟੀ ਮਿਲ ਰਹੀ ਹੈ। ਪਰ ਸਮਾਜ ਦੀ ਆਪਣੀ ਮਹੱਤਤਾ ਹੈ। ਕੀ ਮੇਰਾ ਫ਼ੈਸਲਾ ਗ਼ਲਤ ਹੈ? ਪਰ ਇਹ ਮੇਰਾ ਫ਼ੈਸਲਾ ਨਹੀਂ ਹੈ। ਮੇਰਾ ਆਪਣੇ ਜਿਸਮ, ਆਪਣੇ ਮਨ ਤੇ ਕੋਈ ਜ਼ੋਰ ਹੀ ਨਹੀਂ ਚੱਲ ਰਿਹਾ। ਦਿਮਾਗ ਕੁਝ ਹੋਰ ਕਹਿ ਰਿਹਾ ਹੈ, ਅਤੇ ਦਿਲ ਕੁਝ ਹੋਰ।

ਜਦੋਂ ਆਪਣੇ ਕਮਰੇ ਵਿਚ ਆਪਣੇ ਪਤੀ ਦੇ ਨਾਲ ਬੈਠਿਆਂ, ਲੇਟਿਆਂ ਵੀ ਇਕੱਲਤਾ ਦਾ ਅਹਿਸਾਸ ਸਾਰੇ ਜਿਸਮ ਨੂੰ ਲੂਹਣ ਲੱਗਦਾ ਹੈ, ਅਤੇ ਆਪਣੇ ਆਪ ਨੂੰ ਕੋਹਣ ਅਤੇ ਕਦੇ ਖੁਦਕਸ਼ੀ ਕਰਨ ਦਾ ਦਿਲ ਕਰਦਾ ਹੈ ਤਾਂ ਜਾਪਦਾ ਹੈ ਕਿ ਮੇਰੀ ਹੋਂਦ ਦੀ ਕੋਈ ਮਹੱਤਤਾ ਨਹੀਂ। ਪਰ ਜਦ ਦੇਖਦੀ ਹਾਂ ਕਿ ਇਸ ਦੁਨੀਆਂ ਦੇ ਵਿਚ ਹੀ ਇਕ ਅਜਿਹੇ ਇਨਸਾਨ ਦੀ ਹੋਂਦ ਵੀ ਹੈ, ਜੋ ਕਿ ਮੇਰੀ ਲੋੜ ਮਹਿਸੂਸ ਕਰਦਾ ਹੈ, ਮੈਨੂੰ ਐਨੀ ਅਹਿਮੀਅਤ ਦਿੰਦਾ ਹੈ, ਜੋ ਕਿ ਐਡੀ ਪੋਸਟ ਤੇ ਬੈਠਾ ਹੋਣ ਦੇ ਬਾਵਜੂਦ ਮੇਰੀਆਂ ਭਾਵਨਾਵਾਂ ਨੂੰ ਸਮਝਦਾ ਹੈ, ਕਦਰ ਕਰਦਾ ਹੈ, ਤਾਂ ਮੈਂ ਆਤਮ-ਸਮਰਪਣ ਕਰਕੇ ਵੀ ਜਿੱਤ ਮਹਿਸੂਸ ਕਰਦੀ ਹਾਂ। ਸੋਚਦੀ ਸੋਚਦੀ ਮੈਨੂੰ ਕਈ ਵਾਰ ਲਗਦਾ ਕਿ ਇਸ ਇਸ਼ਕ ਨੇ ਮੈਨੂੰ ਦਾਰਸ਼ਨਿਕ ਬਣਾ ਦਿੱਤਾ ਹੈ। ਨਹੀਂ ਤਾਂ ਆਮ ਜ਼ਿੰਦਗੀ ਵਿਚ ਤਾਂ ਇਹੋ ਜਿਹੀ ਸੋਚ ਮੇਰੇ ਦਿਲ-ਦਿਮਾਗ ਦੇ ਕਦੇ ਦੂਰੋਂ ਵੀ ਨਹੀਂ ਸੀ ਲੰਘੀ।

ਹੌਲੀ-ਹੌਲੀ ਮੇਰਾ ਝਾਕਾ ਵੀ ਖੁੱਲ੍ਹਣ ਲੱਗਾ। ਉਸਦਾ ਵੀ। ਅਸੀਂ ਰਾਤਾਂ ਨੂੰ ਵੀ ਮਿਲਣ ਲੱਗੇ। ਕਈ ਵਾਰ ਇਕੱਠੇ ਸੌਣਾ, ਇਕੱਠੇ ਜਾਗਣਾ। ਘਰ ਦੱਸ ਦਿੰਦੀ ਕਿ ਮੇਰੀ ਡਿਊਟੀ ਬਾਹਰ ਲੱਗੀ ਆ, ਦੋ ਦਿਨ। ਕਈ ਵਾਰ ਚਾਰ ਦਿਨ। ਕਈ ਵਾਰ ਇਕ ਹਫ਼ਤਾ। ਇਕ-ਦੋ ਦਿਨ ਦੀਆਂ 'ਡਿਊਟੀਆਂ' ਤਾਂ ਆਮ ਹੋ ਗਈਆਂ ਸਨ।

ਹੁਣ ਦਿਨ ਚੰਗੇ-ਚੰਗੇ ਲੱਗਣ ਲੱਗੇ ਤੇ ਰਾਤਾਂ ਪਿਆਰੀਆਂ। ਇਕਲਾਪਾ ਖੰਭ ਲਾ ਕੇ ਉੱਡ ਗਿਆ। ਮੇਰੀ ਜ਼ਿੰਦਗੀ ਦੇ ਹਰ ਕੋਨੇ ਵਿਚ ਹੁਣ ਰੰਗ ਭਰਨ ਲੱਗੇ ਸਨ। ਨਹੁੰਆਂ ਦੀ ਸਾਦਗੀ ਬਰੈਂਡਿਡ ਨੇਲ ਪੇਂਟਾਂ



ਨਾਲ ਢਕੀ ਗਈ। ਵੈਨਿਟੀ ਬਾਕਸ ਦਾ ਖਲਾਅ ਖਤਮ ਹੋ ਗਿਆ ਅਤੇ ਕਰੀਮਾਂ ਤੇ ਪਾਊਡਰ ਫਿਰ ਮੇਰੇ ਸ਼ੀਸ਼ੇ ਅੱਗੇ ਆਪਣੀ ਹੋਂਦ ਜਤਾਉਣ ਲੱਗੇ। ਬਿਊਟੀ ਪਾਰਲਰ ਜਾਣ ਦਾ ਨੇਮ ਫਿਰ ਆਰੰਭ ਹੋ ਗਿਆ। ਲੰਮੇ ਵਾਲ ਸ਼ਾਰਟ ਹੋ ਗਏ ਤੇ ਆਈਬ੍ਰੋਜ਼ ਜਾਂ ਅੰਡਰਆਰਮਜ਼ ਅਤੇ ਟਰਿਮਿੰਗ ਲਈ ਹਰ ਦੂਜੇ ਹਫ਼ਤੇ ਮੈਂ ਸੈਲੂਨ ਜਾਣ ਲੱਗੀ। ਜ਼ਿੰਦਗੀ ਵਿਚ ਰਸ ਅਤੇ ਰੰਗ ਨੇ ਮੇਰਾ ਨਜ਼ਰੀਆ ਫਿਰ ਹਾਂ-ਪੱਖੀ ਬਣਾ ਦਿੱਤਾ।

ਜਦ ਵੀ ਮੈਂ ਉਸਨੂੰ ਫੋਨ ਜਾਂ ਮੈਸੇਜ ਕਰਦੀ। ਕਦੀ-ਕਦੀ ਉਹ ਇਕਦਮ ਫੋਨ ਚੁੱਕਦਾ ਜਾਂ ਜਵਾਬ ਦਿੰਦਾ। ਰੁਝੇਵਿਆਂ ਕਰਕੇ ਉਹ ਕਈ ਵਾਰ ਫੋਨ ਨਾ ਵੀ ਚੁੱਕਦਾ। ਸੁਨੇਹੇ ਦਾ ਵੀ ਜਵਾਬ ਨਾ ਦਿੰਦਾ। ਉਸ ਸਮੇਂ ਮੇਰਾ ਜੀਅ ਕਰਦਾ ਕਿ ਮੈਂ ਇਸ ਇਨਸਾਨ ਨਾਲ ਕਦੀ ਗੱਲ ਨਾ ਕਰਾਂ। ਪਰ ਜਦ ਫਿਰ ਇਕੱਲੀ ਮਹਿਸੂਸ ਕਰਦੀ ਤਾਂ ਆਪਣੇ-ਆਪ ਉਸਦੇ ਨੰਬਰ ਤੇ ਮੇਰੇ ਪੋਟੇ ਪਹੁੰਚ ਜਾਂਦੇ!

ਇਹ ਉਹ ਦਿਨ ਸਨ, ਜਦ ਹਰ ਦਿਨ ਹੀ ਬਸੰਤ ਲੱਗਦਾ। ਹਰ ਦਿਨ ਹੀ ਤਿਉਹਾਰ ਦਾ ਭੁਲੇਖਾ ਪਾਉਂਦਾ। ਹਰ ਦੂਜੇ-ਤੀਜੇ ਦਿਨ ਅਸੀਂ ਪਾਰਟੀ ਕਰਦੇ। ਮੈਨੂੰ ਉਸਨੇ ਉਨ੍ਹਾਂ ਚੀਜ਼ਾਂ ਦੇ ਵੱਧ ਨੇੜੇ ਕਰ ਦਿੱਤਾ, ਜਿਨ੍ਹਾਂ ਤੋਂ ਮੈਂ ਹਮੇਸ਼ਾਂ ਪਰਹੇਜ਼ ਕਰਦੀ ਰਹੀ ਸਾਂ। ਮੇਰੇ ਦਿਲ ਦੇ ਕਿਸੇ ਕੋਨੇ ਵਿਚ ਸ਼ਰਾਬ, ਸਿਗਰਟ ਜਾਂ ਸੈਕਸ ਦੀ ਭੁੱਖ ਵਧਦੀ ਜਾਂਦੀ ਸੀ। ਵਿਆਹ ਤੋਂ ਪਹਿਲਾਂ ਤਾਂ ਮੈਨੂੰ ਇਹ ਤਿੰਨੇ ਹੀ ਜ਼ਹਿਰ ਜਾਪਦੀਆਂ ਸਨ। ਇਨ੍ਹਾਂ ਬਾਰੇ ਸੁਣ ਕੇ ਵੀ ਮੇਰੇ ਦਿਲ ਵਿਚ ਧੁੜਧੜੀ ਜਿਹੀ ਆਉਂਦੀ। ਪਰਿਵਾਰਕ ਮਾਹੌਲ ਵੀ ਇਹੋ ਜਿਹਾ ਸੀ। ਵਿਆਹ ਬਾਅਦ ਪਤੀ ਨਾਲ ਹਮਬਿਸਤਰ ਤਾਂ ਹੋਈ ਸੀ, ਪਰ ਇਸ ਨੂੰ ਮੈਂ ਸੈਕਸ ਦਾ ਨਾਮ ਨਹੀਂ ਦਿੰਦੀ। ਇਹ ਤਾਂ ਕੁਝ ਹੋਰ ਹੀ ਸੀ। ਇਕ ਧੱਕਾ ਜਿਹਾ। ਜਿਵੇਂ ਦੇਰ ਦਾ ਪਿਆਸਾ ਪਾਣੀ ਦੇ ਗਿਲਾਸ ਨੂੰ ਹਾਬੜਿਆਂ ਵਾਂਗ ਪੀਵੇ। ਤੇ ਬੱਸ। ਵਿਆਹ ਤੋਂ ਕੁਝ ਕੁ ਮਹੀਨੇ ਇਹ ਚਲਦਾ ਰਿਹਾ। ਮੈਨੂੰ ਇਹ ਸ਼ੋਸ਼ਣ ਜਾਪਦਾ। ਮੇਰਾ ਪਤੀ ਕਮਰੇ ਵਿਚ ਆਉਣ ਸਾਰ ਮੈਨੂੰ ਚੰਬੜ ਜਾਂਦਾ, ਤੇ ਫਿਰ ਚਾਰ-ਪੰਜ ਮਿੰਟ ਦੇ ਅੰਦਰ-ਅੰਦਰ ਆਪਣਾ ਸਭ ਕੁਝ ਮੇਰੇ ਅੰਦਰ ਸੁੱਟ ਕੇ ਪਾਸੇ ਨੂੰ ਹੋ ਕੇ ਲੇਟ ਜਾਂਦਾ। ਸਾਰੀ ਰਾਤ ਮੈਂ ਤੜਫਦੀ ਰਹਿੰਦੀ। ਜੇ ਕੁਝ ਕਹਿਣ-ਸਮਝਾਉਣ ਦੀ ਕੋਸ਼ਿਸ਼ ਕਰਦੀ, ਆਪਣੇ ਦਿਲ ਦੀ ਗੱਲ ਦਸਣ ਦਾ ਯਤਨ ਕਰਦੀ, ਤਾਂ ਉਹ ਮੈਨੂੰ ਕੋਸਦਾ। ਮੈਨੂੰ ਕੁੱਟਦਾ। ਹੌਲੀ-ਹੌਲੀ ਮੈਂ ਉਸ ਵਲੋਂ ਕਿਨਾਰਾ ਕਰਨਾ ਆਰੰਭ ਕਰ ਦਿੱਤਾ। ਉਹ ਰੋਜ਼ ਸ਼ਰਾਬੀ ਹੋ ਕੇ ਮੰਜੇ ਤੇ ਆ ਡਿੱਗਦਾ। ਰੋਟੀ ਵੀ ਅਕਸਰ ਬਾਹਰੋਂ ਹੀ ਕਰਦਾ। ਉਸਦੇ ਮੂੰਹ ਵਿਚੋਂ ਆਉਂਦੀ ਸਿਗਰਟ-ਸ਼ਰਾਬ ਦੀ ਹਵ੍ਹਾੜ ਨੇ ਮੇਰੇ ਮਨ ਵਿਚ ਇਨ੍ਹਾਂ ਨਸ਼ਿਆਂ ਪ੍ਰਤੀ ਨਫ਼ਰਤ ਨੂੰ ਹੋਰ ਜ਼ਰਬ ਦਿੱਤਾ।

ਪਰ ਸਹਿਜ ਨੇ ਮੇਰੇ ਤੇ ਪਤਾ ਨਹੀਂ ਕੀ ਜਾਦੂ ਕੀਤਾ? ਜਿਨ੍ਹਾਂ ਚੀਜ਼ਾਂ ਨੂੰ ਮੈਂ ਨਫ਼ਰਤ ਕਰਦੀ ਸੀ, ਉਹੀ ਮੇਰੇ ਜੀਵਨ ਦਾ ਹਿੱਸਾ ਬਣ ਗਏ। ਉਹ ਜੋ ਵੀ ਕਰਦਾ, ਹੌਲੀ-ਹੌਲੀ ਕਰਦਾ ਤੇ ਮੈਨੂੰ ਉਸਦੇ ਹਰ ਸ਼ਪੱਰਸ਼, ਹਰ ਅਦਾ ਅਤੇ ਹਰ ਗੱਲ ਵਿਚ ਅਲੌਕਿਕ ਮਜ਼ਾ ਆਉਂਦਾ। ਹੁਣ ਮੈਂ ਕਦੀ-ਕਦੀ ਉਸ ਕੋਲ ਬੈਠ ਕੇ ਸਿਗਰਟ ਵੀ ਪੀਂਦੀ। ਹਲਕੀ-ਹਲਕੀ ਸ਼ਰਾਬ ਵੀ ਮੈਨੂੰ ਵੱਖਰਾ ਸਰੂਰ ਦਿੰਦੀ।

ਸਮੇਂ ਨਾਲ ਸ਼ਰਾਬ ਮੇਰੀ ਜ਼ਰੂਰਤ ਬਣ ਗਈ। ਪਹਿਲਾਂ ਸ਼ਰਾਬ ਬਿਨਾਂ ਸ਼ਾਮ ਸੁਹਾਣੀ ਨਹੀਂ ਸੀ ਲੱਗਦੀ। ਫਿਰ ਸ਼ਰਾਬ ਦੀ ਤੋਟ ਮੈਨੂੰ ਲੂਹਣ ਲੱਗਦੀ। ਸ਼ਰਾਬ ਬਿਨਾਂ ਜਿਉਣਾ ਦੁੱਭਰ ਹੋ ਗਿਆ। ਦਿਨ ਵਿਚ ਚਾਰ-ਪੰਜ ਸਿਗਰਟਾਂ ਵੀ ਜ਼ਰੂਰੀ ਹੋ ਗਈਆਂ। ਮੇਰੀ ਖੁਰਾਕ ਵੀ ਜ਼ਿਆਦਾਤਰ ਬਾਹਰਲੀ ਹੀ ਹੁੰਦੀ। ਪਹਿਲਾਂ ਮਹੀਨੇ ਵਿਚ ਇਕ-ਦੋ ਦਿਨ ਬਾਹਰ ਦਾ ਖਾਂਦੀ ਸੀ। ਹੁਣ ਮਹੀਨੇ ਵਿਚ ਮਸਾਂ ਦੋ ਦਿਨ ਘਰ ਦਾ ਖਾਣਾ ਖਾਂਦੀ। ਰੇੜ੍ਹੀਆਂ-ਢਾਬਿਆਂ ਜਾਂ ਹੋਟਲਾਂ ਦੇ ਖਾਣੇ ਨੇ ਮੇਰੇ ਪੇਟ ਅੰਦਰ ਖਲਬਲੀ ਮਚਾ ਦਿੱਤੀ। ਉੱਪਰੋਂ ਸਮੋਕਿੰਗ-ਡਰਿੰਕਿੰਗ ਨੇ ਦਿਮਾਗ ਚੁੱਕ ਦਿੱਤਾ। ਸੈਕਸ ਸਕੂਨ ਦਿੰਦਾ ਪਰ ਸਹਿਜਦੀਪ ਦਾ ਸਹਿਜ ਵੀ ਖਤਮ ਹੋਣ ਲੱਗਾ ਸੀ।

ਤੇ ਫਿਰ ਇਕ ਦਿਨ .......

ਮਾਹਵਾਰੀ ਆਈ ਨੂੰ ਡੇਢ ਮਹੀਨਾ ਹੋ ਗਿਆ ਸੀ। ਇਸ ਵਾਰ ਮਾਹਵਾਰੀ ਕਿਉਂ ਨਹੀਂ ਆ ਰਹੀ? ਹੈਰਾਨੀ ਤੌਖ਼ਲੇ ਵਿਚ ਬਦਲੀ। ਮੈਂ ਸਹਿਜਦੀਪ ਨੂੰ ਫੋਨ ਕੀਤਾ। ਦਫ਼ਤਰ ਵਿਚ ਹੀ ਉਸਦੇ ਯੂਰਿਨ ਟੈਸਟ ਮੰਗਵਾ ਕੇ ਪੇਸ਼ਾਬ ਚੈੱਕ ਕਰਨ ਲਈ ਆਖਿਆ, "ਜੇ ਇਕ ਬਿੰਦੂ ਲਾਲ ਹੈ ਤਾਂ ਕੋਈ ਖ਼ਤਰਾ ਨਹੀਂ। ਜੇ ਦੋ ਲਾਲ ਹੋਣ ਤਾਂ ਗਰਭ ਠਹਿਰਿਆ ਹੈ। ਫੇਰ ਵੀ ਡਰਨ ਦੀ ਲੋੜ ਨਹੀਂ। ਅੱਜ ਦੇ ਜ਼ਮਾਨੇ ਵਿਚ ਕੁਝ ਅਸੰਭਵ ਨਹੀਂ। ਤੂੰ ਡਰ ਨਾ, ਮੇਰੀ ਜਾਨ।" ਇਕ ਮਾਹਰ ਡਾਕਟਰ ਵਾਂਗ ਸਹਿਜਦੀਪ ਪੂਰੇ ਸਹਿਜ ਅਤੇ ਠਰੰਮੇ ਵਿਚ ਬੋਲ ਰਿਹਾ ਸੀ।

ਮੇਰੇ ਸਰੀਰ ਵਿਚ ਦਰਦ ਰਹਿਣ ਲੱਗਾ ਸੀ। ਹੁਣ ਮੇਕਅੱਪ ਕਰਨ ਨੂੰ ਜੀਅ ਨਹੀਂ ਕਰਦਾ। ਕਸਰਤ ਵੀ ਰਹਿ ਗਈ ਸੀ। ਦਫ਼ਤਰ ਵਿਚ ਨਵੀਂ ਕਲੱਰਕ ਮੇਘਨਾ ਨੇ ਜਾਇਨ ਕੀਤਾ ਸੀ। ਉਸਦੇ ਹੁਸਨ ਦੀ ਤਾਰੀਫ਼ ਉਸਦੇ ਜਾਇਨ ਕਰਨ ਤੋਂ ਪਹਿਲਾਂ ਹੀ ਦਫ਼ਤਰ ਵਿਚ ਪੁੱਜ ਚੁੱਕੀ ਸੀ। ਦਫ਼ਤਰ ਪਹੁੰਚਿਦਿਆਂ ਹੀ ਕੈਂਪ ਕਲੱਰਕ ਦੇ ਕਮਰੇ ਕੋਲੋਂ ਲੰਘਣ ਲੱਗੀ ਤਾਂ ਪੀਅਨ ਅਜੇ ਦਰਵਾਜ਼ਾ ਖੋਲ੍ਹ ਕੇ ਕੰਟਰੋਲਰ ਸਾਹਿਬ ਤੋਂ ਦੋ ਕੱਪ ਕਾਫ਼ੀ ਦੇ ਆਰਡਰ ਲੈ ਰਿਹਾ ਸੀ। ਸਾਹਬ ਸਾਹਮਣੇ ਬੈਠੀ ਕਿਸੀ ਮੋਹਤਰਮਾ ਨਾਲ ਹੱਸ-ਹੱਸ ਗੱਲਾਂ ਕਰ ਰਹੇ ਸਨ। ਐਨ ਉਹੀ ਅੰਦਾਜ਼ ਵਿਚ ਜਿਸ ਨਾਲ ਮੇਰੇ ਨਾਲ ਪਹਿਲੀ ਵਾਰ ਗੱਲ ਕੀਤੀ ਸੀ।

.........ਤੇ ਟੇਬਲ ਤੇ ਗੋਲਡਨ ਬੈਗ ਪਿਆ ਸੀ।

(ਇਸ ਕਹਾਣੀ ਦੇ ਸਭ ਪਾਤਰ ਅਤੇ ਘਟਨਾਵਾਂ ਕਾਲਪਨਿਕ ਅਤੇ ਮਨਘੜਤ ਹਨ, ਅਤੇ ਇਨ੍ਹਾਂ ਵਿਚੋਂ ਜੇਕਰ ਕਿਸੇ ਵੀ ਅਸਲ ਜੀਵਨ ਦੇ ਪਾਤਰ/ਘਟਨਾ ਦੀ ਝਲਕ ਪੈਂਦੀ ਹੈ, ਤਾਂ ਇਹ ਮਹਿਜ ਸੁਭਾਵਿਕ ਹੋਵੇਗੀ। – ਲੇਖਕ)

2919, ਪਿਲਕਨ ਸਟਰੀਟ, ਅਨਾਰਕਲੀ ਬਜ਼ਾਰ, ਜਗਰਾਉਂ – 142026 (ਜ਼ਿਲ੍ਹਾ ਲੁਧਿਆਣਾ),
ਪੰਜਾਬ,9888569669

'ਬਹੁਤ ਸਾਰੇ ਚੁਰੱਸਤੇ', 'ਖੇਤਾਂ ਦਾ ਰੁਦਨ', 'ਅੰਬਰ ਵਲ ਉਡਾਣ' ,'ਕਥਾ ਇਸ ਯੁੱਗ ਦੀ', 'ਗਹਿਰ ਚੜ੍ਹੀ ਅਸਮਾਨ', 'ਆਪਣੇ ਆਪਣੇ ਮੋਰਚੇ', 'ਨਿੱਕੇ ਨਿੱਕੇ ਯੁੱਧ' ਤੇ 'ਸੁਪਨੇ ਤੇ ਪ੍ਰਛਾਵੇਂ' ਤੋ ਬਾਅਦ ਨਾਵਲਕਾਰ ਬਲਬੀਰ ਪਰਵਾਨਾ ਦਾ ਨਵਾਂ ਨਾਵਲ

**ਸਿਮਟਦਾ ਆਕਾਸ਼**

**ਨਾਵਲਕਾਰ**

**ਬਲਬੀਰ ਪਰਵਾਨਾ**




ਬਲਬੀਰ ਪਰਵਾਨਾ ਦੁਆਰਾ ਰਚਿਤ ਨਾਵਲ 'ਸਿਮਟਦਾ ਆਕਾਸ਼' ਖੱਬੇ ਪੱਖੀ ਲਹਿਰ ਨਾਲ ਜੁੜੇ ਅਜਿਹੇ ਮੁੱਦਿਆਂ ਉੱਤੇ ਕੇਂਦਰਤ ਹੈ। ਇਹ ਮੁੱਦੇ ਵਿਅਕਤੀ ਤੋਂ ਲੈ ਕੇ ਸਮੂਹਿਕ ਚੇਤਨਾ ਤੱਕ ਫੈਲੇ ਹੋਏ ਹਨ। ਇਹ ਨਾਵਲ ਪਾਤਰ ਦੇ ਵਿਹਾਰ ਅਤੇ ਬਾਹਰਮੁਖੀ ਪ੍ਰਸਥਿਤੀਆਂ ਦੀ ਡਾਇਲੈਕਟਸ ਨੂੰ ਪੇਸ਼ ਕਰਨ ਵਾਲੀ ਇੱਕ ਸਫਲ ਟੈਕਸਟ ਹੈ। **-ਡਾ. ਪਰਮਜੀਤ ਕੌਰ ਸਿੱਧੂ**

**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ, ਮੋਹਾਲੀ**
**ਮੁੱਲ : 200 ਰੁਪਏ, ਪੰਨੇ : 158**



## ਯਾਦਾਂ/ ਜ਼ਾਤ ਦੀ ਸਾਂਝ/- ਦਵਿੰਦਰ ਮੰਡ

**ਸਾਧਾਰਨ** ਪਰਿਵਾਰ ਹੋਣ ਦੇ ਨਾਤੇ ਰੋਟੀ ਪਾਣੀ ਵਲੋਂ ਅਵਾਜ਼ਾਰ ਨਹੀਂ ਸਾਂ। ਇਕ ਸਕੂਲ ਮਾਸਟਰ, ਛੇ ਨਿਆਣਿਆਂ ਨੂੰ ਪਾਲ਼ ਰਿਹਾ ਸੀ। ਸਕੂਲ ਵਿਚ ਹਿਸਾਬ ਅਧਿਆਪਕ ਹੋਣ ਦੇ ਨਾਤੇ ਨਾਲ-ਨਾਲ ਕਲਰਕੀ ਦਾ ਕੰਮ ਵੀ ਕਰਨਾ ਮੇਰੇ ਪਿਤਾ ਜੀ ਦੇ ਹਿੱਸੇ ਆਇਆ ਹੋਇਆ ਸੀ। ਮਾਨਤਾ ਪ੍ਰਾਪਤ ਸਕੂਲ ਹੋਣ ਕਰਕੇ ਤਨਖਾਹਾਂ ਤਿੰਨ-ਤਿੰਨ, ਚਾਰ-ਚਾਰ ਮਹੀਨੇ ਦੇਰੀ ਕਾਰਨ ਮਿਲਦੀਆਂ ਸਨ ਜਿਸ ਕਰਕੇ ਸਕੂਲ ਵਿਚ ਇੱਕਤਰ ਹੋਈ ਬੱਚਿਆਂ ਦੀ ਫ਼ੀਸ ਨਾਲ ਘਰ ਦੀ ਆਈ ਚਲਾਈ ਚਲਦੀ ਰਹਿੰਦੀ ਸੀ। ਬਾਪ ਨੂੰ ਬੜੀ ਆਸ ਸੀ ਕਿ ਮੁੰਡਾ ਵੱਡਾ ਹੋ ਕੇ ਨਾਲ ਹੱਥ ਵਟਾਏਗਾ। ਮੈਂ ਵੀ ਸੰਵੇਦਨਸ਼ੀਲ ਹੋਣ ਕਰਕੇ ਚਾਹੁੰਦਾ ਸਾਂ ਕਿ ਬਾਪ ਨਾਲ ਕਿਸੇ ਨਾ ਕਿਸੇ ਰੂਪ ਵਿਚ ਹੱਥ ਵਟਾਇਆ ਜਾਵੇ। ਬੇਸ਼ੱਕ ਮੈਂ ਘਰ ਦੇ ਕੰਮਾਂ ਜਿਵੇਂ ਡੰਗਰ ਸਾਂਭਣੇ, ਹੋਰ ਨਿਕਸੁਕ ਕੰਮ ਕਰ ਦਿੰਦਾ ਸਾਂ ਪਰ ਅਸਲ ਮਕਸਦ ਤਾਂ ਪੈਸਿਆਂ ਦਾ ਸੀ। ਮੈਟ੍ਰਿਕ ਮੈਂ ਨੌਂਵੇਂ ਦਹਾਕੇ ਦੇ ਆਰੰਭ ਵਿਚ ਹੀ ਕਰ ਲਈ। ਕਲਾਸ ਵਿਚ ਥੋੜਾ ਹੁਸ਼ਿਆਰ ਹੋਣ ਕਾਰਣ ਤੇ ਨਾਲ ਹੀ ਅਧਿਆਪਕਾਂ ਵਲੋਂ ਅਸੈੱਸਮੈਂਟ ਚੰਗੀ ਲਾਉਣ ਕਾਰਣ ਮੈਂ ਚੰਗੇ ਨੰਬਰਾਂ 'ਚ ਪਾਸ ਹੋ ਗਿਆ। ਹੁਣ ਬਾਪ ਚਾਹੁੰਦਾ ਸੀ ਮੁੰਡਾ ਕਿਸੇ ਨੌਕਰੀ ਤੇ ਲੱਗ ਜਾਵੇ ਜਾਂ ਕੋਈ ਅਜਿਹਾ ਕੋਰਸ ਕਰ ਲਵੇ ਜਿਹਦੇ ਨਾਲ ਛੇਤੀ ਪੈਸੇ ਕਮਾਉਣ ਵਾਲਾ ਬਣ ਜਾਵੇ।

ਮੈਟ੍ਰਿਕ ਕਰਨ ਤੋਂ ਬਾਅਦ ਮੈਂ ਇਧਰ-ਉਧਰ ਹੱਥ ਪੈਰ ਮਾਰਨ ਸ਼ੁਰੂ ਕਰ ਦਿੱਤੇ। ਮੇਰੇ ਪਿਤਾ ਜੀ ਜਿਸ ਪਿੰਡ ਵਿਚ ਪੜਾਉਂਦੇ ਸਨ ਉਸ ਪਿੰਡ ਦੇ ਕਈ ਪਰਿਵਾਰਾਂ ਨਾਲ ਉਹਨਾਂ ਦੀ ਸਾਂਝ ਸੀ। ਇਕ ਛਿੰਬਿਆ ਦਾ ਪਰਿਵਾਰ ਸਿੱਧੇ ਢੰਗ ਨਾਲ ਮੇਰੇ ਬਾਪ ਨਾਲ ਜੁੜਿਆ ਹੋਇਆ ਸੀ। ਉਸ ਪਰਿਵਾਰ ਦੇ ਦੋਵੇਂ ਜੀਅ ਭਾਵ ਮੀਆਂ ਬੀਵੀ ਕੱਪੜੇ ਸਿਊ ਕੇ ਗੁਜ਼ਾਰਾ ਕਰਦੇ ਸਨ।

ਉਹਨਾਂ ਦੇ ਅਗਾਂਹ ਤਿੰਨ ਬੱਚੇ ਸਨ ਦੋ ਕੁੜੀਆਂ ਤੇ ਇਕ ਮੁੰਡਾ। ਵੱਡੀ ਕੁੜੀ ਤਾਂ ਵਿਆਹੀ ਹੋਈ ਸੀ ਪਰ ਛੋਟੀ ਕਾਲਜ ਅਤੇ ਮੁੰਡਾ ਪਟਿਆਲੇ ਪੜ੍ਹਦਾ ਸੀ।

"ਮਾਸਟਰ ਜੀ! ਮੁੰਡੇ ਨੂੰ ਫਾਰਮੇਸੀ ਕਰਾ ਦਿਉ- ਨੌਕਰੀ ਵੀ ਛੇਤੀ ਮਿਲਜੂ- ਬਾਂਡ ਭਰਾਉਂਦੇ ਉਹ ....।" ਇਕ ਦਿਨ ਮੈਂ ਆਪਣੇ ਪਿਤਾ ਨਾਲ ਆਲਾ ਸਿੰਘ ਦੇ ਘਰ ਗਿਆ।

"ਮੁੰਡੇ ਨੂੰ ਦਾਖਲਾ ਮਿਲਜੂ?" ਮੇਰੇ ਬਾਪ ਨੇ ਹੈਰਾਨੀ ਨਾਲ ਪੁੱਛਿਆ।

"ਹੋਰ ਕੀ ਮੁੰਡੇ ਦੀ ਫ਼ਸਟ ਡਿਵੀਜ਼ਨ ਆ ਤੇ ਨਾਲੇ ਤੁਸੀਂ 'ਚਮਾਰ' ਓ ....।" ਮੇਰੇ ਪਿਓ ਨੂੰ ਆਲਾ ਸਿੰਘ ਦਾ ਚਿੱਥ ਕੇ 'ਚਮਾਰ' ਸ਼ਬਦ ਕਹਿਣਾ ਖੁੱਭ ਗਿਆ।

"ਆਲਾ ਸਿੰਹਾਂ ਕੋਈ ਖਨਾਮੀ ਹੋਗੀ.... ਮੈਥੋਂ.... ਮੈਂ ਤੈਨੂੰ ਇਹੋ ਜਿਹੀ ਸ਼ਬਦਾਵਲੀ 'ਚ ਕਦੇ ਨਹੀਂ ਸੀ ਸੁਣਿਆ.... ਬਾਪ 'ਚ ਨਿਮਰ ਭਾਵਨਾ ਸੀ।"

"ਹਾਅ.... ਅ.... ਅ.... ਮਾਸਟਰ ਜੀ ਮੈਂ ਤਾਂ ਸਰਸਰੇ ਕਹਿ ਦਿੱਤਾ.... ਨਾਲੇ ਸੱਚ ਤਾਂ ਸੱਚ ਆ...." ਆਲਾ ਸਿੰਘ ਉੱਚੀ-ਉੱਚੀ ਹੱਸ ਪਿਐ....

"ਚਲੋ ਦੇਖਦੇ ਆਂ।" ਇਹ ਕਹਿ ਮੇਰਾ ਬਾਪ ਮੈਨੂੰ ਸਾਇਕਲ 'ਤੇ ਬਿਠਾ ਕੇ ਪਿੰਡ ਵੱਲ ਨੂੰ ਤੁਰ ਪਿਆ।

"ਜਦੋਂ ਇਹਦੇ ਤਿੰਨੇ ਨਿਆਣੇ ਮੇਰੇ ਸਕੂਲ 'ਚ ਪੜ੍ਹਦੇ ਸੀ ਇਹਦੇ ਮੂੰਹੋਂ ਜੀਅ, ਹਾਂਜੀ ਸ਼ਬਦ ਬਿਨਾਂ ਹੋਰ ਸ਼ਬਦ ਨਹੀਂ ਸੀ ਨਿਕਲਦਾ ਤੇ ਅੱਜ....।"

ਮੇਰੇ ਬਾਪ ਨੂੰ ਆਲਾ ਸਿੰਘ ਦੀ ਬੋਲਣੀ ਤੇ ਰੰਜ ਸੀ। "ਪੁੱਤ ਇਹ ਬੰਦਾ ਸੁਆਰਥੀ ਤੂੰ ਜਾਣਦੈ ਤੈਨੂੰ ਪਟਿਆਲੇ ਦਾਖਲਾ ਲੈ ਕੇ ਦੇਣ ਦਾ ਕਾਰਣ?"

"ਹੀਂ!" ਮੈਂ ਸਰਸਰੀ ਜਿਹੀ ਕਿਹਾ।

"ਪੁੱਤਰ ਇਹਦਾ ਮੁੰਡਾ ਜੂਹ ਉਥੇ.... ਇਹ ਚਾਹੁੰਦੈ ਸਾਥ ਹੋਜੂ ਨਾਲੇ ਇਹਦੀਆਂ ਕਈ ਸਮੱਸਿਆਵਾਂ ਹੱਲ....।"

ਮੇਰਾ ਬਾਪ ਆਲਾ ਸਿੰਘ ਦੀ ਅੰਦਰੂਨੀ ਭਾਵਨਾ ਚੰਗੀ ਤਰ੍ਹਾਂ ਸਮਝਦਾ ਸੀ।

ਫਿਰ ਮੈਂ ਪਟਿਆਲੇ ਮੈਡੀਕਲ ਕਾਲਜ 'ਚ ਡੀ-ਫਾਰਮੈਸੀ ਲਈ ਅਪਲਾਈ ਕਰ ਦਿੱਤਾ। ਮੈਨੂੰ ਉਸ ਕਾਲਜ ਵਿਚ ਦਾਖਲਾ ਮਿਲ ਗਿਆ। ਮੇਰੇ ਲਈ ਰਹਿਣ ਦੀ ਕੋਈ ਸਮੱਸਿਆ ਨਹੀਂ ਸੀ ਕਿਉਂਕਿ ਮੈਂ ਆਲਾ ਸਿੰਘ ਦੇ ਮੁੰਡੇ ਪੰਕਜ ਹੇਲਨ (ਅਸਲੀ ਨਾਂ ਨਹੀਂ) ਦੇ ਨਾਲ ਰਹਿਣ ਲੱਗ ਪਿਆ ਸਾਂ। ਉਹ ਉਂਞ ਵੀ ਮੇਰੇ ਬਾਪ ਤੋਂ ਪੜ੍ਹਿਆ ਸੀ ਤੇ ਉਹਨਾਂ ਦਾ ਆਦਰ ਵੀ ਬਹੁਤ ਕਰਦਾ ਸੀ। ਉਹਦੇ ਕੋਰਸ ਦਾ ਇਕ ਸਾਲ ਪੂਰਾ ਹੋ ਚੁੱਕਾ ਸੀ ਤੇ ਮੇਰੇ ਦੋ ਸਾਲ ਸ਼ੁਰੂ ਹੋ ਗਏ ਸਨ। ਜਦੋਂ ਮੈਂ ਕਦੇ ਪਿੰਡ ਆਉਂਦਾ ਤਾਂ ਮੈਂ ਪੰਕਜ ਦੇ ਘਰ ਜਾ ਕੇ ਉਹਦੇ ਲਈ ਪੈਸੇ ਜਾਂ ਹੋਰ ਇਧਰ ਉਧਰ ਦਾ ਸਮਾਨ ਵੀ ਲੈ ਜਾਂਦਾ ਸਾਂ। ਮੈਂ ਪੰਕਜ ਦੇ ਨਾਲ ਪਟਿਆਲੇ ਦੇ ਉੱਤਰ 'ਚ ਬਡੂੰਗਰ ਇਲਾਕੇ 'ਚ ਰਹਿੰਦਾ ਸਾਂ। ਜਿਥੇ ਪੰਕਜ ਰਹਿੰਦਾ ਸੀ ਇਸ ਘਰ ਬਾਰੇ ਮੈਨੂੰ ਬਿਲਕੁਲ ਨਹੀਂ ਸੀ ਪਤਾ ਪਰ ਬਾਅਦ 'ਚ ਪਤਾ ਲੱਗਿਆ ਇਹ ਘਰ ਦਾ ਮਾਲਕ ਦੂਰੋਂ ਪਾਰੋਂ ਪੰਕਜ ਦੇ ਰਿਸ਼ਤੇਦਾਰ ਸਨ। ਉਹਦੇ ਬਾਪ ਨੇ ਸਭ ਤੋਂ ਪਹਿਲਾਂ ਆਪਣੀ ਜਾਤ ਦੇ ਘਰ ਲੱਭਣ ਦਾ ਉਪਰਾਲਾ ਕੀਤਾ ਸੀ। ਇਕ ਸਾਲ ਤਾਂ ਅਸਾਨੀ ਨਿਕਲ ਗਿਆ। ਦੂਜੇ ਸਾਲ ਪੰਕਜ ਦਾ ਕੋਰਸ ਪੂਰਾ ਹੋਣ ਤੇ ਉਹ ਚਲਾ ਗਿਆ ਤੇ ਮੇਰੇ ਨਾਲ ਪ੍ਰੀ-ਮੈਡੀਕਲ ਕਰਕੇ ਆਇਆ ਵਿਦਿਆਰਥੀ ਸੁਖਵਿੰਦਰ ਆ ਗਿਆ। ਉਹ ਨਾਨਕਸਰ ਗੁਰਦੁਆਰੇ ਦੇ ਪਿਛੇ ਪਿੰਡ ਮੱਲ੍ਹਾ (ਲੁਧਿਆਣੇ) ਦਾ ਜੰਮਪਲ ਸੀ। ਘਰ ਵਿਚ ਸੁਖਾਲਾ ਹੋਣ ਕਾਰਨ ਉਹਦਾ ਕੰਮ ਪੜ੍ਹਨਾ ਘੱਟ ਤੇ ਇਧਰ-ਉਧਰ ਦੀਆਂ ਗੱਲਾਂ ਮਾਰਨੀਆਂ ਜ਼ਿਆਦਾ ਸਨ। ਉਹ ਸ਼ਾਮ ਨੂੰ ਖੇਡਣ ਤੁਰਿਆ ਰਹਿੰਦਾ ਸੀ। ਅਸੀਂ ਦੋਹੇਂ ਘਰ 'ਚ ਚਾਹ, ਦੁੱਧ, ਰੋਟੀ ਬਣਾਉਂਦੇ ਸਾਂ। ਮੇਰੀ ਚੜ੍ਹਦੀ ਉਮਰ ਵੀ ਸ਼ਰਮਸਤੀਆਂ ਕਰਨ ਲੱਗੀ। ਦਰਅਸਲ ਸੁਖਵਿੰਦਰ ਦੀਆਂ ਗੱਲਾਂ ਮੈਨੂੰ ਪ੍ਰਭਾਵਿਤ ਕਰਨ ਲੱਗੀਆਂ ਸਨ। ਉਹਨਾਂ ਦਿਨਾਂ ਵਿਚ ਹੀ ਵੱਡੀ ਘਟਨਾ ਵਾਪਰ ਗਈ। ਜਿਸ ਘਰ 'ਚ ਅਸੀਂ ਰਹਿੰਦੇ ਸਾਂ ਉਹਨਾਂ ਘਰ ਅਠਵੀਂ-ਨੌਵੀਂ 'ਚ ਪੜ੍ਹਦੀ ਇਕ ਮਧਰੇ ਕੱਦ ਦੀ ਕੁੜੀ ਆ ਗਈ। ਉਹ ਘਰ 'ਚ 'ਮਾਸੀ ਦੀ ਕੁੜੀ' ਕਰਕੇ ਜਾਣੀ ਜਾਣ ਲੱਗੀ। ਚੜ੍ਹਦੀ ਉਮਰ ਦੇ ਦੋ ਕਿਰਾਏਦਾਰ (ਅਸੀਂ) ਉਹਦੀਆ ਗੱਲਾਂ ਵੀ ਕਰਦੇ ਸਾਂ ਅਤੇ ਪਤਾ ਨਹੀਂ ਕਦੋਂ ਸੁਖਵਿੰਦਰ ਨੇ ਉਹਦੇ ਨਾਲ ਦੋ ਚਾਰ ਕਰ ਲਈਆਂ। ਉਹਦੀ ਸਿਹਤ ਵੀ ਚੰਗੀ ਸੀ ਉਹ ਨੌਵੀਂ ਦੀ ਵਿਦਿਆਰਥਣ ਨਹੀਂ ਸੀ ਲੱਗਦੀ, ਚੰਗੀ ਡੀਲ ਡੌਲ ਵਾਲੀ ਕੁੜੀ ਸੀ। ਫਿਰ ਕੀ ਸੀ ਗੱਲ ਵੱਧਦੀ ਵੱਧਦੀ ਵੱਧ ਗਈ।



ਸੁਖਵਿੰਦਰ ਨਾਲ ਉਹਦੀ ਅਜਿਹੀ ਸਾਂਝ ਵਧੀ ਕਿ ਉਹ ਸਰੀਰਾਂ ਦੀ ਬਾਤ ਪਾਉਣ ਲੱਗੇ। ਸਾਡਾ ਕਮਰਾ ਬਾਹਰ ਗਲੀ ਵੱਲ ਨੂੰ ਖੁੱਲ੍ਹਦਾ ਸੀ। ਕੁੜੀ ਸਾਡੇ ਸਾਹਮਣੇ ਕਮਰੇ 'ਚ ਸੌਂਦੀ ਸੀ। ਫਿਰ ਕੀ ਸੀ ਟਿਕੀ ਰਾਤ 'ਚ ਸੁਖਵਿੰਦਰ ਉਹਦੇ ਕਮਰੇ 'ਚ ਜਾ ਵੜਦਾ। ਇਕ ਚੜ੍ਹਦੀ ਉਮਰ ਦਾ ਜੁਆਨ, ਉਪਰੋਂ ਭਾਵਨਾਵਾਂ ਦਾ ਹੜ੍ਹ ਤੇ ਉਤੋਂ ਮੌਕਾ 'ਸਾਨੂੰ ਕਿਸੇ ਦਾ ਡਰ ਨਹੀਂ' ਦੋ ਚਾਰ ਵਾਰ ਸੁਖਵਿੰਦਰ ਉਹਨੂੰ ਆਪਣੇ ਕਮਰੇ ਵਿਚ ਵੀ ਲੈ ਆਇਆ ਸੀ। ਲੰਬਾ ਜਿਹਾ ਕੱਛਾ ਪਾਈ ਉਹ ਕੁੜੀ ਸਾਨੂੰ ਸਮਰਪਿਤ ਭਾਵਨਾ 'ਚ ਮਿਲਣ ਲੱਗੀ।

"ਬਚੀਂ.... ਬਚੀਂ ਭਰਾਵਾ ਦੇਖੀਂ ਕਿਤੇ ਜ਼ਿੰਦਗੀ ਨਾ ਰੋਲ ਦੇਵੀਂ ਇਹਦੀ....।" ਮੈਂ ਸੁਖਵਿੰਦਰ ਤੋਂ ਛੋਟਾ ਹੋਣ ਕਰਕੇ ਇਹੋ ਜਿਹੀਆਂ ਹਦਾਇਤਾਂ ਕਰਦਾ। ਦਰਅਸਲ ਮੇਰਾ ਬਾਪ ਮੇਰੇ ਨਾਲ ਸਿੱਧੀਆਂ ਗੱਲਾਂ ਕਰਦਾ ਰਿਹਾ ਸੀ ਤੇ 'ਜਣਨ ਪ੍ਰਕਿਰਿਆ' ਬਾਰੇ ਮੈਨੂੰ ਛੋਟੀ ਉਮਰ ਤੋਂ ਹੀ ਪਤਾ ਲੱਗਦਾ ਰਿਹਾ ਸੀ। ਮੈਂ ਹਮੇਸ਼ਾ ਸੁਖਵਿੰਦਰ ਨੂੰ ਇਸ ਕੰਮ ਦੇ ਭਿਆਨਕ ਨਤੀਜਿਆਂ ਬਾਰੇ ਜਾਗਰੂਕ ਵੀ ਕਰਦਾ ਰਹਿੰਦਾ ਸਾਂ। ਸੁਖਵਿੰਦਰ ਇਕ ਉਜਾੜ ਅਤੇ ਛੋਟੇ ਪਿੰਡੋਂ ਆਇਆ ਹੋਣ ਕਰਕੇ ਹਦਾਇਤਾਂ ਭੁੱਲ ਜਾਂਦਾ ਸੀ। ਹਊ ਪਰ੍ਹੇ ਕਰ ਛੱਡਦਾ ਸੀ। ਫਿਰ ਉਹੀ ਗੱਲ ਹੋਈ ਸਾਡਾ ਕੋਰਸ ਪੂਰਾ ਹੋ ਗਿਆ ਤੇ ਉਹ ਕੁੜੀ ਮਾਂ ਬਣ ਗਈ।

ਸੁਖਵਿੰਦਰ ਦਾ ਤਾਂ ਕੋਈ ਥੋਹ ਪਤਾ ਨਾ ਲੱਗਾ ਪਰ ਇਕ ਜ਼ਾਤ ਦੀ ਸਾਂਝ ਹੋਣ ਕਰਕੇ ਉਹ ਬਡੂੰਗੜ ਪਰਿਵਾਰ ਪੰਕਜ ਦੇ ਘਰ ਆਉਂਦਾ ਜਾਂਦਾ ਸੀ। ਉਹਨਾਂ ਦੀ ਇਕ ਪੜ੍ਹੀ ਲਿਖੀ ਔਰਤ ਉਸ ਘਰ 'ਚ ਆ ਗਈ। ਉਹਨੇ ਸਾਰੀਆਂ ਸ਼ਕਾਇਤਾਂ ਜੋ ਮੇਰੀ ਔਕਾਤ ਤੋਂ ਬਾਹਰ ਦੀਆਂ ਸਨ ਲਾ ਦਿੱਤੀਆਂ। ਪੰਕਜ ਦਾ ਪਿਤਾ ਮੇਰੇ ਬਾਪ ਦੇ ਸਕੂਲ 'ਚ ਆ ਪਹੁੰਚਾ। ਜੇ ਸਿਆਣਾ ਹੁੰਦਾ ਮੇਰੇ ਬਾਪ ਨਾਲ ਇਕੱਲਾ ਬਹਿ ਗੱਲ ਕਰਦਾ। ਉਹਨੇ ਤਾਂ ਸਕੂਲ ਦੇ ਮੁੱਖ ਅਧਿਆਪਕ ਦੇ ਸਾਹਮਣੇ ਬਹਿ ਮੇਰੀ ਜਿਹੀ ਦੀ ਤਿਹੀ ਫੇਰ ਦਿੱਤੀ। ਮੇਰਾ ਬਾਪ ਧੌਣ ਨੀਵੀਂ ਕਰ ਘਰ ਪਹੁੰਚਿਆ।

ਗੁੱਸੇ 'ਚ ਭਰਿਆ ਪੀਤਾ ਬਾਪ ਕਹਿਣ ਲੱਗਾ, "ਪੁੱਤ ਸ਼ਰਮ ਤਾਂਹਨੀ ਆਈ.... ਪਟਿਆਲੇ ਕੀ ਚੰਦ ਚਾੜ੍ਹ ਤਾ....।"

"ਕੀ ਹੋਇਆ?" ਮੈਨੂੰ ਗੱਲਬਾਤ ਦਾ ਅਹਿਸਾਸ ਹੋ ਗਿਆ ਸੀ।

"ਜਿੱਦਾਂ ਪਤਾ ਨਹੀਂ ਹੁੰਦਾ.... ਦੁਰ ਫਿਟੇ ਮੂੰਹ....।" ਇੱਕ ਥੱਪੜ ਮੇਰੀ ਸੱਜੀ ਗੱਲ ਤੇ ਛਪ ਗਿਆ। ਮੈਨੂੰ ਘੁਮਣਘੇਰੀਆਂ ਆ ਗਈਆਂ।

ਪੁੱਤ ਕਿੱਦਾਂ ਤੈਨੂੰ ਮੈਂ ਸਮਝਾਉਂਦਾ ਸੀ.... ਸ਼ਰਮ ਤਾਂਹਨੀ ਆਈ.... ਜੇ ਆਹ ਕੰਮ ਕਰਨੇ ਸੀ ਸੰਭਲ ਕੇ....।" ਪਿਉ ਨੇ ਇਹ ਸ਼ਬਦ ਪਤਾ ਨਹੀਂ ਕਿੱਦਾਂ ਕਹਿ ਦਿੱਤੇ।

ਮੈਂ ਰੋਂਦੇ ਨੇ ਕਿਹਾ, "ਸੁਖਵਿੰਦਰ ਨੇ ਕੀਤਾ ਸਭ ਕੁਝ।"

ਮੇਰੇ ਇਕ ਹੋਰ ਚਪੇੜ ਆ ਪਈ। ਮੈਂ ਚੁਪ ਕਰ ਗਿਆ। ਦਰਅਸਲ ਸਾਰਾ ਕੁਝ ਸੁਖਵਿੰਦਰ ਦਾ ਕੀਤਾ ਮੇਰੇ ਤੇ ਵੀ ਆ ਗਿਆ ਸੀ। ਭਾਵੇਂ ਮੈਂ ਜਾਗਰੂਕ ਸਾਂ।

ਉਧਰੋਂ ਮੇਰੀ ਫਰਮਾਕੌਲੋਜੀ ਵਿਚੋਂ ਰੀਅਪੀਅਰ ਆ ਗਈ। ਮੈਂ ਦੁਖ ਕਾਰਣ ਬੇਵੱਸ ਸਾਂ।

"ਪੁੱਤ ਹੁਣ ਮੇਰੇ ਮੁੱਖ ਅਧਿਆਪਕ ਨੇ ਪਤਾ ਕੀ ਕਿਹਾ....?" ਮੇਰੇ ਬਾਪ ਦੇ ਚਿਹਰੇ 'ਤੇ ਦੁਖ ਦੇ ਭਾਵ ਸਨ।

ਕਹਿਣ ਲੱਗਾ, "ਤੁਸੀਂ ਚੂਹੜੇ ਚਮਾਰਾਂ ਨੇ ਸੁਆਹ ਤਰੱਕੀ ਕਰਨੀ....।"

ਫਿਰ ਚੁੱਪ ਦਾ ਵਾਤਾਵਰਣ

"ਦੱਸ ਹੁਣ ਕੀ ਕਰਨੈਂ....?"

"ਪੇਪਰ ਦੇਣਾ ਪਟਿਆਲੇ!"

ਮੈਂ ਨਾਂਹ ਕਰ ਦਿੱਤੀ। ਮੈਂ ਉਸ ਦਿਨ ਜ਼ਿੰਦਗੀ 'ਚ ਬੇਹੱਦ ਪ੍ਰੇਸ਼ਾਨ ਹੋਇਆ। ਬਾਪ ਦੇ ਬੁਝੇ ਚਿਹਰੇ ਦੀ ਦਾਸਤਾਨ 'ਤੇ ਉਪਰੋਂ ਅਸਫ਼ਲਤਾ ਦਾ ਆਲਮ ਮੇਰੇ ਦਿਲ ਦੀ ਨੁਕਰ 'ਚ ਬੈਠ ਗਿਆ।

ਮੈਂ ਸ਼ਾਮ ਛੇ ਕੁ ਵਜੇ ਘਰੋਂ ਬਾਹਰ ਨਿਕਲ ਗਿਆ। ਮੇਰੇ ਪਿੰਡ ਦੇ ਨਾਲ ਹੀ ਅੱਧੀ ਖੂਹੀ ਹੈ। ਇਲਾਕੇ 'ਚ ਇਹ ਖੂਹੀ ਸ਼ਰਾਬ ਦੇ ਠੇਕੇ ਕਰਕੇ ਮਸ਼ਹੂਰ ਹੈ। ਇਸ ਖੂਹੀ ਦਾ ਨਾਂ ਵੀ ਇਸ ਕਰਕੇ ਪਿਆ ਹੈ ਕਿਉਂਕਿ ਇਹ ਅੱਧੀ ਕਪੂਰਥਲੇ ਜਿਲੇ 'ਚ ਹੈ ਤੇ ਅੱਧੀ ਜਲੰਧਰ ਵਿਚ। ਉਹਦੇ ਨੇੜੇ ਚੱਲਦੀ ਨਹਿਰ ਮੇਰੇ ਲਈ ਪ੍ਰਮੁੱਖ ਸੀ। ਕਿਉਂਕਿ ਇਸ ਨਹਿਰ 'ਚ ਮੈਂ ਗਰਮੀਆਂ ਨੂੰ ਆਪਣੇ ਨਾਲ ਦੇ ਜੁਆਕਾਂ ਨਾਲ ਨਹਾਉਂਦਾ ਰਿਹਾ ਸਾਂ। ਮੈਂ ਜ਼ਜ਼ਬਾਤੀ ਹੋਇਆ, ਪਿਤਾ ਦੇ ਚਿਹਰੇ ਨੂੰ ਜ਼ਿਹਨ 'ਚ ਲਿਆਉਂਦਾ, ਉਸ ਨਹਿਰ ਵਿਚ ਡੁੱਬਣ ਜਾ ਰਿਹਾ ਸਾਂ। ਤੁਰਿਆ ਗਿਆ, ਤੁਰਿਆ ਗਿਆ। ਅੱਧੀ ਖੂਹੀ ਤੇ ਇਕ ਰਸਭਰੀ ਦਾ ਪਊਆ ਲਿਆ। ਨੇੜਲੇ ਨਲਕੇ 'ਤੇ ਖੜ ਕੇ ਡੀਕ ਲਾ ਇਕੋ ਸਾਹੇ ਪੀ ਗਿਆ। ਥੋੜ੍ਹੀ ਦੇਰ ਬਾਅਦ ਅੱਖਾਂ ਲਾਲ ਹੋ ਗਈਆਂ। ਹੁਣ ਜੀਵਨ ਦਾ ਆਖਰੀ ਦਿਨ ਮਹਿਸੂਸ ਕਰ ਮੈਂ ਨਾਲਦੀ ਨਹਿਰ ਦੇ ਪੁਲ ਵੱਲ ਨੂੰ ਵੱਧ ਗਿਆ। ਕੁਝ ਪਲ ਲਈ ਮੈਨੂੰ ਆਪਣਾ ਪਰਿਵਾਰ ਯਾਦ ਆਇਆ। ਛੋਟੇ ਭਰਾ ਦਾ ਮੇਰੇ ਪਿਛੇ ਪਿਛੇ ਭੱਜੇ ਫਿਰਨਾਂ ਮੈਨੂੰ ਕਈ ਵਾਰ ਯਾਦ ਆਇਆ। ਛੋਟੀ ਭੈਣ ਵਲੋਂ ਮੇਰੇ ਰੋਜ਼ਾਨਾ ਕੀਤੇ ਜਾਂਦੇ ਪ੍ਰੈਸ ਕੱਪੜੇ ਮੈਨੂੰ ਪਿੰਡ ਵੱਲ ਨੂੰ ਖਿੱਚਣ ਲੱਗੇ। ਤਾਜ਼ੀ ਸੂਈ ਬੂਰੀ ਮੱਝ ਦੇ ਕੱਟੜੂ ਨੂੰ ਹੱਥ 'ਤੇ ਰੱਖ ਖਿਲਾਉਣਾ ਗੁੜ ਮੇਰੇ ਅੰਦਰ ਖੌਰੂ ਪਾਉਣ ਲੱਗਾ। ਜਦੋਂ ਮੈਂ ਨਹਿਰ ਦੇ ਪੁਲ਼ ਤੇ ਚੜ੍ਹ ਗਿਆ ਤਾਂ ਕੀ ਦੇਖਦਾ ਹਾਂ ਨਹਿਰ ਸੁੱਕੀ ਪਈ ਹੈ। ਪਾਣੀ ਉੱਕਾ ਹੀ ਨਹੀਂ। ਉਂਝ ਇਸ ਥਾਂ 'ਤੇ ਸਭ ਤੋਂ ਵੱਧ ਪਾਣੀ ਹੁੰਦਾ ਸੀ। ਸ਼ਰਾਬ ਮੈਨੂੰ ਚੜ੍ਹ ਚੁੱਕੀ ਸੀ। ਮੈਂ ਨਹਿਰ ਵਿਚ ਉੱਤਰ ਗਿਆ। ਭਰਾ ਅਤੇ ਭੈਣ ਲਈ ਕੁਝ ਸਿੱਪੀਆਂ ਅਤੇ ਘੋਗੇ ਇਕੱਤਰ ਕਰ ਜੇਬ 'ਚ ਪਾ ਲਏ।

ਫਿਰ ਮੈਂ ਉਹਨੀਂ ਪੈਰੀਂ ਵਾਪਸ ਪਿੰਡ ਵੱਲ ਨੂੰ ਤੁਰ ਪਿਆ।

"ਮੈਂ ਤਾਂ ਮਰਨ ਲਈ ਕਦਮ ਪੁੱਟਿਆ ਸੀ।" ਜਿਉਂ ਹੀ ਪਿੰਡ ਨੇੜੇ ਆਇਆ ਮੈਨੂੰ ਸੱਜੇ ਹੱਥ ਗੁਰੂ ਰਵਿਦਾਸ ਦਾ ਗੁਰਦੁਆਰਾ ਨਜ਼ਰ ਆਇਆ। ਮੈਂ ਚੁਪ-ਚਪੀਤੇ ਗੁਰਦੁਆਰੇ ਅੰਦਰ ਲੰਘ ਗਿਆ। ਮੱਥਾ ਤਾਂ ਮੈਂ ਕੀ ਟੇਕਣਾ ਸੀ। ਮੈਂ ਉਪਰ ਨੂੰ ਚੜ੍ਹਦੀਆਂ ਪੌੜੀਆਂ ਤੇ ਜਾ ਬੈਠਾ। ਅੱਖਾਂ 'ਚ ਅੱਥਰੂ ਤੇ ਜ਼ਿਹਨ 'ਚ ਭਵਿੱਖ ਦਾ ਸੁਪਨਾ। ਪਟਿਆਲੇ ਵਲੋਂ ਵੀ ਅਸਫ਼ਲਤਾ ਮਿਲ ਚੁੱਕੀ ਸੀ।



ਘੰਟਾ, ਦੋ ਘੰਟੇ, ਤਿੰਨ ਘੰਟੇ ਬੀਤ ਗਏ। ਘਰ ਵਿਚ ਭਾਜੜ ਮਚ ਗਈ। ਮੈਨੂੰ ਲੱਭਣ ਲਈ ਘਰਦਿਆਂ ਵਹੀਰਾਂ ਘੱਤ ਲਈਆਂ। ਆਖਰ ਮੇਰੇ ਪਿਓ ਨੇ ਗੁਰਦੁਆਰੇ ਦੀਆਂ ਪਾਉੜੀਆਂ 'ਚ ਬੈਠਿਆਂ ਮੈਨੂੰ ਲੱਭ ਲਿਆ। ਪਿਆਰ ਨਾਲ ਬਾਪ ਕਹਿਣ ਲੱਗਾ, "ਅਇਥੇ ਕੀ ਕਰਦਾ?"

"ਭਾਪਾ ਜੀ ਮਰ ਜਾਣੈ ਮੈਂ ਤਾਂ।" ਸ਼ਰਾਬ ਛੋਟੀ ਉਮਰ 'ਚ ਜ਼ਿਆਦਾ ਪੀਣ ਕਰਕੇ ਪੂਰੀ ਤਰ੍ਹਾਂ ਪ੍ਰਭਾਵ ਦਿਖਾ ਰਹੀ ਸੀ। ਮੈਂ ਅੰਦਰੋਂ ਬਾਹਰੋਂ ਇੱਕ ਹੋ ਚੁੱਕਾ ਸਾਂ।

"ਸ਼ਰਾਬ ਪੀਤੀ ਆ!"

"ਆਹੋ....।"

"ਪੁੱਤ ਉੱਠ ਕੁਸ਼ ਨੀ ਹੁੰਦਾ.... ਜੇ ਅਸਫ਼ਲ ਹੋ ਗਿਆ ਤਾਂ....।" ਪਿਤਾ ਅੰਦਰ ਸਹਿਜਤਾ, ਨਿਮਰਤਾ ਸਭ ਕੁਝ ਆ ਚੁੱਕਾ ਸੀ। ਜਿਵੇਂ ਮੈਨੂੰ ਲੱਭਦਿਆਂ ਉਹ ਡਰ ਚੁੱਕਾ ਹੋਵੇ।

ਮੈਨੂੰ ਘਰ ਲਿਆ ਉਹਨੇ ਰੋਟੀ ਖੁਆਈ। ਇਮਲੀ ਦਾ ਘੋਲ ਵੀ ਪਿਆ ਤਾ।

ਸਵੇਰੇ ਬਾਪ ਮੇਰੇ ਸਿਰਹਾਣੇ ਖੜ੍ਹਾ ਹੋ ਕਹਿਣ ਲੱਗਾ, "ਪੁੱਤਰ ਦੱਸ ਹੁਣ ਤੂੰ ਕੀ ਕਰਨਾ?"

ਮੈਂ ਚੁਪ ਸਾਂ।

ਕੰਮ ਕਰਨੈ ਕਿ ਪੜਨਾ?" ਬਾਪ ਨੇ ਥੋੜ੍ਹਾ ਖਿਝ ਕੇ ਕਿਹਾ। ਪਤਾ ਨਹੀਂ ਮੇਰੇ ਅੰਦਰੋਂ ਕਿਥੋਂ ਸ਼ਕਤੀ ਆ ਗਈ ਮੈਂ ਹੌਲੀ ਜਿਹੀ ਕਹਿ ਦਿੱਤਾ, "ਪੜ੍ਹਨੈ ?"

"ਹੁਣ ਪੁੱਤਰ ਸਭ ਕੁਝ ਤੇਰੇ ਹਵਾਲੇ ਜੋ ਪੜ੍ਹਨੈ ਆਪ ਚੁਣ, ਮੈਂ ਕੁਝ ਨੀ ਕਹਿਣਾ ਤੈਨੂੰ.... ਬਸ ਪੈਸਾ ਲਾ ਦਊਂ ਮੈਂ ਤਾਂ...।"

ਮੇਰੇ ਵਲੋਂ ਫਿਰ ਚੁੱਪ ਸੀ।

"ਸੈਇੰਸ ਕਿ ਆਟਸ?" ਮੈਂ ਚੁੱਪ ਚਪੀਤੇ ਕਹਿ ਦਿੱਤਾ "ਆਰਟਸ।" ਦਰਅਸਲ ਉਦੋਂ ਮੈਂ ਛੋਟੀਆਂ ਛੋਟੀਆਂ ਕਵਿਤਾਵਾਂ ਲਿਖਣ ਲੱਗ ਪਿਆ ਸਾਂ।

"ਕੱਲ੍ਹ ਦਾਖਲਾ ਲੈ ਲਾ।" ਮੇਰੇ ਬਾਪ ਨੇ ਸੁਰਖ਼ਰੂ ਹੁੰਦਿਆ ਕਿਹਾ।

"ਡੀ.ਏ.ਵੀ ਕਾਲਜ ਕਿ ਖਾਲਸਾ ਕਾਲਜ?"

ਮੈਂ ਚੁਪ ਸਾਂ।

ਪੁੱਤਰ ਖਾਲਸਾ ਕਾਲਜ 'ਚ ਮੇਰੇ ਦੋ ਵਿਦਿਆਰਥੀ ਪ੍ਰੋਫ਼ੈਸਰ ਲੱਗੇ ਆ.... ਉਹਨਾਂ ਕੋਲ ਚੱਲਦੇ

ਆਂ।"

ਬਸ ਫਿਰ ਕੀ ਸੀ ਮੇਰੀ ਸਾਰੀ ਰਾਤ ਸੋਚਦਿਆਂ ਲੰਘ ਗਈ। ਛੋਟੀ ਭੈਣ ਤੇ ਭਰਾ ਦਾ ਚਿਹਰਾ ਵੀ ਮੈਨੂੰ ਦੇਖ ਪ੍ਰੇਸ਼ਾਨ ਸੀ। ਅੱਗੇ ਅਸੀਂ ਰੋਜ਼ ਹਾਸਰਸ ਖੇਡਾਂ ਖੇਡਦੇ ਸਾਂ।

ਅਗਲੀ ਸਵੇਰ ਬਾਪ ਮੈਨੂੰ ਖਾਲਸਾ ਕਾਲਜ ਲੈ ਗਿਆ। ਉਥੇ ਪੀਅਨ ਤੋਂ ਪ੍ਰੋਫ਼ੈਸਰ ਧਰਮ ਸਿੰਘ ਅਤੇ ਨਮਿੰਦਰ ਸਿੰਘ ਖਹਿਰਾ ਬਾਰੇ ਪੁੱਛ ਗਿੱਛ ਕੀਤੀ। ਪੀਅਨ ਨੇ ਸਾਨੂੰ ਖ਼ਾਲਸਾ ਕਾਲਜ ਦੀ ਰਿਹਾਇਸ਼ੀ ਕਲੋਨੀ 'ਚ ਪ੍ਰੋ. ਨਮਿੰਦਰ ਖਹਿਰਾ ਕੋਲ ਭੇਜ ਦਿੱਤਾ। ਮੈਂ ਖਹਿਰਾ ਸਾਹਿਬ ਦੇ ਪੈਰੀਂ ਹੱਥ ਲਾਇਆ।

"ਪੁੱਤਰ ਕਿਹੜੀ ਕਲਾਸ 'ਚ ਦਾਖਲ ਹੋਣੈ?"

"ਪ੍ਰੈਪ ਵਿਚ।"

"ਪੁੱਤਰ ਤੇਰਾ ਡੀਲ ਡੌਲ ਤਾਂ ਵੱਡਿਆਂ ਵਾਲਾ ਲੱਗਦੈ।"

ਮੈਂ ਚੁਪ ਸਾਂ।

ਫਿਰ ਮੇਰੇ ਬਾਪ ਵਲ਼ ਦੇਖ ਨਮਿੰਦਰ ਖਹਿਰਾ ਕਹਿਣ ਲੱਗੇ, "ਮਾਸਟਰ ਜੀ ਮੁੰਡਾ ਤਾਂ ਐਕਟਰਾਂ ਵਰਗਾ।"

ਇਹ ਗੱਲ ਸੁਣ ਮੇਰਾ ਬਾਪ ਸਿਰਫ਼ ਮੁਸਕਰਾਇਆ ਸੀ ਮੈਨੂੰ ਮਹਿਸੂਸ ਹੋਇਆ ਜਿਵੇਂ ਮੂੰਹ 'ਚ ਕਹਿ ਰਿਹਾ ਹੋਵੇ, "ਇਹਦੇ ਐਕਟਰਪੁਣੇ ਨੇ ਪਟਿਆਲੇ ਚੰਦ ਵੀ ਚਾੜ੍ਹ ਤਾ।"

ਮੈਂ ਖਾਲਸਾ ਕਾਲਜ ਜਲੰਧਰ ਵਿਚ ਦਾਖਲ ਹੋ ਗਿਆ। ਮੈਂ ਮਨ ਹੀ ਮਨ ਤਹੱਈਆ ਕਰ ਲਿਆ ਕਿ ਬਾਪ ਤੋਂ ਕਿਤਾਬਾਂ ਲਈ ਪੈਸੇ ਨਹੀਂ ਮੰਗਣੇ। ਕਾਲਜ ਦੀ ਲਾਇਬਰੇਰੀ ਜਾ ਇਧਰੋਂ-ਉਧਰੋਂ ਕਿਤਾਬਾਂ ਇਕੱਤਰ ਕਰ ਮੈਂ ਪੜ੍ਹਾਈ ਸ਼ੁਰੂ ਕਰ ਦਿੱਤੀ। ਬੀ. ਏ ਪਹਿਲਾ ਸਾਲ 'ਚ ਮੈਂ ਜਿਲ੍ਹਾ ਭਾਸ਼ਾ ਅਫ਼ਸਰ ਜਲੰਧਰ 'ਚ ਪੰਜਾਬੀ ਸ਼ਾਰਟਹੈਂਡ ਵੀ ਸਿਖਣੀ ਸ਼ੁਰੂ ਕਰ ਦਿੱਤੀ। ਦੋ ਵਜੇ ਕਾਲਜ ਤੋਂ ਵਿਹਲਾ ਹੋ ਮੈਂ ਆਪਣਾ ਸਾਇਕਲ ਪ੍ਰੋ. ਨਮਿੰਦਰ ਖਹਿਰਾ ਦੇ ਘਰੋਂ ਚੁਕਦਾ ਤੇ ਮਾਡਲ ਟਾਊਨ ਭਾਸ਼ਾ ਵਿਭਾਗ ਦੇ ਦਫ਼ਤਰ ਜਾ ਪਹੁੰਚਦਾ। ਦੋ ਤੋਂ ਚਾਰ ਵਜੇ ਤੱਕ ਸ਼ਾਰਟਹੈਂਡ ਦੀ ਕਲਾਸ ਲੱਗਦੀ ਸੀ। ਪੰਜਾਬੀ ਭਾਸ਼ਾ ਪ੍ਰਤੀ ਮੋਹ ਅਤੇ ਗੰਭੀਰਤਾ ਮੈਨੂੰ ਉਸ ਸਥਾਨ ਤੋਂ ਮਿਲੀ। ਉਸ ਵੇਲੇ ਜਿਲ੍ਹਾ ਭਾਸ਼ਾ ਅਫ਼ਸਰ ਡਾ. ਗੋਬਿੰਦ ਸਿੰਘ ਲਾਂਬਾ ਜੀ ਸਨ। ਉਹ ਹਮੇਸ਼ਾ ਆਪਣੇ ਕਾਰਜ ਵਿਚ ਰੁੱਝੇ ਹੋਏ ਰਹਿੰਦੇ। ਮੈਂ ਚੁਪ-ਚੁਪੀਤੇ ਉਹਨਾਂ ਮੂਹਰਿਉਂ ਦੀ ਲੰਘਦਾ ਤੇ ਸਾਹਮਣੇ ਬੋਰਡ ਤੇ ਟਿਕਾਏ ਹੋਏ ਮੈਗਜ਼ੀਨ 'ਪੰਜਾਬੀ ਦੁਨੀਆਂ' ਤੇ 'ਜਨ ਸਾਹਿਤ' ਪੜ੍ਹਦਾ।

ਉਂਝ ਮੇਰੀਆਂ ਉਹਨਾਂ ਦਿਨਾਂ ਵਿਚ ਕਹਾਣੀਆਂ ਪੰਜਾਬੀ ਦੇ ਸਾਰੇ ਪਰਚਿਆਂ ਵਿਚ ਛਪਣ ਲੱਗ ਪਈਆਂ ਸਨ। ਭਾਸ਼ਾ ਵਿਭਾਗ ਵਿਚ ਸ਼ਾਰਟਹੈਂਡ ਸਿਖਦਿਆਂ ਮੇਰੀ ਸਾਂਝ ਕੁੜੀ ਨਵਜੀਤ ਨਾਲ ਪੈ ਗਈ। ਉਹ ਮੇਰੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵੱਲ ਉਚੇਚਾ ਧਿਆਨ ਦਿੰਦੀ ਸੀ। ਉਹਦੀ ਕਲਾਸ ਸਵੇਰੇ ਨੌਂ ਤੋਂ ਗਿਆਰਾਂ ਵਜੇ ਤੱਕ ਹੁੰਦੀ ਸੀ ਪਰ ਉਹਦੀ ਖ਼ੂਬੀ ਸੀ ਕਿ ਉਹ ਦੋ ਵਜੇ ਤੱਕ ਮੇਰਾ



ਇੰਤਜ਼ਾਰ ਕਰਦੀ ਸੀ। ਮੇਰੇ ਦਫ਼ਤਰ ਪੁੱਜਣ 'ਤੇ ਉਹ ਫੁੱਲ ਵਾਂਗ ਖਿੜ ਜਾਂਦੀ ਸੀ। ਮੈਨੂੰ ਮਹਿਸੂਸ ਹੁੰਦਾ ਜਿਵੇਂ ਉਹਦੇ ਕੋਲ ਢੇਰਾਂ ਦੀਆਂ ਢੇਰ ਗੱਲਾਂ ਸਨ ਪਰ ਉਹ ਮੇਰੇ ਸਾਹਮਣੇ ਚੁੱਪ ਕਰ ਜਾਂਦੀ। ਉਹ ਮੈਨੂੰ ਉਹਨਾਂ ਦਿਨਾਂ ਵਿਚ ਗੁਰਦਾਸ ਮਾਨ ਦਾ ਚੱਲ ਜਿਹਾ ਗੀਤ 'ਸੱਜਣਾ ਵੇ ਨਹੀਂਓ ਕਦੇ ਝਗੜਾ ਕਰੀਦੇ' ਕਈ ਵਾਰ ਸੁਣਾ ਚੁੱਕੀ ਸੀ।

ਮੈਂ ਖਾਲਸਾ ਕਾਲਜ ਤੋਂ ਬੀ. ਏ. ਮੁਕੰਮਲ ਕਰ ਲਈ। ਜਲੰਧਰ ਦੇ ਡੀ.ਏ.ਵੀ ਕਾਲਜ ਵਿਚ ਮੈਂ ਐਮ. ਏ ਪੰਜਾਬੀ ਵਿਚ ਦਾਖਲੇ ਬਾਰੇ ਸੋਚਣ ਲੱਗਾ। ਦਰਅਸਲ ਮੈਂ ਐਮ. ਏ ਖਾਲਸਾ ਕਾਲਜ ਜਲੰਧਰ ਵਿਚ ਹੀ ਕਰਨੀ ਚਾਹੁੰਦਾ ਸੀ ਪਰ ਵਿਭਾਗ ਦੇ ਮੁਖੀ ਡਾ. ਨਿਰੰਜਣ ਸਿੰਘ ਢੇਸੀ ਦੇ ਬਦੇਸ਼ ਜਾਣ ਕਾਰਣ ਮੇਰਾ ਮਨ ਉਦਾਸ ਹੋ ਗਿਆ। ਮੈਂ ਤੇ ਗੁਜ਼ਲਗੋ ਸੁਰਿੰਦਰ ਸੋਹਲ ਨੇ ਡੀ. ਏ. ਵੀ. ਕਾਲਜ 'ਚ ਦਾਖਲਾ ਲੈ ਲਿਆ। ਅਸਲ ਵਿਚ ਕੁਦਰਤ ਜੋਕਰਦੀ ਹੈ ਠੀਕ ਹੀ ਕਰਦੀ ਹੈ ਅਤੇ ਉਸ ਸੈਸ਼ਨ ਤੋਂ ਬਾਅਦ ਖਾਲਸਾ ਕਾਲਜ 'ਚ ਨਕਲ ਦੇ ਕੇਸ ਬਣ ਗਏ ਤੇ ਨਤੀਜਾ ਉਂਝ ਹੀ ਕਈ ਸਾਲ ਲਟਕਿਆ ਰਿਹਾ ਸੀ।

ਡੀ. ਏ. ਵੀ ਕਾਲਜ 'ਚ ਡਾ. ਟੀ. ਆਰ ਸ਼ੰਗਾਰੀ ਦੀਆਂ ਕਦਰਾਂ ਕੀਮਤਾਂ ਵਾਲੀਆਂ ਗੱਲਾਂ ਤੋਂ ਮੈਂ ਬੇਹੱਦ ਪ੍ਰਭਾਵਿਤ ਹੋਇਆ। ਐਮ. ਏ. ਚੰਗੇ ਨੰਬਰਾਂ 'ਚ ਕਰ ਲਈ। ਡੀ. ਏ. ਵੀ. ਕਾਲਜ 'ਚ ਪੜ੍ਹਦਿਆਂ ਹੀ ਮੈਂ 'ਨਾਗਮਣੀ' ਵਿਚ ਛੱਪਣ ਲੱਗ ਪਿਆ ਸਾਂ। ਮੈਂ ਉਚੇਚੇ ਤੌਰ ਤੇ ਅੰਮ੍ਰਿਤਾ ਪ੍ਰੀਤਮ ਵਲੋਂ ਲਿਖੀਆਂ ਚਿੱਠੀਆਂ ਡਾ. ਸ਼ੰਗਾਰੀ ਨੂੰ ਵਿਖਾਉਂਦਾ ਸਾਂ। ਫਿਰ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਜਲੰਧਰ ਕੈਂਪਸ ਤੋਂ ਐਮ.ਫਿਲ ਕਰ ਲਈ। ਯੂ.ਜੀ.ਸੀ. ਦਾ ਟੈਸਟ ਪਾਸ ਕਰ ਲਿਆ।

ਡੀ. ਏ. ਵੀ. ਕਾਲਜ 'ਚ ਪ੍ਰਾਧਿਆਪਕ ਨਿਯੁਕਤ ਹੋ ਗਿਆ। ਕੁਝ ਸਾਲ ਆਰਜੀ ਲੈਕਚਰਾਰ ਰਿਹਾ ਤੇ ਫਿਰ ਪਰਮਾਨੈਂਟ ਹੋ ਮੈਂ ਪੀ. ਐੱਚਡੀ ਵੀ ਮੁਕੰਮਲ ਕਰ ਲਈ।

2011 ਵਿਚ ਮੇਰੇ ਬਾਪ ਦਾ ਦਿਹਾਂਤ ਹੋ ਗਿਆ। ਮੈਂ ਵਿਚਲੇ ਸਾਲਾਂ ਵਿਚ ਬਹੁਤੇ ਲੋਕਾਂ ਨੂੰ ਨਾ ਮਿਲਿਆ। ਦਰਅਸਲ ਆਲਾ ਸਿੰਘ ਨੇ ਮੇਰੇ ਨਾਲ ਵਾਪਰੀਆਂ ਘਟਨਾਵਾਂ ਦਾ ਰੌਲ਼ਾ ਆਪਣੇ ਪਿੰਡ ਵਿਚ ਵੀ ਪਾ ਦਿੱਤਾ ਸੀ। ਜਦੋਂ ਵੀ ਕਦੇ ਕੋਈ ਉਸ ਪਿੰਡ ਦਾ ਜਾਣੂ ਮੈਨੂੰ ਮਿਲਦਾ ਤਾਂ ਮਸ਼ਕਰੀਆਂ 'ਚ ਅਕਸਰ ਕਹਿੰਦਾ ਸੀ, "ਪਟਿਆਲੇ ਚੰਦ ਚਾੜ੍ਹ ਤਾ ਸੀ।" ਬਸ ਮੈਂ ਚੁਪ ਰਹਿ ਲੋਕਾਂ ਦੀਆਂ ਗੱਲਾਂ ਨੂੰ ਅੰਦਰੋਂ-ਅੰਦਰੀਂ ਮਹਿਸੂਸ ਕਰਦਾ ਸਫ਼ਲਤਾ ਦੀ ਪੌੜੀ ਵੱਲ ਨੂੰ ਵੱਧ ਰਿਹਾ ਸਾਂ।

ਮੇਰੇ ਛੋਟੇ ਭਰਾ ਦੇ ਘਰ ਮੇਰੇ ਬਾਪ ਦੇ ਪਾਠ ਦਾ ਭੋਗ ਸੀ। ਭੋਗ 'ਤੇ ਬਾਪ ਦੀ ਸ਼ਖ਼ਸ਼ੀਅਤ ਨੂੰ ਉਘਾੜਨ ਵਾਲੇ ਬਹੁਤ ਲੋਕ ਆਏ। ਇਲਾਕੇ ਦੇ ਇਸ ਮਹਾਨ ਹਿਸਾਬ ਅਧਿਆਪਕ ਲਈ ਬਹੁਤ ਸਾਰੇ ਵਿਸ਼ੇਸ਼ਣ ਲਾਏ ਗਏ। ਸਕੂਲ ਦਾ ਸਾਬਕਾ ਮੁਖ ਅਧਿਆਪਕ ਅਤੇ ਹੁਣ ਕੈਨੇਡਾ ਦਾ ਵਸਨੀਕ ਬਾਪ ਦਾ ਬੌਸ ਅਧਿਆਪਕ ਵੀ ਪਹੁੰਚਿਆ ਹੋਇਆ ਸੀ। ਪੰਕਜ ਹੈਲਨ ਦਾ ਬੁੱਢਾ ਬਾਪ ਆਲਾ ਸਿੰਘ ਵੀ ਅਫ਼ਸੋਸ ਕਰਨ ਵਾਲਿਆਂ ਦਾ ਇਕ ਹਿੱਸਾ ਸੀ। ਮੈਂ ਭਰਾ ਦੇ ਵੱਡੇ ਹਾਲ 'ਚ ਬੈਠਾ ਚੁੱਪ ਚਾਪ ਉਹਨਾਂ ਸਭਨਾਂ ਦੀਆਂ ਗੱਲਾਂ ਸੁਣ ਰਿਹਾ ਸਾਂ।

ਆਲਾ ਸਿੰਘ ਕਹਿ ਰਿਹਾ ਸੀ, "ਇਹ ਸਭ ਕੁਝ ਤੇਰੇ ਬਾਪ ਦੀ ਬਦੌਲਤ ਆ.... ਤੂੰ ਸ਼ਹਿਰ 'ਚ ਵੱਡੀ ਕੋਠੀ ਪਾ ਲਈ, ਘਰੋਂ ਤੇਰੇ ਵੱਡੀ-ਅਫ਼ਸਰ, ਭਰਾ ਤੇਰੇ ਨੇ ਵੀ ਚੰਗਾ ਘਰ ਬਣਾ ਲਿਆ.... ਬਸ

ਬਜ਼ੁਰਗਾਂ ਦੀ ਮਿਹਨਤ ਸਦਕਾ...।"

"ਤੇਰੀਆਂ ਕਤਾਬਾਂ ਮੈਂ ਕੈਨੇਡਾ 'ਚ ਪੜ੍ਹਦਾ ਰਹਿੰਦੈ.... ਮਾਣ ਨਾਲ ਦੱਸਦਾ ਸਭ ਨੂੰ.... ਪਰ ਤੂੰ ਮੈਨੂੰ ਕਦੇ ਯਾਦ ਨਹੀਂ ਕੀਤਾ, ਤੇਰੇ ਬਾਪ ਨਾਲ ਮੇਰੇ ਭਰਾਵਾਂ ਨਾਲੋਂ ਵੱਧ ਕੇ ਸੰਬੰਧ ਸਨ....।" ਬਜ਼ੁਰਗ ਮੁਖ ਅਧਿਆਪਕ ਮੈਨੂੰ ਉਲਾਹਭਾ ਦੇ ਰਿਹਾ ਸੀ।

ਫਿਰ ਪੰਕਜ ਹੇਲਨ ਮੇਰੇ ਨੇੜੇ ਹੋਇਆ। ਆਪਣੀ ਪਤਨੀ ਨੂੰ ਮਿਲਾਉਂਦਿਆ ਕਹਿਣ ਲੱਗਾ, "ਜਾਣਦਾ ਤੂੰ ਇਹ ਕੌਣ ਆ?"

"ਨਮਸਤੇ ਜੀ!"

"ਨਹੀਂ!" ਮੈਂ ਸਿਰ ਫੇਰ ਦਿੱਤਾ।


ਆਪਾਂ ਜਦੋਂ ਪਟਿਆਲੇ ਰਹਿੰਦੇ ਸਾਂ.... ਬਡੂੰਗੜ ਵਾਲੇ ਘਰ.... ਉਸ ਕੁੜੀ ਦੀ ਵੱਡੀ ਭੈਣ ਆ.... ਜਿਹਨਾਂ ਤੁਸੀਂ.... ਇਹ ਨਰਸ ਸੀ ਰਜਿੰਦਰਾ ਹਸਪਤਾਲ 'ਚ.... ਹੁਣ ਇਧਰ ਜੌਬ ਕਰਦੀ...।" ਮੈਂ ਉਸ ਕੁੜੀ ਨੂੰ ਧਿਆਨ ਨਾਲ ਦੇਖਿਆ।

ਫਿਰ ਜਦੋਂ ਸਾਰੇ ਚਲੇ ਗਏ ਤਾਂ ਮੇਰਾ ਛੋਟਾ ਭਰਾ ਕਹਿਣ ਲੱਗਾ, ਭਾਜੀ- ਇਹ ਪੰਕਜ ਸੀ.... ਇਹ ਤਾਂ ਨਾਲਦੇ ਪਿੰਡ ਨੌਕਰੀ ਕਰਦੈ ਮੈਂ ਕਈ ਆਰ ਦੇਖਿਆ, ਧੁੱਪੇ ਬੈਠਾ ਗੋਲੀਆਂ ਵੰਡਦਾ ਰਹਿੰਦਾ....ਤੂੰ ਤਾਂ ਪ੍ਰੋਫ਼ੈਸਰ ਲੱਗ ਕੇ ਇਹਨਾਂ ਤੋਂ ਬਾਹਲੈ ਉਪਰ ਚਲਾ ਗਿਆ.... ਚੱਲ ਹੁਣ ਏ.ਸੀ 'ਚ ਬੈਠੀਏ...।

ਪਤਾ-ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡੀ. ਏ. ਵੀ ਕਾਲਜ, ਜਲੰਧਰ (99145-65255)

'ਪਿੰਡ ਅਜੇ ਜਿਉਂਦਾ ਹੈ', 'ਨੇੜ੍ਹੇ ਦੇ ਵਾਸੀ', 'ਕਾਲ ਕਾਲਾਂਤਰ' ਕਹਾਣੀ ਸੰਗ੍ਰਹਿ ਤੇ 'ਜ਼ਲਾਲਤ' ਸਵੈ ਜੀਵਨੀ ਤੋਂ ਬਾਅਦ ਸਮਰੱਥ ਕਹਾਣੀਕਾਰ ਸਰੂਪ ਸਿਆਲਵੀ ਦਾ ਨਵਾਂ ਕਹਾਣੀ ਸੰਗ੍ਰਹਿ

**ਚਾਰ ਤੱਤ ਦਾ ਪੁਤਲਾ**
**ਕਹਾਣੀਕਾਰ**
**ਸਰੂਪ ਸਿਆਲਵੀ**




ਸਰੂਪ ਸਿਆਲਵੀ ਦੇ ਇਸ ਕਥਾ ਸੰਗ੍ਰਹਿ 'ਚਾਰ ਤੱਤ ਦਾ ਪੁਤਲਾ' ਦਾ ਪਾਠ ਕਰਦਿਆਂ ਇਹ ਅਹਿਸਾਸ ਬਾਰ ਬਾਰ ਹੁੰਦਾ ਹੈ ਕਿ ਸਮਾਜ ਨੂੰ ਇਕਹਿਰੇ ਰੂਪ 'ਚ ਨਹੀਂ ਸਗੋਂ ਉਸਦੇ ਅੰਤਰੀਵੀ ਜਟਿਲ ਸੰਬੰਧਾਂ ਵਿਚੋਂ ਗ੍ਰਹਿਣ ਕੀਤਿਆਂ ਹੀ ਉਸ ਪ੍ਰਤੀ ਬਾਹਰਮੁਖੀ ਸਮਝ ਤਿਆਰ ਕੀਤੀ ਜਾ ਸਕਦੀ ਹੈ।

**-ਡਾ. ਸਰਬਜੀਤ ਸਿੰਘ**

**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ**
**ਮੁੱਲ : 200 ਰੁਪਏ, ਪੰਨੇ : 144**



**ਮੁਲਾਕਾਤ-**

# "ਔਰਤ ਅਤੇ ਦਲਿਤਾਂ, ਲਈ ਸੰਸਦ ਵਿਚ ਰਾਖਵਾਂਕਰਨ ਕੋਈ ਦਾਨ ਨਹੀ" - ਪੂਨਮ ਸਿੰਘ

## ਮੁਲਾਕਾਤੀ - ਜਸਪ੍ਰੀਤ ਸਿੰਘ ਜਗਰਾਓਂ

'ਪ੍ਰੀਤਲੜੀ' ਤੇ 'ਪੂਨਮ ਸਿੰਘ'—ਘੱਟੋ ਘੱਟ ਅੱਜ ਤਾਂ ਪਹਿਲੇ ਦੇ ਜ਼ਿਕਰ ਬਿਨਾਂ ਦੂਸਰਾ ਅਧੂਰਾ ਹੈ ਤੇ ਦੂਸਰੇ ਦੇ ਬਿਨਾਂ ਪਹਿਲਾ। ਮਹਾਨ ਕਰਮਯੋਗੀ ਤੇ ਕਾਮਰੇਡ ਜੋੜੀ ਮਦਨ ਲਾਲ ਦੀਦੀ (ਉੱਘੇ ਟਰੇਡ ਯੂਨੀਅਨ ਆਗੂ ਤੇ ਕਵੀ) ਅਤੇ ਸ਼ੀਲਾ ਦੀਦੀ (ਲੋਕ-ਹਿਤੂ ਬੈਰਿਸਟਰ, ਇਸਤਰੀ ਹੱਕਾਂ ਦੀ ਜੁਝਾਰਨ, ਸੰਗੀਤ ਤੇ ਸੰਸਕ੍ਰਿਤ ਗਿਆਨੀ, ਇਪਟਾ ਨਾਲ ਜੁੜੀ ਰੰਗਕਰਮੀ, ਲੋਕ-ਲਹਿਰ ਖ਼ਾਤਰ ਮੰਚ 'ਤੇ ਗੀਤ ਗਾਉਣ-ਗਵਾਉਣ ਵਾਲੀ) ਦੀ ਧੀ ਪੂਨਮ ਨੂੰ 'ਪ੍ਰੀਤਲੜੀ' ਦੀ 'ਸੰਪਾਦਕੀ' 1984 ਵਿਚ ਸੁਮੀਤ ਸਿੰਘ ਦੇ ਤੁਰ ਜਾਣ ਤੋਂ ਬਾਅਦ 'ਵਿਧਵਾਪੁਣੇ' ਦੇ ਨਾਲ ਹੀ ਮਿਲੀ, ਜਿਸ ਦੀ ਜ਼ਿੰਮੇਵਾਰੀ ਉਨ੍ਹਾਂ ਨਿੱਜੀ ਦੁੱਖ ਨੂੰ ਪਿੱਛੇ ਪਾ ਕੇ ਪੂਰੀ ਤਨਦੇਹੀ ਨਾਲ ਨਿਭਾਈ ਤੇ 'ਪ੍ਰੀਤਲੜੀ' ਦੇ ਨਾਅਰੇ 'ਸੁਲਹਿਕੁਲ' (ਅਕਬਰ ਅਤੇ ਦਾਰਾ ਸ਼ਿਕੋਹ ਦਾ ਦਿੱਤਾ ਨਾਅਰਾ; ਸਰਬੱਤ ਦੀ ਸੁਲਹ; ਸਰਬੱਤ ਦੀ ਸ਼ਾਂਤੀ; ਸਰਬੱਤ ਦਾ ਭਲਾ) 'ਤੇ ਡਟ ਕੇ ਪਹਿਰਾ ਦਿੱਤਾ। ਮਗਰੋਂ, ਜਦੋਂ ਸਾਡੇ ਪਰੰਪਰਿਕ ਰਿਵਾਜ਼ਾਂ ਮੁਤਾਬਿਕ ਸੁਮੀਤ ਸਿੰਘ ਦੇ ਛੋਟੇ ਭਰਾ (ਫੁੱਟਬਾਲੀ-ਕਪਤਾਨ ਜਮ੍ਹਾ ਕਿਸਾਨ) ਰੱਤੀ ਕੰਤ ਸਿੰਘ, ਆਪਣੀ ਇਕ ਤਕੜੀ ਤਰ੍ਹਾਂ ਜਤਾਈ ਮਰਜ਼ੀ ਦੇ ਨਾਲ ਉਨ੍ਹਾਂ ਦੇ ਜੀਵਨ ਸਾਥੀ ਬਣੇ, ਤਾਂ ਨਾ ਸਿਰਫ਼ ਉਨ੍ਹਾਂ ਦੀ ਜ਼ਿੰਦਗੀ ਅਤੇ ਕਲਮ ਨੂੰ ਬਲ ਮਿਲਿਆ, ਸਗੋਂ 'ਪ੍ਰੀਤਲੜੀ' ਨੂੰ ਵੀ ਇਕ ਸਿਰੜੀ ਜੋੜੀ ਮਿਲੀ—ਇਕ ਕੁਸ਼ਲ ਸੰਪਾਦਕਾ, ਦੂਜਾ ਸੁਯੋਗ ਪ੍ਰਕਾਸ਼ਕ-ਪ੍ਰਬੰਧਕ।

24 ਦਸੰਬਰ 1957 ਨੂੰ ਲੁਧਿਆਣੇ ਜਨਮੀ ਪੂਨਮ ਨੇ ਚੰਡੀਗੜ੍ਹ ਵਿਚ ਬੀ. ਏ. ਅਤੇ ਵਿਆਹ ਤੋਂ ਬਾਅਦ 20 ਵਰ੍ਹਿਆਂ ਦੀ ਉਮਰ ਵਿਚ ਪੀ. ਯੂ. ਤੋਂ ਡਰਾਮਾ ਵਿਚ ਡਿਪਲੋਮਾ ਕੀਤਾ। ਕੁਝ ਸਮਾਂ ਉਨ੍ਹਾਂ ਪੰਜਾਬ ਐਂਡ ਸਿੰਧ ਬੈਂਕ (ਉਦੋਂ ਨਿੱਜੀ ਅਦਾਰਾ) ਵਿਚ ਕਲਰਕੀ ਵੀ ਕੀਤੀ, ਚੰਡੀਗੜ੍ਹ, ਤੇ ਫਿਰ ਅੰਮ੍ਰਿਤਸਰ ਪ੍ਰੀਤਨਗਰ ਨੇੜੇ ਚੋਗਾਵਾਂ ਵਿਚ। ਪਿਛਲੇ 32 ਸਾਲਾਂ ਤੋਂ ਉਹ 'ਪ੍ਰੀਤਲੜੀ' ਦੀ ਸੰਪਾਦਕਾ ਹਨ।



ਪੂਨਮ ਸਿੰਘ

1985 ਵਿਚ ਮਾਸਕੋ ਵਿਚ ਹੋਏ 'ਸੰਸਾਰ ਯੂਥ ਫੈਸਟੀਵਲ' ਵਿਚ ਲੱਗੀ 'ਅੰਤਰਰਾਸ਼ਟਰੀ ਅਦਾਲਤ' ਵਿਚ ਪੰਜਾਬ ਵਿਚ ਜ਼ੋਰਾਂ ਨਾਲ ਚੱਲ ਰਹੇ ਟੈਰੋਰਿਜ਼ਮ ਦੇ ਖ਼ਿਲਾਫ਼ ਕੇਸ ਪੇਸ਼ ਕੀਤਾ, ਜਿਸ ਤੋਂ ਬਾਅਦ ਸਾਰਿਆਂ ਸਰੋਤਿਆਂ ਖਲੋ ਕੇ ਤਾੜੀਆਂ ਮਾਰ ਕੇ ਮਾਣ ਦਿੱਤਾ। 1985 ਵਿਚ ਹੀ ਪੱਤਰਕਾਰ ਵਜੋਂ ਰਾਜੀਵ ਗਾਂਧੀ ਦੀ ਪ੍ਰੈਸ ਕਾਨਫ਼ਰੰਸ ਵਿਚ ਗਏ ਤੇ ਸੁਆਲ ਪੁੱਛਿਆ। 2005 ਵਿਚ ਕੈਲੀਫ਼ੋਰਨੀਆ ਵਿਖੇ ਗ਼ਦਰੀ ਬਾਬਿਆਂ ਦੇ ਮੇਲੇ ਵਿਚ ਮੁੱਖ ਮਹਿਮਾਨ ਵਜੋਂ ਕੁਝ ਡਾਢ੍ਹੇ ਸੁਆਲ ਪਾਏ। 2003 ਵਿਚ ਪਾਕਿਸਤਾਨ ਵੀ ਜਾ ਆਏ ਹਨ, ਜਿਥੇ ਖੁੱਲ੍ਹ-ਖ਼ਿਆਲੀ ਮਿੱਤਰ ਬਣਾਏ ਅਤੇ

ਨਾਟਕੀ ਪੇਸ਼ਕਾਰੀ (ਸੋਲੋ) ਵੀ ਦਿੱਤੀ। ਉਨ੍ਹਾਂ ਦੀ ਸਾਹਿਤਕ ਤੇ ਸਮਾਜਕ ਦੇਣ ਬਦਲੇ ਉਨ੍ਹਾਂ ਨੂੰ ਰੋਟਰੀ ਕਲੱਬ ਅੰਮ੍ਰਿਤਸਰ, ਪੰਜਾਬੀ ਸੱਥ ਲਾਂਬੜਾਂ, ਮਨਜੀਤ ਮੈਮੋਰੀਅਲ (ਦਰਸ਼ਨ ਸਿੰਘ ਕੈਨੇਡਾ ਵੱਲੋਂ), ਡਾ. ਜਸਵੰਤ ਗਿੱਲ ਯਾਦਗਾਰੀ ਪੁਰਸਕਾਰ (ਸਾਹਿਤ ਟਰੱਸਟ ਢੁੱਡੀਕੇ ਵੱਲੋਂ), ਆਦਿ, ਸਨਮਾਨਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਪੰਜਾਬੀ, ਹਿੰਦੀ, ਅੰਗਰੇਜ਼ੀ ਤੇ ਇਕ ਹੱਦ ਤੱਕ ਉਰਦੂ ਭਾਸ਼ਾ ਦਾ ਗਿਆਨ ਰੱਖਣ ਵਾਲੀ ਪੂਨਮ ਸਮਾਜਕ ਸਰੋਕਾਰਾਂ ਤੇ ਸਮਕਾਲੀ ਚੁਣੌਤੀਆਂ ਦੀ ਐਕਟਿਵਿਸਟ ਚਿੰਤਕ ਤੇ ਲੇਖਕ ਹਨ।



ਪੂਨਮ ਸਿੰਘ

ਪੂਨਮ ਸਿੰਘ ਦੇ ਰੂਪ ਵਿਚ ਇਹ ਮੇਰੀ 23ਵੀਂ ਮੁਲਾਕਾਤ ਹੈ। ਇਸ ਮੁਲਾਕਾਤ ਦੀ ਗੱਲ ਮਾਰਚ 2012 ਵਿਚ ਚੱਲੀ ਸੀ, ਤੇ ਇਹ ਸਾਕਾਰ ਹੋਈ ਸੀ 23 ਨਵੰਬਰ 2013 ਨੂੰ। ਪਰ ਮੇਰੇ ਵਾਲੇ ਪਾਸੇ ਤੇ ਪੂਨਮ ਜੀ ਵਾਲੇ ਪਾਸੇ ਕੁਝ 'ਅਣਕਿਆਸੀਆਂ ਔਕੜਾਂ' ਦੇ ਚੱਲਦਿਆਂ ਇਹ ਮੁਲਾਕਾਤ ਪੂਰੇ ਚਾਰ ਸਾਲਾਂ ਵਿਚ ਮਾਰਚ 2016 ਵਿਚ ਜਾ ਕੇ ਮੁਕੰਮਲ ਹੋ ਸਕੀ ਹੈ।

ਅੱਜ ਕੱਲ੍ਹ 'ਪ੍ਰੀਤਲੜੀ' ਦੀ ਚੌਥੀ ਪੀੜ੍ਹੀ ਦੀ ਸੰਪਾਦਕਾ ਸਮੀਆ ਸਿੰਘ ਦਾ ਦਿੱਤਾ ਨਾਅਰਾ ਹੈ- "ਸਾਰਿਆਂ ਨੂੰ ਪਤਾ ਹੋਵੇ ਕਿ ਸਾਡੇ ਰੱਬ ਵੱਸਦਾ ਹੈ"। ਉਸ ਦਿਨ ਚੰਡੀਗੜ੍ਹ 'ਪ੍ਰੀਤਲੜੀ' ਦੇ ਘਰ ਪੂਨਮ ਜੀ ਤੇ ਰੱਤੀ ਕੰਤ ਜੀ ਨੂੰ ਮਿਲ ਕੇ, ਤੇ ਉਨ੍ਹਾਂ ਵੱਲੋਂ ਭਰਪੂਰ ਪਿਆਰ ਤੇ ਸਤਿਕਾਰ ਦਾ ਆਨੰਦ ਉਠਾ ਕੇ ਵਾਕਈ ਇਹ ਇਹਸਾਸ ਹੋਇਆ ਕਿ "ਇਥੇ ਰੱਬ ਵੱਸਦਾ ਹੈ।" ਭਾਵੇਂ ਸਮੀਆ ਸਿੰਘ ਨਾਲ ਮੁਲਾਕਾਤ ਨਹੀਂ ਹੋ ਸਕੀ, ਕਿਉਂਕਿ ਉਦੋਂ ਉਹ ਪੰਜਾਬੋਂ ਬਾਹਰ ਸਨ-ਤੇ ਪਤਾ ਲੱਗਿਆ ਕਿ ਉਹ ਘੁਮੱਕੜ ਰਹਿ ਕੇ ਖ਼ੁਸ਼ ਹਨ-ਪਰ ਫੋਨ ਉਤੇ ਉਨ੍ਹਾਂ ਨਾਲ ਹੋਈ ਉਸ 'ਯਾਦਗਾਰੀ' ਗੱਲਬਾਤ ਤੋਂ ਹੀ ਬੜੀ ਸ਼ਿੱਦਤ ਨਾਲ ਮਹਿਸੂਸ ਹੋ ਗਿਆ ਕਿ 'ਇਥੇ ਰੱਬ ਕਿਉਂ ਤੇ ਕਿਵੇਂ ਵਸਦਾ ਹੈ!' ਮੈਨੂੰ ਆਸ ਹੀ ਨਹੀਂ, ਵਿਸ਼ਵਾਸ ਵੀ ਹੈ ਕਿ ਇਹ 'ਮੁਲਾਕਾਤ' ਪੜ੍ਹ ਕੇ ਪਾਠਕਾਂ ਨੂੰ ਵੀ ਇਸ ਸੁਆਲ ਦਾ ਜੁਆਬ ਜ਼ਰੂਰ ਮਿਲ ਜਾਵੇਗਾ।

**? ਸਭ ਤੋਂ ਪਹਿਲਾਂ ਤਾਂ ਪੂਨਮ ਜੀ, ਤੁਹਾਨੂੰ ਬਹੁਤ-ਬਹੁਤ ਮੁਬਾਰਕਾਂ, ਕਿ ਪ੍ਰੀਤਲੜੀ ਪਰਿਵਾਰ ਦੀ ਚੌਥੀ ਪੀੜ੍ਹੀ ਨੇ ਸਮੀਆ ਸਿੰਘ ਦੇ ਰੂਪ ਵਿਚ 'ਪ੍ਰੀਤਲੜੀ' ਦਾ ਸੰਪਾਦਨ-ਕਾਰਜ ਸੰਭਾਲਿਆ ਹੈ।**

- ਹਾਂ ਜੀ, ਸ਼ੁਕਰੀਆ ਜਸਪ੍ਰੀਤ ਜੀ! ਅਜੇ ਸਿਰਫ਼ ਇਕ ਜੁਆਨ ਅਗਵਾਈ ਦੀ ਉਮੀਦ ਕਰ ਰਹੇ ਹਾਂ, ਕੰਮ ਸਾਰਾ ਅਸੀਂ ਆਪ ਕਰਨ ਦਾ ਜ਼ਿੰਮਾ ਲੈ ਰੱਖਿਆ ਹੈ, ਕਿਉਂਕਿ 'ਮੁਫ਼ਤ' ਵਿਚ ਸੰਪਾਦਕ ਲੱਭਣਾ ਔਖਾ ਹੈ ਤੇ ਅਜੇ ਫ਼ੰਡ ਹੈਨ ਨਹੀਂ ਸਾਡੇ ਕੋਲ।

**? ਮੈਂ ਆਪਣੀ ਗੱਲ ਵੀ ਇਥੋਂ ਹੀ ਸ਼ੁਰੂ ਕਰਨਾ ਚਾਹੁੰਨਾਂ ਕਿ ਜਦੋਂ ਤੁਹਾਡੀ ਸੰਪਾਦਨਾ ਹੇਠ 'ਪ੍ਰੀਤਲੜੀ' ਬੜਾ ਅੱਛਾ ਚੱਲ ਰਿਹਾ ਸੀ, ਫੇਰ ਇਕਦਮ ਇਹ ਫ਼ੈਸਲਾ ਲੈਣ ਪਿੱਛੇ ਕੀ ਕੋਈ ਵੱਡਾ ਮਕਸਦ ਛੁਪਿਆ ਹੋਇਆ ਹੈ ਜਾਂ ਕੋਈ ਮਜਬੂਰੀ?**

- ਜਸਪ੍ਰੀਤ ਜੀ, ਮੇਰੇ ਮਨ ਵਿਚ ਸ਼ੁਰੂ ਤੋਂ ਹੀ ਇਹ ਸੀ ਕਿ ਜਿੰਨਾ ਵੀ ਹੋ ਸਕੇ, ਅੱਗੇ ਕੰਮ ਵੰਡਣਾ ਹੈ, ਤੇ ਨਵੀਂ ਜੇਨਰੇਸ਼ਨ ਨੂੰ ਵੀ ਅਸੀਂ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਾਂ, ਉਸ ਨੂੰ ਅੱਗੇ ਲਿਆਉਣਾ



ਚਾਹੁੰਦੇ ਹਾਂ। ਕੁਝ ਇਹ ਹੈ ਕਿ ਅਸੀਂ ਨਵੀਂ ਪੀੜ੍ਹੀ ਦਾ ਤਜਰਬਾ ਵੀ ਲੈਣਾ ਚਾਹੁੰਦਾ ਹਾਂ, ਵੈਸੇ ਵੀ ਨਵੀਂ ਪੀੜ੍ਹੀ ਨਾਲ ਨਵੀਂ ਪੀੜ੍ਹੀ ਜੁੜੇ ਤਾਂ ਜ਼ਿਆਦਾ ਅੱਛਾ ਹੁੰਦੈ। ਇਕ ਤਾਂ ਇਹ ਗੱਲ ਸੀ, ਦੂਜਾ ਇਹ ਕਿ ਸਮੀਆ ਸਿੰਘ ਨੇ ਇਕ ਪੜਾਅ ਪੂਰਾ ਕਰ ਲਿਐ ਆਪਣੀ ਪੜ੍ਹਾਈ ਤੇ ਸਿਖਲਾਈ ਦਾ, ਉਹ ਇਕ ਆਰਟਿਸਟ ਤੇ ਡਿਜ਼ਾਇਨਰ ਵਜੋਂ ਕਾਫ਼ੀ ਸਾਲਾਂ ਤੋਂ 'ਪ੍ਰੀਤਲੜੀ' ਵਿਚ ਕੰਮ ਕਰ ਵੀ ਰਹੀ ਹੈ। ਉਸ ਵਿਚ ਕਾਫ਼ੀ ਸਾਰੀਆਂ ਕਲਾਵਾਂ ਦਾ ਗੁਣ ਤਾਂ ਹੈ ਹੀ, ਤੇ ਅਸੀਂ ਉਸ ਉੱਤੇ ਤੇ ਦੂਸਰੇ ਬੱਚਿਆਂ ਉੱਤੇ ਬਹੁਤ ਸਮਾਂ, ਪੈਸਾ ਤੇ ਇਕ ਖ਼ਾਸ ਸਿਖਲਾਈ ਦੇਣ ਦੀ ਕੋਸ਼ਿਸ਼ ਲਾਈ ਹੈ। ਬਾਹਰ ਵੀ ਦੂਸਰੇ ਵੀ ਬਹੁਤ ਸਾਰੇ ਨਵੀਂ ਪੀੜ੍ਹੀ ਦੇ ਬੱਚੇ ਗੁਣਾਂ ਨਾਲ ਭਰੇ ਹੋਏ ਨੇ, ਪਰ ਕਿਉਂ ਕਿ ਅਸੀਂ ਇਸ ਪੁਜੀਸ਼ਨ 'ਚ ਤਾਂ ਅਜੇ ਨਹੀਂ ਹਾਂ ਕਿ ਕਿਸੇ ਨੂੰ ਤਨਖ਼ਾਹ ਆਦਿ ਦੇ ਸਕੀਏ, ਇਸ ਲਈ ਸਮੀਆ ਸਿੰਘ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ। ਬਾਕੀ, ਸਰਦਾਰ ਗੁਰਬਖ਼ਸ਼ ਸਿੰਘ ਜੀ ਦੇ ਪਰਿਵਾਰ ਵਿਚ ਮੈਂ ਖ਼ੁਦ ਨੂੰ ਵੀ ਇਕ 'ਆਊਟ ਸਾਈਡਰ' ਹੀ ਸਮਝਦੀ ਹਾਂ, ਕਿਉਂਕਿ ਮੇਰੇ ਵਿਚ ਉਹ ਜੀਨਸ ਨਹੀਂ ਨੇ, ਉਹ ਜੋ ਇਕ ਖ਼ਾਸ ਟੱਚ ਹੈ, ਜੋ ਜੀਨਸ ਤੋਂ ਹੀ ਆਉਂਦੈ। ਇਹ ਕਹਿਣਾ ਸ਼ਾਇਦ ਦਕੀਆਨੂਸੀ (ਪੁਰਾਣੀ ਸੋਚ) ਜਾਪਦੈ ਪਰ ਇਕ ਇਨਸਾਨੀ ਭੋਲ਼ਾਪਣ ਹੈ, ਜੋ ਮਾਣ ਕੇ ਹੀ ਪਤਾ ਚੱਲਦੈ। ਸਮੀਆ ਦੇ ਰੂਪ ਵਿਚ ਮੈਂ ਉਸ ਟੱਚ ਦਾ ਫ਼ਾਇਦਾ ਵੀ ਉਠਾਉਣਾ ਚਾਹੁੰਦੀ ਸੀ ਕਿ ਪਰਚੇ ਨੂੰ ਵੀ ਤੇ ਲੋਕਾਂ ਨੂੰ ਵੀ ਦੋਬਾਰਾ ਉਹੀ ਟੱਚ ਮਿਲੇ। ਬਾਕੀ, ਅਜੇ ਖੁੱਲ੍ਹਾ ਹੀ ਰੱਖਿਆ ਹੋਇਐ। ਕੁਝ ਮੈਂ ਵੀ ਢਿੱਲੀ-ਮੱਠੀ ਰਹੀ, ਹੋਰ ਵੀ ਕੁਝ ਨਾ ਕੁਝ ਹੁੰਦਾ ਰਿਹਾ, ਪਿਛਲੇ ਪੰਜ ਕੁ ਸਾਲਾਂ 'ਚ। ਮੈਂ ਹੁਣ ਆਪਣੀ ਐਨਰਜੀ ਨੂੰ ਵੀ ਘਟੀ ਹੋਈ ਪਾਉਨੀ ਆਂ। ਪਰ ਬੱਚਿਆਂ ਨੂੰ ਵੀ, ਆਪਣਾ ਹੋਏ ਜਾਂ ਬਾਹਰੋਂ ਹੋਏ, ਉਨ੍ਹਾਂ ਨੂੰ ਉਨ੍ਹਾਂ ਦੇ ਕੰਮ 'ਚੋਂ ਖਿੱਚ ਕੇ ਲਿਆਉਣਾ ਬੜਾ ਔਖੈ, ਤੇ ਅਸੀਂ ਅਜੇ ਉਸ ਤਰ੍ਹਾਂ ਦੇ ਹਾਲਾਤ ਵੀ ਨਹੀਂ ਦੇ ਪਾ ਰਹੇ, ਇਸ ਲਈ ਅਸੀਂ ਇਹ ਕਿਹਾ ਕਿ ਕੰਮ ਅਸੀਂ ਸਾਰਾ ਆਪ ਹੀ ਕਰ ਲਵਾਂਗੇ, ਜਿਸ ਤਰ੍ਹਾਂ ਕਿ ਪਹਿਲਾਂ ਚੱਲ ਰਿਹੈ, ਤੁਸੀਂ ਹਾਲੇ ਇਸ ਦੀ ਟੋਨ ਨੂੰ ਇਕ ਬਦਲਾਉ ਦਿਓ, ਆਪਣੀ ਨਵੀਂ ਟੋਨ ਦਿਓ। ਕਿਉਂਕਿ ਸਮੀਆ ਦੀ ਲਾਈਨ ਆਰਟ, ਲਿਟਰੇਚਰ, ਪੇਂਟਿੰਗ, ਮਿਊਜ਼ਿਕ ਤੇ ਖਾਣੇ ਬਣਾਉਣ ਨਾਲ ਜੁੜੀ ਹੋਈ ਹੈ, ਇਹ ਚਾਰ-ਪੰਜ ਪਾਸੇ ਨੇ ਉਹਦੇ ਕੋਲ, ਇਸ ਲਈ ਅਸੀਂ ਉਹਦੇ ਇਨ੍ਹਾਂ ਸਾਰੇ ਗੁਣਾਂ ਦਾ ਵੀ ਫ਼ਾਇਦਾ ਉਠਾਉਣਾ ਚਾਹੁੰਦੇ ਹਾਂ। ਇਸ ਤੋਂ ਇਲਾਵਾ ਉਸ ਕੋਲ ਇਕ ਖ਼ੂਬਸੂਰਤ ਦਿਲ ਹੈ, ਜੋ ਦੋਸਤੀਆਂ ਤੇ ਰਿਸ਼ਤੇ ਪਾਲਦਾ ਹੈ।

**? ਆਰਟ ਵਾਲਾ ਪਾਸਾ ਤਾਂ ਉਨ੍ਹਾਂ ਦਾ ਪਿਛਲੇ ਕਈ ਸਾਲਾਂ ਤੋਂ 'ਪ੍ਰੀਤਲੜੀ' ਵਿਚ ਬਾਖ਼ੂਬੀ ਪਾਠਕਾਂ ਦੇ ਰੂਬਰੂ ਹੋ ਰਿਹਾ ਹੈ।**

- ਜੀ, ਬਿਲਕੁਲ ਹੋ ਰਿਹਾ ਹੈ, ਤੇ ਅਸੀਂ ਉਸ ਵਿਚ ਕਾਫ਼ੀ ਕੁਝ ਅਰਪਨ ਕੀਤੈ, ਉਸ ਨੂੰ ਬਹੁਤ ਅੱਛੀ ਪੜ੍ਹਾਈ ਦੇਣ ਦੀ ਕੋਸ਼ਿਸ਼ ਕੀਤੀ ਐ, ਸਾਰਾ ਟਾਈਮ ਵੀ ਉਸ 'ਤੇ ਹੀ ਲਾਇਐ; ਬਾਹਰ ਵੀ ਹੁਣ ਇਹ ਤਿੰਨ-ਚਾਰ ਮਹੀਨੇ ਇਟਲੀ 'ਚ ਲਾ ਕੇ ਆਈ ਐ। ਲਕੜੀ ਤੇ ਮੈਟਲ ਦੇ ਉਤੇ ਖੁਣਨਾ, ਸਿੱਖ ਕੇ ਆਈ ਐ। ਬੰਗਲੌਰ ਤੋਂ ਇਕ ਉੱਚ ਨਿੱਜੀ ਆਰਟ ਕਾਲਜ ਵਿਚ ਸਾਢੇ ਚਾਰ ਸਾਲ ਦੀ ਗ੍ਰਾਫ਼ਿਕ ਡਿਜ਼ਾਈਨ ਦੀ ਡਿਪਲੋਮਾ ਸਿਖਲਾਈ ਲਈ ਹੈ। ਹੁਣ ਉਸ ਨੂੰ—ਆਨੰਦਪੁਰ ਸਾਹਿਬ ਦੇ ਵਿਰਾਸਤ ਭਵਨ ਦੇ ਦੂਸਰੇ ਸੈਕਸ਼ਨ ਲਈ ਜਿਸ ਵਿਦੇਸ਼ੀ ਕੰਪਨੀ ਨੂੰ ਕੰਟਰੈਕਟ ਦਿੱਤਾ ਗਿਆ ਹੈ—ਉਸ ਵੱਲੋਂ ਚੁਣਿਆ ਗਿਆ ਹੈ, ਉਸ ਸਮੇਂ ਦੇ ਜੰਗਲ, ਆਦਿ, ਦੇ ਦ੍ਰਿਸ਼ ਬਣਾਉਣ ਲਈ। ਉਸ ਨੇ 'ਤਹਿਲਕਾ' ਮੈਗਜ਼ੀਨ ਲਈ ਵੀ ਕੰਮ ਕੀਤਾ ਹੈ। ਆਸ ਐ ਕਿ ਉਹ ਆਪਣਾ ਇਹ ਸਾਰਾ ਨਵਾਂ ਪੱਖ 'ਪ੍ਰੀਤਲੜੀ' ਨੂੰ ਦੇ ਸਕਦੀ ਹੈ। ਬਾਕੀ, ਉਸ ਦਾ ਆਪਣਾ ਇਕ ਫ਼ਰੈਂਡ ਸਰਕਲ ਐ ਆਰਟਿਸਟਾਂ ਦਾ, ਰਿਪੋਰਟਰਜ਼ ਦਾ, ਇਸ ਤਰ੍ਹਾਂ ਸਹਿਜੇ ਹੀ ਅਸੀਂ ਉਨ੍ਹਾਂ ਸਾਰਿਆਂ ਨਾਲ ਇਕ ਟੱਚ 'ਚ ਆ ਜਾਨੇ ਆਂ।

**? ਪਰ 'ਪ੍ਰੀਤਲੜੀ' 'ਚ ਜੋ ਤੁਹਾਡੀ ਭੂਮਿਕਾ ਰਹੀ ਹੈ, ਜ਼ਿੰਮੇਦਾਰੀ ਰਹੀ ਹੈ, ਉਹ ਪਹਿਲਾਂ ਨਾਲੋਂ ਵਧੀ ਹੈ ਜਾਂ ਘਟੀ ਹੈ?**

- ਇਸ ਤਰ੍ਹਾਂ ਹੈ ਕਿ ਸਿਵਾਇ ਐਡੀਟੋਰੀਅਲ ਦੇ ਤੇ ਆਰਡਰ ਦੇ, ਕਿ ਸਾਨੂੰ ਆਰਡਰ ਦੇ ਸਕਦੇ ਨੇ ਕਿ ਇਸ ਤਰ੍ਹਾਂ ਨਹੀਂ ਇਸ ਤਰ੍ਹਾਂ ਕਰਨਾ ਹੈ—ਬਾਕੀ ਸਾਰਾ ਕੁਝ ਹਾਲੇ ਕਾਫ਼ੀ ਪਹਿਲਾਂ ਵਰਗਾ ਹੀ ਹੈ। ਮੇਰੇ ਵਿਚ ਨਵੀਂ ਜਾਨ ਵੀ ਆ ਰਹੀ ਹੈ। ਇਹ ਤਾਂ ਇਕ ਸ਼ੁਰੂਆਤ ਹੀ ਹੈ, ਕੱਲ੍ਹ ਨੂੰ ਕੋਈ ਹੋਰ ਅੱਗੇ ਆ ਸਕਦਾ ਹੈ, ਪਰ ਇਸ ਵੇਲੇ ਜੋ ਠੀਕ ਲੱਗਿਆ, ਬਸ ਉਹੀ ਹੈ।



ਪੂਨਮ ਸਿੰਘ ਰਤੀ ਕੰਤ ਸਿੰਘ ਨਾਲ

**? ਪਰ 'ਪ੍ਰੀਤਲੜੀ' ਵਿਚ ਤੁਹਾਡਾ ਇਕ ਵਿਲੱਖਣ ਟੱਚ ਪਾਠਕਾਂ ਨੂੰ ਦਿਸਦਾ ਸੀ, ਟੁੰਬਦਾ ਸੀ ਕਿ ਤੁਸੀਂ ਹਰੇਕ ਰਚਨਾ ਨਾਲ ਆਪਣੀ ਕੋਈ ਨਾ ਕੋਈ ਟਿੱਪਣੀ ਜ਼ਰੂਰ ਦਿੰਦੇ ਸੀ, ਜਿਸ ਨਾਲ ਗੱਲ ਸਪੱਸ਼ਟ ਵੀ ਹੁੰਦੀ ਸੀ ਤੇ ਅੱਗੇ ਵਧ ਕੇ ਸੰਵਾਦ ਵੀ ਸਿਰਜਦੀ ਸੀ, ਉਹ ਟੱਚ 'ਪ੍ਰੀਤਲੜੀ' ਵਿਚ ਰਹੇਗਾ?**

- ਹਾਂ ਜੀ। ਮੈਂ ਉਹ ਸਾਰਾ ਕੁਝ ਅਜੇ ਉਵੇਂ ਹੀ ਰੱਖਾਂਗੀ। ਭਾਵੇਂ ਮੈਂ ਤਾਂ ਖ਼ੁਦ ਨੂੰ ਮੁੱਖ ਸੰਪਾਦਕ ਵੀ ਨਹੀਂ ਸਾਂ ਲਿਖਣਾ ਚਾਹੁੰਦੀ, ਪਰ ਪ੍ਰਕਾਸ਼ਕ ਜਨਾਬ ਕਹਿੰਦੇ ਕਿ ਨਹੀਂ, ਤੂੰ ਆਪਣਾ ਨਾਂ ਜ਼ਰੂਰ ਰੱਖ। ਨਾਂਅ ਮੈਂ ਆਪਣਾ ਥੱਲ੍ਹੇ ਹੀ ਰੱਖਿਐ। ਆਪਣੇ ਇਸ ਨਵੇਂ ਰੋਲ ਵਿਚ ਕੰਮ ਮੈਂ ਸਾਰਾ ਉਸੇ ਤਰ੍ਹਾਂ ਹੀ ਕਰਾਂਗੀ, ਜਦ ਤਕ ਕਿ ਕੋਈ ਮੈਥੋਂ ਇਹ ਲੈ ਲਏ (ਹੱਸਦੇ ਹਨ)।

**? ਯਾਨੀ ਕਿ ਫਿਲਹਾਲ ਅਸੀਂ ਇਹ ਨਾ ਸੋਚੀਏ ਕਿ ਤੁਸੀਂ ਰਿਟਾਇਰਮੈਂਟ ਦੇ ਨੇੜੇ ਢੁਕ ਰਹੇ ਹੋ?**

- ਨਹੀਂ, ਨਹੀਂ, ਰਿਟਾਇਰਮੈਂਟ ਨਹੀਂ ਹੈ, ਸਗੋਂ ਹੋਰ ਵਾਧਾ ਕੀਤਾ ਹੈ। ਮੈਂ ਹਾਲੇ ਵੀ ਉਸੇ ਤਰ੍ਹਾਂ ਹਰ ਆਰਟੀਕਲ ਨੂੰ ਆਪ ਪੜ੍ਹਦੀ ਹਾਂ, ਆਪ ਹੀ ਪਰੂਫ਼ ਰੀਡਿੰਗ ਵੀ ਕਰਦੀ ਹਾਂ, ਟਰਾਂਸਲੇਟ ਵੀ ਕਰਦੀ ਹਾਂ। ਸਮੀਆ ਹਾਲੇ ਆਪਣਾ ਪੀਸ (ਸੰਪਾਦਕੀ) ਇਕ ਦੇ ਦਿੰਦੀ ਹੈ। ਹੌਲੀ-ਹੌਲੀ ਉਹ ਜਿੰਨਾ ਵੀ ਅੱਗੇ ਕਰਨਾ ਚਾਹੇ, ਉਸ ਦੀ ਹਿੰਮਤ ਹੈ, ਉਹ ਕਰ ਸਕਦੀ ਹੈ। ਬਾਕੀ ਛੋਟੀ ਬੇਟੀ ਰਤਿਕਾ ਦੀ ਕਲਾ-ਪੜ੍ਹਾਈ ਵੀ ਹੁਣ ਪੂਰੀ ਹੋ ਰਹੀ ਹੈ। ਦੋਵੇਂ ਭੈਣਾਂ ਰਲ਼ ਕੇ ਪ੍ਰੀਤਨਗਰ-ਪ੍ਰੀਤਲੜੀ ਨੂੰ ਮੁੜ-ਖ਼ੁਸ਼ਹਾਲ ਵੇਖਣ ਦਾ ਸੁਫ਼ਨਾ ਰੱਖਦੀਆਂ ਹਨ।

**? ਹੁਣ ਥੋੜ੍ਹਾ ਤੁਹਾਡੇ ਪਰਿਵਾਰ ਵੱਲ ਆਉਂਦੇ ਹਾਂ, ਤੁਹਾਡੇ ਨਾਨਕੇ ਤੇ ਦਾਦਕੇ ਪਰਿਵਾਰ ਦਾ ਆਪਣਾ ਇਕ ਗੌਰਵਸ਼ਾਲੀ ਪਿਛੋਕੜ ਹੈ, ਸਭ ਤੋਂ ਪਹਿਲਾਂ ਉਸ ਬਾਰੇ ਦੱਸੋ।**

- ਨਾਨਕੇ ਪਰਿਵਾਰ ਤੋਂ ਤੁਸੀਂ ਗੱਲ ਸ਼ੁਰੂ ਕੀਤੀ ਐ, ਉਸ ਪਰਿਵਾਰ ਦਾ ਇਕ ਵੱਖਰਾ ਇਤਿਹਾਸ ਐ ਤੇ ਮੇਰੇ ਦਾਦਕੇ ਪਰਿਵਾਰ ਦਾ ਵੱਖਰਾ ਇਤਿਹਾਸ ਐ। ਨਾਨਾ ਜੀ ਨੂੰ ਮੈਂ ਆਪਣਾ ਰੋਲ ਮਾਡਲ ਸਮਝਦੀ ਹਾਂ। ਉਹ, ਕਿਸਾਨੀ ਪਰਿਵਾਰ 'ਚੋਂ, ਆਪੇ ਹੀ ਪੜ੍ਹ ਕੇ ਉਪਰ ਉਠੇ ਸਨ, ਪੜ੍ਹਨ ਵਾਲੇ ਉਦੋਂ ਉਹ ਹੀ ਸੀ



ਆਪਣੇ ਪਰਿਵਾਰ 'ਚ, ਪਿੰਡ ਹੈ ਗੋਂਦਪੁਰ—ਇਹ ਹਿਮਾਚਲ 'ਚ ਪੈਂਦੈ, ਊਨਾ ਜ਼ਿਲ੍ਹੇ 'ਚ। ਉਥੇ ਬਹੁਤ ਹੀ ਪਛੜਿਆਪਣ ਹੈ, ਪਾਣੀ ਹੀ ਨਹੀਂ ਹੈ—ਮਿਹਨਤ ਜਿੰਨੀ ਵੀ ਕਰੋ ਗੁਜ਼ਾਰਾ ਹੀ ਨਹੀਂ ਹੈ। ਪਤਾ ਨਹੀਂ ਕਦੋਂ ਤੇ ਕਿਉਂ ਇਹ ਪਰਿਵਾਰ ਓਥੇ ਰਹਿਣ ਲੱਗਾ ਹੋਵੇਗਾ। ਨਾਨਾ ਜੀ ਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ ਤੇ ਤੁਰ ਕੇ ਬਹੁਤ ਦੂਰ ਤੱਕ ਜਾਂਦੇ ਸਨ ਪੜ੍ਹਨ ਵਾਸਤੇ, ਤੇ ਇਸੇ ਤਰ੍ਹਾਂ ਆਪਣੇ ਸ਼ੌਕ ਕਰਕੇ ਹੀ ਪਿੰਡ ਦੇ ਇਕ ਵੱਡੇ ਨਾਲ ਇਹ ਸਤਾਰ੍ਹਾਂ ਸਾਲ ਦੀ ਉਮਰ 'ਚ ਕੀਨੀਆ ਚਲੇ ਗਏ। ਉਥੇ ਸ਼ੇਰਾਂ ਭਰੇ ਜੰਗਲ ਵਿਚ ਰੇਲ ਲਾਈਨ ਬਣਨ ਦੇ ਉੱਤੇ ਓਵਰਸੀਅਰੀ ਕੀਤੀ। ਮਗਰੋਂ ਅੰਗ੍ਰੇਜ਼ੀ ਦੀ ਪੜ੍ਹਾਈ ਵੀ ਕੀਤੀ—ਪਰ ਉਹ ਸਾਰੀ ਜੇਲ੍ਹ 'ਚ ਕੀਤੀ! ਜੇਲ੍ਹ ਇਸ ਕਰਕੇ ਕਿ ਉਹ ਗ਼ਦਰ ਪਾਰਟੀ ਦੇ ਕੁਝ ਲੋਕਾਂ ਦੀ ਸੰਗਤ 'ਚ ਆ ਗਏ। ਇਨ੍ਹਾਂ ਕਈ ਜਣਿਆਂ ਉਤੇ ਬਹੁਤ ਵੱਡਾ ਮੁਕੱਦਮਾ ਬਣ ਗਿਆ, ਫ਼ਾਂਸੀ ਤਕ ਦੀ ਸਜ਼ਾ ਹੋ ਗਈ, ਫੇਰ ਹੌਲੀ-ਹੌਲੀ ਕੇਸ ਚਲਦਾ ਰਿਹਾ, ਅਖੇ ਵਰਲਡ ਵਾਰ (ਪਹਿਲੀ) ਤੋਂ ਬਾਅਦ ਫ਼ੈਸਲਾ ਹੋਏਗਾ। ਫੇਰ ਸਜ਼ਾ ਘਟ ਕੇ ਉਮਰ ਕੈਦ 'ਚ ਤਬਦੀਲ ਹੋ ਗਈ, ਪਰ ਫੇਰ ਇਨ੍ਹਾਂ ਨੂੰ ਨਾਬਾਲਗ ਪਾਇਆ ਗਿਆ ਤੇ ਮਾਫ਼ੀ ਮਿਲੀ। ਪਰ ਉਨ੍ਹਾਂ 'ਚ ਸਾਡੇ ਪਿੰਡਾਂ ਦੇ ਪੁਰਾਣੇ ਸੱਭਿਆਚਾਰ ਮੁਤਾਬਕ ਇਕ ਸਪਿਰਟ ਸੀ ਕਿ ਕਿਸੇ ਦਾ ਨਾਂਅ ਨਹੀਂ ਦੱਸਣਾ ਵਾਅਦਾ ਮੁਆਫ਼ੀ ਲਈ—ਆਪਣੇ ਕਿਸੇ ਪਿੰਡ ਵਾਲੇ ਦਾ ਨਾਂਅ ਮੈਂ ਕਿਵੇਂ ਲੈ ਦਿਆਂ, ਬੱਚਿਆਂ ਵਾਲੇ ਦਾ ਨਾਂ ਕਿਵੇਂ ਲੈ ਦਿਆਂ ਜਦੋਂ ਕਿ ਮੈਂ ਆਪ ਤਾਂ ਅਜੇ ਕੁਆਰਾ ਹਾਂ, ਮੇਰਾ ਕੀ ਹੈ! ਇਸ ਤਰ੍ਹਾਂ ਦੀ ਸਪਿਰਟ ਪਰਿਵਾਰ ਦੀ ਇਕ ਬੁਨਿਆਦ ਬਣ ਜਾਂਦੀ ਹੈ। ਉਨ੍ਹਾਂ ਨੇ ਆਪਣੇ ਬੱਚੇ ਕੀਨੀਆ 'ਚ ਪਾਲੇ, ਮੁਨੀਮੀ, ਦੁਕਾਨਦਾਰੀ ਵਿਚੋਂ ਪਰ ਬਹੁਤ ਅੱਛੀਆਂ ਪੜ੍ਹਾਈਆਂ ਵੀ ਦਿੱਤੀਆਂ, ਤੇ ਨਾਲ ਬਸ ਇਹੀ ਕਿਹਾ ਕਿ ਆਪਣੇ ਪਿੰਡ ਦੇ ਲੋਕਾਂ ਨੂੰ ਨਹੀਂ ਭੁੱਲਣਾ, ਇਹ ਇਕ ਗੱਲ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਅੰਦਰ ਵੀ ਭਰੀ! ਤੇ ਮੈਂ ਹੁਣ ਪਿਛੇ ਜਿਹੇ ਉਨ੍ਹਾਂ ਦੇ ਪਿੰਡ ਵੀ ਗਈ ਸੀ, ਉਥੇ ਵੀ ਇਹੀ ਲਫ਼ਜ਼ ਸੁਣਨ ਨੂੰ ਮਿਲਦੇ ਸੀ ਕਿ- ਸਾਨੂੰ ਭੁੱਲ ਨਾ ਜਾਣਾ, ਸਾਨੂੰ ਭੁੱਲ ਨਾ ਜਾਣਾ। ਕਿਉਂ ਕਿ ਉਹ ਪਿੰਡ ਹੈ ਬਹੁਤ ਹੀ ਦੂਰ-ਦੁਰੇਡੇ। ਹੁਣ ਤਾਂ ਖ਼ੈਰ ਹਿਮਾਚਲ ਵਿਚ ਸੜਕਾਂ ਪਿੰਡਾਂ ਤਕ ਵੀ ਚਲੀਆਂ ਗਈਆਂ ਨੇ, ਪਰ ਉਦੋਂ ਤਾਂ ਖੱਚਰਾਂ 'ਤੇ ਹੀ ਬੈਠ ਕੇ ਜਾਣਾ ਹੁੰਦਾ ਸੀ। ਇਸ ਤਰ੍ਹਾਂ ਦੇ ਮਾਹੌਲ 'ਚੋਂ ਹੀ ਉਠ ਕੇ ਨਾਨਾ ਜੀ ਗਏ ਸੀ। ਨਾਨੀ ਜੀ ਦੇ ਪਿਤਾ ਪਹਿਲਾਂ ਤੋਂ ਹੀ ਕੀਨੀਆ ਸਨ, ਪਿਛੋਂ 'ਧੌਲ ਤਪੇ' ਦੇ ਸਨ ਉਹ। ਨੈਰੋਬੀ ਵਿਚ ਆਰੀਆ ਸਮਾਜ ਸ਼ੁਰੂ ਕੀਤਾ। ਚਾਰਾਂ ਵਿਚੋਂ ਇਕ ਬੇਟਾ ਡਾਕਟਰ, ਇਕ ਵੱਡਾ ਕਾਰੋਬਾਰੀ ਬਣਿਆ। ਮੇਰੀ ਨਾਨੀ ਆਪ ਦਸਵੀਂ ਪੜ੍ਹੇ ਸਨ ਤੇ ਕੀਨੀਆ ਸਰਕਾਰ ਨੇ ਉਨ੍ਹਾਂ ਨੂੰ ਆਪਣਾ ਇਕ ਖ਼ਾਸ ਇਨਾਮ ਦਿੱਤਾ ਸੀ, ਸਮਾਜਕ ਕੰਮ ਕਰਨ ਲਈ। ਉਹ 86 ਸਾਲਾਂ ਦੀ ਉਮਰ ਵਿਚ 1984 ਤੋਂ ਬਾਅਦ ਪੂਰੇ ਹੋਏ। ਉਹ 'ਪ੍ਰੀਤਲੜੀ' ਪੜ੍ਹਦੇ ਸਨ ਤੇ ਮੇਰਾ ਹੌਸਲਾ ਵਧਾਂਦੇ ਸਨ।

**? ਤੁਹਾਡਾ ਬਚਪਨ ਜ਼ਿਆਦਾ ਕਿਥੇ ਬੀਤਿਆ?**

- ਮੇਰਾ ਬਚਪਨ ਲੁਧਿਆਣੇ ਮੇਰੇ ਦਾਦਕੇ ਪਰਿਵਾਰ ਵਿਚ ਸ਼ੁਰੂ ਹੁੰਦੈ, ਤੇ ਪਹਿਲੇ 7-8 ਸਾਲ ਮੈਂ ਉਥੇ ਹੀ ਰਹੀ ਆਂ, ਫੇਰ ਅਸੀਂ 1965 ਵਿਚ ਚੰਡੀਗੜ੍ਹ ਆ ਗਏ ਸੀ।

**? ਆਪਣੇ ਦਾਦਕੇ ਪਰਿਵਾਰ ਬਾਰੇ ਤੇ ਉਥੇ ਬੀਤੇ ਆਪਣੇ ਬਚਪਨ ਦੇ ਦਿਨਾਂ ਬਾਰੇ ਜ਼ਰਾ ਖੁੱਲ੍ਹ ਕੇ ਦੱਸੋ।**

- ਕੀ ਦੱਸਾਂ! ਇਹ ਪਰਿਵਾਰ ਹੀ ਕੁਝ ਅਜਿਹੇ ਵਿਰਸੇ ਵਾਲਾ ਹੈ 'ਡਿੱਡੀਆਂ' ਦਾ! ਪਤਾ ਲੱਗਦਾ ਹੈ ਕਿ ਇਹ ਪਤਾ ਨਹੀਂ ਕਿਹੜੀ ਸਦੀ ਤੋਂ ਕਾਨੂੰਨ ਬਣਾਉਣ-ਵਰਤਾਉਣ ਨਾਲ ਸਬੰਧ ਰੱਖਦੇ ਆ ਰਹੇ ਹਨ! ਹਦੀਆਬਾਦ (ਫਗਵਾੜਾ ਦੇ ਨਾਲ ਹੀ) ਵਿਚ ਇਨ੍ਹਾਂ ਦਾ ਅੱਲ 'ਕਾਨੂੰਨੇ' ਹੈ। ਸੁਣਨ ਨੂੰ ਮਿਲਦੈ ਕਿ ਪਤਾ ਨਹੀਂ ਕਿਹੜੀ ਸਦੀ ਦੇ (ਸ਼ਾਇਦ ਯੂਨਾਨੀ-ਤੁਰਕੀ ਮੂਲ ਦੇ ਪ੍ਰੀਸਟ (Priest) ਸਨ) ਕਾਨੂੰਨ ਦੀ ਖ਼ਾਤਰ ਰਾਜਿਆਂ ਦੀ ਮਦਦ ਕਰਨ ਸੱਦੇ ਗਏ ਸਨ। ਹੋਰ ਦੱਸਾਂ, ਗੁਰੂ ਨਾਨਕ ਦੇ ਪਹਿਲੇ ਪੰਜ ਚੇਲਿਆਂ ਵਿਚ ਭਾਈ ਗੁਰਦਾਸ ਨੇ ਭੱਲਾ, ਸਹਿਗਲ..... ਦੇ ਨਾਲ ਰਾਮਾ ਡਿੱਡੀ ਵੀ ਗਿਣਾਇਆ ਹੈ, ਜਿਸ ਦੇ ਬਾਰੇ ਮੈਂ ਲੱਭਿਆ ਹੈ ਕਿ ਉਹ ਉਸ ਸਮੇਂ ਦੀ ਮੰਨੀ ਹੋਈ ਰੂਹਾਨੀ ਹਸਤੀ ਸਨ। ਮੈਨੂੰ ਤਾਂ ਅਸੀਂ ਹੀ ਉਹ 'ਹਾਦੀ'

ਜਾਪਦੇ ਹਾਂ, ਸੂਫ਼ੀਆਂ ਵਾਂਗ ਇਲਾਹੀ ਕਾਨੂੰਨ ਦੀ ਥਾਹ ਦੇਣ ਵਾਲੇ, ਜਿਸ ਪਿਛੇ ਹਾਦੀਆਬਾਦ ਬਣਿਆ। ਮੁਸਲਮਾਨ ਹੋਣਗੇ। ਕਦੋਂ ਹਿੰਦੂ, ਬ੍ਰਾਹਮਣ ਬਣੇ, ਪਤਾ ਨਹੀਂ—ਅਜੇ ਲੱਭ ਰਹੀ ਹਾਂ। ਹਰਿਦੁਆਰ ਵਿਚ ਪਰਿਵਾਰ ਦੀ ਵਹੀ ਵੇਖਣ ਨੂੰ ਮਿਲੀ ਤਾਂ ਕੁਝ ਸਦੀਆਂ ਉੱਤੇ ਜਾ ਕੇ ਕਿਸੇ ਪੁਰਾਤਨ ਵਿਦੇਸ਼ੀ ਭਾਸ਼ਾ ਵਿਚ ਦਸਤਖ਼ਤ ਲੱਭੇ। ਆਪ ਵੇਖੋ! ਇਹ ਕੋਈ ਬਜ਼ੁਰਗ ਸ਼ਾਇਦ ਗੁਰੂ ਹਰਿਗੋਬਿੰਦ ਸਾਹਿਬ ਵੇਲੇ ਸਿੱਖ ਬਣਿਆ ਲੱਭਾ—ਦੀਵਾਨ ਸਿੰਘ। ਮੇਰੀ ਦਾਦੀ ਇਹ ਵੀ ਦੱਸਦੀ ਸੀ ਕਿ ਸਾਡੀ ਸਿੱਖਾਂ ਨੇ ਹਵੇਲੀ ਕਈ ਵਾਰ ਤੋੜੀ ਸੀ—ਅਜੇ ਲੱਭ ਰਹੀ ਹਾਂ...



ਪੂਨਮ ਸਿੰਘ

ਲੁਧਿਆਣੇ ਦਾਦਕੇ ਘਰ ਵਿਚ ਹੀ ਮੈਨੂੰ ਹੋਸ਼ ਆਉਣੀ ਸ਼ੁਰੂ ਹੋਈ ਸੀ। ਉਥੇ ਦਾਦਾ-ਦਾਦੀ, ਤਾਇਆ-ਦਾਦਾ, ਤਾਈ-ਦਾਦੀ, ਭੂਆ, ਚਾਚਾ ਵੀ ਸਨ ਤੇ ਫੇਰ ਚਾਚੀ ਵੀ- ਮੇਰੇ ਮਾਂ-ਪਿਓ ਤੇ ਭਰਾ ਤੋਂ ਇਲਾਵਾ। ਇਕ-ਦੋ ਗਾਵਾਂ ਤੇ ਅੱਗੇ ਉਨ੍ਹਾਂ ਦੇ ਵੱਛੇ-ਵੱਛੀਆਂ ਵੀ ਹਮੇਸ਼ਾ ਹੁੰਦੇ ਤੇ ਤੂੜੀ ਵਾਲਾ ਵੱਡਾ ਸਾਰਾ 'ਅੰਦਰ' ਵੀ। ਤੂੜੀ ਵਾਲੇ 'ਅੰਦਰ' ਗਲੀ ਦੀ ਇਕ-ਅੱਧ ਕੁੱਤੀ ਵੀ ਬੱਚੇ ਨਿੱਘੇ ਰੱਖ ਰਹੀ ਹੁੰਦੀ। ਗਲੀ ਸੌੜੀ ਜਿਹੀ ਸੀ, ਪਰ ਉਦੋਂ ਸਾਨੂੰ ਤਾਂ ਅਣਮੁੱਕ ਲੱਗਦੀ, ਪਿਆਰੇ ਗੁਆਂਢੀਆਂ ਨਾਲ ਦੂਰ ਤੱਕ ਭਰੀ ਹੋਈ। ਅਸੀਂ 5-7 ਸਹੇਲੀਆਂ, ਸ਼ਾਮ ਨੂੰ ਉਧਰ ਨ੍ਹੇਰਾ ਪੈ ਰਿਹਾ ਹੋਣਾ, ਇਧਰ ਅਸੀਂ ਊਚ-ਨੀਚ, ਛੂਹਣ-ਛੁਹਾਈ, ਸਟਾਪੂ, ਮੇਰੇ ਕੋਠੇ ਕੌਣ, ਰਾਜੇ ਦਾ ਘਰ ਕਿਹੜਾ, ਕੋਟਲਾ ਛਪਾਕੀ ਖੇਡ ਰਹੀਆਂ ਹੁੰਦੀਆਂ। ਨਾ ਖੇਡ ਦਾ ਅੰਤ ਸੀ ਨਾ ਗਿੱਧੇ ਦਾ। ਇਹ ਸਭ ਕੁਝ ਛੇ-ਸਾਢੇ ਛੇ ਸਾਲ ਦੀ ਉਮਰ ਤੱਕ ਚੱਲਿਆ—ਗੀਟ੍ਹੇ, ਗੁੱਡੀਆਂ-ਪਟੋਲੇ ਵੱਖਰੇ। ਘਰਾਂ ਦੇ ਬਾਹਰ ਅੰਗੀਠੀਆਂ ਭਖ ਰਹੀਆਂ ਹੁੰਦੀਆਂ, ਸ਼ਾਮ ਦੀ ਰੋਟੀ ਲਈ! ਆਪਣੇ ਘਰ ਤਾਂ ਮੈਨੂੰ ਕੋਈ ਕੰਮ ਨਹੀਂ ਸੀ ਹੁੰਦਾ ਘਰ ਦਾ, ਪਰ ਸਾਹਮਣੇ ਘਰ ਦੀ ਆਪਣੀ ਸਹੇਲੀ ਜਸਵਿੰਦਰ ਨੂੰ ਛੇਤੀ ਵਿਹਲੀ ਕਰਾਉਣ ਲਈ ਜ਼ਰੂਰ ਉਹਦੇ ਨਾਲ 'ਵੱਡਿਆਂ ਵਾਂਗ' ਭਾਂਡੇ ਵੀ ਮੰਜਾਅ ਦੇਣੇ। ਫਿਰ ਨਾਨਕੇ ਕੀਨੀਆ ਇਕ-ਡੇਢ ਸਾਲ ਪੜ੍ਹੀ।

ਦਾਦਕਿਆਂ ਦੇ ਘਰ ਹੀ ਵਿਆਹ-ਸ਼ਾਦੀਆਂ ਵਗੈਰਾ ਦੇਖੀਆਂ। ਰਾਸ ਲੀਲ੍ਹਾ ਵੀ ਸਭ ਤੋਂ ਪਹਿਲੀ ਵਾਰ ਮੈਂ ਉਥੇ ਹੀ ਦੇਖੀ, ਛੇ ਕੁ ਸਾਲ ਦੀ ਉਮਰ 'ਚ। ਕਿਸੇ ਦੇ ਘਰ 'ਚ ਸੀ ਤੇ ਉਸ ਦਾ ਬੜਾ ਪ੍ਰਭਾਵ ਪਿਆ ਮੇਰੇ 'ਤੇ, ਕਿਉਂਕਿ ਸਾਰਾ ਕੁਝ ਬੜਾ ਡਰੈਮੈਟਿਕ ਸੀ! ਤੇ ਇਕ ਨੇੜੇ ਮੰਦਿਰ ਸੀ, ਜਿਹਦੇ ਆਸ-ਪਾਸ ਹੀ ਉਹ ਸਾਰਾ ਇਲਾਕਾ ਵਸਿਆ ਸੀ—ਉਥੇ ਹੀ ਜਾਣਾ, ਖ਼ਾਸ ਕਰਕੇ ਜਨਮਾਸ਼ਟਮੀ 'ਤੇ ਜਾ ਕੇ ਕ੍ਰਿਸ਼ਨ ਨੂੰ ਝੂਲਾ ਦੇਣਾ ਯਾਦ ਹੈ।

ਤਾਇਆ-ਦਾਦਾ ਜੀ ਉੱਚ-ਸਰਕਾਰੀ ਨੌਕਰੀ 'ਤੇ ਹੁੰਦੇ ਸਨ ਲਾਹੌਰ, ਸ਼ਾਇਦ ਸੀ. ਆਈ. ਡੀ. ਵਿਚ ਹੀ ਹੋਣ। ਉਨ੍ਹਾਂ ਤੇ ਉਨ੍ਹਾਂ ਦੀ ਪਤਨੀ, ਬੇਔਲਾਦ, ਸਾਡੇ ਤਾਈ-ਦਾਦੀ ਜੀ, ਨੇ ਸਾਨੂੰ ਭੈਣ-ਭਰਾ ਨੂੰ ਸਾਂਭਣਾ। ਭਰਾ ਮੇਰਾ ਮੇਰੇ ਤੋਂ ਢਾਈ ਕੁ ਸਾਲ ਛੋਟਾ ਹੈ। ਮੇਰੀ ਦਾਦੀ ਨੂੰ ਤਾਂ ਘਰ ਦੇ ਤੇ ਡੰਗਰਾਂ ਦੇ ਕੰਮ ਤੋਂ ਹੀ ਵਿਹਲ ਨਹੀਂ ਸੀ। ਉਹ ਚੁੱਪ ਕਰ ਕੇ ਕੰਮੇ ਲੱਗੀ ਰਹਿਣ ਵਾਲੀ 'ਗਊ' ਸੀ, ਬਹੁਤ ਅਨੁਸ਼ਾਸਨ ਵਾਲੀ। ਉਹ ਨਿੱਕੀ ਹੁੰਦੀ ਤੋਂ ਮਾਂ-ਬਾਹਰੀ ਹੋਣ ਕਰਕੇ ਆਪਣੇ ਭੈਣ-ਭਰਾ ਨੂੰ ਵੀ ਆਪ ਸਾਂਭਦੀ ਆਈ



ਸੀ। ਉਹ ਜੰਡਿਆਲੇ ਦੇ ਸਨ। ਚੱਕੀ ਪੀਹਣੀ, ਖੇਸ ਬੁਣਨੇ, ਪਾਥੀਆਂ ਪੱਥਣੀਆਂ, ਸੇਵੀਆਂ ਵੱਟਣੀਆਂ—ਸਾਰਾ ਕੁਝ ਆਪ ਹੀ ਕਰਦੀ ਸੀ, ਵੈਸੇ ਬਸ ਆਪਣਾ ਨਾਂ ਲਿਖਣਾ ਜਾਣਦੀ ਸੀ। ਪਰ ਤਾਈ-ਦਾਦੀ ਅਖ਼ਬਾਰ ਵੀ ਪੜ੍ਹ ਲੈਂਦੇ ਸਨ, ਥੋੜ੍ਹਾ-ਬਹੁਤਾ ਅੰਗਰੇਜ਼ੀ ਦਾ ਵੀ। ਉਨ੍ਹਾਂ ਦੇ ਪਿਤਾ ਠਾਣੇਦਾਰ ਸਨ, ਤੁਹਾਡੇ ਜਗਰਾਓਂ ਦੇ ਹੀ। ਮੈਂ ਤਾਈ-ਦਾਦੀ ਨਾਲ ਹੀ ਸੌਂਦੀ ਸੀ ਤੇ ਮੇਰਾ ਭਰਾ ਤਾਏ-ਦਾਦੇ ਨਾਲ। ਤਾਈ-ਦਾਦੀ ਨੇ ਰੋਜ਼ ਰਾਤ ਨੂੰ ਕਹਾਣੀਆਂ ਸੁਣਾਉਣੀਆਂ—ਰਾਮਾਇਣ, ਮਹਾਭਾਰਤ ਦੀਆਂ, ਜੋ ਕਦੇ ਨਾ ਮੁੱਕਦੀਆਂ। ਉਨ੍ਹਾਂ ਦਾ ਨਿੱਕਾ ਜਿਹਾ ਪੂਜਾ ਘਰ ਵੀ ਸੀ ਇਕ, ਮਿਆਨੀ ਵਿਚ। ਉਹ ਬੜੇ ਧਾਰਮਿਕ ਸਨ—ਸ਼ਿਵ ਭਗਤ। ਬੜੀ ਸੁਰੱਖਿਅਤ, ਸਾਂਭੀ ਜਿਹੀ ਦੁਨੀਆਂ ਸੀ ਸਾਡੀ—ਭੂਆ ਜੀ, ਚਾਚਾ ਜੀ, ਦਾਦਾ ਜੀ—ਸਾਰੇ ਬਹੁਤ ਲਾਡ ਕਰਦੇ। ਦਾਦਾ ਜੀ ਹੀ ਉਦੋਂ ਕਮਾਊ ਪਿਤਾ-ਰੂਪ ਸਨ ਸਭ ਲਈ—ਘਰ ਦੇ ਮਾਲਿਕ। ਉਨ੍ਹਾਂ ਵਡੇਰੀ ਉਮਰ ਤੱਕ ਕੰਮ ਕੀਤਾ ਸੀ ਤੇ ਗਲੀ ਵਿਚ 4-5 ਘਰ ਉਨ੍ਹਾਂ ਦੇ ਹੀ ਸਨ, ਜਿਨ੍ਹਾਂ ਵਿਚ ਇਕ ਸਕੂਲ ਸੀ, ਇਹ ਸਕੂਲ ਅਜੇ ਵੀ ਚੱਲ ਰਿਹੈ—ਮਿਊਂਸੀਪਲਟੀ ਦਾ।

**? ਤੇ ਤੁਹਾਡੇ ਮਾਤਾ-ਪਿਤਾ?**

– ਸਾਡੇ ਮਾਂ-ਪਿਓ ਘੱਟ ਹੀ ਦਿਸਣ ਵਾਲੀ ਸ਼ੈਅ ਸਨ, ਪਰ ਬੜੇ ਅਹਿਮ! ਬਹੁਤ ਹੀ ਸੁਹਣੇ, ਹੱਸਮੁਖ ਤੇ ਰੁੱਝੇ- ਪਰ ਬਹੁਤਾ ਘਰੋਂ ਬਾਹਰ ਰਹਿਣ ਵਾਲੇ। ਸਾਡੇ ਜਨਮ-ਦਿਨ 'ਤੇ ਜ਼ਰੂਰ ਸ਼ਾਮ ਨੂੰ ਘਰ ਵੇਲੇ ਸਿਰ ਆਉਣ ਦਾ ਹੀਲਾ ਕਰਦੇ, ਤੇ ਤੋਹਫ਼ਾ ਵੀ ਲਿਆਂਦੇ। ਪਾਪਾ ਬਸੰਤ 'ਤੇ ਪਤੰਗਬਾਜ਼ੀ ਵੀ ਕਰਦੇ ਤੇ ਹੋਲੀ ਵੀ ਖੇਡਦੇ। ਸਭ ਤੋਂ ਕਮਾਲ ਦਾ ਤਾਂ ਸੀ, ਉਨ੍ਹਾਂ ਦਾ ਘੰਟਾ-ਘਰ ਵਿਖੇ ਕਮਿਊਨਿਸਟ ਪਾਰਟੀ ਵਾਲਾ ਦਫ਼ਤਰ! ਘੰਟਾ ਘਰ ਚੌਂਕ ਵਿਚ ਕਪਿਲ ਅੰਕਲ ਸੋਵੀਅਤ ਕਿਤਾਬਾਂ ਵੇਚਣ ਲਈ ਰੱਖਦੇ, ਬੱਚਿਆਂ ਵਾਲੀਆਂ ਵੀ! ਬੜੇ ਨਰਮ ਸੁਭਾਅ ਦੇ ਸਨ ਉਹ, ਤੇ ਬੜੇ ਨਫ਼ੀਸ। ਭਾਵੇਂ ਕਿਤਾਬਾਂ ਅਜੇ ਬਿਲਕੁਲ ਕੋਰੀਆਂ ਹੁੰਦੀਆਂ, ਪਰ ਮੇਰੇ ਵਾਰ-ਵਾਰ ਮੰਗਣ 'ਤੇ ਉਨ੍ਹਾਂ ਮੈਨੂੰ ਦੇ ਦੇਣੀਆਂ ਪੜ੍ਹਨ ਨੂੰ, ਪਾਰਟੀ ਦੇ ਨਿੱਕਚੂ ਸਟੋਰ ਜਿਹੇ ਵਿਚ ਜਾਂ ਬਾਹਰ ਬਹਿ ਕੇ ਪੜ੍ਹਨ ਲਈ। ਹਰ ਕਿਤਾਬ ਵਿਚੋਂ ਕੋਈ ਦੁਨੀਆਂ ਮੇਰੇ ਅੱਗੇ ਖੁੱਲ੍ਹਦੀ ਰਹਿੰਦੀ। ਤਸਵੀਰਾਂ ਵਾਲੀਆਂ ਪਿਆਰੀਆਂ-ਪਿਆਰੀਆਂ ਕਹਾਣੀਆਂ-ਕਵਿਤਾਵਾਂ! ਇਸੇ ਦਫ਼ਤਰ ਵਿਚ, ਸੁਣਦੀ ਰਹੀ ਹਾਂ, ਕਿ ਜਦ ਮੈਂ ਬਿਲਕੁਲ ਗੋਦੀ ਵਿਚ ਸਾਂ, ਮੈਨੂੰ ਕਿਸੇ ਬੈਂਚ ਆਦਿ 'ਤੇ ਲੰਮਿਆਂ ਪਾ ਕੇ ਦੁੱਧ ਦੀ ਬੋਤਲ ਵੀ ਰੱਖ ਦਿੱਤੀ ਜਾਂਦੀ—ਜਿਹੜਾ ਲੰਘੇ, ਤੇ ਮੈਨੂੰ ਰੋਂਦੀ ਵੇਖੇ, ਬੋਤਲ ਮੇਰੇ ਮੂੰਹ ਨੂੰ ਲਾ ਦਿੰਦਾ ਸੀ। ਇਹ ਘਰ ਦੇ ਪਿਆਰੇ ਮਾਹੌਲ ਦਾ ਹੀ ਵਿਸਥਾਰ ਸੀ। ਇਧਰ ਘਰ ਪਾਰਟੀ ਸਕੂਲ ਵੀ ਲੱਗਦੇ ਸਨ, ਮੀਟਿੰਗਾਂ ਵੀ ਹੁੰਦੀਆਂ। ਕੋਠੇ 'ਤੇ ਦੋ-ਤਿੰਨ ਚੁਬਾਰੇ ਸਨ, ਜਿਨ੍ਹਾਂ ਅੱਗੇ ਵੱਖ-ਵੱਖ ਵਿਹੜੇ ਬਣੇ ਹੋਏ ਸਨ।

ਦਾਦਾ ਜੀ ਵਪਾਰ ਕਰਦੇ ਸਨ, ਕਦੇ ਬੜੇ ਨਫ਼ੇ ਵਿਚ ਹੁੰਦੇ, ਕਦੇ ਬਹੁਤ ਔਖੇ—ਠਾਣੇਦਾਰਾਂ ਵਰਗਾ ਜਲੌਅ ਸੀ; ਬੜੇ ਸ਼ੌਕੀਨ ਵੀ ਸਨ, ਜਲ-ਤਰੰਗ ਵਜਾਉਂਦੇ ਸਨ, ਇਤਰ ਲਗਾਉਂਦੇ ਸਨ, ਤੁਰਲੇ ਵਾਲੀ ਪੱਗ ਪਿੱਛੇ ਲੜ ਛੱਡ ਕੇ, ਕੁੜਤਾ, ਸਲਵਾਰ ਤੇ ਸੈਂਡਲ ਪਹਿਨਦੇ ਸਨ। ਫਗਵਾੜੇ ਨਾਲੋਂ 'ਪੁਰਾਣੇ ਸ਼ਹਿਰ' ਆਖੇ ਜਾਂਦੇ ਹਾਦੀਆਬਾਦ ਦੀ ਇਕ ਹਵੇਲੀ ਤੋਂ ਚੱਲ ਕੇ ਇਹ ਹੀ ਲੁਧਿਆਣੇ ਸ਼ਹਿਰ ਆਏ ਤੇ ਵਸੇ ਅਤੇ ਅੰਗਰੇਜ਼ੀ ਕਿਸਮ ਦੀਆਂ ਚੀਜ਼ਾਂ ਘਰ ਲਿਆਂਦੀਆਂ। ਪਰ ਵੱਡੇ ਪੁੱਤਰ (ਮੇਰੇ ਪਾਪਾ) ਨਾਲ ਖੜਕਾ ਹੀ ਰਹਿੰਦਾ। ਆਪਣੇ ਪਿਤਾ ਦੇ ਕੁਝ ਰੰਗੀਨ ਹੀ ਆਖੇ ਜਾ ਸਕਦੇ ਸੁਭਾਅ ਕਰਕੇ, ਤੇ ਆਪਣੀ ਮਾਂ ਦੇ ਦੁੱਖਾਂ ਤੇ ਉਸਦੇ ਪਿਆਰ ਵਿਚ ਮੇਰੇ ਪਾਪਾ ਛੋਟੀ ਉਮਰ ਵਿਚ ਹੀ ਸਿਆਸਤ ਵੱਲ ਖਿੱਚੇ ਗਏ! ਜਿਵੇਂ ਹੁੰਦਾ ਹੈ, ਪਹਿਲਾਂ ਧਾਰਮਿਕ ਝੁਕਾਅ ਵਾਲੀ ਸਿਆਸੀ ਬਣਤਰ ਦੇ ਹੀ ਘੇਰੇ ਵਿਚ ਆਏ, ਪਰ ਛੇਤੀ ਹੀ ਕਮਿਊਨਿਸਟ ਹੋ ਗਏ। ਆਪਣੇ ਪਿਤਾ (ਮੇਰੇ ਦਾਦਾ ਜੀ) ਨੂੰ ਅੱਖਾਂ ਵਿਖਾ ਕੇ- ਕਿਰਾਏਦਾਰਾਂ ਨਾਲ ਖਲੋ ਜਾਣਾ! ਪਾਪਾ '102 ਵਾਰ' ਘਰੋਂ ਰੁੱਸ ਕੇ ਗਏ ਦੱਸੇ ਜਾਂਦੇ ਹਨ, ਤੇ ਮਰਨ ਵਰਤ ਵੀ ਰੱਖਿਆ ਸੀ—40 ਦਿਨਾਂ ਦਾ। ਜਾਪਦਾ ਹੈ, ਘਰਦਿਆਂ ਦਾ ਤ੍ਰਾਹ ਹੀ ਕੱਢੀ ਰੱਖਦੇ ਸਨ। 32 ਸਾਲ ਦੀ ਉਮਰ ਵਿਚ ਉਨ੍ਹਾਂ ਮੇਰੀ ਬੈਰਿਸਟਰ

ਮਾਂ ਨਾਲ ਵਿਆਹ ਕਰਾਇਆ। ਦੋਵੇਂ ਜਣੇ ਪਾਰਟੀ ਦੇ ਕੁਲਵਕਤੀ ਸਨ।

ਮੇਰੇ ਪਾਪਾ ਨੂੰ ਗੁੱਸਾ ਬਹੁਤ ਚੜ੍ਹਦਾ ਸੀ, ਜਦੋਂ ਕਦੇ ਚੜ੍ਹਨਾ! ਇਕ ਵਾਰ ਮੈਂ ਬਹੁਤ ਨਿੱਕੀ ਹੁੰਦੀ ਨੇ ਘਰ ਵਿਚ ਹੁੰਦੀਆਂ ਵੱਡਿਆਂ ਦੀਆਂ ਗੱਲਾਂ ਦੇ ਅਸਰ ਹੇਠ ਉਨ੍ਹਾਂ ਤੋਂ ਪੁੱਛ ਲਿਆ ਹੋਵੇਗਾ- "ਤੁਸੀਂ ਕੋਈ ਕੰਮ ਕਿਉਂ ਨਹੀਂ ਕਰਦੇ?" ਤੇ ਉਨ੍ਹਾਂ 2-3 ਦਿਨ ਰੋਟੀ ਨਾ ਖਾਧੀ! ਮੈਂ ਮੁੜ ਕਦੇ ਇਹ ਸੁਆਲ ਮਨ ਵਿਚ ਵੀ ਆਉਣ ਨਾ ਦਿੱਤਾ! ਬਚਪਨ ਤੋਂ ਹੀ ਮੈਂ ਪਿਤਾ ਜੀ ਦੀ ਭਗਤ ਸੀ।

**? ਲੁਧਿਆਣੇ ਤੋਂ ਬਾਅਦ ਤੁਸੀਂ ਚੰਡੀਗੜ੍ਹ ਆ ਗਏ?**

- ਜਿਵੇਂ ਦੱਸਿਐ, ਉਸ ਤੋਂ ਬਾਅਦ ਮੈਂ ਇਕ-ਡੇਢ ਸਾਲ ਕੀਨੀਆ ਵੀ ਜਾ ਕੇ ਰਹੀ, ਨਾਨਕੇ ਘਰ। ਦੂਜੀ-ਤੀਜੀ ਉਥੇ ਪੜ੍ਹੀ। ਉਹਦਾ ਵੀ ਮੇਰੀ ਪੜ੍ਹਾਈ, ਖ਼ਾਸਕਰ ਅੰਗ੍ਰੇਜ਼ੀ ਉੱਤੇ ਇਕ ਅਸਰ ਮੈਨੂੰ ਮਹਿਸੂਸ ਹੁੰਦੈ। ਫੇਰ ਅਸੀਂ ਚੰਡੀਗੜ੍ਹ ਆ ਗਏ। ਇਥੇ ਮੈਂ ਸਰਕਾਰੀ ਮਾਡਲ ਸਕੂਲ ਵਿਚ ਪੜ੍ਹੀ। ਇਥੇ ਬੜਾ ਅੱਛਾ ਮਾਹੌਲ ਮਿਲਿਆ। ਮਾਪੇ ਕਿਉਂਕਿ ਆਜ਼ਾਦ ਖ਼ਿਆਲ ਦੇ ਸਨ ਤੇ ਉੱਚ ਕਦਰਾਂ-ਕੀਮਤਾਂ ਦੇ ਮਾਲਕ— ਉਨ੍ਹਾਂ ਬਹੁਤ ਤਾਕਤ ਦਿੱਤੀ। ਜੋ ਕੰਮ ਅੱਜ ਮਾਪੇ ਇਥੇ ਬੱਚਿਆਂ ਨੂੰ ਨਾਲ ਜਾ-ਜਾ ਕੇ ਕਰਵਾਉਂਦੇ ਨੇ, ਉਹ ਅਸੀਂ ਦੋਵੇਂ ਭੈਣ-ਭਰਾ ਉਦੋਂ ਆਪ ਹੀ ਜਾ-ਜਾ ਕੇ ਕਰਦੇ ਰਹੇ। ਮੇਰਾ ਭਰਾ ਮੈਥੋਂ ਦੋ ਸਾਲ ਛੋਟਾ ਐ, ਅਸੀਂ ਆਪ ਹੀ ਤੁਰ-ਫਿਰ ਕੇ ਸਿੱਖਦੇ ਰਹੇ। ਤੇਰ੍ਹਾਂ ਸਾਲ ਦੀ ਉਮਰ ਵਿਚ ਹੀ ਅਸੀਂ ਝੀਲ ’ਤੇ ਵੀ ’ਕੱਲੇ ਹੀ ਚਲੇ ਜਾਂਦੇ, ਅਸੀਂ ਉਥੋਂ ਦੇ ਬੋਟਿੰਗ ਕਲੱਬ ਦੇ ਮੈਂਬਰ ਵੀ ਬਣ ਗਏ। ਗੌਰਮਿੰਟ ਪੂਲ ’ਚ ਸਵਿਮਿੰਗ ਵੀ ਕਰਦੇ ਰਹੇ। ਸਾਈਕਲਿੰਗ ਵੀ ਕੀਤੀ— ਸਾਈਕਲ ’ਤੇ ਤਾਂ ਸਕੂਲ, ਫਿਰ ਕਾਲਜ ਜਾਣਾ। ਸਕੂਲਾਂ ’ਚ ਡਾਂਸ, ਗਾਣਾ ਸਭ ਕੁਝ ਕਰਦੇ ਰਹੇ। ਮੰਮੀ ਨਾਲ 'ਇਪਟਾ' ’ਚ ਵੀ ਕੰਮ ਕੀਤਾ। ਸ਼ੁਰੂ ਤੋਂ ਹੀ ਮਹਾਨ ਕਲਾਕਾਰ ਅਤੇ ਖ਼ੂਬਸੂਰਤ ਇਨਸਾਨ ਜੋਗਿੰਦਰ ਬਾਹਰਲਾ ਸਾਡੇ ਘਰ ਦਾ ਇਕ ਪੱਕਾ ਅੰਗ ਸਨ, ਉਨ੍ਹਾਂ ਨਾਲ ਸਾਨੂੰ ਇਪਟਾ ’ਚ ਕੰਮ ਕਰਨ ਦਾ ਮੌਕਾ ਮਿਲਿਆ। ਬਾਹਰਲਾ ਨੂੰ ਮੈਂ ਆਪਣਾ ਪਹਿਲਾ ਗੁਰੂ ਮੰਨਦੀ ਹਾਂ।

**? ਮਾਪਿਆਂ ਦੇ ਚੰਡੀਗੜ੍ਹ ਆ ਵਸਣ ਦਾ ਸਬੱਬ ਕਿਵੇਂ ਬਣਿਆ?**

- ਮੇਰੀ ਮਾਂ ਨੇ ਬਰਿਸਟਰੀ ਦੀ ਪੜ੍ਹਾਈ ਕੀਤੀ ਹੋਈ ਸੀ ਤੇ ਉਨ੍ਹਾਂ ਦੇ ਮਨ ਵਿਚ ਬਹੁਤ ਇੱਛਾ ਸੀ ਕਿ 'ਮੇਰੇ ਬਾਪ ਨੇ ਮੈਨੂੰ ਤੇ ਮੇਰੇ ਭਰਾ ਨੂੰ ਬਰਿਸਟਰ ਬਣਾਇਆ, ਤੇ ਮੈਂ ਉਨ੍ਹਾਂ ਦਾ ਸੁਪਨਾ ਜ਼ਰੂਰ ਪੂਰਾ ਕਰਾਂ ਤੇ ਆਪਣੇ ਬਰਿਸਟਰ ਦੇ ਕਿੱਤੇ ਨਾਲ ਜੁੜਾਂ।' ਤੇ ਮੇਰੇ ਪਿਤਾ ਤਾਂ ਤੁਹਾਨੂੰ ਪਤਾ ਹੀ ਐ ਕਿ ਕੁਲਵਕਤੀ ਕਮਿਊਨਿਸਟ ਰਹੇ, ਉਹ ਇਹੋ ਚਾਹੁੰਦੇ ਸਨ ਕਿ ਮਾਂ ਵੀ ਕੁਲਵਕਤੀ ਹੀ ਰਹਿਣ। ਮੇਰੀ ਮਾਂ ਨੇ ਕਿਹਾ ਕਿ ਸਾਡੇ ਹੁਣ ਤਿੰਨ ਬੱਚੇ ਨੇ ਤੇ ਅਸੀਂ ਹੁਣ ਫ਼ੈਮਿਲੀ ਉਤੇ ਜਾਂ ਕਹਿ ਲਓ ਕਿ ਦਾਦਾ ਜੀ ਦੀ ਕਮਾਈ ਉਤੇ ਡਿਪੈਂਡ ਨਹੀਂ ਕਰਨਾ। ਉਦੋਂ ਦੋਵੇਂ ਹੀ ਹੋਲ-ਟਾਈਮਰ ਸਨ ਪਾਰਟੀ ਦੇ। ਇਸ ਤਰ੍ਹਾਂ ਚੰਡੀਗੜ੍ਹ ਆ ਕੇ ਮੰਮੀ ਨੇ ਪਹਿਲਾਂ ਓਥ-ਕਮਿਸ਼ਨਰੀ ਕੀਤੀ, ਯਾਨੀ ਬੜੇ ਹੀ ਔਖੇ ਹਾਲਾਤ ’ਚ ਇਥੇ ਆ ਕੇ ਕੰਮ ਕੀਤਾ। ਮੇਰੇ ਪਾਪਾ ਟਰੇਡ ਯੂਨੀਅਨ ਨਾਲ ਜੁੜੇ ਹੋਏ ਸਨ ਤੇ ਉਨ੍ਹਾਂ ਨੂੰ ਵਕਾਲਤ ਵੈਸੇ ਵੀ ਥੋੜ੍ਹੀ ਨਾਪਸੰਦ ਸੀ ਕਿ ਇਸ ਕਿੱਤੇ ਵਿਚ 'ਝੂਠ ਬੋਲਣਾ ਪੈਂਦੈ', ਉਨ੍ਹਾਂ ਨੇ ਜ਼ਿਦ ਕੀਤੀ ਸੀ ਕਿ ਆਪਾਂ ਹੋਲ-ਟਾਈਮਰ ਹੀ ਬਣੇ ਰਹਿੰਦੇ ਹਾਂ, ਪਰ ਮੇਰੇ ਮੰਮੀ ਨੇ ਹੋਰਾਂ, ਇਥੋਂ ਤੱਕ ਕਿ ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੇ ਨਵਤੇਜ ਸਿੰਘ ਜੀ ਹੁਰਾਂ ਨੂੰ ਵੀ ਵਿਚ ਪਾਇਆ ਕਿ ਮੇਰੇ ਪਾਪਾ ਨੂੰ ਮਨਾਉਣ। ਕਾਮਰੇਡ ਡਾਂਗ ਨੇ ਇਕ ਵਾਰ ਸਲਾਹ ਦਿੱਤੀ ਸੀ ਕਿ ਚੰਗੇ ਵਕੀਲ ਹੀ ਬਣੋ—ਜਦੋਂ ਮੇਰੀ ਮਾਂ ਵਕਾਲਤ, ਪਾਰਟੀ ਦਾ ਕੰਮ ਤੇ ਇਸ ਦੀ ਸਭਾ ਦਾ ਕੰਮ—ਸਭ ਕਰਦੀ ਸੀ। ਅਸਲ ਵਿਚ ਘਰ ਰਹਿਣ ਦੀ ਉਨ੍ਹਾਂ ਦੀ ਕੋਈ ਟ੍ਰੇਨਿੰਗ ਜਾਂ ਆਦਤ ਨਹੀਂ ਸੀ। ਫੇਰ ਪਾਪਾ ਨੇ ਕਿਹਾ ਕਿ ਠੀਕ ਐ, ਤੂੰ ਕਰ ਲੈ, ਪਰ ਤੂੰ ਮਜ਼ਦੂਰਾਂ ਦੇ ਕੇਸ ਕਰ, ਔਰਤਾਂ ਤੇ ਮਜ਼ਲੂਮਾਂ ਦੇ ਕੇਸ ਕਰ। ਫੇਰ ਉਨ੍ਹਾਂ ਨੇ ਮੰਮੀ ਦੇ ਕੇਸਾਂ ਵਿਚ ਮਦਦ ਕੀਤੀ, ਕਈ ਵਾਰ ਕੋਈ ਨੁਕਤਾ ਸਮਝਾ ਵੀ ਦੇਣਾ।

**? ਤੁਹਾਨੂੰ ਮਾਤਾ-ਪਿਤਾ ਦੋਹਾਂ ਵੱਲੋਂ ਟਾਈਮ ਮਿਲਦਾ ਰਿਹਾ?**



- ਨਹੀਂ, ਟਾਈਮ ਨਹੀਂ ਮਿਲਦਾ ਰਿਹਾ। ਟਾਈਮ ਦੀ ਬੜੀ ਕਮੀ ਰਹੀ ਪੇਰੈਂਟਸ ਵੱਲੋਂ। ਖ਼ਾਸਕਰ ਮਦਰ ਦਾ ਜੋ ਪਿਆਰ ਹੁੰਦਾ ਹੈ, ਮਦਰ ਦੀ ਜੋ ਛੋਹ ਹੁੰਦੀ ਹੈ, ਉਹ ਘੱਟ ਮਹਿਸੂਸ ਹੋਈ। ਲੇਕਿਨ ਦਾਦਕੇ ਪਰਿਵਾਰ ’ਚ ਅਸੀਂ ਜ਼ਿਆਦਾ ਰਹੇ, ਉਥੇ ਦਾਦਾ, ਦਾਦੀ, ਭੂਆ, ਚਾਚੇ, ਤਾਈ-ਦਾਦੀ, ਤਾਇਆ-ਦਾਦਾ। ਸਾਡਾ ਜੋ ਤਾਇਆ-ਦਾਦਾ ਸੀ, ਉਸ ਨੇ ਸਾਨੂੰ ਮਾਵਾਂ ਵਾਂਗ ਪਾਲਿਆ, ਸਾਨੂੰ ਵੱਡੇ ਦੋਵਾਂ ਭੈਣ-ਭਰਾ ਨੂੰ—ਇਕ ਛੋਟੀ ਭੈਣ ਬਾਅਦ ਵਿਚ ਹੋਈ। ਇਸ ਤਰ੍ਹਾਂ ਹੋਰ ਰਿਸ਼ਤਿਆਂ ’ਚੋਂ ਤਾਂ ਪਿਆਰ ਬਹੁਤ ਮਿਲਿਆ, ਪਰ ਮਾਂ-ਬਾਪ ਜੋ ਸੀ, ਉਹ ਕਿਤੇ ਗ਼ਾਇਬ ਰਹੇ, ਸਵੇਰੇ ਦਿਸਦੇ ਸੀ ਜਾਂ ਰਾਤ ਨੂੰ ਦਿਸਦੇ ਸੀ, ਰਾਤ ਨੂੰ ਵੀ ਕਈ ਵਾਰ ਅਸੀਂ ਸੁੱਤੇ ਹੀ ਹੋਣਾ। ਪਰ ਜਿਵੇਂ ਮੈਂ ਪਹਿਲਾਂ ਦੱਸਿਐ ਕਿ ਇਕ ਖ਼ਾਸ ਮੌਕਾ ਹੁੰਦਾ ਸੀ ਕਿ ਸਾਡੇ ਜਨਮ ਦਿਨ ਵਾਲੇ ਦਿਨ ਉਹ ਜ਼ਰੂਰ ਟਾਈਮ ਨਾਲ ਆਉਂਦੇ ਸਨ, ਪਿਆਰ ਦਿੰਦੇ ਸਨ। ਉਂਝ ਕਦਰਾਂ-ਕੀਮਤਾਂ ਦੇਣ ਦੀ ਬੜੀ ਕੋਸ਼ਿਸ਼ ਕਰਦੇ ਸਨ।

ਹੋਰ ਦੱਸਾਂ, ਮਾਂ ਨੇ ਕੁਝ ਵੱਧ ਅਤੇ ਪਿਤਾ ਨੇ ਕੁਝ ਘੱਟ ਸੌਖਾਂ ਵਾਲੀ ਜ਼ਿੰਦਗੀ ਵਾਲਾ ਰਾਹ ਛੱਡ, ਕਾਮਰੇਡੀ ਵਾਲਾ ਸਭ ਤੋਂ ਹੀ ਔਖਾ ਰਾਹ ਚੁਣ ਲਿਆ ਸੀ, ਭਰ ਜਵਾਨੀ ਵਿਚ ਹੀ। ਭਾਵੇਂ ਉਨ੍ਹਾਂ ਦਾ ਘਰ ਕਿਸੇ ਰਿਸ਼ੀ-ਆਸ਼ਰਮ ਜਿਹਾ ਸੁਰੀਲਾ ਤੇ ਸੁੱਚਾ ਸੀ ਜਿਥੇ ਲੋਕ-ਪਿਆਰ, ਇਕ ਤਾਜ ਪਹਿਨੀ, ਹਮੇਸ਼ਾ ਹਾਜ਼ਿਰ ਸਰਵਉੱਚ ਦੇਵਤਾ ਸੀ - ਪਰ ਦਿਸਦਾ ਤਾਂ ਇਹ ਇਕ 'ਗਰੀਬ ਘਰ' ਹੀ ਸੀ ਨਾ। ਤੇ ਪੈਸੇ ਵਲੋਂ ਸਚਮੁੱਚ ਹੀ ਇਕ ਸੁੱਚੀ ਔਖ ਵਾਲਾ! ਸ਼ਾਇਦ ਉਨ੍ਹਾਂ ਨੂੰ ਵੀ ਬਾਲ ਨਹੀਂ ਜੰਮਣੇ ਚਾਹੀਦੇ ਸਨ- ਕੁਝ ਹੋਰ ਉਨ੍ਹਾਂ ਜਿਹੀਆਂ ਇਨਕਲਾਬੀ-ਜੋੜੀਆਂ ਵਾਂਗ। ਪਰ ਇਹ ਹੋਏ ਪਿਆਰਾਂ ਨੂੰ ਪਿਆਰਨ ਵਾਲੇ! "ਤਿੰਨ ਗਲਤੀਆਂ" ਕੀਤੀਆਂ—ਤਿੰਨ ਬੱਚੇ, ਪਿਤਾ ਹੱਸ ਕੇ ਕਹਿੰਦੇ। ਪਿਛੇ ਜਿਹੇ ਇਹ ਛਾਪਿਆ ਵੀ ਸੀ, ਜਿਸ ਤੋਂ ਬਾਅਦ ਸਲਮਾਨ ਖ਼ਾਨ ਦੀ ਇਕ ਫ਼ਿਲਮ ਵਿਚ ਇਹੋ ਜੁਮਲਾ ਵਰਤਿਆ ਗਿਆ ਵੀ ਦੇਖਿਐ— ਵਿਲੇਨ ਲਈ! ਮਾਂ, ਬਲਦ ਵਾਂਗ, ਵਕਾਲਤ ਕਰਦੀ - ਪਰ ਮੁਲਾਜ਼ਮ, ਮਜ਼ਦੂਰ, ਔਰਤ, ਬੇਸਹਾਰਾ ਲਈ। ਥੋੜ੍ਹੇ ਪੈਸੇ ਨੂੰ ਵੀ ਇਓਂ ਫੜਦੀ ਜਿਵੇਂ ਕੋਈ ਗੁਨਾਹ ਤੋਂ ਅੱਖ ਚੁਰਾਅ ਰਿਹਾ ਹੋਵੇ। ਨਤੀਜਾ? ਬੱਚੇ ਭੁੱਲ ਹੀ ਗਏ ਕਿ ਉਹ 'ਕੌਣ' ਹਨ। ਉਨ੍ਹਾਂ ਆਪਣੇ ਆਪ ਨੂੰ 'ਵਿਚਾਰੇ ਬੇ-ਜਾਇਦਾਦ' ਸਮਝ ਲਿਆ, ਹੋਰਾਂ ਦੀਆਂ ਅੱਖਾਂ ਤੋਂ ਆਪਣਾ ਆਪ ਵੇਖ ਵੇਖ? ਇਨ੍ਹਾਂ ਬਾਲਾਂ ਨੂੰ 'ਸਮਝਾਉਣ' ਦਾ ਫ਼ਾਇਦਾ ਨਹੀਂ ਸੀ ਹੋਣਾ। 'ਸਮਝ ਆਪੇ ਆਉਂਦੀ ਹੁੰਦੀ ਹੈ' ਉਤੇ ਹੀ ਅਮਲ ਹੋ ਸਕਦਾ ਸੀ। ਆਪੇ ਸਮਝਣ, ਲੱਭਣ, ਮੰਨਣ ਵਿਚ ਇਕ ਆਜ਼ਾਦੀ ਹੁੰਦੀ ਹੈ ਜੋ ਸਭ ਤੋਂ ਕੀਮਤੀ ਹੁੰਦੀ ਹੈ, ਹਰ ਪੀੜ੍ਹੀ ਲਈ ਹੀ। ਖ਼ੁਦ 'ਆਜ਼ਾਦੀ' ਲਈ ਲੜੇ, ਸਮਾਜਕ-ਪਰਿਵਾਰਕ ਦਬਦਬਿਆਂ ਤੋਂ ਆਜ਼ਾਦੀ ਲਈ ਲੜੇ ਲੋਕ ਹੀ ਇਸ ਆਜ਼ਾਦੀ ਦਾ ਮੁੱਲ ਪਾ ਸਕਦੇ ਹੁੰਦੇ ਹਨ! ਅਣਖਾਂ ਵਾਲੇ 'ਆਜ਼ਾਦ' ਲੋਕ ਜੰਮਣ-ਬਨਾਉਣ ਲਈ ਪਿਛਲੀਆਂ ਪੀੜ੍ਹੀਆਂ ਨੂੰ ਖਾਦ ਬਣ ਜਾਣਾ ਪੈਂਦਾ ਹੁੰਦਾ ਹੈ।

ਤੇ ਕੁਝ ਇਸੇ ਤਰ੍ਹਾਂ ਦੇ ਵਿਚਾਰਾਂ ਦੀ ਆਜ਼ਾਦੀ ਮਿਲੀ ਸਾਨੂੰ ਤਿੰਨ ਭੈਣ ਭਰਾਵਾਂ ਨੂੰ ਆਪਣੇ ਮਾਤਾ ਪਿਤਾ ਤੇ ਉਨ੍ਹਾਂ ਦੀ ਸਿਖਾਈ ਗੱਲ ਨੂੰ ਪ੍ਰਣਾਮ ਕਰਦੀ ਹਾਂ ਮੈਂ। ਉਹ ਇਹੋ ਜਿਹੇ ਲੋਕ ਸਨ ਕਿ ਗ਼ੁਲਾਮੀ, ਜਗੀਰਦਾਰੀ, ਸਾਮਰਾਜ, ਸਰਮਾਏਦਾਰੀ ਦਿਆਂ ਯੁੱਗਾਂ ਵਿਚੋਂ ਲੰਘ ਕੇ ਵੀ ਮੂਲ ਕਬਾਇਲੀ ਬਰਾਬਰੀ ਅਤੇ ਆਜ਼ਾਦੀ—ਅਤੇ ਇਕ ਫ਼ਕੀਰੀ—ਬਚਾਅ ਕੇ ਰੱਖ ਸਕੇ ਅਤੇ ਉਤੋਂ ਇਨ੍ਹਾਂ ਸਾਰੇ ਯੁੱਗਾਂ ’ਤੇ ਹੱਸ ਵੀ ਸਕੇ, ਭਾਵੇਂ ਹਲੀਮੀ ਨਾਲ ਮਿੱਠਾ ਮਿੱਠਾ ਮੁਸਕਰਾ ਕੇ ਤੇ ਭਾਵੇਂ, ਜ਼ਾਲਮਾਂ ਦੇ ਕਾਰੇ ਵੇਖ ਵੇਖ, ਖੁੱਲ੍ਹ ਕੇ ਠਹਾਕਾ ਮਾਰ ਕੇ, ਉਨ੍ਹਾਂ ਜ਼ਾਲਮਾਂ ਦੇ ਹੀ ਸਾਮ੍ਹਣੇ। ਅੱਜ ਇਨ੍ਹਾਂ ਦੋਹਾਂ ਦੇ ਤੁਰ ਜਾਣ ’ਤੇ ਪਿਆਰ-ਸੱਚ ਇਕ ਤਾਜ ਪਹਿਨੀ—ਮੁਸਕ੍ਰਾਂਦਾ ਬਚ ਗਿਆ ਹੈ, ਫੁੱਲਾਂ ਵਾਂਗ।

**? ਤੁਹਾਡੇ ’ਤੇ ਜ਼ਿਆਦਾ ਪ੍ਰਭਾਵ ਤੁਹਾਡੇ ਪਿਤਾ ਦਾ ਹੈ ਜਾਂ ਮਾਂ ਦਾ?**

- ਕਹਿ ਨਹੀਂ ਸਕਦੀ। ਕਿਉਂ ਕਿ ਦੋਵਾਂ ਦਾ ਆਪਣੀ-ਆਪਣੀ ਕਿਸਮ ਦਾ ਪ੍ਰਭਾਵ ਰਿਹੈ। ਮੰਮੀ ਕਿਉਂ ਕਿ ਬਾਹਰੋਂ ਆਏ ਸਨ, ਵੈਸਟਰਨ ਚੀਜ਼ਾਂ ਉਨ੍ਹਾਂ ਨੇ ਵੇਖੀਆਂ ਸਨ ਭਾਵੇਂ ਬਚਪਨ ਗੁਰੂਕੁਲ ਵਿਚ



**ਪੂਨਮ ਸਿੰਘ ਬੱਚਿਆਂ ਨਾਲ**

ਪੜ੍ਹੇ ਸਨ, ਜਦ ਕਿ ਪਾਪਾ ਨੇ ਪੜ੍ਹਿਆ ਬਹੁਤ ਸੀ, ਫ਼ਰਾਂਸੀਸੀ ਸਾਹਿਤ, ਰੂਸੀ ਸਾਹਿਤ, ਉਰਦੂ ਸਾਹਿਤ, ਸੋ ਆਪਣੇ ਤਰੀਕੇ ਨਾਲ ਉਹ ਬਹੁਤ ਅਗਾਂਹਵਧੂ ਸੋਚ ਦੇ ਸਨ। ਉਹ ਕਵੀ ਤਾਂ ਹੈ ਹੀ ਸਨ, ਬੰਸਰੀ ਵੀ ਵਜਾਂਦੇ ਸਨ। ਮਾਂ ਮੇਰੀ ਰਾਗਾਂ ਦੀ ਜਾਣਕਾਰੀ ਇਕ ਠੋਸ ਵਿਸ਼ਵਾਸ ਨਾਲ ਰੱਖਦੀ ਸੀ, ਭਾਵੇਂ ਬਣੀ ਵਕੀਲ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਵੀ ਇਕ ਸੁੱਚੇ ਸੁਰ ਵਰਗੀ ਇਕ ਲੋਹੇ ਵਰਗੀ ਮਜ਼ਬੂਤੀ ਸੀ ਤੇ ਅਣਝੁਕਤਾ—ਭਾਵੇਂ ਰਾਗ ਦੀ ਨਰਮੀ ਤੇ ਸ਼ਲੋਕ ਦੀ ਡੂੰਘਾਈ ਵੀ ਸੀ। ਉਹ ਸੰਸਕ੍ਰਿਤ ਦੀ ਗਿਆਤਾ ਤੇ ਆਰੀਆ ਸਮਾਜੀ ਪਰਿਵਾਰ ਦੇ ਸਨ, ਮੇਰੇ ਨਾਨੇ ਦੀ ਸਜਗ ਔਲਾਦ—ਜਿਸ ਨੇ ਆਪਣਾ-ਆਪ ਦੇਸ਼ ਦੀ ਤਰੱਕੀ ਲਈ ਵਾਰਿਆ ਹੋਇਆ ਸੀ, ਕਮਿਊਨਿਸਟ ਪਾਰਟੀ ਦੀਆਂ ਸਰਗਰਮੀਆਂ ਰਾਹੀਂ। ਨਿੱਤ ਮੀਟਿੰਗਾਂ, ਜਲਸੇ, ਨਾਟਕ, ਵੀਰ-ਗੀਤਾਂ ਦਾ ਮਾਹੌਲ ਸੀ। ਸਾਡਾ ਘਰ ਹਰ ਇਕ ਲਈ ਖੁੱਲ੍ਹਾ ਸੀ, ਹਰ ਵੇਲੇ ਮੇਲਾ ਲੱਗਾ ਰਹਿੰਦਾ। ਇਸ ਸਭ ਦਾ ਹੀ ਮੇਰੇ 'ਤੇ ਪ੍ਰਭਾਵ ਹੈ।

**? ਆਪਣੇ ਪਿਤਾ ਕਾਮਰੇਡ ਮਦਨ ਲਾਲ ਦੀਦੀ ਦੇ ਜੀਵਨ ਤੇ ਵਿਅਕਤਿਤਵ ਬਾਰੇ ਜ਼ਰਾ ਹੋਰ ਦੱਸੋ।**

- ਮਦਨ ਲਾਲ ਦੀਦੀ ਪੰਜਾਬ ਦੀ ਮਾਂ-ਧਰਤੀ ਦੀ ਸੇਵਾ ਵਿਚ 17 ਸਾਲ ਦੀ ਉਮਰੇ ਆਏ। 67 ਸਾਲਾਂ ਦੀ ਸੇਵਾ ਵਿਚ ਖੁਦ ਆਪਣੇ ਕਿਸੇ ਵੀ ਹੱਕ ਲਈ ਕੋਈ ਲੜਾਈ ਨਹੀਂ ਕੀਤੀ—ਸਗੋਂ ਹਦੀਆਬਾਦ (ਹਾਦੀਆਬਾਦ) ਦੀ—ਹੁਣ ਇਕ ਢੱਠ ਚੁੱਕੀ ਹਵੇਲੀ ਵਿਚ ਜੰਮੇ, ਇਨ੍ਹਾਂ ਆਪਣੇ ਆਪ ਨੂੰ ਮਾਰਕਸਵਾਦੀ ਤੇ ਨਿਰ-ਜਮਾਤ ਕਰਨ ਦੀ ਪੂਰੀ ਵਾਹ ਲਾਈ। ਨਾਨਕਿਆਂ ਦਾ ਲੱਥਾ ਪਹਿਨਿਆ, ਅੰਗ੍ਰੇਜ਼ਾਂ ਦਾ ਲਾਹਿਆ ਰੇੜ੍ਹੀਆਂ ਤੋਂ ਖਰੀਦਿਆ ਤੇ ਪਹਿਨਿਆ ਪਰ, ਪੁਸ਼ਤਾਂ ਤੋਂ ਪੜ੍ਹੇ ਲਿਖੇ ਪਰਿਵਾਰ ਦੇ ਇਸ ਜੀਅ ਨੇ, ਸੂਫ਼ੀ ਨਫ਼ਾਸਤ ਦਾ ਗੁਰ ਲੱਭ ਲਿਆ ਸੀ ਅਤੇ ਹਰ ਮਾਣ-ਅਪਮਾਨ ਵਿਚ ਮੁਸਕਰਾ ਛੱਡਣ ਦਾ। ਦੂਜਿਆਂ ਨੂੰ ਘਾਇਲ ਕਰਨ ਦੀ ਥਾਂ ਉਨ੍ਹਾਂ ਦੇ ਹਿੱਸੇ ਦਾ ਜ਼ਹਿਰ ਵੀ ਆਪ ਪੀ ਛੱਡਣ ਦਾ। ਉਹ ਟ੍ਰੇਡ ਯੂਨੀਅਨਾਂ ਦੀਆਂ ਨੀਹਾਂ ਧਰਨ ਵਾਲੇ ਸਨ—"ਸਾਡਾ ਇਨਕਲਾਬੀ ਜਰਨੈਲ ਸੀ"। ਉਹ ਭਾਵਨਾ ਅਤੇ ਬੁੱਧੀ ਨੂੰ ਰਾਹ ਦੱਸਣ ਵਾਲੇ ਸਨ—"ਇਕ ਸੰਸਥਾ ਸੀ"। "ਸਭਿਅ", "ਸੁਖਾਵਾਂ", "ਸ਼ਾਂਤ", "ਹਸਮੁਖ", "ਹਾਜ਼ਿਰ ਜੁਆਬ", "ਯਾਰਾਂ ਦਾ ਯਾਰ", "ਦੁਸ਼ਮਣਾਂ ਨੂੰ ਵੀ ਇਨਸਾਨਾਂ ਵਜੋਂ ਢਿੱਡ ਨਾਲ ਲਾਉਂਦਾ ਅਤੇ ਨਾਲ ਹੀ ਉਨ੍ਹਾਂ ਨੂੰ ਲੜਾਈ ਵੀ ਦੇਂਦਾ"। "ਨਾ ਹਿੰਦੂ ਰਾਜ, ਨਾ ਖ਼ਾਲਿਸਤਾਨ, ਜੁਗ ਜੁਗ ਜੀਵੇ



ਹਿੰਦੋਸਤਾਨ" - ਉਨ੍ਹਾਂ ਦਾ ਦਿੱਤਾ ਤੇ ਕਾਮਰੇਡ ਡਾਂਗ ਰਾਹੀਂ ਮਸ਼ਹੂਰ ਹੋਇਆ ਨਾਅਰਾ ਹੈ।

"ਦਰਦੇ ਦਾਮਨ ਦਾਮਨ, ਹਸਰਤੇਂ ਨਜ਼ਰ ਨਜ਼ਰ/ਕਤਲਗਾਹ ਗਲੀਆਂ ਬਨੀ, ਮੈਅਕਦੇ ਜ਼ਹਿਰ ਜ਼ਹਿਰ"

ਕਦੇ ਇਰਾਕ ਉਤੇ ਇਹ ਕਵਿਤਾ ਲਿਖੀ ਸੀ ਤਾਂ ਦੇਸ਼ ਦੀਆਂ ਅੱਖਾਂ ਨੂੰ ਦਿਸ ਪਿਆ ਸੀ।

ਆਪਣੇ ਅਕਸ ਵਿਚ ਕਿੰਨੇ ਹੀ ਨੌਜਵਾਨ ਉਨ੍ਹਾਂ ਵਿਗਿਆਨਕ ਅਤੇ ਨਾਲ ਹੀ ਕੋਮਲਭਾਵੀ ਬਣਾਏ—ਗਿਣਤੀ ਕਰਨੀ ਮੁਸ਼ਕਿਲ ਹੈ! ਕਦੇ ਕਿਸੇ ਅਫ਼ਸਰ ਦੇ ਘਰ ਨਹੀਂ ਸਨ ਜਾਂਦੇ! ਉਨ੍ਹਾਂ ਦੀ ਇਸ ਵੱਲੋਂ ਇਕ ਖ਼ਾਸ ਇੱਜ਼ਤ ਹੈ, ਸਰਕਾਰੀ ਘੇਰਿਆਂ ਵਿਚ।

ਪ੍ਰੀਤਲੜੀ ਲਈ ਉਨ੍ਹਾਂ ਦੀ ਸਰਗਰਮ ਸ਼ੁਭ ਇੱਛਾ ਦਹਾਕਿਆਂ ਤੋਂ ਬਣੀ ਆਈ ਸੀ ਅਤੇ ਇਸ ਵਿਚ ਔਰਤਾਂ, ਦਲਿਤਾਂ, ਬੱਚਿਆਂ, ਬਿਮਾਰਾਂ, ਬਜ਼ੁਰਗਾਂ, ਕਲਾਕਾਰਾਂ, ਮਜ਼ਦੂਰਾਂ, ਕਿਸਾਨਾਂ, ਖੇਤ ਮਜ਼ਦੂਰਾਂ ਦੇ ਹਿੱਤ ਵਿਚ ਛਪਦੇ ਮਸੌਦੇ ਲਈ ਥਾਂ ਰੱਖਣ ਲਈ ਇਕ ਮੂਕ ਹਿਦਾਇਤ ਅਤੇ ਸ਼ਾਬਾਸ਼ ਸੀ ਉਨ੍ਹਾਂ ਦੀ ਸਾਨੂੰ।

**? ਬਚਪਨ 'ਚ ਹਰੇਕ ਬੱਚੇ ਦੀ ਇਕ ਸੋਚ ਹੁੰਦੀ ਹੈ, ਸੁਪਨਾ ਹੁੰਦਾ ਹੈ ਕਿ ਮੈਂ ਵੱਡਾ ਹੋ ਕੇ 'ਇਹ' ਬਣਾਂਗਾ, ਤੁਹਾਡੇ ਮਨ ਵਿਚ ਵੀ ਕੋਈ ਇੱਛਾ ਸੀ ਕਿ ਮੈਂ ਵੱਡੀ ਹੋ ਕੇ 'ਇਹ' ਬਣਾਂਗੀ?**

- ਇਕ ਇੱਛਾ ਤਾਂ ਮੈਨੂੰ, ਜਦੋਂ ਮੈਂ ਨੌਵੀਂ-ਦਸਵੀਂ 'ਚ ਸੀ, ਤਾਂ ਇਹ ਸੀ ਕਿ ਮੈਂ ਪਾਇਲਟ ਬਣਾਂਗੀ, ਪਰ ਉਦੋਂ ਕੋਈ ਬਹੁਤ ਪਤਾ ਨਹੀਂ ਸੀ, ਉਦੋਂ ਕੁੜੀਆਂ ਪਾਇਲਟ ਬਣਦੀਆਂ ਵੀ ਨਹੀਂ ਸਨ। ਪਰ ਮੈਨੂੰ ਯਾਦ ਹੈ ਕਿ ਮੈਂ ਉਦੋਂ ਸਕੂਲ ਦੀਆਂ ਕਾਪੀਆਂ 'ਚ ਡ੍ਰਾਇੰਗ ਜਿਹੀ ਬਣਾਂਦੀ ਰਹਿੰਦੀ ਸਾਂ ਕਿ ਮੈਂ ਅੱਗੇ ਹਾਂ, ਤੇ ਪਿਛੇ ਆਰਮੀ ਦੀ ਟੁਕੜੀ ਤੇ ਹੋਰ ਪਤਾ ਨਹੀਂ ਕੀ-ਕੁਝ। ਸ਼ਾਇਦ ਮੈਨੂੰ ਇਕ ਲੀਡਰਸ਼ਿਪ ਦੇਣ ਦਾ ਇਰਾਦਾ ਜਾਂ ਸ਼ੌਕ ਸੀ। ਸ਼ੁਰੂ ਤੋਂ ਹੀ ਪਾਰਟੀ ਦੀਆਂ ਸਰਗਰਮੀਆਂ ਦੇਖਦੀ ਰਹੀ, ਜਲਸਿਆਂ-ਜਲੂਸਾਂ ਵਿਚ ਹੀ ਤਕਰੀਬਨ ਵੱਡੇ ਹੋਏ ਆਂ, ਇਸ ਕਰਕੇ ਮੈਨੂੰ ਤਾਂ ਇਹ ਪੱਕਾ ਪਤਾ ਸੀ ਕਿ ਲੋਕਾਂ ਨਾਲ ਜੁੜ ਕੇ ਲੋਕਾਂ ਲਈ ਹੀ ਕੋਈ ਕੰਮ ਕਰਨਾ ਹੈ।

**? ਜੱਥੇਬੰਦਕ ਤੌਰ 'ਤੇ ਕਦੋਂ ਪਾਰਟੀ ਨਾਲ ਜੁੜੇ?**

- ਮੈਂ ਇਕ ਵਾਰੀ ਮੈਂਬਰ ਵੀ ਬਣੀ ਸੀ। ਕਾਮਰੇਡ ਅਵਤਾਰ ਸਿੰਘ ਮਲਹੋਤਰਾ ਹੁਰਾਂ ਨੇ ਮੈਨੂੰ ਡਿਸਟ੍ਰਿਕਟ ਕਮੇਟੀ ਦਾ ਮੈਂਬਰ ਬਣਾ ਲਿਆ ਸੀ—ਉਦੋਂ ਮੈਂ ਸਿਰਫ਼ 16 ਕੁ ਸਾਲ ਦੀ ਸੀ। ਹਾਲਾਂਕਿ ਮੇਰੇ ਫ਼ਾਦਰ ਨੂੰ ਲੱਗਿਆ ਕਿ ਹਾਲੇ ਬਹੁਤ ਛੋਟੀ ਹੈ...ਸ਼ਾਇਦ ਉਨ੍ਹਾਂ ਦਾ ਆਪਣਾ ਤਜਰਬਾ ਇਹ ਸੀ ਕਿ ਉਹ ਬਹੁਤ ਹੀ ਛੋਟੀ ਉਮਰੇ ਪਾਰਟੀ ਹੋਲ ਟਾਈਮਰ ਬਣ ਗਏ ਸਨ, ਜਦੋਂ ਅਜੇ ਹੋਰ ਪੜ੍ਹਨਾ ਵੀ ਠੀਕ ਰਹਿੰਦਾ। ਬੜੀਆਂ ਲੰਮੀਆਂ-ਲੰਮੀਆਂ ਮੀਟਿੰਗਾਂ ਹੋਣੀਆਂ! ਮੈਂ ਸਟੂਡੈਂਟਸ ਮੂਵਮੈਂਟ 'ਚ ਵੀ ਕੰਮ ਕੀਤਾ। ਇਕ ਸਟਰਾਈਕ ਵੀ ਮੈਂ ਹੀ ਕਰਵਾਈ ਉਦੋਂ, ਆਪਣੇ ਗਵਰਨਮੈਂਟ ਕਾਲਜ 'ਚ—ਉਹ ਪਹਿਲੀ ਸਟਰਾਈਕ ਹੀ ਸੀ ਗਵਰਨਮੈਂਟ ਕਾਲਜ ਫ਼ਾਰ ਵਿਮੈਨ 'ਚ।

**? ਕਿਸ ਪ੍ਰਸੰਗ ਵਿਚ?**

- ਪ੍ਰਸੰਗ ਇਹ ਸੀ ਕਿ ਟੀਚਰ ਜੋ ਮਾਰਕਿੰਗ ਕਰਦੇ ਸਨ, ਉਸ ਵਿਚ ਇਕ ਵਾਰ ਸਪੱਸ਼ਟ ਹੀ ਬਹੁਤ ਫ਼ਰਕ ਦਿਸਿਆ। ਸਮਝ ਲਓ ਕਿ ਕਮਰਸ਼ੀਅਲ ਮਾਰਕਿੰਗ ਪਹਿਲੀ ਵਾਰ ਦਿਖੀ। ਉਦੋਂ ਹੀ ਮੁੰਡਿਆਂ ਦੇ ਕਾਲਜ 'ਚ, ਗਵਰਨਮੈਂਟ ਕਾਲਜ ਫ਼ਾਰ ਮੈੱਨ 'ਚ, ਸਟਰਾਈਕ, ਹੋਰ ਕਾਲਜਾਂ ਵਿਚ ਵੀ ਧਰਨੇ, ਹੰਝੂ ਗੈਸ, ਵਗੈਰਾ, ਬੜਾ ਕੁਝ ਹੋ ਰਿਹਾ ਸੀ। ਮੈਨੂੰ ਲੱਗਿਆ ਕਿ ਸਾਡੇ ਕਾਲਜ 'ਚ ਵੀ ਕੁਝ ਹੋਣਾ ਚਾਹੀਦਾ ਹੈ। ਉਦੋਂ ਮੈਂ ਪਾਰਟ ਵਨ 'ਚ ਸੀ, ਜਾਂ ਸ਼ਾਇਦ ਅਜੇ ਪਰੈੱਪ 'ਚ ਹੀ ਸੀ, ਮੈਂ ਬਸ ਨੋਟਿਸਜ਼ ਲਗਾਣੇ ਸ਼ੁਰੂ ਕਰ ਦਿੱਤੇ ਨੋਟਿਸ ਬੋਰਡ 'ਤੇ, ਕਿ ਤੁਸੀਂ ਕੁੜੀਆਂ ਕੁਝ ਵੀ ਨਹੀਂ ਕਰੋਗੀਆਂ, ਇਸ ਤਰ੍ਹਾਂ ਮੁੰਡੇ ਇਕੱਲੇ ਔਖਾਂ ਝੱਲਣਗੇ! ਅਮਰਜੀਤ ਚੰਦਨ ਦੀ ਵਾਈਫ਼ ਸ਼ਕੁੰਤਲਾ ਦੀ ਇਕ ਸਿਸਟਰ ਹੈ ਰਾਜਬਾਲਾ, ਉਹ ਮੇਰੇ ਨੋਟਿਸ

ਪੜ੍ਹ ਕੇ ਮੇਰੇ ਨਾਲ ਖਲੋ ਗਈ। ਮੂਵਮੈਂਟ ਦਾ ਸਮਾਂ ਸੀ, ਇਸ ਲਈ ਅੱਛਾ ਇਕ ਮਾਹੌਲ ਜਿਹਾ ਬਣ ਗਿਆ। ਫੇਰ ਸਾਰੇ ਕਾਲਜ 'ਚ ਸਟਰਾਈਕ ਹੋਈ। ਅਥਾਰਟੀਜ਼ ਦਾ ਉਦੋਂ ਐਟੀਚਿਊਡ ਇਹ ਸੀ ਕਿ ਟੀਚਰ ਗ਼ਲਤ ਮਾਰਕਿੰਗ ਕਰ ਹੀ ਨਹੀਂ ਸਕਦੇ, ਤੁਸੀਂ ਇਹ ਕਿਸ ਤਰ੍ਹਾਂ ਸੋਚ ਲਿਆ। ਪਰ ਇਹ ਟਰੈਂਡ ਉਦੋਂ ਸ਼ੁਰੂ ਹੋ ਚੁੱਕਿਆ ਸੀ, ਸੋ ਰੀ-ਇਵੈਲਿਊਏਸ਼ਨ ਵਾਸਤੇ ਅਸੀਂ ਇਕ ਲਾਅ ਬਣਵਾਇਆ।

**? ਤੁਹਾਡੇ ਲਈ 'ਮਾਰਕਸਵਾਦ' ਦੇ ਕੀ ਅਰਥ ਹਨ?**

- ਅਕਬਰ ਬਾਦਸ਼ਾਹ ਨੇ 'ਸੁਲਹਿਕੁਲ' ਦੀ ਧਾਰਨਾ ਦਿੱਤੀ—ਯਾਨੀ ਸਾਰੀ ਦੁਨੀਆ ਦੀ ਸੁਲਹ। ਇਸੇ ਤਰ੍ਹਾਂ ਸਰਬੱਤ ਦਾ ਭਲਾ ਅਤੇ ਦੁਨੀਆ ਇਕ ਪਰਿਵਾਰ ਹੈ, ਦੀ ਧਾਰਨਾ ਵਿਚ ਹੀ ਮਨੁੱਖੀ ਦਿਲ ਧੜਕਦਾ ਹੈ ਤੇ ਮਾਰਕਸਵਾਦ ਵੀ ਇਸਦਾ, ਜ਼ਿੰਦਗੀ ਦਾ, ਹਿੱਸਾ ਹੈ—ਬਦਲ ਨਹੀਂ!

**? ਖੱਬੀਆਂ ਪਾਰਟੀਆਂ ਦੇ ਭਾਰਤ, ਖ਼ਾਸ ਕਰਕੇ ਪੰਜਾਬ ਵਿਚ ਪੈਰ ਨਾ ਜੰਮਣ ਅਤੇ 34 ਸਾਲਾਂ ਬਾਅਦ ਪੱਛਮੀ ਬੰਗਾਲ ਵਿਚੋਂ ਪੈਰ ਉਖੜਨ ਦੇ ਤੁਸੀਂ ਕੀ ਕਾਰਨ ਵੇਖਦੇ ਹੋ?**

- ਮੁੱਖ ਕਾਰਨ ਹੈ ਏਕਤਾ ਦੀ ਘਾਟ ਤੇ ਅਰਾਸ਼ਟਰਵਾਦੀ ਨਜ਼ਰੀਆ। ਪਰ ਏਕਤਾ, ਅਨੇਕਤਾ ਨੂੰ ਸਮੋਅ ਕੇ ਆਉਂਦੀ ਹੈ, ਨਿਖੇੜ ਕੇ ਨਹੀਂ। ਇਸ ਦੇ ਨਾਲ ਹੀ ਦਲਿਤਾਂ ਦੇ ਵਿਸ਼ੇ ਨੂੰ ਖੱਬੀਆਂ ਪਾਰਟੀਆਂ ਜਮਾਤੀ-ਸੰਘਰਸ਼ ਦੇ ਹੇਠ ਹੀ ਦੇਖਦੀਆਂ ਹਨ ਤੇ ਇਸ ਲਈ ਹੀ ਸ਼ਾਇਦ ਦਲਿਤਾਂ ਦੇ ਕਈ ਗੱਠਜੋੜ ਹੋਂਦ ਵਿਚ ਆਏ ਹਨ। ਹੁਣ ਇਸ ਪੱਖੋਂ ਕੁਝ ਦਰੁਸਤੀ ਹੋ ਰਹੀ ਹੈ? ਭਾਵੇਂ ਮਜਬੂਰਨ? ਔਰਤ ਦੇ ਵੱਖਰੇ ਮਸਲਿਆਂ ਨੂੰ ਅਜੇ ਜਮਾਤੀ ਸੰਘਰਸ਼ ਦੇ ਹੇਠਾਂ ਹੀ ਦਬਾਅ ਕੇ ਰੱਖਿਆ ਜਾ ਰਿਹਾ ਹੈ, ਭਾਵੇਂ ਦੇਸ਼ ਨੇ ਔਰਤ ਦੇ ਮਸਲੇ ਨੂੰ ਖ਼ਾਸ ਚੁੱਕ ਲਿਆ ਹੈ- ਕਾਨੂੰਨੀ, ਸਮਾਜਕ ਤੌਰ 'ਤੇ। ਵਿਅਕਤੀ ਨਹੀਂ, ਜਮਾਤ ਦੀਆਂ ਐਨਕਾਂ ਮੁਤਾਬਿਕ ਹੀ ਸਿਰਫ਼ ਦੇਖਿਆ ਜਾ ਰਿਹਾ ਹੈ, ਜਦ ਕਿ ਜਮਾਤੀ ਸੰਘਰਸ਼ ਵੀ ਧੁੰਦਲਾਅ ਗਿਆ ਹੈ। ਭਾਵੇਂ ਪੰਜਾਬ ਵਿਚ ਗ਼ਦਰ ਪਾਰਟੀ ਦੇ ਵਿਰਸੇ ਉਤੇ ਖੱਬੀਆਂ ਪਾਰਟੀਆਂ, ਕਹਿ ਲਓ ਸੀ. ਪੀ. ਐਮ., ਦੀ ਪਕੜ ਹੈ, ਪਰ ਫੇਰ ਵੀ ਉਹ ਅਰਾਸ਼ਟਰਵਾਦੀ ਨਜ਼ਰੀਏ ਦੇ ਵਧੇਰੇ ਨੇੜੇ ਹਨ। ਦੇਸ਼ ਦੇ ਸਰਵ-ਪੱਖੀ ਤੇ ਸਰਵ-ਵਿਆਪਕ ਵਿਕਾਸ ਦੀ ਗੱਲ ਨਾ ਕਰ ਕੇ ਜਮਾਤੀ ਸੰਘਰਸ਼ ਤੱਕ ਹੀ ਸੀਮਿਤ ਰਹਿਣਾ ਵੀ ਇਕ ਵੱਡਾ ਕਾਰਨ ਹੈ। ਜਮਾਤੀ ਸੰਘਰਸ਼ ਇਕ ਸੱਚਾਈ ਹੈ, ਪਰ ਸਰਮਾਏਦਾਰੀ/ਨਵ-ਸਮਰਾਜ ਇਸ ਬਾਰੇ ਨਵੀਂ ਜਾਣਕਾਰੀ ਅਤੇ ਵਿਗਿਆਨਕ ਸਮਝ ਦੇ ਮੁਤਾਬਕ ਸਿੱਖਦੇ ਹੋਏ ਢਲਣਸ਼ੀਲ ਅਤੇ ਰਚਨਾਤਮਕ, ਸਿਰਜਣਸ਼ੀਲ ਰਾਹ ਲੱਭਦੇ ਹਨ। ਇਸ ਲਈ ਉਹ ਹਮੇਸ਼ਾ ਅੱਗੇ-ਅੱਗੇ ਰਹਿੰਦੇ ਹਨ। ਜਿਵੇਂ, ਮਨੋਵਿਗਿਆਨਕ ਸਮਝ ਨੂੰ ਅਪਨਾਉਣਾ, ਹਰ ਗੁੱਟ ਦੀ ਮਨੋਵਿਗਿਆਨਕ-ਇਤਿਹਾਸਕ-ਸਮਾਜਕ ਲੋੜ-ਰੀਝ ਨੂੰ ਇਕ ਸੰਦ ਵਾਂਗ ਵਰਤਣਾ। ਕਿਸੇ ਨੇ ਕਿਹਾ ਹੈ ਕਿ, "ਸਰਮਾਏਦਾਰੀ ਇਸ ਲਈ ਸਫਲ ਹੈ ਕਿਉਂਕਿ ਉਹ ਤੁਹਾਨੂੰ ਛਿੱਲ ਰਹੀ ਹੁੰਦੀ ਹੈ ਤੇ ਤੁਸੀਂ ਬਾਗੋਬਾਗ ਹੋ ਰਹੇ ਹੁੰਦੇ ਹੋ।"

**? ਆ ਰਹੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੇ ਬਣ ਰਹੇ ਸਿਆਸੀ ਦ੍ਰਿਸ਼ ਬਾਰੇ ਤੁਹਾਡੇ ਕੀ ਅਨੁਮਾਨ ਜਾਂ ਉਮੀਦਾਂ ਹਨ? (ਇਹ ਸੁਆਲ ਅਪਰੈਲ-ਮਈ 2014 ਵਿਚ ਹੋਈਆਂ 16ਵੀਆਂ ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਪੁੱਛਿਆ ਗਿਆ ਸੀ)।**

- ਕਾਂਗਰਸ ਅਜੇ ਵੀ ਸਭ ਤੋਂ ਚੰਗੀ ਉਮੀਦ ਹੈ ਮੁਲਕ ਦੀ ਸਾਂਵੀ ਤਰੱਕੀ ਲਈ। ਵਿਗਿਆਨ ਜੋ ਵੀ ਬਿਹਤਰ ਹੱਲ ਸਾਮ੍ਹਣੇ ਲਿਆਵੇਗਾ ਗ਼ਰੀਬਾਂ ਲਈ ਸਹੂਲਤ ਅਤੇ ਸੁੱਖ ਵਧਾਉਣ ਦਾ, ਉਸਨੂੰ ਇਹ ਕਬੂਲੇਗੀ ਜ਼ਰੂਰ। ਕਾਂਗਰਸ ਦੇ ਖ਼ਿਲਾਫ਼ ਤਾਕਤ ਲਾਉਣੀ ਅਤੇ ਇਕ ਵਾਰ ਫੇਰ ਫ਼ਿਰਕਾਪ੍ਰਸਤਾਂ ਦੇ ਹੱਥ ਖੇਡ ਜਾਣਾ ਸਮਝ 'ਚ ਆਉਣ ਵਾਲੀ ਗੱਲ ਨਹੀਂ ਹੈ। ਦੋ ਹੀ ਰਾਹ ਨੇ। ਇਕ ਮਨੁੱਖ ਦੇ ਸੰਸਕਾਰਾਂ ਦੀ ਆਵਾਜ਼, ਇਕ ਅੱਗ ਲਾਉਣ ਵਿਚੋਂ ਲਾਹਾ ਲੱਭਦੀ ਬਿਮਾਰ ਆਵਾਜ਼। ਅੱਜ 17 ਅਗਸਤ 2015 ਨੂੰ ਰਾਹੁਲ ਗਾਂਧੀ ਨੇ ਮਨਮੋਹਨ ਸਿੰਘ ਯਾਨੀ ਸਮੇਂ ਦੀ ਤਾਕਤ ਨਵ-ਉਦਾਰਵਾਦ ਦੀ ਮੰਨੀ ਹੁੰਦੀ ਤਾਂ ਮੋਦੀ ਨਾ ਆਉਂਦੇ।



**? 'ਪ੍ਰੀਤਲੜੀ' ਲਈ ਸੰਪਾਦਕੀ ਲਿਖਦਿਆਂ ਸਭ ਤੋਂ ਪ੍ਰਮੁੱਖ ਗੱਲ ਤੁਹਾਡੇ ਦਿਮਾਗ਼ ਵਿਚ ਕੀ ਹੁੰਦੀ ਹੈ?**

- 'ਪ੍ਰੀਤਲੜੀ' ਨੂੰ ਅਸੀਂ ਆਮ ਲੋਕਾਂ ਲਈ ਜ਼ਰੂਰੀ ਦੁਰਲੱਭ ਤਾਕਤਾਂ ਲੱਭਦੇ ਅਹਿਸਾਸਾਂ, ਲਫ਼ਜ਼ਾਂ, ਤਸਵੀਰਾਂ, ਸਾਂਝਾਂ ਅਤੇ ਕਾਰਜਾਂ ਦਾ ਇਕ ਮੰਚ ਕਿਹਾ ਹੈ, ਤਾਂ ਜੋ ਮਨਾਂ, ਟੱਬਰਾਂ, ਗੁੱਟਾਂ, ਪਿੰਡਾਂ, ਕਸਬਿਆਂ, ਸ਼ਹਿਰਾਂ, ਰਾਜਧਾਨੀਆਂ... ਦੇ ਕੰਮ ਕਾਰ ਉਤੇ ਚੰਗਾ, ਇਨਸਾਨਪ੍ਰਸਤ, ਲੋਕਤੰਤਰੀ, ਧਰਮਨਿਰਪੇਖ, ਸਾਂਝੀਵਾਲ, ਖ਼ੁਸ਼ਦਿਲ, ਗੱਲ ਕੀ, ਮੁਹੱਬਤੀ ਅਸਰ ਪਾਇਆ ਜਾ ਸਕੇ। ਸੰਪਾਦਕੀ ਲਿਖਦਿਆਂ ਆਪਣੇ ਕਹੇ ਇਨ੍ਹਾਂ ਬੋਲਾਂ ਨੂੰ ਹੀ ਪੁਗਾਉਣ ਦੀ ਕੋਸ਼ਿਸ਼ ਰਹਿੰਦੀ ਹੈ। ਸਮੇਂ ਦੀ ਨਬਜ਼ ਨੂੰ ਪਛਾਣਨਾ ਜ਼ਰੂਰੀ ਹੁੰਦਾ ਹੈ—ਉਸ ਦੇ ਉਲਟ ਜਾਣ ਨੂੰ ਸਕੀ ਮਾਂ ਵੀ ਨਹੀਂ ਕਹਿੰਦੀ—ਪਰ 'ਖੱਬਾ' ਦੋਗਲਾ ਬਣਾ ਰਿਹਾ ਹੈ ਪਰਿਵਾਰਾਂ ਨੂੰ।

**? "ਆਖਣਿ ਅਉਖਾ ਸਾਚਾ ਨਾਉ"- ਤੁਹਾਡੇ ਲਈ ਸੱਚ ਲਿਖਣਾ, ਸੱਚ ਦਾ ਸਾਥ ਦੇਣਾ ਕਿੰਨਾ ਕੁ ਔਖਾ ਹੁੰਦਾ ਹੈ?**

- ਸੱਚ ਕਹਿਣ ਦੀ ਹਿੰਮਤ ਪਿਓ ਨੇ ਦਿੱਤੀ। ਵੱਡੇ ਤੋਂ ਵੱਡਾ ਸੱਚ ਦੱਸ ਦਿਓ, ਉਹ ਓਨੇ ਹੀ ਖ਼ੁਸ਼ ਹੁੰਦੇ। ਸੱਚ ਲੱਭਣਾ, ਸਮਝਣਾ ਸਿਖਾਇਆ ਉਨ੍ਹਾਂ। ਮੇਰੀਆਂ ਸੰਪਾਦਕੀਆਂ ਪੜ੍ਹ ਕੇ ਮੇਰੇ ਪਾਪਾ ਨੇ ਅਕਸਰ ਮੁਸਕਰਾ ਕੇ ਕਹਿਣਾ- "ਕਿਸੇ ਨੂੰ ਸਮਝ ਨਹੀਂ ਆਉਂਦੀਆਂ, ਨਹੀਂ ਤਾਂ ਤੇਰਾ ਗਾਟਾ ਲਾਹ ਦੇਣ।" ਉਨ੍ਹਾਂ ਨੂੰ ਫ਼ਿਕਰ ਵੀ ਹੁੰਦਾ, ਪਰ ਰੋਕਣਾ ਬਿਲਕੁਲ ਨਾ। ਸੱਚ ਤਾਂ ਵੈਸੇ ਵੀ ਇਕ ਮਰ-ਮਿਟਣ ਵਾਲੀ ਚੀਜ਼ ਹੈ। ਪਰ ਸੱਚ ਤੇ ਮੁਹੱਬਤ ਦਾ ਇਕ ਰਿਸ਼ਤਾ ਹੈ। ਮੁਹੱਬਤ ਯਾਨੀ ਹੋ-ਵਾਪਰ ਰਹੇ ਨੂੰ ਵੀ ਅਸਲੀ ਜਾਣ ਕੇ ਕਬੂਲਣਾ ਤੇ ਰਾਹ ਵੀ ਲੱਭਦੇ ਰਹਿਣਾ। ਪਿਤਾ ਤੇ ਮਾਤਾ ਚੁੱਪ ਹੋ ਗਏ। ਪਾਸੇ ਕੀਤੇ ਕਾਮਰੇਡਾਂ 'ਚੋਂ ਸਨ। ਬੇਸ਼ੱਕ ਪਾਰਟੀ ਨਾ ਛੱਡੀ ਪਰ ਤਾਂ ਵੀ ਸ਼ੱਕ ਦੀ ਨਿਗਾਹ ਨਾਲ ਦੇਖੇ ਜਾਂਦੇ।

**? ਪੰਜਾਬੀ ਦੇ ਮਾਣਮੱਤੇ ਸਾਹਿਤਕਾਰ ਸੁਖਬੀਰ ਜੀ (ਹੁਣ ਨਹੀਂ ਰਹੇ) ਦਾ ਕਥਨ ਹੈ ਕਿ "ਨਿਰਲੇਪਤਾ ਹਰ ਕਲਾ ਵਿਚ ਜ਼ਰੂਰੀ ਹੈ, ਸੰਬੰਧਾਂ ਵਿਚ ਵੀ।"—ਸੰਪਾਦਕ ਵਜੋਂ 'ਪ੍ਰੀਤਲੜੀ' ਲਈ ਰਚਨਾਵਾਂ ਦੀ ਚੋਣ ਕਰਨ ਵੇਲੇ ਤੁਸੀਂ ਕਿਹੜੇ ਮਾਪਦੰਡ ਅਪਨਾਉਂਦੇ ਹੋ? ਕੀ ਕਦੇ-ਕਦਾਈਂ ਕੋਈ ਰਿਆਇਤ ਵੀ ਵਰਤਣੀ ਪੈ ਜਾਂਦੀ ਹੈ?**

- ਸੱਚ ਦੀ ਭਾਲ ਵਿਚ, ਜਿਗਿਆਸੂ 'ਤੇ ਹੀ ਨਜ਼ਰ ਹੈ, ਸਥਾਪਤ-ਅਣਸਥਾਪਤ ਵੱਲ ਧਿਆਨ ਨਹੀਂ ਹੈ। ਨਵੇਂ ਖ਼ਿਆਲ, ਮੌਲਿਕ ਨਿਭਾਅ ਵੱਲ ਧਿਆਨ ਹੈ, ਜਾਂ ਜਾਣਕਾਰੀ ਵਧਾਉਣ ਵਾਲੀ ਚੀਜ਼ ਵੱਲ। ਫ਼ਾਰਮੂਲਾਵਾਦ, ਭਾਵੇਂ ਖੱਬੇ-ਪੱਖੀ ਹੋਵੇ ਭਾਵੇਂ ਸੱਜੇ-ਪੱਖੀ, ਨਹੀਂ ਭਾਉਂਦਾ। ਲੱਚਰਤਾ 'ਲੱਚਰਤਾ ਲਈ' ਤੋਂ ਪਰਹੇਜ਼ ਹੈ, ਬੇਸ਼ੱਕ ਨੰਗੇਜ਼ ਨੂੰ ਹੀ ਲੱਚਰਤਾ ਨਹੀਂ ਸਮਝਦੀ। ਨਿੱਜੀ ਤਜਰਬੇ ਨੂੰ ਈਮਾਨਦਾਰੀ ਨਾਲ ਦਿੱਤਾ ਹੋਵੇ, ਨਵੀਂ ਜਾਂ ਪੁਰਾਣੀ ਕਲਮ ਵੱਲੋਂ। ਕਿਸੇ ਛਪ ਚੁੱਕੀ ਚੀਜ਼ ਨੂੰ ਮੁੜ ਛਾਪਣ ਤੋਂ ਵੀ ਬਹੁਤਾ ਪਰਹੇਜ਼ ਨਹੀਂ ਹੈ, ਜੇ ਜਾਪਦਾ ਹੋਵੇ ਕਿ ਇਹ ਸਾਡੇ ਪਾਠਕਾਂ ਦੀ ਨਜ਼ਰ ਵਿਚ ਲਿਆਉਣ ਵਾਲੀ ਚੀਜ਼ ਹੈ।

ਅਕਸਰ ਅੰਗਰੇਜ਼ੀ, ਹਿੰਦੀ, ਉਰਦੂ ਵਿਚ ਕੁਝ ਨਵੇਂ ਜਾਂ ਹਟਵੇਂ ਨਜ਼ਰੀਏ ਦਿਸਦੇ ਹਨ- ਅਖ਼ਬਾਰੀ ਲੇਖਾਂ ਵਿਚ ਜਾਂ ਸਾਹਿਤ ਵਿਚ। ਉਨ੍ਹਾਂ ਨੂੰ ਅਨੁਵਾਦ ਕਰਦੀ ਹਾਂ। ਉਰਦੂ ਦੇ, ਪਾਕਿਸਤਾਨੀ ਕਹਾਣੀ-ਕਵਿਤਾ ਦੇ ਅਨੁਵਾਦ ਚੰਗੇ ਲੱਗਣ, ਉਹ ਵੀ ਛਾਪਦੀ ਹਾਂ। ਪਾਕਿਸਤਾਨ ਵੱਲ ਤਾਂ ਬਕੌਲ ਫ਼ੈਜ਼ ਇਕ 'ਖਿੜਕੀ ਖੁੱਲ੍ਹੀ' ਰੱਖਣ ਦੀ ਪਹਿਲ ਰਹੀ ਹੀ ਹੈ।

ਕੋਸ਼ਿਸ਼ ਰਹੀ ਹੈ ਜਿਸ ਤਰ੍ਹਾਂ ਦੀ ਚੀਜ਼ ਹੋਰ ਪੰਜਾਬੀ ਅਖ਼ਬਾਰਾਂ-ਰਸਾਲਿਆਂ ਵਿਚ ਪਹਿਲਾਂ ਹੀ ਕਵਰ ਹੋ ਰਹੀ ਹੈ, ਉਸ ਤੋਂ ਵੱਖਰੀਆਂ ਚੀਜ਼ਾਂ ਨੂੰ ਥਾਂ ਦੇਈਏ। ਤਰਕਸ਼ੀਲਾਂ ਨੂੰ, ਮਨੋਵਿਗਿਆਨਕ ਡਾਕਟਰਾਂ ਨੂੰ, ਨਸ਼ਾ-ਛੁਡਾਊ ਜਾਣਕਾਰੀ ਨੂੰ, ਜਿਵੇਂ ਬਣਿਆ, ਸਭ ਤੋਂ ਪਹਿਲਾਂ ਥਾਂ ਦਿੰਦੇ ਆਏ, ਫਿਰ ਉਨ੍ਹਾਂ ਆਪਣੇ ਰਸਾਲੇ ਕੱਢ ਲਏ ਹਨ, ਜੋ ਮੁਬਾਰਕ ਕਦਮ ਹੈ। ਇਕ ਵਾਰ ਇਕ ਪੂਰਾ ਨਾਵਲ ਇਕੋ ਅੰਕ ਵਿਚ ਛਾਪ

ਲਿਆ ਸੀ (ਪਨਾਹਗੀਰ), ਤੇ ਲੜੀਵਾਰ ਨਾਵਲ ਵੀ ਦੇ ਰਹੇ ਹਾਂ, ਖ਼ਾਸ ਉਤਸੁਕਤਾ ਜਗਾਂਦੇ, ਭਾਵੇਂ ਅਣਗੌਲੇ ਤੇ ਅਣਸਥਾਪਤ ਲੇਖਕਾਂ ਦੇ।

ਔਰਤਾਂ, ਦਲਿਤਾਂ, ਬਾਲਾਂ ਵੱਲ ਖ਼ਾਸ ਧਿਆਨ ਹੈ, ਭਾਵੇਂ ਭਾਵਨਾਵਾਂ ਦੇ ਵਹਾਅ ਨਾਲੋਂ ਹੱਲ ਲੱਭਣ ਵੱਲ ਵਧੇਰੇ ਝੁਕਾਅ ਹੈ। ਰਿਆਇਤ ਨਹੀਂ ਵਰਤੀਦੀ, ਪਰ ਸੌ ਵਿਚੋਂ ਇਕ-ਅੱਧ ਵਾਰ ਸ਼ਾਇਦ ਹੋ ਵੀ ਜਾਂਦੀ ਹੋਵੇ! ਇਹ ਵੀ ਠੀਕ ਹੈ ਕਿ ਸਥਾਪਤ ਲੇਖਕ ਰਚਨਾਵਾਂ ਨਹੀਂ ਭੇਜਦੇ ਰਹੇ। ਇਹ ਨਕਸਲਵਾਦ ਦਾ ਅਸਰ ਵੀ ਹੈ, ਤੇ ਨਿੱਜੀ ਕਮਜ਼ੋਰੀਆਂ ਵੀ ਹੋਣਗੀਆਂ। ਪਰ ਕਈਆਂ ਨਿੱਜੀ ਪਿਆਰ ਦਿਖਾਇਆ ਹੈ।

**? ਹੁਣੇ ਤੁਸੀਂ ਔਰਤਾਂ ਦੀ ਗੱਲ ਕੀਤੀ ਹੈ, ਭਰੂਣ ਬਣਨ ਤੋਂ ਲੈ ਕੇ ਭਸਮ ਬਣਨ ਤੱਕ ਔਰਤ ਪ੍ਰਤੀ ਘਰ ਅੰਦਰ ਤੇ ਘਰੋਂ ਬਾਹਰ ਪੱਖਪਾਤੀ ਤੇ ਦਮਨਕਾਰੀ ਰਵੱਈਆ ਅਪਨਾਇਆ ਜਾਂਦਾ ਹੈ, ਕੀ ਇਹ ਜ਼ਿਹਨੀ ਤੇ ਜਿਸਮਾਨੀ ਦਮਨ-ਚੱਕਰ ਕਦੇ ਰੁਕੇਗਾ, ਕੀ ਸੰਸਦ ਵਿਚ ਔਰਤਾਂ ਨੂੰ 33% ਰਾਖਵਾਂਕਰਨ ਦੇ ਦੇਣਾ ਹੀ ਕਾਫ਼ੀ ਹੈ?**

- ਔਰਤ, ਅਤੇ ਦਲਿਤਾਂ, ਲਈ ਸੰਸਦ ਵਿਚ ਰਾਖਵਾਂਕਰਨ ਕੋਈ ਦਾਨ ਨਹੀਂ ਹੈ, ਖੋਹੀਆਂ ਗਈਆਂ ਆਬਰੂਆਂ ਦੀ ਵਾਪਿਸੀ ਦੀ ਸ਼ੁਰੂਆਤ ਮਾਤਰ ਹੈ।

ਗੰਭੀਰ ਸੋਚ ਦੱਸ ਦੇਵੇਗੀ ਕਿ ਔਰਤ ਨੂੰ ਵੀ ਮਰਦ ਹੀ ਵਾਂਗ ਨਾ "ਪੂਜਣ" ਨੇ ਅਜਿਹਾ ਦਿਨ ਵਿਖਾਇਆ ਹੈ। ਨਵੇਂ ਜੰਮੇ ਮੁੰਡੇ ਦੇ ਲਿੰਗ ਨੂੰ ਚੁੰਮੇ ਜਾਂਦੇ, ਉਸਦੇ ਗੀਤ ਗਾਏ ਜਾਂਦੇ ਵੇਖੇ ਹਨ ਅਸੀਂ- ਕਦੇ ਅਜਿਹਾ ਲਾਡ ਕੁੜੀ ਨੂੰ ਵੀ ਕੀਤਾ ਜਾਂਦਾ ਸੀ। ਹਰ ਕੰਮ ਕਰਨ ਤੋਂ ਪਹਿਲਾਂ - ਸਿੰਧ ਵਾਦੀ ਦੀਆਂ ਮੁਹਰਾਂ ਗਵਾਹ ਹਨ - ਕੁਦਰਤ ਨੂੰ ਘੜੂ ਇਹ ਮਰਦ-ਤ੍ਰੀਮਤ ਤਾਕਤ ਦਾ, ਦੋਹਾਂ ਦਾ ਹੀ, ਓਸੇ ਤਰ੍ਹਾਂ ਨਾ ਲਿਆ ਜਾਂਦਾ ਸੀ, ਸਹੁੰ ਖਾਧੀ ਜਾਂਦੀ ਸੀ, ਜਿਵੇਂ ਅੱਜ ਰੱਬ ਦੇ 'ਇੱਕ' ਹੋਣ ਵਾਲੀ ਸੋਚ ਦੀ ਵਡਿਆਈ ਹੁੰਦੀ ਹੈ। ਉਦੋਂ ਰੱਬ ਹੀ 'ਦੋ' ਸੀ। Dual-Sex God ਸਿਰਫ਼ ਭਾਰਤ ਨਹੀਂ ਯੂਰਪ ਵਿਚ ਵੀ ਪੂਜ ਸੀ, ਚੀਨ ਵਿਚ ਵੀ, ਅਫ਼ਰੀਕਾ ਵਿਚ ਵੀ। ਇਕ ਰੱਬਤਾ ਆਉਣ ਦੀ ਵਜ੍ਹਾ ਸ਼ਾਇਦ ਜਾਇਦਾਦ ਤੇ ਵਿਆਹ ਦੀ ਸੰਸਥਾ ਹਨ। 'ਮੇਰੀ ਬਣਾਈ ਜਾਇਦਾਦ ਕਿਸ ਨੂੰ ਜਾਵੇ' ਦਾ ਮਸਲਾ! ਇਹੋ ਅੱਗੋਂ ਔਰਤਾਂ ਦੀ ਕੈਦ ਤੇ ਹੇਠੀ ਦੀ ਵਜ੍ਹਾ ਬਣਦੀ ਗਈ। ਭਰਾ ਤੇ ਪਿਓ ਕੁੜੀ ਦੇ ਤਾ-ਉਮਰ ਸੇਵਕ ਹੁੰਦੇ ਸਨ, ਉਹ ਕੰਮ ਕੁੜੀ ਭਰੂਣ-ਹੱਤਿਆ ਨਾਲ ਮੁਕਾ ਲਿਆ ਗਿਐ। ਇਸ ਤੋਂ ਵੀ ਪਹਿਲਾਂ, ਔਰਤ ਨੂੰ ਬੱਚਾ ਜੰਮਦਿਆਂ ਵੇਖ ਅਤੇ ਧਰਤੀ ਨੂੰ ਹਰਿਆਵਲ, ਤ੍ਰੀਮਤ ਸ਼ਕਤੀ ਨੂੰ ਹੀ 'ਇੱਕੋ ਇਕੱਲੀ' ਰੱਬਤਾ ਮੰਨਿਆ ਜਾਂਦਾ ਰਿਹਾ। ਅੱਜ ਲਾਲਸਾ, ਹੋੜ, ਜਾਇਦਾਦ ਅਤੇ ਅਣਠੱਲ੍ਹੀ ਮਰਦਾਨਾ ਹੈਂਕੜ ਨੇ ਇਹ ਦਿਨ ਵਿਖਾਇਆ ਹੈ। ਇਹ ਹੁੰਦਾ ਹੈ ਇਕ-ਪਾਸੜਤਾ ਦਾ ਸਿੱਟਾ। ਕੰਡਾ ਬੀਜ ਕੇ ਬੇਰ ਨਹੀਂ ਲੱਭ ਸਕਦੇ!!

ਅੱਜ 'ਨਿਰਭੈ' ਕੁੜੀ ਦੇ ਕਤਲ ਬਾਅਦ ਜੇ—ਬੇਸ਼ੱਕ ਉਦਾਰਵਾਦੀ ਖੁੱਲ੍ਹੀ ਮੰਡੀ ਦੇ ਮਾਹੌਲ ਦਾ ਵੀ ਵੱਡਾ ਹਿੱਸਾ ਹੈ, ਹਿੰਸਾ ਲਈ ਵੀ ਤੇ ਖੁੱਲ੍ਹ ਬਰਾਬਰੀ ਦੇ ਮਾਹੌਲ ਲਈ ਵੀ—ਦੇਸ਼ ਦੀ ਔਰਤ ਨੇ ਅਤੇ ਮਾਵਾਂ ਦੇ ਪੁੱਤ, ਭੈਣਾਂ ਦੇ ਭਰਾ, ਧੀਆਂ ਦੇ ਪਿਓ, ਪਤੀ, ਆਸ਼ਕਾਂ ਨੇ ਜੇ ਦੇਸ਼ ਦੀ ਗੱਡੀ ਜਾਮ ਕੀਤੀ ਹੈ ਤਾਂ ਇਸੇ ਲਈ—ਔਰਤ ਲਈ ਦੂਜਾ ਦਰਜਾ ਮਨਜ਼ੂਰ ਨਹੀਂ ਹੈ। ਸਿੱਧਾ ਸਿੱਧਾ ਰਾਹ ਤਾਂ ਇਹ ਹੈ ਕਿ ਅੱਧੀ ਤਾਕਤ ਔਰਤ ਕੋਲ ਹੋਵੇ! ਅਜੇ ਭਾਵੇਂ ਇਕ-ਤਿਹਾਈ—ਫ਼ੈਸਲਿਆਂ, ਇੰਤਜ਼ਾਮਾਂ, ਵਰਤਾਉਣੀਆਂ ਵਲੋਂ। ਕੀ ਮਰਦ ਨੂੰ ਆਪਣੀਆਂ ਹੀ ਸਕੀਮਾਂ 'ਤੇ ਵਿਸ਼ਵਾਸ ਨਹੀਂ ਏਨਾ?

ਦਾਦੀਆਂ-ਨਾਨੀਆਂ-ਮਾਵਾਂ-ਧੀਆਂ-ਪਤਨੀਆਂ-ਪ੍ਰੇਮਕਾਵਾਂ ਮਰਦਾਂ ਦੇ ਸੋਹਲੇ ਗਾਉਂਦੀਆਂ, ਖੀਵੀਆਂ ਹੋਈਆਂ, ਨੱਚਦੀਆਂ ਆਈਆਂ ਹਨ ਉਨ੍ਹਾਂ ਦੇ ਅੱਗੇ ਪਿੱਛੇ- ਕੀ ਇਸ ਦਿਨ ਲਈ? ਮਰਦ ਦੀ ਅਕਲ ਦੇ ਉੱਤੇ, ਉਸ ਦੀ ਲਿੰਗਕਤਾ, ਉਸਦੀ ਹੋੜ, ਉਸਦੇ ਮਤਲਬੀਪੁਣੇ, ਉਸ ਦੀ ਕਮਅਕਲੀ, ਉਸ ਦੀ ਜਾਇਦਾਦ ਦਾ ਨਸ਼ਾ ਭਾਰੂ ਹੋ ਗਿਆ ਹੈ। ਮਰਦ ਰੱਬ, ਬੁਰੀ ਕਰ ਰਿਹਾ ਹੈ ਔਰਤ-ਰੱਬ ਨਾਲ।



ਹੁਣ ਫੇਰ, ਇਕ ਨਵੀਂ ਪੱਧਰ 'ਤੇ, 'ਦੋ-ਰੱਬਤਾ' ਦਾ ਸਮਾਂ ਆ ਗਿਆ ਹੈ। ਰਥ ਦੇ 'ਦੋ ਪਹੀਆਂ' ਵਾਲੀ ਦੋ-ਰੱਬਤਾ ਦਾ! ਯਾਨੀ ਅਕਲ ਕਰਨ ਦਾ।

ਕਦੇ ਹਮਲਾਵਰਾਂ ਦੇ ਸਭਿਆਚਾਰ ਨੇ ਭਾਰਤ ਦੀਆਂ ਔਰਤਾਂ ਨੂੰ ਪਰਦੇ ਵਿਚ ਜਾਣ ਲਈ ਮਜਬੂਰ ਕਰ ਦਿੱਤਾ ਸੀ, ਸੁਣਦੇ ਸਾਂ। ਅੱਜ ਫੇਰ ਇਹ ਸਮਾਜ ਮੁੜ ਕੇ ਕੋਈ ਨਵਾਂ 'ਪਰਦਾ' ਨਾ ਕਰਾਏ ਤ੍ਰੀਮਤ ਨੂੰ, ਧਿਆਨ ਰੱਖੀਏ, ਸਮਾਜ ਵਿਚ ਹਮੇਸ਼ਾ ਮੌਜੂਦ 1-2% ਵਹਿਸ਼ੀਆਂ ਕਰਕੇ—ਤੇ ਨਾ ਹੀ ਇਸ 'ਆਟੇ ਵਿਚ ਲੂਣ' ਨੂੰ ਵਧਣ ਦਿੱਤਾ ਜਾਣਾ ਚਾਹੀਦਾ ਹੈ। ਪੈਸੇ ਲਈ ਆਜ਼ਾਦੀਆਂ ਦੀ ਦੁਰਵਰਤੋਂ ਨਾ ਕਰਨ, ਫ਼ਿਲਮਾਂ ਵੀ। ਕਿਉਂਕਿ, ਭਾਵੇਂ ਇਕ ਕਰੀਨਾ ਕਪੂਰ ਛਾਤੀਆਂ ਅਤੇ ਲਿੰਗਕਤਾ ਭੜਕਾਅ ਕੇ ਵੀ 'ਪਾਪਾ ਦੀ ਪਰੀ' ਬਣੀ ਮਹਿਫ਼ੂਜ਼ ਰਹਿ ਸਕਦੀ ਹੈ—'ਚੀਜ਼'/'ਚੋਲੀ'/ਅਲਕੋਹਲ ਗਟਕੇ ਜਾਣਾ—ਪਰ ਉਸ ਨਿਰੋਲ ਪੌਰਨ ਨੂੰ ਪਹੁੰਚੇ ਤੋਂ ਉਕਸਾਏ, ਕਮਲੇ ਕੀਤੇ ਬਿਮਾਰ ਦਿਮਾਗ਼ ਦੀ ਸ਼ਿਕਾਰ ਤਾਂ ਕੋਈ ਗਰੀਬ ਦੀ ਮਿਹਨਤੀ ਬੇਟੀ ਹੀ ਬਣਦੀ ਹੈ...

ਹੋਰ ਦੱਸਾਂ, ਭਾਰਤੀ ਸੰਵਿਧਾਨ ਦਾ ਸੈਕਸ਼ਨ 497 ਕਹਿੰਦਾ ਹੈ ਕਿ ਪਤਨੀ ਪਤੀ ਦੀ ਚੱਲ-ਜਾਇਦਾਦ ਹੈ (ਯਾਨੀ ਅਚੱਲ ਨਹੀਂ ਜਿਵੇਂ ਮਕਾਨ, ਜ਼ਮੀਨ ਅਚੱਲ ਹੁੰਦੀ ਹੈ)। ਇਸ ਸੈਕਸ਼ਨ ਦੀ ਬਿਨਾਹ ਉਤੇ, ਔਰਤ ਅਤੇ ਮਰਦ ਵਲੋਂ ਵਿਆਹੋਂ-ਬਾਹਰ ਬਣਾਇਆ ਕੋਈ ਲਿੰਗਕ ਸਬੰਧ ਇਕੋ ਅੱਖ ਨਾਲ ਨਹੀਂ ਦੇਖਿਆ ਜਾਂਦਾ! ਕਿਉਂਕਿ, ਮਰਦ ਜਾਇਦਾਦ ਨਹੀਂ ਹੈ ਪਤਨੀ ਦੀ— ਔਰਤ ਜਾਇਦਾਦ ਹੈ ਪਤੀ ਦੀ। ਇਹ ਕਾਨੂੰਨ ਕੋਈ 100 ਸਾਲ ਪਹਿਲਾਂ ਬਣਾਇਆ ਗਿਆ ਸੀ, ਅੰਗ੍ਰੇਜ਼ਾਂ ਵੇਲੇ-ਜਿਸ ਨੂੰ ਅੱਜ ਬਰਤਾਨੀਆ ਆਪ ਵੀ ਨਹੀਂ ਮੰਨਦਾ। ਅੱਜ ਅਦਾਲਤਾਂ ਵਿਚ ਹਜ਼ਾਰਾਂ ਕੇਸ ਲਟਕ ਰਹੇ ਹਨ ਜਿਥੇ ਔਰਤ ਉਤੇ ਸਹੀ ਜਾਂ ਗ਼ਲਤ ਇਲਜ਼ਾਮ ਲਗਾ ਕੇ ਇਸੇ ਕਾਨੂੰਨ ਤਹਿਤ, ਉਸ ਨਾਲ ਵਿਤਕਰਾ ਕੀਤਾ ਜਾਂਦਾ ਹੈ ਜਦਕਿ ਲੱਖਾਂ ਔਰਤਾਂ ਅਜਿਹਾ ਮੁਕੱਦਮਾ ਹੀ ਨਹੀਂ ਕਰ ਸਕਦੀਆਂ ਜੇ ਉਨ੍ਹਾਂ ਦਾ ਪਤੀ ਵਿਆਹੋਂ ਬਾਹਰ ਸਬੰਧ ਰੱਖਦਾ ਹੈ। ਸਗੋਂ, ਉਸ ਦੀ ਦੂਜੀ ਔਰਤ ਨੂੰ ਵੀ, ਭਾਵੇਂ ਉਸ ਨਾਲ ਵਿਆਹ ਵੀ ਨਾ ਕੀਤਾ ਹੋਵੇ, ਜਾਇਦਾਦ ਵਿਚ ਹੱਕ ਦੇ ਦਿਤਾ ਗਿਆ ਹੈ।

ਭਾਵੇਂ, ਇਸ ਬਾਰੇ ਵੀ ਬਹਿਸ ਚੱਲਦੀ ਪਈ ਹੈ ਕਿ ਔਰਤ ਜਾਂ ਮਰਦ ਵਲੋਂ ਵਿਆਹੋਂ-ਬਾਹਰ ਬਣਾਏ ਸਬੰਧਾਂ ਨੂੰ ਜੁਰਮ ਮੰਨਿਆ ਵੀ ਜਾਏ ਕਿ ਨਾ? ਮਰਦ ਦੇ ਮਾਮਲੇ ਵਿਚ ਤਾਂ ਇਹ ਪਹਿਲਾਂ ਹੀ ਜੁਰਮ ਨਹੀਂ ਹੈ, ਜਿਸ ਦੀ- ਲਿੰਗਕ, ਸਮਾਜਕ, ਮਾਨਸਿਕ-ਵਜ੍ਹਾ ਸਮਾਜ ਨੂੰ ਮਨਜ਼ੂਰ ਹੀ ਆਖੀ ਜਾ ਸਕਦੀ ਹੈ। ਔਰਤਾਂ ਦੀ ਭਲਾਈ ਲਈ ਸਚਮੁਚ ਸੋਚਣ ਵਾਲੇ ਮਰਦ, ਉਨ੍ਹਾਂ ਨੂੰ ਆਪਣੇ ਬਰਾਬਰ ਹਰ ਰੁਤਬਾ ਦੇਣ ਲਈ ਜ਼ਮੀਰ ਵਲੋਂ ਮਜਬੂਰ—ਵੀ ਇਸ ਵਿਤਕਰੇ ਨੂੰ ਦੂਰ ਕਰਨਾ ਲੋਚਦੇ ਹਨ। ਭਾਵੇਂ ਉਨ੍ਹਾਂ ਨੂੰ ਆਦਰਸ਼ਵਾਦੀ ਕਹਿ ਕੇ ਨਿੰਦਿਆ ਜਾਏ, ਪਰ ਈਸਾ ਮਸੀਹ ਜਿਹੇ ਅਸਲੀ ਸਮਾਜ ਸੁਧਾਰਕਾਂ ਹਮੇਸ਼ਾ ਸਮਾਜ ਨੂੰ ਔਰਤ-ਪੱਖੀ ਸੁਆਲ ਪਾ ਕੇ ਬੇਆਰਾਮ ਕਰੀ ਰੱਖਿਆ ਹੈ।

ਇਹ ਸਾਰੇ ਵਿਤਕਰੇ ਤਾਂ ਕੁੱਖ ਤੋਂ ਹੀ ਔਰਤ ਦੀ ਗਿਣਤੀ ਘਟਾਉਣ, 'ਘਰ ਦੀ ਇੱਜ਼ਤ' ਲਈ ਕੀਤੇ ਜਾਂਦੇ ਉਸ ਦੇ ਕਤਲਾਂ, ਦਾਜ ਲਈ ਕਤਲਾਂ, ਆਦਿ, ਲਈ ਜ਼ਮੀਨ ਬਣਦੇ ਹਨ ਅਤੇ ਇਉਂ ਇਹ ਕੁਦਰਤ-ਵਿਰੋਧੀ ਹਨ।

ਹਰ ਤੀਜ ਦੇ ਤਿਉਹਾਰ ਉਤੇ ਇਹ ਨਾਅਰਾ ਬੁਲੰਦ ਹੋਣਾ ਚਾਹੀਦਾ ਹੈ ਕਿ ਔਰਤ ਮਰਦ ਦੀ ਜਾਇਦਾਦ ਨਹੀਂ ਹੈ-ਹਰੇਕ ਗੱਲੇ ਦੁਨੀਆ ਦੀ ਅੱਧੀ ਮਾਲਿਕ ਹੈ। ਕਦੇ ਇਹ ਔਰਤਾਂ ਦਾ ਤਿਉਹਾਰ ਹੁੰਦਾ ਸੀ-ਉਨ੍ਹਾਂ ਦੀ ਜਣਨ ਸ਼ਕਤੀ ਨੂੰ ਸਲਾਮ ਕਰਦਾ!

ਪਰ ਅੱਜ, ਖੱਬੀਆਂ ਪਾਰਟੀਆਂ ਵੀ, ਕਿਸੇ ਹੋਰ ਬਰਾਬਰੀ ਦੀ ਭਾਲ ਵਿਚ, ਅਜੋਕੀ ਔਰਤ-ਮਰਦ ਬਰਾਬਰੀ ਦੇ ਨਾਲ ਨਿੱਠ ਕੇ ਨਹੀਂ ਖਲੋਂਦੀਆਂ! ਵਿਗਿਆਨਕ ਸੱਚ ਇਹ ਹੈ ਕਿ ਮਰਦਾਂ ਦੇ ਵਿਚ ਔਰਤ ਦੀ ਪ੍ਰਤੀਸ਼ਤ ਵੱਡੀ ਹੈ ਅਤੇ ਔਰਤਾਂ ਦੇ ਵਿਚ ਮਰਦਾਨਗੀ ਦੀ। ਦੇਸੀ ਅਮਰੀਕੀ ਤਾਂ ਚਾਰ ਲਿੰਗ ਮੰਨਦੇ

ਸਨ—ਦੋ ਨਹੀਂ—ਮਰਦ, ਘੱਟ-ਮਰਦ, ਔਰਤ, ਘੱਟ-ਔਰਤ।

**? ਤੁਹਾਡੀ ਨਜ਼ਰ ਵਿਚ ਵਧੀਆ ਕਲਾ ਉੱਚੇ ਸੁਰ ਵਿਚ ਲਿਖਣ ਵਿਚ ਹੈ ਜਾਂ ਨੀਵੇਂ ਸੁਰ ਵਿਚ?**

- ਸੁਰ ਭਾਵੇਂ ਉੱਚੀ ਹੋਵੇ, ਭਾਵੇਂ ਨੀਵੀਂ, ਪਰ ਸਹਿਜ ਵਿਚ ਰਹਿਣਾ ਬਹੁਤ ਜ਼ਰੂਰੀ ਹੈ। ਸਹਿਜ ਦਾ ਅਰਥ 'ਬੇਉਲਾਰ' ਹੁੰਦਾ ਹੈ, 'ਹੌਲੀ ਹੌਲੀ' ਜਾਂ ਕੁਝ ਹੋਰ ਨਹੀਂ। ਇਹ ਸਭ ਤੋਂ ਉੱਚੀ-ਸਹੀ ਅਵਸਥਾ ਹੁੰਦੀ ਹੈ। ਭਾਵੇਂ 'ਉਲਾਰ' ਹੋਣਾ ਕਦੇ ਕਿਸੇ ਸਮੇਂ ਜ਼ਰੂਰੀ ਹੋ ਜਾਂਦਾ ਹੈ—ਜਿਵੇਂ ਅਜੋਕੇ ਦਹਿਸ਼ਤਗਰਦੀ ਵਾਲੇ ਸਮੇਂ ਹਨ—ਇਸ ਤਰ੍ਹਾਂ ਦੇ ਧੱਕੇ-ਉਲਾਰ ਨੂੰ ਥੰਮ੍ਹਣ ਲਈ। ਭਾਵੇਂ ਵੱਧ ਤੋਂ ਵੱਧ ਸਹਿਜਤਾ ਨੂੰ ਕਾਇਮ ਰੱਖਦਿਆਂ ਵੀ ਇਓਂ ਆਰਜ਼ੀ ਤੌਰ 'ਤੇ 'ਉਲਾਰ' ਹੋਇਆ ਜਾ ਸਕਦਾ ਹੈ। ਪਰ ਉਲਾਰ/ਹਿੰਸਾ/ਧੱਕੇ/ਕ੍ਰੋਧ/ਅਸਹਿਜ ਵਿਚ ਜਿਊਣਾ ਜਾਨ-ਲੇਵਾ ਹੋਣ ਦੀ ਹੱਦ ਤੱਕ ਗ਼ੈਰਕੁਦਰਤੀ ਹੀ ਹੋਵੇਗਾ। ਬੋਦੀਆਂ ਪਰੰਪਰਾਵਾਂ ਨੂੰ ਤੋੜ ਸਕੇ ਸਨ ਮਹਾਂਪੁਰਖ, ਅਤੇ ਇਓਂ ਰੱਬ ਬਣ ਕੇ ਬਹੁੜੇ ਸਨ—ਉਹ ਪਰੰਪਰਾ-ਤੋੜੂ ਸਨ, ਕਿਉਂ ਕਿ ਉਹ 'ਸਹਿਜ' ਵਿਚ ਸਨ। ਹਾਂ, ਉਲਾਰਵਾਦ ਨੂੰ ਇਕ ਹਥਿਆਰ ਵਾਂਗ ਵਰਤਣਾ—ਸਹਿਜ ਲੱਭਣ ਦੇ ਟੀਚੇ ਨਾਲ—ਵੀ ਇਕ ਕਲਾ-ਰੂਪ ਹੈ। ਸਾਨੂੰ ਝਟਕਾ ਦੇ ਕੇ ਸਾਡਾ ਇਲਾਜ।

**? ਤੁਹਾਡੀਆਂ ਮਨਪਸੰਦ ਪੁਸਤਕਾਂ ਕਿਹੜੀਆਂ ਹਨ, ਜਿਨ੍ਹਾਂ ਕਰਕੇ ਤੁਹਾਡੀ ਸੋਚ ਬਲਵਾਨ ਹੋਈ ਹੋਵੇ?**

- ਰਾਮਾਇਣ ਵਿਚੋਂ ਕੁਝ ਕਹਾਣੀਆਂ ਸੁਣਨ ਨਾਲ ਸ਼ੁਰੂ ਹੋ, ਬਚਪਨ ਵਿਚ ਸੋਵੀਅਤ ਬਾਲ ਸਾਹਿਤ ਨੇ ਬਹੁਤ ਕੀਲਿਆ। ਅੰਗ੍ਰੇਜ਼ੀ ਪਰੀ ਕਥਾਵਾਂ ਜਮਾਤਾਂ ਵਿਚ ਪੜ੍ਹੇ ਤੋਂ ਇਲਾਵਾ 18-19 ਸਾਲ ਦੀ ਉਮਰ ਤੱਕ 150 ਦੇ ਕਰੀਬ ਲੇਖਕ ਪੜ੍ਹੇ, ਕੁਝ ਨਾ ਕੁਝ ਕਿਸੇ ਦਾ ਤੇ ਕਿਸੇ ਦਾ ਕਾਫ਼ੀ ਜ਼ਿਆਦਾ। ਬਚਪਨ ਵਿਚ ਈਨਿਡ ਬਲਾਇਟਨ (Enid Blyton) ਨਾਂ ਦੀ ਲੇਖਕਾ, ਜੋ 10-12 ਸਾਲ ਹੋਏ ਬਜ਼ੁਰਗ ਹੋ ਕੇ ਮਰੀ, ਦੇ ਪਾਤਰਾਂ, ਪਲਾਟਾਂ ਤੇ ਦਲੇਰੀਆਂ ਭਰੀ ਬਾਲ ਜ਼ਿੰਦਗੀ ਨੇ ਪ੍ਰਭਾਵਤ ਕੀਤਾ ਤੇ ਭਾਸ਼ਾ ਵੀ ਸਿਖਾਈ, ਹਿੰਮਤ ਕਰਨੀ ਵੀ। ਲਾਇਬ੍ਰੇਰੀ ਆਪ ਹੀ ਜਾ ਕੇ ਕਿਤਾਬਾਂ ਲਿਆਉਣੀਆਂ, ਉਸੇ ਦਿਨ ਪੜ੍ਹਨੀਆਂ, ਅੱਖਾਂ ਦੁਖਾਅ ਲੈਣੀਆਂ। ਰਾਜਸਥਾਨ ਦੀਆਂ ਵੀਰ ਕਹਾਣੀਆਂ ਵੀ ਬਹੁਤ ਪੜ੍ਹੀਆਂ। 'ਸਪਾਰਟੇਕਸ', 'ਹਾਓ ਦ ਸਟੀਲ ਵਾਜ਼ ਟੇਂਪਰਡ', 'ਕੁਇਟ ਫ਼ਲੋਜ਼ ਦ ਡੌਨ', 'ਰੋਡ ਟੂ ਲਾਈਫ਼' ਤੋਂ ਇਲਾਵਾ ਟਾਲਸਟਾਇ ਦੀ 'ਰਿਸਰੱਕਸ਼ਨ' ਬਹੁਤ ਪ੍ਰਭਾਵਿਤ ਕੀਤਾ। ਸੋਮਰਸੇਟ ਮੱਮ ਪਿਆਰੇ ਲੱਗੇ, ਕੁਝ ਬਾਲਜ਼ਾਕ ਵੀ ਪੜ੍ਹਿਆ। ਕੁਝ ਅੰਗ੍ਰੇਜ਼ੀ ਮਹਾਂ-ਕਿਰਤਾਂ ਤੇ ਸ਼ੇਕਸਪੀਅਰ ਤੇ ਹੋਰ ਕਈ ਨਾਟਕ। 'ਰੂਟਸ' ਤੇ 'ਬਲੈਕ ਲਾਈਕ ਮੀ' ਤੇ 'ਹਵਾਈ' ਨਾਵਲਾਂ ਖ਼ਾਸ ਪ੍ਰਭਾਵਿਤ ਕੀਤਾ, ਜੋ ਕਾਲ਼ੇ ਆਦਿਵਾਸੀ ਲੋਕਾਂ ਬਾਰੇ ਹਨ। ਕਾਮੂ, ਸਾਰਤਰ, ਕਾਫ਼ਕਾ ਵੀ ਪੜ੍ਹੇ। ਚੇਖੋਵ, ਗੋਰਕੀ ਵੀ। 'ਜੈਜ਼' ਨਾਂ ਦੀ ਇਨਾਮ ਜੇਤੂ ਕਿਤਾਬ ਬਹੁਤ ਚੰਗੀ ਲੱਗੀ। ਮੁਨਸ਼ੀ ਪ੍ਰੇਮ ਚੰਦ ਲਈ ਖ਼ਾਸ ਪ੍ਰੇਮ ਰੱਖਦੀ ਹਾਂ, ਤੇ ਗਾਂਧੀ ਜੀ, ਟੈਗੋਰ ਦੇ ਲਈ ਵੀ। ਬੰਗਾਲੀ ਲੇਖਕਾਂ ਦੀਆਂ ਕਲਾਸਕੀ ਰਚਨਾਵਾਂ ਪੜ੍ਹੀਆਂ। ਪੂਰਨ ਸਿੰਘ, ਦੀਵਾਨ ਸਿੰਘ ਕਾਲੇਪਾਣੀ, ਗੁਰਬਖ਼ਸ਼ ਸਿੰਘ, ਨਵਤੇਜ ਸਿੰਘ ਤੋਂ ਇਲਾਵਾ ਕੁਲਵੰਤ ਸਿੰਘ ਵਿਰਕ, ਬੱਗਾ ਜੀ ਚੰਗੇ ਲੱਗੇ। ਸੂਫ਼ੀ ਕਵਿਤਾ ਕਾਲਜ 'ਚ ਪੜ੍ਹੀ, ਗੁਰਬਾਣੀ ਵਿਚੋਂ ਵੀ। ਰਾਮਾਇਣ ਵੀ ਦਸਵੀਂ 'ਚ, ਹਿਮਾਚਲ ਪੜ੍ਹਦਿਆਂ ਪੜ੍ਹੀ। ਸਭ ਦਾ ਅਸਰ ਪਿਆ।

ਸੁਮੀਤ ਦੀ ਮੌਤ ਤੋਂ ਬਾਅਦ ਜਿਵੇਂ ਉਹ ਆਰਾਮ ਦਾ ਮਾਹੌਲ, ਜੋ ਪੜ੍ਹਨ ਲਈ ਜ਼ਰੂਰੀ ਹੁੰਦਾ ਹੈ, ਗ਼ਾਇਬ ਹੀ ਹੋ ਗਿਆ। ਤੇ ਕਮਰ ਕਸ ਲਈ। 'ਪ੍ਰੀਤਲੜੀ' ਵਿਚ ਛਪਣ ਆਈਆਂ ਕਹਾਣੀਆਂ ਤੋਂ ਇਲਾਵਾ ਘੱਟ ਹੀ ਪੜ੍ਹਿਆ। ਰਾਜਨੀਤਕ ਤੇ ਆਰਥਕ, ਸਮਾਜਕ, ਮਨੋਵਿਗਿਆਨਕ ਲੇਖ ਆਦਿ ਜ਼ਰੂਰ ਪੜ੍ਹਦੀ ਰਹੀ ਹਾਂ।

ਹੁਣ ਬੱਚਿਆਂ ਨੇ ਫੇਰ ਕਿਤਾਬਾਂ ਅੱਗੇ ਰੱਖਣੀਆਂ ਸ਼ੁਰੂ ਕੀਤੀਆਂ ਹਨ। ਡੈਨ ਬ੍ਰਾਊਨ ਦੀਆਂ ਦੋ ਕਿਤਾਬਾਂ ਪੜ੍ਹੀਆਂ ਹਨ, ਪਰ ਹੋਰ ਵੀ ਕਈ ਕੁਝ ਪੜ੍ਹਨ ਵਾਲਾ ਪਿਆ ਹੈ...

**? ਤੁਹਾਡੀ ਰੁਟੀਨ ਕੀ ਹੈ ਕੰਮ ਕਰਨ ਦੀ?**



- ਕੋਈ ਰੁਟੀਨ ਨਹੀਂ, ਕੋਈ ਸਮਾਂ ਨਹੀਂ ਬੱਝਾ। ਕਦੇ ਸਾਰਾ ਦਿਨ ਤਾਂ ਕੀ, ਦੋ ਦੋ ਹਫ਼ਤੇ ਲਗਾਤਾਰ ਲੱਗ ਜਾਂਦੇ ਹਨ ਕੰਮ ਦੇ ਲੇਖੇ, ਸੌਂਦਿਆਂ-ਜਾਗਦਿਆਂ। ਪਰੂਫ਼ ਪੜ੍ਹਨੇ ਤਿੰਨ-ਚਾਰ ਵਾਰ, ਅਨੁਵਾਦ ਵੀ ਕਰਨਾ।

ਸਾਡੇ ਕੋਲ ਕਈ ਵਰ੍ਹਿਆਂ ਤੋਂ ਇਕ ਟਾਈਪਿਸਟ ਆਉਂਦੇ ਹਨ। ਉਨ੍ਹਾਂ ਦਾ ਟਾਈਮ ਹੈ ਕਿ ਉਹ ਰਾਤ ਨੂੰ ਸਾਢੇ ਅੱਠ ਵਜੇ ਆਉਂਦੇ ਹਨ ਤੇ 10-11 ਵਜੇ ਜਾਂਦੇ ਹਨ। ਕਦੀ ਸਾਰੀ ਰਾਤ ਵੀ ਲੱਗੇ ਰਹਿੰਦੇ ਹਨ, ਇਕ-ਅੱਧ ਦਿਨ।

ਹੌਲੀ-ਹੌਲੀ ਆਦਤ ਇਹੋ ਜਿਹੀ ਬਣ ਗਈ ਹੈ ਕਿ ਰਾਤ ਦੇਰ ਨਾਲ ਸੌਂ ਕੇ ਸਵੇਰੇ ਦੇਰ ਨਾਲ ਉੱਠ ਕੇ ਕੰਮ ਫੜ ਲੈਂਦੀ ਹਾਂ। ਫੇਰ ਇਕੋ ਥਾਂ 'ਤੇ ਬੈਠੀ ਕਈ ਘੰਟੇ ਲੰਘ ਜਾਂਦੇ ਹਨ। ਸਾਰੀ ਜ਼ਿੰਦਗੀ ਇਸ ਦੁਆਲੇ ਹੀ ਘੁੰਮਣ ਲੱਗ ਪਈ ਹੈ। ਬਾਹਰ ਘੱਟ-ਵੱਧ ਨਿਕਲਦੀ ਹਾਂ। ਗੁਆਂਢਣਾਂ ਵੀ ਕਹਿੰਦੀਆਂ ਹਨ ਕਿ ਕਦੇ ਦਿਸਦੀ ਨਹੀਂ! ਰਤੀ ਕੰਤ ਸਿੰਘ ਰੁਟੀਨ ਦਾ ਸਾਰਾ ਕੰਮ ਦੇਖਦੇ ਹਨ ਤੇ ਮੈਨੂੰ ਵੀ ਜੋਅ ਲੈਂਦੇ ਹਨ, ਜਦੋਂ ਲੋੜ ਪਏ। ਅੱਜ-ਕੱਲ੍ਹ ਯੋਗਾ ਕਰਦੀ ਹਾਂ, ਹਫ਼ਤੇ ਵਿਚ ਪੰਜ ਘੰਟੇ।

**? ਸੰਪਾਦਕ ਵਜੋਂ ਕੰਮ ਕਰਦਿਆਂ ਤੁਹਾਨੂੰ ਹੋਰ ਔਕੜਾਂ ਦੇ ਨਾਲ-ਨਾਲ ਪੰਜਾਬੀ 'ਸ਼ਬਦ-ਜੋੜਾਂ' ਵਿਚ ਵਖਰੇਵੇਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੋਏਗਾ, ਇਸ ਔਕੜ ਨੂੰ ਕਿਵੇਂ ਪਾਰ ਕਰਦੇ ਹੋ?**

- ਬੀ. ਏ. ਵਿਚ ਪੰਜਾਬੀ ਲਈ ਹੋਈ ਸੀ, ਖ਼ਾਸ ਵਿਸ਼ੇ ਵਜੋਂ, ਉਦੋਂ, ਜਦੋਂ ਇਹ ਕੋਈ ਜ਼ਰੂਰੀ ਨਹੀਂ ਸੀ। ਉਦੋਂ ਜੋ ਸਿੱਖਿਆ, ਉਸ ਮੁਤਾਬਕ ਹੀ ਚੱਲਣ ਦੀ ਕੋਸ਼ਿਸ਼ ਹੈ, ਸੁਤੇ-ਸਿੱਧ। ਜਿਵੇਂ 'ੜ' ਤੋਂ ਬਾਅਦ 'ਨ' ਆਏਗਾ 'ਣ' ਨਹੀਂ, ਜਿਵੇਂ 'ਬਨਾਉਣ' ਲਿਖਦੀ ਹਾ, 'ਬਣਾਉਣ' ਨਹੀਂ। ਇਹ ਵੀ ਪੜ੍ਹਿਆ ਸੀ ਕਿ 'ਰ' ਤੋਂ ਬਾਅਦ ਵੀ 'ਨ' ਆਏਗਾ, 'ਣ' ਨਹੀਂ, ਤਾਂ ਫੇਰ 'ਵਾਤਾਵਰਨ' ਲਿਖਿਆ ਜਾਏ ਕਿ 'ਵਾਤਾਵਰਣ', 'ਖੜ੍ਹਨ' ਕਿ 'ਖੜ੍ਹਣ'.... ਇਹੋ ਜਿਹੇ ਸ਼ਬਦਾਂ 'ਤੇ ਜ਼ਰੂਰ ਅੜਦੀ ਹਾਂ ਅਜੇ ਵੀ।

**? ਦੂਜੀਆਂ ਭਾਸ਼ਾਵਾਂ ਦੇ ਰਸਾਲਿਆਂ ਦੇ ਮੁਕਾਬਲੇ ਤੁਸੀਂ ਪੰਜਾਬੀ ਦੇ ਮੌਜੂਦਾ ਰਸਾਲਿਆਂ ਦੇ ਮਿਆਰ ਤੇ ਨੁਹਾਰ ਵਿਚ ਕੀ ਕਮੀ ਜਾਂ ਖ਼ੂਬੀ ਵੇਖਦੇ ਹੋ?**

- ਹਰ ਰਸਾਲੇ ਦੀ ਇਕ ਵੱਖਰੀ ਸ਼ਖ਼ਸੀਅਤ ਹੁੰਦੀ ਹੈ, ਹਰ ਇਕ ਦਾ ਇਕ ਵੱਖਰਾ ਮਕਸਦ ਹੁੰਦਾ ਹੈ। ਇਹ ਜਦੋਂ ਅੰਗਰੇਜ਼ੀ ਰਸਾਲਿਆਂ ਵਿਚ ਸੂਬਿਆਂ ਲਈ ਵੱਖਰਾ ਇਕ-ਇਕ ਸਫ਼ਾ, ਅਰਥਚਾਰੇ ਲਈ ਵੱਖਰਾ, ਆਦਿ, ਵਾਲਾ ਫਾਰਮੈਟ ਬਣ ਗਿਆ ਤਾਂ ਸਿਰਫ਼ ਖਾਨਾਪੂਰਤੀ ਲਈ ਬਹੁਤ ਸਾਰਾ ਮਸੌਦਾ ਉਨ੍ਹਾਂ ਵਿਚ ਆਉਂਦਾ ਸੀ। ਫਿਰ ਡੂੰਘਾਈ, ਪਕੜ, ਪਛਾਣ, ਦਿਸ਼ਾ ਆਉਣ ਲੱਗੇ।

ਟੀ. ਵੀ. ਵੀ ਇਕ ਜਿਊਂਦਾ ਰਸਾਲਾ ਹੀ ਹੈ। ਅੰਗਰੇਜ਼ੀ ਅਖ਼ਬਾਰਾਂ ਦੇ ਲੇਖਾਂ ਅਤੇ ਟੀ. ਵੀ. ਤੋਂ ਵੀ ਪ੍ਰਭਾਵ ਲੈਂਦੀ ਹਾਂ। ਅਰਨਬ ਗੋਸਵਾਮੀ, ਬਰਖਾ ਦੱਤ, ਰਵੀਸ਼—ਇਹ ਰੋਜ਼ਾਨਾ ਸੁਆਲ-ਜੁਆਬ ਦਾ ਸਿਲਸਿਲਾ ਅੱਛਾ ਚੱਲ ਰਿਹਾ ਹੈ।

**? ਆਖ਼ਿਰ, ਉਹ ਕੀ ਚੀਜ਼ ਹੈ, ਜਿਸ ਕਰਕੇ 'ਪ੍ਰੀਤਲੜੀ' ਨੇ ਪਿਛਲੇ 80 ਸਾਲਾਂ ਤੋਂ ਪਾਠਕਾਂ ਵਿਚ ਆਪਣਾ ਮੋਹ ਤੇ ਮਿਆਰ ਬਰਕਰਾਰ ਰੱਖਿਆ ਹੋਇਐ?**

- 1933 ਵਿਚ ਇਹ ਰਸਾਲਾ ਸ਼ੁਰੂ ਕੀਤਾ ਗਿਆ ਸੀ- ਗੁਰਬਖ਼ਸ਼ ਸਿੰਘ ਨਾਂ ਦੇ ਇਕ ਸੁਫ਼ਨਸਾਜ਼ ਵਲੋਂ, ਆਪਣੇ 39ਵੇਂ ਸਾਲ ਵਿਚ। ਉਨ੍ਹਾਂ ਦੇ ਅੰਦਰ ਪਿਆਰ ਠਾਠਾਂ ਮਾਰਦਾ ਸੀ। ਇਸਦੀ ਵਜ੍ਹਾ ਕਰਕੇ ਹੀ ਉਹ ਦੁਨੀਆਂ ਦੇਖਣੀ-ਦਿਖਾਉਣੀ ਚਾਹੁੰਦੇ ਸੀ, ਆਪਣੇ ਦੇਸ ਵਾਸੀਆਂ ਨੂੰ ਤੇ ਉਨ੍ਹਾਂ ਦੀਆਂ ਪੀੜ੍ਹੀਆਂ ਨੂੰ। ਉਹ 'ਬਿਹਤਰ ਜ਼ਿੰਦਗੀ' ਜਿਊਣ ਦੇ ਇੰਜੀਨੀਅਰ ਸਨ, ਮੇਰੀ ਜਾਚੇ। ਆਪਣੇ ਸਮਿਆਂ ਦੇ ਵਿਚ ਇਹ ਰਾਹ ਲੱਭਿਆ ਤੇ ਦੱਸਿਆ। ਸਿੱਖ-ਹਿੰਦੂ-ਬੋਧ ਵਿਰਸੇ ਨੂੰ ਨਵੀਂ ਦੁਨੀਆਂ ਵਿਚ ਹਾਣ ਦਾ ਕਰਨਾ ਚਾਹਿਆ।

ਕਿਸ ਮਾਂ ਦਾ ਦੁੱਧ ਪੀਤਾ ਸੀ ਉਨ੍ਹਾਂ, ਕਿਸ ਪਿਓ ਦੀ ਛੇਤੀ ਖੋਹੀ ਗਈ ਛਾਂ ਦੀ ਬਖ਼ਸ਼ਿਸ਼ ਸੀ, ਕਿਸ

ਬਾਬੇ ਚੰਦਾ ਸਿੰਘ ਦੀਆਂ ਦਿੱਤੀਆਂ ਅਗਵਾਈਆਂ ਦਾ ਅਤੇ ਕਿਸ ਭੈਣ ਦਾ ਸੁੱਚਾ ਸਨੇਹ, ਕਿਨ੍ਹਾਂ ਛੋਟੇ ਵੀਰਾਂ ਦੀ ਖ਼ੁਸ਼ੀ ਤੇ ਤਰੱਕੀ ਲਈ ਲੋਚਾ - ਕਿਸ ਪਤਨੀ-ਦੁਆਈ ਵਿਦੇਸ਼ੀ ਪੜ੍ਹਾਈ ਦਾ ਕੌਤਕ, ਗੁਜ਼ਰ ਚੁੱਕੇ ਜ਼ਹੀਨ ਪਿਤਾ ਦੇ ਕਿਸ ਦੋਸਤਾਨਾ ਰਿਸ਼ਤੇ ਦੀ ਦੋਸਤੀ ਦਾ ਪਰਤਾਪ ਜਿਨ੍ਹਾਂ ਪਰਿਵਾਰ ਦੇ ਇਸ ਨੌਜਵਾਨ ਕਰਤਾ ਦਾ ਕਰਤਾ-ਪੁਨਾ ਸਾਂਭਣਾ ਮੰਨ ਲਿਆ ਸੀ, ਉਸ ਦੀ ਆਲ੍ਹਾ ਪੜ੍ਹਾਈ ਲਈ ਕਿਸ ਸੱਚੀ ਰੀਝ ਨੂੰ ਪਛਾਣ ਕੇ...?

ਮਸਾਂ ਲੱਭੀ ਨੌਕਰੀ ਕਰਦਿਆਂ ਵੀ ਉਹ ਕਿਹੜਾ ਦੇਸ਼ ਭਗਤ ਜਜ਼ਬਾ ਸੀ, ਜਿਸ ਕਰਕੇ ਆਲ੍ਹਾ ਨੌਕਰੀ ਦੀ ਸਹੂਲਤਾਂ ਵਾਲੀ ਜ਼ਿੰਦਗੀ ਨੂੰ ਛੱਡ ਕੇ-ਅਣਦਿਸਦੇ ਭਵਿੱਖ ਦੇ ਸਮੁੰਦਰ ਵਿਚ-ਛਾਲ ਮਾਰੀ ਅਤੇ ਫਿਰ ਖੇਤੀ ਦੇ ਨਵੇਂ ਸੰਦ, ਟ੍ਰੈਕਟਰ, ਨਾਲ ਖੇਤੀ ਦਾ ਰਾਹ ਅਜ਼ਮਾਇਆ-ਦਰਸਾਇਆ? ਵਿਚਾਰਾਂ ਦੀ ਪ੍ਰਬਲਤਾ ਦੀ ਲਹਿਰ ਦਾ ਕਿਹੜਾ ਹਿਲੋਰ ਕਿ ਗੁਰੂ ਨਾਨਕ ਸਾਹਿਬ ਉਤੇ ਆਪਣੀਆਂ ਨਵੇਂ ਜ਼ਮਾਨਿਆਂ ਦੀਆਂ ਨਜ਼ਰਾਂ ਨਾਲ ਲਿਖਿਆ, ਅਤੇ ਮਗਰੋਂ ਫਿਰ ਗੁਰੂ ਗੋਬਿੰਦ ਸਿੰਘ ਜੀ ਉਤੇ, ਪਰਮ-ਮਨੁੱਖ ਆਖ? ਕੀ ਉਨ੍ਹਾਂ ਦੀ ਨਜ਼ਰ ਦੀ ਦੂਰਦ੍ਰਿਸ਼ਟੀ ਨੇ ਬਹੁਤ ਸਾਰੀਆਂ ਮੁਸੀਬਤਾਂ ਤੋਂ ਨਹੀਂ ਸੀ ਬਚਾਅ ਰੱਖਣਾ—ਪੰਜਾਬ ਅਤੇ ਪੰਜਾਬੀਆਂ ਨੂੰ?? ਪਰ ਸਮੇਂ ਦੀਆਂ ਤਾਕਤਾਂ ਅਤੇ ਕਮਜ਼ੋਰੀਆਂ ਨੇ ਆਪਣੀ ਪੁਗਾਈ ਹੀ ਸੀ...

ਦਿਲ ਦੀ ਉਹ ਕਿਹੜੀ ਲਿਸ਼ਕ ਸੀ, ਸਰਬਵਿਅਪੀ ਪ੍ਰੀਤ ਵਿਚ ਵਿਸ਼ਵਾਸ ਦੀ, ਕਿ ਹਜ਼ਾਰਾਂ ਲੋਕਾਂ ਨੂੰ ਛੋਹ ਗਈ ਤੇ ਸਭ ਨੂੰ ਅਗਾਂਹ ਵਧਣ ਲਈ ਰਾਹ ਦਿਖਾਉਣ ਲੱਗੀ?

ਵੇਖਿਆ ਜਾਵੇ ਤਾਂ, ਪ੍ਰੀਤ ਦੀ ਸਰਬਵਿਆਪਕਤਾ ਨੂੰ, ਸੁਲਹਿਕੁਲ ਦੇ ਉੱਚ-ਇਨਸਾਨੀ ਟੀਚੇ ਨੂੰ-ਕੀ ਕੀ ਅਜਮਾਇਸ਼ਾਂ ਵਿਚੋਂ ਦੀ ਨਹੀਂ ਲੰਘਣਾ ਪਿਆ? ਕਿਥੇ ਤਾਂ ਗੁਲਾਮ ਬਨਾਉਣੇ, ਹੋਰ ਮੁਲਕਾਂ ਨੂੰ ਬਸਤੀਆਂ ਬਨਾਉਣਾ, ਮਜ਼ਹਬ ਦੇ ਨਾਂ 'ਤੇ ਜ਼ੁਲਮ, ਨਸ਼ੇ ਦੇ ਨਾਂ ਉਤੇ ਅਮਾਨਵੀ ਲਾਲਚ—..ਮੇਰੀ ਜਾਚੇ ਇਸ ਸਭ ਦੇ ਜਵਾਬ ਵਿਚ "ਪ੍ਰੀਤ" ਦਾ ਦੋ ਤਰ੍ਹਾਂ ਨਾਲ ਜਵਾਬ ਬਣਨਾ ਨਜ਼ਰ ਆਉਂਦਾ ਹੈ : ਸਿੱਧੀ ਸਾਫ਼ ਪ੍ਰੀਤ ਅਤੇ 'ਪੁੱਠੀ ਪ੍ਰੀਤ'। ਪੁੱਠੀ ਪ੍ਰੀਤ, ਯਾਨੀ, ਕਮਦਿਲੀ ਨਾਲ ਕੀਤੀ ਸੌੜੀ "ਪ੍ਰੀਤ" ਨੂੰ ਹਥਿਆਰ ਬਣਾਅ ਕੇ ਧੱਕੇਸ਼ਾਹੀ-ਦਹਿਸ਼ਤਗਰਦੀ ਦਾ ਕੋਈ ਜਵਾਬ ਲੱਭਣਾ।

ਸਿੱਧੀ ਪ੍ਰੀਤ ਯਾਨੀ ਹਰ ਹਾਲ ਇਨਸਾਨ ਦੇ ਇੱਕੋ ਵਿਸ਼ਾਲ ਟੱਬਰ ਹੋਣ ਦੇ ਅਸੂਲ ਦਾ ਪੱਲਾ ਕਦੇ ਨਾ ਛੱਡਣਾ, ਪਲ ਭਰ ਲਈ ਵੀ ਨਹੀਂ। 'ਦੁਸ਼ਮਣ' ਉਤੇ ਵਾਰ ਕਰਦਿਆਂ ਵੀ ਨਹੀਂ ਭੁੱਲਣਾ ਕਿ ਅਸਲ ਵਿਚ ਦੁਸ਼ਮਣੀ ਕੋਈ ਵੀ ਨਹੀਂ। ਸਿਰਫ਼ ਅਸੂਲ ਹੈ—ਸਰਵਵਿਆਪੀ ਪ੍ਰੀਤ ਦਾ ਅਸੂਲ।

ਇਨਸਾਨ ਜ਼ਾਤ ਦੀਆਂ ਬਹੁਤ ਹੀ ਗੁੰਝਲਦਾਰ ਹੋ ਚੁੱਕੀਆਂ ਲੋੜਾਂ-ਤਰੱਕੀਆਂ-ਅਰਥਚਾਰਿਆਂ ਦੇ ਅਜੋਕੇ ਜੰਗਲ ਵਿਚ ਵੀ, ਇਸ ਪ੍ਰੀਤ ਦੀ ਜਿੱਤ ਉਤੇ ਅਤੇ ਇਸ ਪ੍ਰੀਤ ਦਿਆਂ ਸੈਨਿਕਾਂ ਉਤੇ ਭਰੋਸਾ ਰੱਖਣਾ- ਅੱਜ ਭਾਵੇਂ ਬੜਾ ਔਖਾ ਜਾਪਦਾ ਹੈ, ਪਰ ਹੈ ਜ਼ਰੂਰੀ। ਕਿਉਂਕਿ ਚੜ੍ਹਦੀ ਕਲਾ ਨਾਲ ਰਾਹ ਲੱਭਣ ਤੋਂ ਬਿਨਾ ਹੱਲ ਨਹੀਂ ਸੰਭਵ। ਭਰਮ, ਭੁਲੇਖੇ, ਈਰਖਾਵਾਂ, ਜ਼ਿੱਤਾਂ, ਨਫ਼ਰਤਾਂ, ਦੁਸ਼ਮਣੀਆਂ, ਗੁੱਟਬਾਜ਼ੀਆਂ, ਲਾਮਬੰਦੀਆਂ, ਝੰਡੇ; ਇਹ ਸਭ ਇਨਸਾਨੀ ਜਜ਼ਬਿਆਂ ਵਿਚੋਂ ਹੀ ਨਿਕਲਦੇ ਹਨ - ਪਰ ਜੇ ਇਹ ਸਰਬਵਿਆਪੀ ਪ੍ਰੀਤ ਦੇ ਤਾਣੇ ਬਾਣੇ ਵਿਚ ਪਰੋਏ ਹੋਏ ਨਹੀਂ ਹਨ—ਤਾਂ ਇਹ ਤੇ ਇਨ੍ਹਾਂ ਦੇ ਧਾਰਨੀ ਇਤਿਹਾਸ ਦੇ ਕੂੜੇ-ਦਾਨਾਂ ਵਿਚ ਚਲੇ ਜਾਣਗੇ।

ਜਾਨਵਰ ਅਤੇ ਬਨਸਪਤੀ ਲਈ ਵੀ ਪ੍ਰੀਤ, ਦਿਸਦੇ ਅਣਦਿਸਦੇ ਲਈ ਵੀ ਪ੍ਰੀਤ, ਬਣੇ-ਅਣਬਣੇ ਲਈ ਵੀ ਪ੍ਰੀਤ- ਕਿਉਂਕਿ ਸਿਰਫ਼ ਇਸ ਨਾਲ ਪੂਰਨ ਤਸੱਲੀ ਹੁੰਦੀ ਹੈ, ਪੂਰੀ ਠੰਢ ਪੈਂਦੀ ਹੈ, ਪੈ ਸਕਦੀ ਹੈ। ਤੇ ਇਨਸਾਨ ਪੂਰੀ ਠੰਢ-ਤਸੱਲੀ-ਖੁਸ਼ੀ ਦੀ ਤਲਾਸ਼ ਵਿਚ ਸਹਿਕਦੀ ਆਤਮਾ ਹੈ, ਬੁਨਿਆਦੀ ਤੌਰ 'ਤੇ, ਵਿੱਛ ਹੀ ਨਹੀਂ ਹੈ ਇਕ। ਸੌੜੀ ਪ੍ਰੀਤ ਹੀ ਨਹੀਂ ਹੈ ਕੋਈ।

ਪ੍ਰੀਤ ਹੈ, ਰਹੇਗੀ, ਜਿੱਤੀ ਹੈ, ਜਿੱਤੇਗੀ। ਅਜਿੱਤ ਹੈ (ਹਾਰ ਨਹੀਂ ਸਕਦੀ।) ਇਹ ਰੱਬ ਦੀ 'ਹੋਂਦ', 'ਅਣਹੋਂਦ' ਦੇ ਦਰਮਿਆਨ ਦਾ ਸੱਚ ਹੈ। ਰੱਬ ਵਰਗਾ ਸੱਚ। ਪ੍ਰੀਤਲੜੀ ਦੀ ਹੋਂਦ ਦੀ ਵਜ੍ਹਾ ਪ੍ਰੀਤ ਹੀ ਹੈ।



ਪ੍ਰੀਤ ਮਾਰਗ ਵਿਚ ਪ੍ਰੀਤਲੜੀ ਦਾ 83ਵਾਂ ਵਰ੍ਹਾ ਹੈ। ਪ੍ਰੀਤ ਨੂੰ ਮੁਬਾਰਕ ਉਸਦਾ ਆਪਣਾ ਆਪ—ਕਿਉਂਕਿ "ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ" ਤੇ "ਇਸ਼ਕ ਕੀਤਾ ਸੀ ਜੱਗ ਦਾ ਮੂਲ ਮੀਆਂ"।

ਅਸੀਂ ਨੌਵੀਂ ਜਮਾਤ ਵਿਚ ਸੀ ਜਦੋਂ ਹਿਮਾਚਲ ਪ੍ਰਦੇਸ਼ ਦੀ ਇਕ ਜਮਾਤ ਵਿਚ ਬੈਠ, ਪੰਜਾਬੀ ਦੀ ਪੜ੍ਹਾਈ ਕਰਦਿਆਂ, ਗੁਰਬਖਸ਼ ਸਿੰਘ ਦੀ "ਭਾਬੀ ਮੈਨਾ" ਪੜ੍ਹੀ ਤੇ ਅਚੰਭੇ ਭਰੇ ਅੱਥਰੂ ਆ ਗਏ ਅੱਖਾਂ ਵਿਚ, ਜਦੋਂ ਇਸ ਲਿਖਤ ਦੇ ਵਿੱਚ ਵਿਚ ਇਹ ਸਮਝ ਪਈ - ਪਿਆਰ ਹੈ! ਜਜ਼ਬਾ ਹੈ! ਕੁਰਬਾਨੀ ਹੈ! ਪਿਆਰ ਦੀ ਭੁੱਖ ਹੈ! ਅਤੇ ਦੁਨੀਆਂ ਵਿਚ ਇਕ ਵਿਸ਼ਵਾਸ ਨਾਲ ਜਿਊਣਾ "ਚੰਗਾ ਚੰਗਾ" ਲੱਗਾ ਸੀ। 10ਵੀਂ ਤੋਂ ਬਾਅਦ ਜਦ ਇਕ ਵਾਰੀ ਮੇਰੇ ਪਿਤਾ ਮੈਨੂੰ ਸਮਝਾਅ-ਮਨਾਅ ਦਿੱਤਾ ਕਿ ਰੱਬ ਨਹੀਂ ਹੈ, ਘਟੋਘਟ ਜਿਹੋ ਜਿਹਾ ਚਿਤਵਿਆ ਹੁੰਦਾ ਹੈ—ਤਾਂ ਸ. ਗੁਰਬਖ਼ਸ਼ ਸਿੰਘ ਨੂੰ ਚਿੱਠੀ ਲਿਖੀ ਸੀ ਮੈਂ ਕਿ 'ਰੱਬ ਨਹੀਂ ਹੈ ਪਰ ਸ਼ੁਕਰ ਹੈ ਤੁਸੀਂ ਹੋ!'

ਗ਼ਦਰੀ ਬਾਬਿਆਂ ਨੇ, ਭਗਤ ਸਿੰਘ ਨੇ ਪ੍ਰੇਮ ਵਿਚ ਆ ਕੇ ਜਾਇਦਾਦਾਂ ਨੂੰ ਹੀ ਨਹੀਂ ਜ਼ਿੰਦਗੀ ਨੂੰ ਵੀ ਕੁਰਬਾਨ ਕੀਤਾ। ਇਸੇ ਤਰ੍ਹਾਂ ਭਗਤ ਸਿੰਘ ਦੀ ਕੁਰਬਾਨੀ ਤੋਂ ਪ੍ਰਭਾਵਤ ਹੋ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਅੰਗ੍ਰੇਜ਼ਾਂ ਹੇਠ ਰੇਲਵੇ ਵਿਚ ਇੰਜੀਨੀਅਰ ਦੀ ਨੌਕਰੀ ਛੱਡ ਕੇ ਪਹਿਲਾਂ 'ਨਵੀਨ ਖੇਤੀ' ਤੇ ਫਿਰ 'ਪ੍ਰੀਤਲੜੀ' ਚਲਾਉਣ ਲਈ ਅਣਦਿਸਦੇ ਭਵਿੱਖ ਵਿਚ ਛਾਲ ਮਾਰੀ। ਉਨ੍ਹਾਂ ਦੇ ਸਿਦਕ ਤੇ ਸਿਰੜ ਦੇ ਪ੍ਰੇਰੇ ਹੀ ਪਰਵਾਰ ਦੇ ਕੋਈ ਨਾ ਕੋਈ ਜੀਅ ਲੰਮੇ ਪੈਂਡੇ ਤੁਰਦੇ ਆਏ ਹਨ।

**? ਇਸੇ ਲੰਮੇ ਪੈਂਡੇ ਦਾ ਇਕ ਅਥੱਕ ਤੇ ਅਡਿਗ ਪਾਂਧੀ ਸੀ ਸੁਮੀਤ ਸਿੰਘ, ਫ਼ਰਵਰੀ 1984 ਵਿਚ 'ਵੱਖਵਾਦੀਆਂ' ਨੇ ਜਿਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ, ਆਖ਼ਿਰ ਇਹ ਹਾਲਾਤ ਕਿਵੇਂ ਬਣੇ?**

- ਸੁਮੀਤ ਨਾਲ ਮੇਰੇ ਪਿਆਰ-ਵਿਆਹ ਨੂੰ ਸੱਤ ਸਾਲ ਹੋ ਗਏ ਸਨ। ਉਨ੍ਹਾਂ ਨੇ ਆਪਣੀਆਂ 'ਸੰਪਾਦਕੀਆਂ' ਵਿਚ 'ਵੱਖਵਾਦੀਆਂ' ਤੇ 'ਕੱਟੜਪੰਥੀਆਂ' ਨੂੰ ਗੁਰਬਾਣੀ ਦੀ ਵਿਸ਼ਾਲਤਾ ਦੇ ਸੱਚ ਦੇ ਸ਼ੀਸ਼ੇ ਵਿਚ ਉਨ੍ਹਾਂ ਦਾ ਚਿਹਰਾ ਦਿਖਾਉਣ ਲਈ ਵਾਹ ਲਾਈ, ਜਿਸ ਕਰਕੇ ਕੁਝ ਲੋਕਾਂ ਸੋਚ ਲਿਆ ਕੇ ਤੇ ਇਕ ਨੇ ਜਾਣ ਬੁੱਝ ਕੇ ਪ੍ਰਚਾਰਿਆ ਕਿ ਜਾਣ ਬੁੱਝ ਕੇ ਮਾਰੇ ਗਏ। ਪਰ ਸੁਮੀਤ ਦੀ ਹੱਤਿਆ ਇਕ ਮਾੜਾ ਇਤਫ਼ਾਕ ਸੀ, ਮਾਰਨ ਵਾਲੇ 'ਸਿਰਫ਼ ਉਨ੍ਹਾਂ ਨੂੰ' ਹੀ ਮਾਰਨ ਦੇ ਇਰਾਦੇ ਨਾਲ ਨਹੀਂ ਆਏ ਸਨ।

ਦਰਅਸਲ, ਰੱਤੀ ਕੰਤ ਤੇ ਸੁਮੀਤ ਦੋਵੇਂ ਮੋਟਰ-ਸਾਈਕਲ 'ਤੇ ਪ੍ਰੀਤਨਗਰ ਦੇ ਨਾਲ ਲੋਪੋਕੇ ਪਿੰਡ ਦੇ ਬਾਜ਼ਾਰ ਵਿਚੋਂ ਲੰਘ ਰਹੇ ਸਨ, ਜਿਥੇ 'ਮੌਤ ਉਗਲਦੀਆਂ ਸੰਗੀਨਾਂ' ਨੇ ਫ਼ਨ ਪਸਾਰਿਆ ਹੋਇਆ ਸੀ। ਉਨ੍ਹਾਂ ਨੇ ਇਨ੍ਹਾਂ ਭਰਾਵਾਂ ਨੂੰ ਵੀ ਰੋਕ ਲਿਆ। ਰੱਤੀ ਕੰਤ ਦੇ ਤਾਂ ਪੱਗ ਬੰਨ੍ਹੀ ਸੀ ਤੇ ਸੁਮੀਤ ਆਪਣੇ ਆਮ (ਵਾਲ ਕੱਟੇ) ਰੂਪ ਵਿਚ ਸੀ। ਰਤੀ ਕੰਤ ਨੇ ਕਾਫ਼ੀ ਕਿਹਾ ਕਿ ਇਹ ਮੇਰਾ ਭਰਾ ਹੈ, ਸਿੱਖ ਹੈ, ਪਰ 'ਕੱਟੜਪੰਥੀਆਂ' ਕਦ ਕਿਸੇ ਦੀ ਸੁਣੀ ਹੈ। ਅਖੇ 'ਅਜੀਤ ਸਿੰਘ ਬਣਦਾ ਹੈ?' ਉਦੋਂ ਅਖ਼ਬਾਰਾਂ ਵਿਚ ਆਇਆ ਸੀ ਕਿ ਇਸ ਤੋਂ ਪਹਿਲਾਂ ਹੋਏ ਢਿਲਵਾਂ ਬਸ ਕਾਂਡ ਵਿਚ ਜਦੋਂ ਹਿੰਦੂ ਕੱਢ ਕੇ ਮਾਰੇ ਗਏ ਸਨ, ਇਕ ਅਜੀਤ ਸਿੰਘ ਨਾਂ ਦੇ ਨਿਹੰਗ ਨੇ ਆਪਣੇ ਨਾਲ ਬੈਠਾ ਹਿੰਦੂ ਬਚਾਅ ਲਿਆ ਸੀ, ਇਹ ਆਖ ਕੇ ਕਿ—ਮੇਰਾ ਪੁੱਤਰ ਹੈ। ਉਨ੍ਹਾਂ ਉਥੇ ਬਾਜ਼ਾਰ ਵਿਚ ਮੌਜੂਦ ਹਿੰਦੂ ਦੁਕਾਨਦਾਰਾਂ ਦੇ ਖ਼ੂਨ ਨਾਲ ਵੀ ਆਪਣੇ ਹੱਥ ਰੰਗੇ।

ਸੁਮੀਤ ਸਿੰਘ ਨੂੰ ਉਨ੍ਹਾਂ ਦੀ 31ਵੀਂ ਬਹਾਰ ਆਪਣੇ ਨਾਲ ਹੀ ਲੈ ਗਈ—22 ਫ਼ਰਵਰੀ 84 ਨੂੰ। ਇਸਨੂੰ ਵੀ ਹੁਣ 32 ਬਹਾਰਾਂ ਹੋ ਗਈਆਂ ਹਨ। ਹਰ ਬਹਾਰੇ ਓਹੋ ਹਵਾ ਚੱਲਦੀ ਹੈ ਪਰ ਸ਼ੁਕਰ ਹੈ ਹੁਣ ਸਿਰਫ਼ ਪਤੰਗ ਉੱਡਦੇ ਹਨ ਤੇ ਬੋ-ਕਾਟਾ ਹੁੰਦੇ ਹਨ, ਡੋਰਾਂ ਹੀ ਖਹਿੰਦੀਆਂ ਹਨ, ਨਿਆਣੇ ਹੀ ਰੌਲੇ ਪਾਉਂਦੇ ਹਨ...

**? ਤੁਸੀਂ ਪੇਕਿਆਂ ਵੱਲੋਂ ਆਰੀਆ ਸਮਾਜੀ ਹਿੰਦੂ ਬ੍ਰਾਹਮਣ ਹੋ ਤੇ ਸਹੁਰਿਆਂ ਵੱਲੋਂ ਸਿੱਖ, ਕੀ ਦੋਵੇਂ ਧਰਮਾਂ ਨਾਲ ਵਿਚਰਦਿਆਂ ਕਿਸੇ ਬਿਮਾਰ ਜਾਂ ਉਲਾਰ ਮਨੋਬਿਰਤੀ ਵਾਲੇ 'ਧਰਮੀ' (ਅਧਰਮੀ) ਨਾਲ ਵਾਹ ਪਿਆ ਹੈ?**

- ਕਈ ਮਹੀਨੇ ਪਹਿਲਾਂ ਕੰਪਿਊਟਰੀ ਡਾਕ ਵਿਚ ਇਕ ਪਿਆਰੇ, ਬਜ਼ੁਰਗ, ਜਿਗਿਆਸੂ, ਸਿੱਖ ਪਾਠਕ-ਮਿੱਤਰ ਰਾਹੀਂ ਕਿਸੇ ਇੰਗਲੈਂਡ ਤੋਂ ਸੁਨੇਹਾ ਪਹੁੰਚਾਇਆ ਹੈ ਕਿ ਇਹ ਕਲਮ ਵਾਲੀ ਸਿੱਖੀ ਬਾਰੇ ਨਾ ਲਿਖਿਆ ਕਰੇ ! ਜੁਆਬ ਦੇਣ ਦੀ ਥਾਂ ਜ਼ੁਬਾਨ-ਬੰਦੀ ! ਕੰਪਿਊਟਰ ਉਤੇ ਹੀ ਅਸੀਂ ਹਰ ਇਕ ਦੇ ਪੜ੍ਹਨ ਲਈ ਇਕ ਸੁਨੇਹਾ ਦਿੱਤਾ ਹੈ ਕਿ ਕੀ ਸਿੱਖੀ ਵੀ ਹੁਣ ਇਕ 'ਬੰਦ ਕਹਾਣੀ' ਹੈ? ਕੀ ਸੁਮੱਚੀ ਵਿਸ਼ਵੀ ਸਾਂਝ ਦੀ ਨੁਮਾਇੰਦਗੀ ਅਤੇ ਸਾਂਝ ਲਈ ਫੇਰ ਤੋਂ ਕੋਈ ਨਵਾਂ ਧਰਮ ਬਣਨਾ ਪਏਗਾ? ਤੇ ਜਿਹੜੇ ਪਰਿਵਾਰਾਂ ਨੇ ਆਪਣੇ ਲਾਡਲੇ ਜੇਠੇ ਪੁੱਤਰ ਗੁਰੂ ਉਤੋਂ ਵਾਰੇ - ਕੀ ਉਨ੍ਹਾਂ ਦਿਆਂ ਵਾਰਸਾਂ ਨੂੰ ਕੋਈ ਹੱਕ ਨਹੀਂ ਪੁੱਛਣ ਦਾ ਕਿ ਉਨ੍ਹਾਂ ਨੂੰ ਨੀਵਾਂ-ਭੈੜਾ-ਕਤਲ ਕਰਨ ਯੋਗ/ਮਖੌਲ ਕਰਨ ਯੋਗ, ਪਰ ਸਵਾਲ ਨਾ ਕਰਨ ਯੋਗ, ਕਿਉਂ ਤੇ ਕਿਸ ਗਰਦਾਨਿਆ ਹੈ? ਸਬੱਬੀਂ ਦੱਸਾਂ, ਸਾਡਾ ਹੀ 1774 ਈਸਵੀ ਵਿਚ ਇਕ ਪੁਰਖਾ "ਦੀਵਾਨ ਸਿੰਘ" ਲੱਭਾ ਹੈ- ਗੰਗਾ ਜਾ ਕੇ ਫੋਲਿਆਂ। ਉਸ ਦੀਵਾਨ ਸਿੰਘ ਦੀ ਔਲਾਦ ਨੂੰ ਤਾਂ ਪੁੱਛਣਾ ਬਣਦਾ ਹੀ ਹੋਵੇਗਾ ਕਿ ਉਨ੍ਹਾਂ ਜਿਸ ਪਿਆਰ ਦੀ ਨਦੀ ਨੂੰ ਅਪਨਾਇਆ ਸੀ, ਕੀ ਉਹ ਸਰਸਵਤੀ ਵਾਂਗ ਅਲੋਪ ਤਾਂ ਨਹੀਂ ਹੋਈ? ਇਸਲਾਮ ਨਾਲ ਸਿੱਖਣ-ਵਧਣ-ਖਹਿਣ ਦਾ ਅਰਥ ਇਹ ਤਾਂ ਨਹੀਂ ਸੀ ਹੋਣਾ ਚਾਹੀਦਾ। ਸਾਨੂੰ, ਗੁਰੂਆਂ ਦੀਆਂ ਕੁਰਬਾਨੀਆਂ ਅਤੇ ਉਨ੍ਹਾਂ ਦੇ ਸਾਰੇ ਭਾਰਤ ਨੂੰ ਹੀ ਨਹੀਂ, ਸਗੋਂ ਸਾਰੀ ਮਨੁੱਖਤਾ ਨੂੰ ਕਲਾਵੇ ਵਿਚ ਲੈਂਦਾ ਪਿਆਰ, ਮਜਬੂਰ ਨਹੀਂ ਕਰੇਗਾ ਤਾਂ ਕੀ ਕਰੇਗਾ? ਵੈਸੇ ਵੀ ਸਿੰਘ ਦੇ ਪੰਜ ਕੱਕੇ ਪ੍ਰਥਮ ਤੌਰ 'ਤੇ ਪ੍ਰੇਮ ਲਈ ਹਨ, ਅ-ਪ੍ਰੇਮ ਲਈ ਨਹੀਂ।

ਗੁਰੂ ਨਾਨਕ ਦੇ ਏਕੇ ਅਤੇ ਇੱਕਤਾ ਦੇ ਫ਼ਲਸਫ਼ੇ ਦੇ ਟੀਸੀ ਦੇ ਫੁੱਲ ਸਨ ਗੁਰੂ ਤੇਗ ਬਹਾਦਰ। ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬਾਲਪਣ ਵਿਚ ਹੀ 'ਤੁਹਾਡੇ ਤੋਂ ਵੱਡਾ ਕੌਣ?' ਆਖ ਦਿੱਤਾ ਸੀ, ਤੇ ਜਿਨ੍ਹਾਂ ਜਿਹਿਆਂ ਨਾਲ ਨਿੱਠ ਕੇ ਖਲੋਣ-ਇੱਜ਼ਤ ਕਰਨ ਅਤੇ ਜਿਨ੍ਹਾਂ ਦੀ ਸ਼ਹਾਦਤ ਸਾਂਭਣ ਲਈ "ਖ਼ਾਲਸਾ" ਤੱਕ ਸਾਜਿਆ ਸੀ। ਖਾਲਸਾ, ਜਿਸ ਦਾ ਅਰਥ, ਅਸਲ ਵਿਚ, ਰਾਜਿਆਂ ਅਤੇ ਹੋਰ ਹਾਕਮਾਂ ਦੀ ਹਕੂਮਤ ਤੋਂ ਆਜ਼ਾਦ ਸਿੱਧਾ ਰੱਬ ਨਾਲ ਵਾਹ ਰੱਖਣ ਵਾਲੇ (ਉਹ ਜ਼ਮੀਨ ਜਿਸ ਦਾ ਕੋਈ ਲਗਾਨ ਨਾ ਦੇਣਾ ਹੋਵੇ) ਹੁੰਦਾ ਹੈ। ਅਜਿਹੇ ਗੁਰੂ ਤੇਗ ਬਹਾਦਰ ਜੀ ਨੂੰ ਜਦੋਂ 'ਹੋਰਾਂ' ਦੇ ਧਰਮ ਦਾ ਰਾਖਾ ਕਰਕੇ ਜਾਣਿਆ ਜਾਂਦਾ ਹੈ ਤਾਂ ਇਹ ਆਪਣੇ ਆਪ ਵਿਚ ਇਕ ਭੁਲੇਖਾ ਪਾਉਣਾ ਹੈ- ਸਿੱਖੀ ਤਾਂ ਕਿਸੇ ਨੂੰ 'ਹੋਰ' ਨਾ ਸਮਝਣ ਦਾ ਰਾਹ ਹੈ। 'ਇੱਕਤਾ' ਦੇਖਣ ਦਾ। ਆਪਣੇ ਹੀ ਕਾਤਲਾਂ ਤੱਕ ਨੂੰ ਵੀ ਆਪਣਾ ਹੀ ਹਿੱਸਾ ਸਮਝਣ ਦਾ। ਇੱਕਤਾ ਦੀ ਫ਼ੌਜ ਹੈ ਖ਼ਾਲਸਾ, ਜਿਸਦੀ ਪਛਾਣ ਹੈ ਪੰਜ ਕੱਕੇ। ਇਹ ਇਸੇ ਲਈ ਤਾਂ ਵੱਖਰੇ ਹਨ, ਯਾਨੀ, ਕਿ ਇਹ ਕਿਸੇ ਨੂੰ ਵੱਖਰਾ ਨਹੀਂ ਸਮਝਦੇ। ਗੁਰੂ ਨਾਨਕ ਨੇ ਸਿੱਖੀ ਨੂੰ ਇਸਲਾਮ ਤੇ ਹਿੰਦੂ ਧਰਮ ਵਿਚ ਪੁਲ ਵਜੋਂ ਸਥਾਪਤ ਕੀਤਾ ਸੀ, ਪਰ ਅਫ਼ਸੋਸ 'ਵੱਖਰੇ ਹੋਣ-ਦਿਸਣ' ਉਤੇ ਹੀ ਜ਼ੋਰ ਦੇਈ ਜਾਣਾ ਰਹਿ ਗਿਆ ਹੈ... ਅੱਜ, ਓਸ ਜ਼ਮਾਨੇ ਦੇ ਪੜ੍ਹੇ ਲਿਖਿਆਂ, ਪਹੁੰਚਿਆਂ ਹੋਇਆਂ ਵੱਲੋਂ ਖੁਭ ਕੇ ਸਮਝੇ ਗਏ ਇਸ ਨਵੇਂ ਰਾਹ ਦੀ ਵਾਗਡੋਰ ਦਾ 'ਜ਼ੋਰਾਂ' ਅਤੇ 'ਵੋਟਾਂ-ਗਿਣਤੀਆਂ' ਦੇ ਹੱਥ ਆ ਜਾਣਾ ਆਪਣੇ ਆਪ ਵਿਚ ਵੱਡੀ ਦੁਬਿਧਾ ਹੈ।

**? 'ਧਰਮ' ਨੂੰ ਤੁਸੀਂ ਕਿਹੜੇ ਅਰਥਾਂ ਵਿਚ ਮੰਨਦੇ ਹੋ?**

- ਧਰਮ ਜਿਊਣ-ਵਿਧੀ ਹੈ, ਸਮੇਂ ਦੀ ਵਿਗਿਆਨਕ ਸੋਚ ਦੇ ਮੁਤਾਬਕ...ਜਦੋਂ ਸਮੇਂ ਦੇ ਧਰਮ ਜਵਾਬ ਨਾ ਬਣ ਸਕੇ, ਤਾਂ ਇਸਾਈਅਤ ਆਈ ਸੀ, ਜਿਸ ਅੰਦਰਲੇ 'ਲੋਕਤੰਤਰੀ ਮਨੁੱਖ-ਪ੍ਰੇਮ' ਕਰਕੇ ਈਸਾ ਨੂੰ ਸੂਲੀ 'ਤੇ ਟੰਗਿਆ ਗਿਆ। ਜਦ ਸਮੇਂ ਦੇ ਧਰਮ ਜਵਾਬ ਨਾ ਬਣ ਸਕੇ, ਇਸਲਾਮ ਆਇਆ 'ਲੋਕਤੰਤਰ ਮਨੁੱਖ-ਪ੍ਰੇਮ' ਦਾ ਨਵਾਂ ਸੁਨੇਹਾ ਲੈ ਕੇ। ਜਦੋਂ ਸਮੇਂ ਦੇ ਧਰਮ ਜਵਾਬ ਨਾ ਬਣ ਸਕੇ, ਤਾਂ ਗੁਰੂ ਸਾਹਿਬਾਨ (ਬਿਹਤਰੀਨ ਮਨੁੱਖੀ ਸੋਚ) ਦੇ ਚੇਤੰਨ ਦਿਲ-ਦਿਮਾ.ਗ ਨੇ ਇਕ ਵਾਰ ਫਿਰ ਲੋਕਤੰਤਰੀ ਮਨੁੱਖ-ਪ੍ਰੇਮ ਦੀ ਖ਼ਾਤਿਰ ਹਰੇਕ ਫਿਰਕੇ, ਜਾਤ ਵਿਚੋਂ (ਬੇਸ਼ੱਕ ਲਿੰਗ ਨਹੀਂ) 'ਵਾਕ' ਲੱਭੇ ਅਤੇ ਸੰਜੋਏ। ਨਵੀਆਂ ਪਿਰਤਾਂ (ਰੀਤਾਂ) ਟੁਰੀਆਂ, ਭਾਵੇਂ ਪੁਰਾਣੇ ਤੋਂ ਪੂਰੀ ਤਰ੍ਹਾਂ ਸ਼ਾਇਦ ਨਾ 'ਮਹਾਂਪੁਰਖ' ਹੀ ਟੁੱਟ ਸਕਦੇ ਹੁੰਦੇ ਹਨ



ਸਮੇਂ ਦੇ, ਨਾ ਲੋਕ ਹੀ ਉਨ੍ਹਾਂ ਦੇ ਨਾਲ ਆਉਂਦੇ ਹਨ- ਸਗੋਂ ਕੁਝ ਰੀਤਾਂ ਦੇ ਬਿਨਾਂ ਜਿਊਣਾ (ਮੱਸਿਆ, ਪੁੰਨਿਆ ਵਾਂਗ) ਤਾਂ ਲੋਕਾਂ ਨੂੰ ਮੌਤ ਜਾਪਦੀ ਹੁੰਦੀ ਹੈ...।

ਇਨਸਾਨਾਂ ਵਿਚ ਸੂਰਜ (ਤੇ ਚੰਨ) ਦੀ ਖਾਸ ਥਾਂ ਹੈ। ਸੂਰਜ ਨੂੰ ਦੁਨੀਆ ਦਾ ਪਿਤਾ ਅਤੇ ਧਰਮ ਨੂੰ ਮਾਤਾ ਮੰਨਿਆ ਜਾਂਦਾ ਰਿਹਾ ਹੈ। ਸਦੀਆਂ ਤੋਂ ਕਦੀ ਮਾਤਾ, ਕਦੇ ਪਿਤਾ ਉਚੇਰਾ ਮੰਨਿਆ ਜਾਂਦਾ ਰਿਹਾ। ਕਦੇ ਦੋਵੇਂ ਇਕੱਠੇ, ਕਿਸੇ ਸ਼ਕਲ ਵਿਚ। ਮੁਹੰਮਦ ਸਾਹਿਬ ਨੇ, ਵਕਤ ਜਾਂ ਥਾਂ ਦੇ ਕੁਝ ਸਹੀ ਕਾਰਨਾਂ ਕਰਕੇ, ਕੁਝ ਸਵਾਲ ਪਾਏ ਅਤੇ ਸੂਰਜ ਵੱਲ ਝੁਕਣ ਦੀ ਥਾਂ, ਨਵੇਂ ਸੂਰਜ (ਮੱਕੇ), ਵੱਲ ਝੁਕਣ ਦਾ ਸਿਲਸਿਲਾ ਤੋਰਿਆ। ਭਾਵੇਂ ਮਾਤਾ ਧਰਤ ਨੂੰ ਵੀ ਇਕ ਵਾਰ ਹੱਜ ਜ਼ਰੂਰ ਕਰਨ ਦੀ ਸ਼ਕਲ ਵਿਚ ਨਾਲ ਰੱਖਿਆ ਜਾਪਦਾ ਹੈ (ਜਿਥੇ 'ਯੋਨੀ' ਨੂੰ ਆਦਰ ਦਿੱਤਾ ਜਾਂਦਾ ਜਾਪਦਾ ਹੈ)। ਮੱਕਾ ਹੁਣ ਨਵਾਂ ਸੂਰਜ ਸੀ। ਇਸ ਤੋਂ ਵੀ ਬਹੁਤ ਪਹਿਲਾਂ, ਸੂਰਜ ਦੇ ਜਨਮ (ਨਵੇਂ ਵਰ੍ਹੇ) ਦੇ ਸਦੀਆਂ ਪੁਰਾਣੇ ਸਿਲਸਿਲੇ ਉਤੇ ਕਬਜ਼ਾ ਕਰਦਿਆਂ, ਪਹਿਲਾਂ 'ਮਿਥਰਾਸ' (ਮਿੱਤਰ, ਸੂਰਜ) ਫੇਰ ਈਸਾ ਮਸੀਹ ਜਿਹੀ ਪਵਿੱਤਰ ਰੂਹ ਦੇ ਜਨਮ ਨੂੰ sun/son ਦਾ ਜਨਮ ਮੰਨ ਲਿਆ ਗਿਆ। ਯਾਨੀ ਲੋਕਾਂ ਲਈ 'ਨਵਾਂ ਸੂਰਜ' ਮਿਥਰਾਸ, ਫੇਰ ਈਸਾ ਸਨ। ਸੂਰਜ ਦੇ ਕੇਂਦਰੀ ਬਿੰਬ ਸਬੰਧੀ ਇਸੇ ਰਿਵਾਜ ਨੂੰ ਵਰਤ ਕੇ ਹੀ ਆਪਣੀ ਗੱਲ ਸਮਝਾਂਦਿਆਂ, ਗੁਰੂ ਨਾਨਕ ਜਿਹੀ ਪਵਿੱਤਰ ਰੂਹ ਨੇ ਵੀ, ਸਮੇਂ ਦੇ ਕੁਝ ਅਹਿਮ ਸੁਆਲ ਪੁੱਛੇ। ਸੂਰਜ ਵੱਲ ਪਿੱਠ ਕਰ ਕੇ "ਆਪਣੇ ਖੇਤਾਂ ਨੂੰ" ਪਾਣੀ ਚੜ੍ਹਾਇਆ—ਯਾਨੀ ਸੋਚ-ਵਿਚਾਰ, ਤਰਸ-ਪਿਆਰ, ਮਿਹਨਤ-ਰੋਜ਼ੀ ਰੋਟੀ-ਬਰਾਬਰੀ ਨੂੰ ਨਵਾਂ ਸੂਰਜ ਮੰਨਿਆ, ਜੋ ਅਖੀਰ, ਪਵਿੱਤਰ ਪੋਥੀ ਦਾ ਰੂਪ ਧਾਰ ਗਿਆ। ਹਾਲਾਂਕਿ ਅੱਜ ਸੂਰਜ ਨੂੰ ਹੀ, ਕੁਦਰਤ ਨੂੰ ਹੀ ਨਕਾਰਨਾ ਸਮਝ ਲਿਆ ਗਿਆ ਹੈ !

ਸੂਰਜ ਤੇ ਧਰਤੀ ਨੂੰ ਪੂਜਣ ਦੀ ਲੋੜ ਨਹੀਂ ਭਾਵੇਂ, ਨਾ ਚੜ੍ਹਾਵੇ ਚੜ੍ਹਾਉਣ ਦੀ। ਪਰ ਇਨਸਾਨੀ ਹੋਂਦ ਦੀ ਇੱਕਤਾ ਨੂੰ ਪਛਾਨਣਾ ਰੱਬੀ-ਦੈਵੀ ਸੱਚ ਜ਼ਰੂਰ ਹੈ। ਕਿ ਅਸੀਂ ਸਭ ਜੇ ਅੱਜ ਓਸੇ ਇਕ ਧਰਤੀ 'ਤੇ ਖਲੋਤੇ ਹਾਂ, ਤਾਂ ਓਸੇ ਸੂਰਜ ਕਰਕੇ। ਇਨਸਾਨ ਹੀ ਨਹੀਂ, ਇਨਸਾਨਾਂ ਦੇ ਬਣਾਏ ਸੰਦ, ਫ਼ਲਸਫ਼ੇ, ਧਰਮ, ਰਿਵਾਜ, ਵਸਤਾਂ, ਨਫ਼ਰਤਾਂ, ਪਿਆਰ, ਮੋਹ, ਭਰਮ-ਜੰਗਾਂ ਵੀ। ਅਸਲੀਅਤ ਸਿਰਫ਼ ਇਹ ਹੈ ਕਿ ਜਦ ਤੱਕ ਸੂਰਜ ਅਤੇ ਧਰਤੀ ਦੇ ਹਾਲਾਤ ਸਾਨੂੰ ਇਜਾਜ਼ਤ ਦੇਣਗੇ, ਅਸੀਂ ਹਾਂ। ਬਾਕੀ ਸਭ ਵੰਡਾਂ, ਲੋੜਾਂ, ਥੋੜਾਂ, ਉਮਰਾਂ ਦੇ ਮਾਇਆ ਜਾਲ਼ ਦੀ ਪੱਟੀ ਹੈ, ਸਾਡੀਆਂ ਅੱਖਾਂ 'ਤੇ ਬੱਝੀ ਹੋਈ। ਇਸ ਕਦੀਮੀ ਸੱਚ ਅਤੇ ਸਭਨਾਂ ਲਈ ਬੁਨਿਆਦੀ ਸੱਚ ਨੂੰ ਭੁਲਾਉਣ ਨਾਲ—ਕੁਰਾਹੇ ਪੈ ਜਾਣਾ ਹੀ ਨਹੀਂ, ਬੰਦੇ ਨੂੰ ਬੰਦਾ ਨਾ ਸਮਝਣਾ ਹੀ ਨਹੀਂ—ਬੰਦਾ ਨਾ ਬਣਨਾ ਵੀ ਵਾਪਰ ਜਾਂਦਾ ਹੈ। ਭੂਚਾਲ, ਸੁਨਾਮੀਆਂ, ਹੜ੍ਹ, ਸੋਕੇ, ਦਿਓਕੱਦ ਵਾਵਰੋਲੇ ਪਤਾ ਨਹੀਂ ਤਾਂ ਇਸੇ ਲਈ ਵਧ ਵਧ ਕੇ ਵਾਰ ਵਾਰ ਸਾਨੂੰ ਚੇਤਾਵਨੀਆਂ ਦੇਣ ਆਉਂਦੇ ਹਨ— ਕਿ ਅਸੀਂ ਕੁਦਰਤ ਦੀ ਤਾਕਤ ਅੱਗੇ ਆਪਣੀ ਔਕਾਤ ਨਾ ਭੁੱਲੀਏ।

ਮਹਾਤਮਾ ਬੁੱਧ ਨੇ ਤਾਂ ਸਾਫ਼ ਕਿਹਾ ਸੀ- ਹਰ ਕੋਈ ਬੁੱਧ ਹੋਵੇ। ਅੱਜ ਇਹੋ ਗੱਲ ਨਾਨਕ ਵੀ ਕਹਿੰਦੇ ਮਹਿਸੂਸ ਹੋ ਰਹੇ ਹਨ - ਆਪਣੇ ਸਮਿਆਂ ਦੇ ਨਾਨਕ ਬਣੋ। ਉਨ੍ਹਾਂ ਵਾਂਗ ਰਿਵਾਜਾਂ ਦੇ ਪਿੱਛੇ ਹੀ ਝਾਕ ਕੇ। ਬੇਸ਼ਕ, ਮੱਕੇ ਵੱਲ ਪੈਰ ਕਰਨ ਅਤੇ ਸੂਰਜ ਵੱਲ ਪਿੱਠ ਕਰਨ ਦਾ ਮਤਲਬ ਇਹ ਹਰਗਿਜ਼ ਨਹੀਂ ਸੀ ਕਿ ਮੱਕੇ ਦੀ ਦੇਣ ਨੂੰ ਛੋਟਾ ਦਿਖਾਇਆ ਜਾ ਸਕਦਾ ਹੈ ਜਾਂ ਸੂਰਜ (ਕੁਦਰਤ) ਦੀ ਦੇਣ ਨੂੰ ਛੁਟਿਆਇਆ ਜਾ ਸਕਦਾ ਹੈ।

ਪੜ੍ਹਦੇ ਹਾਂ ਕਿ ਫ਼ਲਸਫ਼ਾ ਹੀ ਫ਼ਲਸਫ਼ੇ ਨੂੰ ਮਾਤ ਪਾਉਂਦਾ ਹੈ। ਸਦੀਵੀ ਸੱਚ ਦੀ ਭਾਲ ਹੀ ਅਸਦੀਵੀ ਨੂੰ ਮਾਤ ਪਾਉਂਦੀ ਆਈ ਹੈ।

ਦੀਵਾਲੀ ਦੇ ਖ਼ਿਲਾਫ਼ ਹੋਣ ਨੂੰ ਧਰਮ ਮੰਨ ਲਿਆ ਜਾਂਦਾ ਹੈ ! ਦੀਵਾਲੀ ਦੀ ਮੱਸਿਆ ਨੂੰ ਰੌਸ਼ਨ ਕਰ ਦੇਈਏ- ਸਦੀਵੀ ਸੱਚ ਨਾਲ। ਆਪ ਦੀਵੇ ਬਣ ਜਾਈਏ - ਈਸਾ, ਮੁਹੰਮਦ, ਫ਼ਰੀਦ, ਬੁੱਧ, ਨਾਨਕ, ਗੋਬਿੰਦ, ਕਬੀਰ ਜਿਹੇ - ਸਮਿਆਂ ਨੂੰ ਰੌਸ਼ਨ ਕਰ ਗਏ ਜੋ, ਸਾਡੇ ਲਈ। ਹੁਣ ਉਹ ਮਹਾਨ ਖੇਡ ਅਸਾਡੇ ਹੱਥ

ਹੈ, ਸਮਿਆਂ ਨੂੰ ਸਿਰਜਣ ਦੀ। ਚੇਤੰਨ ਸਵੈ-ਸਾਂਭ, ਸਵੈ-ਮੰਥਨ, ਸਵੈ-ਸੋਧ ਹੀ ਇਨਸਾਨ ਦਾ ਅਸਲੀ ਧਰਮ ਹੈ।

**? ਕਦੇ ਈਰਖਾਲੂਆਂ ਨਾਲ ਸਿੱਧਾ ਵਾਹ ਪਿਆ ਹੈ ਤੁਹਾਡਾ?**

- ਅਜਿਹੇ ਲੋਕ ਲਗਪਗ ਹੁੰਦੇ ਹਨ। ਸੁਮੀਤ ਦੀ ਮੌਤ ਤੋਂ ਬਾਅਦ 'ਪ੍ਰੀਤਲੜੀ' ਦੇ ਬੰਦ ਹੋ ਜਾਣ ਦੀ ਅਫ਼ਵਾਹ ਉਡਾਉਣ ਵਾਲਾ ਤੇ ਇਸ ਦਾ ਭੰਡੀ ਪ੍ਰਚਾਰ ਕਰਨ ਵਾਲਾ ਈਰਖਾਲੂ ਹੀ ਸੀ। ਇਥੋਂ ਤੱਕ ਕਿ 1995 ਵਿਚ ਜਦੋਂ ਪੰਜਾਬ ਸਰਕਾਰ ਨੇ 'ਪੰਜਾਬ ਦੀ ਵਿਰਾਸਤ—ਪ੍ਰੀਤਲੜੀ' ਲਈ ਸ੍ਰੀ ਪੀ. ਐਚ. ਵੈਸ਼ਨਵ ਦੀ ਸਰਪ੍ਰਸਤੀ ਵਾਲੇ 'ਪ੍ਰੀਤਲੜੀ ਟਰੱਸਟ' ਨੂੰ ਪੱਚੀ ਲੱਖ ਦੀ ਮਾਇਕ ਮਦਦ ਦਿੱਤੀ, ਉਦੋਂ ਵੀ ਉਸ ਈਰਖਾਲੂ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ ਸੀ ਕਿ ਇਹ ਟਰੱਸਟ ਨਾ ਬਣ ਸਕੇ, ਇਹ ਮਦਦ ਨਾ ਮਿਲ ਸਕੇ। ਇਹ ਕੋਸ਼ਿਸ਼ ਪਹਿਲਾਂ ਵੀ ਕੀਤੀ ਗਈ ਸੀ।

**? ਟਰੱਸਟ ਬਣਨ ਨਾਲ ਪਰਚੇ ਦੀ ਪ੍ਰਕਾਸ਼ਨਾ ਵਿਚ ਕਿੰਨੀ ਕੁ ਸੌਖ ਆਈ?**

- ਨਾ ਹੋਣ ਨਾਲੋਂ, ਕੁਝ ਹੋਣਾ ਤਾਂ ਹਮੇਸ਼ਾ ਹੀ ਚੰਗਾ ਹੁੰਦਾ ਹੈ। ਪੱਚੀ ਲੱਖ ਟਰੱਸਟ ਦੇ ਨਾਂਅ ਉਪਰ ਜਮ੍ਹਾ ਰਹੇ। ਉਸ ਦੇ ਵਿਆਜ ਮਾਤਰ ਨਾਲ ਪਰਚੇ ਦਾ ਖ਼ਰਚਾ ਤਾਂ ਪੂਰਾ ਨਹੀਂ ਹੁੰਦਾ। ਸਾਨੂੰ ਇਸ਼ਤਿਹਾਰਾਂ ਤੇ ਚੰਦਿਆਂ ਦਾ ਹੀ ਆਸਰਾ ਤੱਕਣਾ ਪੈਂਦਾ ਹੈ। ਕਈ ਵਾਰ ਤਾਂ ਪੱਲਿਓਂ ਪੈਸੇ ਪਾ ਕੇ ਪਰਚਾ ਪਾਠਕਾਂ ਤੱਕ ਪਹੁੰਚਦਾ ਕਰਨਾ ਪੈਂਦਾ ਹੈ। ਕੁਝ ਸਾਲਾਂ ਤੋਂ ਔਖ ਵਧ ਗਈ ਹੈ। ਹੁਣ ਵੈਸ਼ਨਵ ਜੀ ਦਾ ਸਾਨੂੰ ਦਿੱਤਾ ਘਰ ਵੇਚ ਕੇ ਕੁਝ ਫ਼ੰਡ ਬਣਾਵਾਂਗੇ।

**? ਸਰਕਾਰੀ ਪ੍ਰਾਇਮਰੀ ਤੇ ਮਿਡਲ ਸਕੂਲਾਂ (ਲਗਪਗ 19000) ਦੀਆਂ ਲਾਇਬ੍ਰੇਰੀਆਂ ਵਿਚ ਜਾਣ ਕਾਰਨ ਤੁਸੀਂ 'ਪ੍ਰੀਤਲੜੀ' ਵਿਚ ਬਾਲ-ਸਾਹਿਤ ਦੇ ਪੰਨੇ ਵੀ ਵਧਾਏ ਤੇ ਵੰਨਗੀਆਂ ਵੀ, ਜੋ ਕਿ ਇਕ ਸਾਰਥਕ ਕਦਮ ਹੈ, ਪਰ ਪਿਛੇ ਜਿਹੇ ਪੰਜਾਬ ਸਰਕਾਰ ਵੱਲੋਂ 'ਪ੍ਰੀਤਲੜੀ' ਨੂੰ ਪੰਜਾਬ ਦੇ ਸਰਕਾਰੀ ਸਕੂਲਾਂ ਲਈ ਬੰਦ ਕਰ ਦਿੱਤੇ ਜਾਣ ਤੋਂ ਬਾਅਦ ਕਿਸ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਤੇ ਤੁਸੀਂ ਕਿਸ ਤਰ੍ਹਾਂ ਉਨ੍ਹਾਂ ਤੋਂ ਪਾਰ ਪਾਇਆ?**

– ਉਹ ਇਕ ਸੁਹਿਰਦ ਰਾਸ਼ਟਰਵਾਦੀ ਅਧਿਕਾਰੀ ਦੇ ਸਹਿਯੋਗ ਸਦਕਾ ਵਧੀਆ ਸਿਲਸਿਲਾ ਬਣ ਗਿਆ ਸੀ। ਇਸ ਆਰਥਿਕ ਹੁਲਾਰੇ ਸਦਕਾ ਪਰਚਾ ਵੀ ਟਾਈਮ-ਸਿਰ ਛਪਣ ਲੱਗ ਪਿਆ ਸੀ। ਕਈ ਅਧਿਆਪਕ ਤੇ ਬੱਚੇ ਸਾਡੇ ਨਾਲ ਜੁੜ ਗਏ ਸਨ। ਪਰ ਉਸ ਸੁਹਿਰਦ ਅਧਿਕਾਰੀ ਦੇ ਬਦਲਦਿਆਂ ਹੀ ਸਕੂਲਾਂ ਲਈ ਪਰਚਾ ਬੰਦ ਕਰ ਦਿੱਤਾ ਗਿਆ। ਦਿੱਕਤ ਤਾਂ ਆਉਣੀ ਸੁਭਾਵਿਕ ਹੀ ਹੈ। ਵੈਸੇ ਵੀ ਸਾਡਾ ਇਹ ਪਰਚਾ ਕਿਸ ਲਾਉਣਾ ਹੈ ਸਰਕਾਰੀ ਸਕੂਲਾਂ ਵਿਚ? ਉਸ ਸਰਕਾਰ ਨੇ, ਜੋ ਸਨਾਵਰ ਸਕੂਲ ਨੂੰ 'ਬਚਾਉਣ' ਲਈ ਇਕ ਕਰੋੜ ਰੁਪਿਆ ਦਿੰਦੀ ਹੈ? ਡਿਪਟੀ ਮੁੱਖ-ਮੰਤਰੀ ਨੂੰ ਆਪਣੇ ਪੱਲਿਓਂ ਦੇਣਾ ਚਾਹੀਦਾ ਸੀ ਇਹ ਪੈਸਾ ਆਪਣੇ ਸਕੂਲ ਨੂੰ। ਖ਼ੈਰ, ਫੇਰ ਵੀ ਕਈ ਸਕੂਲਾਂ ਨੇ ਆਪਣੇ ਵੱਲੋਂ ਸਿੱਧੇ ਤੌਰ 'ਤੇ ਇਹ ਪਰਚਾ ਆਪਣੀਆਂ ਲਾਇਬ੍ਰੇਰੀਆਂ ਲਈ ਲਗਵਾਇਆ ਹੈ। ਅਸੀਂ ਵੀ ਕਿਸੇ ਨਾ ਕਿਸੇ ਦਾਨੀ ਦੀ ਮਦਦ ਨਾਲ ਸਕੂਲਾਂ ਵਿਚ ਪਰਚਾ ਮੁਫ਼ਤ ਵੰਡ ਦਿੰਦੇ ਰਹੇ ਹਾਂ। ਖ਼ੈਰ! ਹੁਣ ਤਾਂ ਫ਼ੇਸਬੁਕ 'ਤੇ ਮੁਫ਼ਤ ਪਾ ਦਿੰਦੇ ਹਾਂ ਸਾਰਾ ਪਰਚਾ, ਜਿਸ ਦੇ 12000 ਪਾਠਕ ਬਣਾਏ ਹਨ। ਬਹੁਤੇ ਨੌਜੁਆਨ, ਅੱਜ ਦੇ ਸਮੇਂ-ਹਾਲਾਤ ਮੁਤਾਬਕ ਰਾਹ ਲੱਭ ਰਹੇ ਹਨ ਜੋ।

**? ਤੁਸੀਂ ਤਕਰੀਬਨ 32 ਸਾਲਾਂ ਤੋਂ 'ਪ੍ਰੀਤਲੜੀ' ਦੀ ਸੰਪਾਦਕੀ ਸੰਭਾਲੀ ਹੋਈ ਹੈ। ਹੁਣ ਜਦੋਂ ਪਿਛੇ ਮੁੜ ਕੇ ਦੇਖਦੇ ਹੋ, ਤਾਂ ਆਪਣੀਆਂ 'ਪ੍ਰਾਪਤੀਆਂ' ਤੋਂ ਕਿੰਨੀ ਕੁ ਖ਼ੁਸ਼ੀ ਜਾਂ ਸੰਤੁਸ਼ਟੀ ਮਿਲਦੀ ਹੈ, ਇਸ ਖ਼ੁਸ਼ੀ ਵਿਚ ਵਾਧਾ ਕਰਦੇ ਕਿਹੜੇ-ਕਿਹੜੇ ਤੁਹਫ਼ੇ ਤੁਹਾਨੂੰ ਮਿਲੇ ਹਨ?**

- 'ਪ੍ਰੀਤਲੜੀ' ਕਦੇ ਅਮਰੀਕਾ ਦੀ "ਨਵੇਂ ਇਨਸਾਨ" ਵਾਲੀ ਇਨਸਾਨੀ-ਤਰੱਕੀ ਦੀ ਦੱਸ ਪਾਉਂਦੀ ਰਹੀ, ਕਦੇ ਰੂਸ ਦੀ ਇਨਸਾਨਪ੍ਰਸਤ ਕੋਸ਼ਿਸ਼ ਦੀ ਵੰਨਗੀ ਦੀ ਵਕੀਲ ਬਣੀ, ਕਦੇ ਹਰੇ ਇਨਕਲਾਬ ਨਾਲ



ਭੁੱਖਾਂ ਮਿਟਾਉਣ ਦੀ ਢੰਡੋਰਚੀ, ਕਦੇ ਨਕਸਲਵਾਦ ਅੱਗੇ ਸਹਿਜ-ਪਸੰਦ ਤੇ ਕਦੇ ਧਾਰਮਕ ਬਾਣੇ ਵਿਚ ਪੇਸ਼ ਅਤਿਵਾਦ ਅੱਗੇ ਅਮਨ ਦੀ ਘੁੱਗੀ ਬਣ ਪੂਰੀ ਤਾਣ ਨਾਲ ਡੱਕਾ ਬਣ ਬਣ ਖਲੋਂਦੀ ਅਤੇ ਅੱਜ ਸ਼ਾਇਦ "ਵਿਚਲੇ ਰਾਹਾਂ" ਨੂੰ ਲੱਭ ਰਹੀ ਹੈ—ਜ਼ਮੀਨੀ ਅਸਲੀਅਤਾਂ, ਮੁਹਾਰਤਾਂ, ਇਨਸਾਨਪ੍ਰਸਤ ਵਿਹਾਰਕ ਸੱਚਾਈ ਦੀ ਰਮਜ਼ ਲੱਭਦੀ। 'ਪ੍ਰੀਤਲੜੀ' ਹਮੇਸ਼ਾ ਖਰੀ ਕੋਸ਼ਿਸ਼ ਦਾ ਨਾਂ ਰਹੀ ਹੈ—ਸ਼ਾਇਦ ਸਾਰੇ ਸਹਿਮਤ ਹੋਣ।

ਅੱਜ ਸਭ ਤੋਂ ਵੱਡੀ ਖ਼ੁਸ਼ੀ ਇਸ ਗੱਲ ਦੀ ਹੋ ਰਹੀ ਹੈ ਕਿ ਨਵੀਂ ਤੋਂ ਨਵੀਂ ਪੀੜ੍ਹੀ ਦੇ ਪਾਠਕ ਅਤੇ ਲੇਖਕ, ਪ੍ਰੀਤਲੜੀ ਨਾਲ ਜੁੜ ਹੀ ਨਹੀਂ ਰਹੇ, ਆਪਣਾ ਭਵਿੱਖ ਬਣਾਉਣ ਵਿਚ ਇਸਨੂੰ ਸਹਾਈ ਵੀ ਸਮਝਦੇ ਹਨ। ਇਥੋਂ ਤੱਕ ਕਿ ਆਈ. ਏ. ਐੱਸ. ਆਦਿ ਦੇ ਇਮਤਿਹਾਨ ਦੇਣ ਵਾਲੇ ਵੀ ਇਸਨੂੰ ਪੜ੍ਹਨਾ ਆਪਣੀ ਜ਼ਰੂਰਤ ਸਮਝਦੇ ਹਨ। ਸੇਵਾਮੁਕਤ ਹੋ ਚੁੱਕੇ ਭਾਰਤ ਸਰਕਾਰ ਦੇ ਇੱਕ ਸਰਵ ਉੱਚ ਅਫ਼ਸਰ ਨੇ ਅੱਧੇ ਕੁ ਮਖੌਲ ਨਾਲ ਕਿਹਾ ਵੀ ਹੈ: "ਸਾਡੇ ਮਾਸਟਰ ਨੇ ਸਾਨੂੰ ਪ੍ਰੀਤਲੜੀ ਨਾ ਪੜ੍ਹਾਈ ਹੁੰਦੀ ਤਾਂ ਡੰਗਰ ਹੀ ਚਾਰਦੇ ਹੋਣਾ ਸੀ।" ਤੁਗ਼ਲਵਾਲ (ਗੁਰਦਾਸਪੁਰ) ਦੀ ਬਾਬਾ ਆਇਆ ਸਿੰਘ ਰਿਆੜਕੀ ਵਰਗੀ ਖਰੀ/ਪੂਰਨੇ ਪਾਊ ਸੰਸਥਾ ਵਲੋਂ ਬਹੁਤ ਲਾਇਕ ਬੱਚੀਆਂ ਨੂੰ ਸਾਲ ਲਈ 'ਪ੍ਰੀਤਲੜੀ' ਲਾਉਣ ਦੇ "ਇਨਾਮ ਨਾਲ ਨਿਵਾਜਣਾ" 83ਵੇਂ ਵਰ੍ਹੇ ਵਿਚ 'ਪ੍ਰੀਤਲੜੀ' ਨੂੰ ਸਭ ਤੋਂ ਵੱਡਾ ਤੁਹਫ਼ਾ ਹੀ ਤਾਂ ਹੈ।

ਸ਼ਾਇਦ ਸਾਡੀ ਮੌਜੂਦ ਟੀਮ ਨੇ ਫੋਕੀ ਆਧੁਨਿਕਤਾ/ਗੈਰ-ਜ਼ਿੰਮੇਵਾਰ ਰੋਸ/ਹਿੰਸਕ ਬਗ਼ਾਵਤ ਵਾਲੇ 'ਯੁਗਾਂ' ਦੀ ਥਾਂ ਫੇਰ ਓਹੀ ਸੇਵਾ, ਸ਼ਰੀਫ਼ ਮਿਹਨਤ, ਆਦਰ, ਲਗਨ ਦਾ ਸਦੀਆਂ ਪੁਰਾਣਾ ਪੱਲਾ ਇਕ ਤਾਕਤ ਨਾਲ ਫੜਨ ਦਾ ਰਾਹ ਫੜਿਆ ਹੈ। ਸ਼ਾਇਦ ਇਹ ਉੱਤਰ-ਆਧੁਨਿਕਤਾ ਹੈ—ਉਂਝ ਹੀ ਜਿਵੇਂ ਮਾਵਾਂ ਦਾ ਮੁੜ ਦੁੱਧ ਚੁੰਘਾਉਣ ਵੱਲ ਆਉਣਾ; ਮਰਦ ਤੇ ਤ੍ਰੀਮਤ ਦਾ ਇਕ ਸਹਿਜ ਬਰਾਬਰੀ ਵੱਲ!

ਸ. ਗੁਰਬਖ਼ਸ਼ ਸਿੰਘ ਜੀ ਦੇ ਪਰਿਵਾਰ ਦੇ ਜੀਆਂ, ਮਿੱਤਰਾਂ ਔਖਾਂ ਝੱਲੀਆਂ, ਉਨ੍ਹਾਂ ਦੇ ਸਮਕਾਲੀਆਂ ਉਨ੍ਹਾਂ ਨੂੰ ਪੜ੍ਹਿਆ ਜਾਣਿਆ; ਪਰਖਿਆ; ਆਪਣੇ ਆਪਣੇ ਨਿਚੋੜ ਕੱਢੇ- ਜੋ ਨਿਚੋੜ, ਸੰਤ ਸਿੰਘ ਸੇਖੋਂ ਜੀ ਵਾਂਗ, ਉਹ ਅਖੀਰੀ ਦਮ ਤੱਕ ਮੁੜ ਤੋਲਦੇ-ਤੁਲਾਉਂਦੇ ਵੀ ਰਹੇ—ਜਿਨ੍ਹਾਂ ਅਖ਼ੀਰ ਕਿਹਾ ਕਿ 'ਮੈਨੂੰ ਗੁਰਬਖ਼ਸ਼ ਸਿੰਘ ਨਾਲ ਈਰਖਾ ਸੀ'।

ਕੀ ਕੋਈ ਬਾਰਿਸ਼ ਦਾ ਕਤਰਾ ਇਕੋ ਵੇਲੇ ਖਰਾ ਅਤੇ ਖੋਟਾ ਹੋ ਸਕਦਾ ਹੈ? ਇਕੋ ਵੇਲੇ ਬਹਾਦਰ ਅਤੇ ਡਰਪੋਕ? ਇਕੋ ਵੇਲੇ ਝੂਠਾ ਅਤੇ ਸੱਚਾ? ਵਿਹਾਰੀ ਅਤੇ ਅਵਿਹਾਰੀ? ਆਗੂ ਅਤੇ ਫਾਡੀ? ਪਿਆਰਾ ਅਤੇ ਘਿਨਾਉਣਾ? ਇਲਾਹੀ ਅਤੇ ਸ਼ੈਤਾਨੀ?—ਮੈਂ ਵੀ ਸਾਰੀ ਉਮਰ ਅਜਿਹੇ ਕਿਸੇ ਸੁਆਲ ਨਾਲ ਖਹਿੰਦੀ, ਵਰਤਦੀ ਖੀਵੀ ਹੋਈ ਰਹੀ ਹਾਂ। ਬੁੱਧੀ ਨੂੰ ਵੀ ਚਕ੍ਰਿਤ ਕਰਦੇ ਰਹੇ ਵਲਵਲਿਆਂ, ਅਮਲਾਂ, ਵਿਹਾਰਾਂ ਦੇ ਇਕ ਸੰਸਾਰ ਵਿਚ, ਜਿਸ ਵਿਚ ਜ਼ਿੰਦਗੀ ਦੀ ਕੋਈ ਅ-ਮ੍ਰਿਤ ਸੁਗੰਧੀ ਲੁਕੀ ਹੋਈ ਹੁੰਦੀ ਹੈ।

ਖ਼ੁਸ਼ੀ ਹੈ ਕਿ ਚੌਥੀ ਪੀੜ੍ਹੀ ਦੇ ਪਾਠਕਾਂ ਦੇ ਨਾਲ ਨਾਲ, ਪਰਿਵਾਰ ਦੀ ਵੀ ਚੌਥੀ ਪੀੜ੍ਹੀ ਭਰ ਜਵਾਨ ਹੋ ਗਈ ਹੈ ਅਤੇ ਆਪਣੀ ਆਪਣੀ ਵਿੱਤ ਮੁਤਾਬਕ ਨਵੇਂ ਨਵੇਂ ਅਸਮਾਨ ਮੱਲ/ਖੋਲ੍ਹ ਰਹੀ ਹੈ।

ਪ੍ਰੀਤਲੜੀ, ਜੋ 1984 ਤੋਂ ਬਾਅਦ "ਸੁਮੀਤ ਸਿੰਘ ਦੀ ਯਾਦ ਵਿਚ" ਚੱਲ ਰਹੀ ਹੈ—ਉਸ ਲਈ ਇਕ ਤੁਹਫ਼ਾ ਹੀ ਤਾਂ ਹੈ, ਸਾਡੀ ਚੌਥੀ ਪੀੜ੍ਹੀ ਦੀ ਰਤਿਕਾ ਸਿੰਘ, ਬੰਗਲੌਰ ਵਿਚ ਡਿਜ਼ਾਇਨ-ਸਿਨੇਮੈਟੋਗ੍ਰਾਫ਼ੀ ਦੀ ਵਿਦਿਆਰਥਣ ਸਾਡੀ ਛੋਟੀ ਧੀ, ਦਾ "ਤੁਹਾਡੇ ਨਾਲ ਜੁੜੀ ਕੋਈ ਇਤਿਹਾਸਕ ਯਾਦ" ਦੇ ਆਪਣੇ ਪ੍ਰਾਜੈਕਟ ਲਈ ਸੁਮੀਤ ਸਿੰਘ ਦੀ ਜ਼ਿੰਦਗੀ ਤੇ ਮੌਤ ਦੇ ਵਿਸ਼ੇ ਨੂੰ 6 ਮਹੀਨਿਆਂ ਲਈ ਚੁਣਨਾ। ਉਸ ਨੇ ਉਨ੍ਹਾਂ ਦੀਆਂ ਕਈ ਨਿੱਜੀ ਚੀਜ਼ਾਂ ਮੰਗਵਾਈਆਂ ਸਨ। ਕੱਪੜਿਆਂ, ਫੋਟੋਆਂ, ਬ੍ਰੀਫ਼ਕੇਸ, ਕਿਤਾਬਾਂ ਤੋਂ ਲੈ ਕੇ ਹਸਤਾਖ਼ਰ ਤੱਕ। ਇਕ ਨੁਮਾਇਸ਼ ਡਿਜ਼ਾਇਨ ਕਰਕੇ ਪੇਸ਼ ਕਰਨ ਲਈ। ਹੁਣ ਪ੍ਰੀਤਲੜੀ ਨਾਲ ਜੁੜ ਚੁੱਕੀ ਵੱਡੀ ਧੀ ਨੇ ਆਪਣੇ ਅਜਿਹੇ ਪ੍ਰੋਜੈਕਟ ਲਈ ਆਪਣੀ ਦਾਦੀ ਤੇ ਨਾਨੀ ਦੀਆਂ ਜੀਵਨ-ਕਹਾਣੀਆਂ ਚੁਣੀਆਂ ਸਨ।

**? ਹੁਣ ਤੱਕ ਦਾ ਸਭ ਤੋਂ ਵਧੀਆ ਕਮੈਂਟ ਤੁਹਾਨੂੰ ਕੀ ਮਿਲਿਆ ਹੈ?**

- (ਸੋਚਦੇ ਹੋਏ) ਇਕ ਵਾਰ ਦਾਰ ਜੀ (ਸ. ਗੁਰਬਖ਼ਸ਼ ਸਿੰਘ) ਨੂੰ ਕਿਸੇ ਫ਼ਿਲਮ ਦੀ ਕਹਾਣੀ ਸੁਣਾਈ, ਉਹ ਕਹਿੰਦੇ- 'ਤੂੰ ਕਹਾਣੀ ਬੜੀ ਸੁਹਣੀ ਸੁਣਾਂਦੀ ਏਂ।' ਇਸੇ ਤਰ੍ਹਾਂ 1981 ਵਿਚ ਨਵਤੇਜ ਜੀ ਬਿਮਾਰ ਪੈ ਗਏ ਸਨ, ਸੁਮੀਤ ਉਨ੍ਹਾਂ ਕੋਲ ਮੁੰਬਈ ਗਏ ਸਨ, ਤਾਂ ਮੈਂ 'ਪ੍ਰੀਤਲੜੀ' ਦਾ ਇਕ ਅੰਕ ਕੱਢਿਆ, ਨਵਤੇਜ ਜੀ ਨੇ ਮੈਨੂੰ ਲਿਖਿਆ ਖ਼ਤ ਵਿਚ, ਕਹਿੰਦੇ- 'ਤੂੰ ਪ੍ਰੀਤਲੜੀ ਦੀ ਟੀਮ ਦੀ ਪੱਕੀ ਮੈਂਬਰ ਹੋਵੇਂਗੀ।' ਉਹ ਪਿਆਰਾ ਇਨਸਾਨ ਅਗਸਤ 1981 ਵਿਚ ਸਾਵਣ ਦੇ ਬੱਦਲਾਂ ਦੀ ਤਾਰੀਫ਼ ਵਿਚ ਅਖ਼ੀਰਲੀ ਵਾਰ ਮੰਤਰ-ਮੁਗਧ ਹੁੰਦਾ ਦੁਨੀਆਂ ਤੋਂ ਤੁਰ ਗਿਆ ਸੀ... ਉਹਨਾਂ ਦੇ ਕੋਮਲ, ਖ਼ਾਲਸ ਲੋਕ-ਪਿਆਰ ਦੀ ਬੱਝੀ ਹੋਈ ਮਹਿਸੂਸ ਕਰਦੀ ਹਾਂ ਅੱਜ ਵੀ, ਜਿਨ੍ਹਾਂ ਨੂੰ ਕੈਂਸਰ ਦੀ ਬਿਮਾਰੀ ਵਿੱਚ ਵੀ ਜਨੂੰਨ ਦੀ ਹੱਦ ਤਕ ਪ੍ਰੀਤਲੜੀ ਦੇ ਭਵਿੱਖ ਵਿਚ ਵੀ ਚੱਲਦੇ ਰਹਿਣ ਦਾ ਖ਼ਿਆਲ ਸੀ, ਜੋ ਖਿਆਲ ਕਿ ਸੁਮੀਤ ਸਿੰਘ ਦਾ ਵੀ ਧਾਰਮਿਕ ਫਰਜ਼ ਵਰਗਾ ਅਤੇ ਜਨੂੰਨ ਸੀ। ਧੰਨ ਭਾਗ ਜੋ ਉਨ੍ਹਾਂ ਜਿਹਾ ਰਿਸ਼ੀ ਵੇਖਿਐ, ਜਾਣਿਐ ਤੇ ਅਸਰ ਲਿਆ।

ਕ੍ਰਿਸ਼ਨਾ ਸੋਬਤੀ ਇਕ ਵਾਰ ਚੰਡੀਗੜ੍ਹ ਆਏ ਸਨ ਤਾਂ ਭਰੀ ਮਹਿਫ਼ਿਲ ਵਿਚ ਉਨ੍ਹਾਂ ਕਿਹਾ ਸੀ ਕਿ ਉਹ ਮੈਨੂੰ ਪੜ੍ਹਦੇ ਹਨ, ਇਸੇ ਦੇ ਸੁਆਲ ਦੇ ਜੁਆਬ ਵਿਚ! ਗਿਆਨੀ ਜ਼ੈਲ ਸਿੰਘ ਨੇ ਕਿਹਾ—ਇਹ ਕੁੜੀ ਉਹ ਲਿਖ ਜਾਂਦੀ ਹੈ, ਜੋ ਗਿਆਨੀ ਵੀ ਨਹੀਂ ਕਹਿ ਸਕਦੇ!

**? ਪਤੀ ਤੇ ਬੱਚਿਆਂ ਬਾਰੇ ਕੁਝ ਦੱਸੋ।**

- ਸੁਮੀਤ ਨਾਲ ਪਿਆਰ-ਵਿਆਹ ਕਰਕੇ ਮੈਂ ਹਮੇਸ਼ਾ ਲਈ ਸੁਮੀਤ ਦੀ ਥਾਂ ਪ੍ਰੀਤਲੜੀ ਲਈ ਸਰਗਰਮ ਹਾਂ ਜਿਸ ਵਿਚ ਉਨ੍ਹਾਂ ਦੇ ਛੋਟੇ ਭਰਾ, ਤੇ ਫਿਰ ਮੇਰੇ ਪਤੀ, ਰੱਤੀ ਕੰਤ ਸਿੰਘ ਨੇ ਅਥਾਹ ਸਤਿਕਾਰ ਤੇ ਪਿਆਰ ਨਾਲ ਸਾਥ ਦਿੱਤਾ ਹੈ। ਘਰ ਦੇ ਨਾਲ ਪਰਚੇ ਦੀ ਛਪਾਈ ਤੋਂ ਲੈ ਕੇ ਉਸ ਨੂੰ ਵੰਡਣ, ਉਸ ਲਈ ਇਸ਼ਤਿਹਾਰ ਜਾਂ ਚੰਦੇ, ਆਦਿ, ਇਕੱਠੇ ਕਰਨ ਦੀ ਸਾਰੀ ਜ਼ਿੰਮੇਵਾਰੀ ਉਹੀ ਨਿਭਾਉਂਦੇ ਹਨ। ਇਸ ਦੇ ਨਾਲ ਹੀ ਪ੍ਰੀਤ ਨਗਰ ਵਿਚ ਖੇਤੀਬਾੜੀ ਆਦਿ ਦਾ ਕੰਮ ਵੀ ਆਪ ਹੀ ਦੇਖਦੇ ਹਨ। ਬੱਚਿਆਂ ਵਿਚ ਦੋ ਬੇਟੀਆਂ ਹਨ, ਸਮੀਆ ਸਿੰਘ ਤੇ ਰਤਿਕਾ ਸਿੰਘ, ਇਕ ਬੇਟਾ ਹੈ ਸਹਿਜ ਸਿੰਘ। ਵੱਡੀ ਬੇਟੀ ਸਮੀਆ ਬਾਰੇ ਤਾਂ ਆਪਾਂ ਗੱਲ ਕਰ ਹੀ ਲਈ ਹੈ। ਉਸ ਨੇ ਕਿਹਾ ਹੈ ਕਿ ਉਹ ਆਰਟ ਦਾ ਕੰਮ ਹੀ ਦੇਖੇਗੀ। ਲਿਖਦੀ ਰਹਿਣ ਦੀ ਕੋਸ਼ਿਸ਼ ਵੀ ਕਰੇਗੀ। ਛੋਟੀ ਬੇਟੀ ਰਤਿਕਾ ਸਿੰਘ ਨੇ ਬੰਗਲੌਰ ਵਿਖੇ ਸਿਨੇਮੈਟੋਗਰਾਫ਼ੀ ਦੀ ਪੜ੍ਹਾਈ ਮੁਕਾਈ ਹੈ। ਪਿਛੇ ਜਿਹੇ ਨਵਤੇਜ ਸਿੰਘ, ਉਸ ਦੇ ਦਾਦਾ ਜੀ, ਦੀ ਕਹਾਣੀ 'ਬਸ਼ੀਰਾ' ਉੱਤੇ ਉਸ ਨੇ ਇਕ ਛੋਟੀ ਜਿਹੀ ਫ਼ਿਲਮ ਬਣਾਈ ਹੈ, ਆਪਣੇ ਕਾਲਜ ਦੇ ਕੰਮ ਵਜੋਂ। ਪਹਿਲਾਂ ਇਹ ਕਹਾਣੀ ਅਨੁਵਾਦ ਵੀ ਹੋਈ ਕਾਲਜ ਲਈ। ਉਦੋਂ ਕਿਸੇ ਕੰਮ ਅਸੀਂ ਲੋਪੋਕੇ ਪਿੰਡ ਦੇ ਆਸ-ਪਾਸ ਕਾਰ ਵਿੱਚ ਸੜਕਾਂ ਉੱਤੇ ਫਿਰ ਰਹੇ ਸੀ। ਕਹਿੰਦੀ, ਤੁਸੀਂ ਬੋਲੀ ਜਾਓ ਫ਼ੋਨ 'ਤੇ, ਮੈਂ ਟਾਈਪ ਕਰੀ ਜਾਂਦੀ ਹਾਂ। ਤੇ ਮੈਂ ਜਵਾਬੀ ਫੋਨ ਕਰ ਕੇ ਅਨੁਵਾਦ ਬੋਲਦੀ ਗਈ, ਉਸ ਦੀ ਸਰਗਰਮ ਮਦਦ ਅਤੇ ਸਲਾਹ ਦੇ ਨਾਲ। ਬਸ਼ੀਰਾ-ਜਿਸ ਨੂੰ ਮੱਝ ਕਰਕੇ ਸਕੂਲ ਛੱਡਣਾ ਪਿਆ ਸੀ! ਇਹ ਫ਼ਿਲਮ 'ਯੂ-ਟਿਊਬ' 'ਤੇ ਹੈ। ਉਸ ਨੇ ਪ੍ਰੀਤਨਗਰ ਰੈਜ਼ੀਡੈਂਸੀ ਚਲਾਈ ਹੈ, ਜਿਥੇ ਆਰਟਿਸਟ-ਲੇਖਕ ਆ ਕੇ ਰਹਿ ਸਕਦੇ ਹਨ। ਕੁਝ ਪੇਮੈਂਟ ਰੱਖੀ ਹੈ। ਰੋਟੀ ਆਪ ਬਣਾ ਕੇ ਦਿਆਂਗੇ।

22 ਸਾਲ ਦੀ ਧੀ ਰਤੀਕਾ ਸਿੰਘ ਨੇ ਆਪਣੇ ਦਾਦਾ ਜੀ ਨਹੀਂ ਦੇਖੇ, ਤੇ ਹੁਣ ਉਹ, ਕਹਾਣੀ ਵਿਚਲੀਆਂ ਭਾਵਨਾਤਮਕ ਅਤੇ ਕਲਾਤਮਕ ਛੋਹਾਂ ਉੱਤੇ ਵਾਰ ਵਾਰ 'ਹਾਏ...!' ਕਹਿ ਰਹੀ ਸੀ, ਅਸ਼ ਅਸ਼ ਕਰਦਿਆਂ। ਉਸ ਦੇ ਨਾਲ ਮੁੜ ਕੇ ਇਉਂ ਇਹ ਕਹਾਣੀ ਪੜ੍ਹਦਿਆਂ ਮੈਨੂੰ ਲਗ ਰਿਹਾ ਸੀ ਜਿਵੇਂ ਖ਼ੁਦ ਲੇਖਕ ਦੀ ਕੋਮਲਤਾ ਹੀ ਪਰਤ ਕੇ, ਆਪ ਕਹਾਣੀ ਸੁਣ ਰਹੀ ਹੈ! ਇਹ ਕੁੜੀ, ਜਿਸ ਨੂੰ ਉਸ ਦੀ ਦਾਦੀ ਲਾਡ ਨਾਲ ਕਹਿੰਦੀ ਹੁੰਦੀ ਸੀ ਕਿ ਤੇਰੇ ਹੱਥ-ਪੈਰ ਤੇਰੇ ਦਾਦੇ ਵਰਗੇ ਹਨ, ਵੀ ਕੁਝ ਏਨੀ ਹੀ ਕੋਮਲ-



ਚਿੱਤ ਹੈ ਜਿੰਨਾ ਉਸ ਦਾ ਦਾਦਾ ਸੀ।

ਬੇਟੇ ਨੇ ਦਿੱਲੀ ਵਿਚ ਅਰਥ-ਸ਼ਾਸਤਰ ਨਾਲ ਬੀ. ਏ. ਦੀ ਪੜ੍ਹਾਈ ਮੁਕਾਈ ਹੈ। ਫ਼ੁਟਬਾਲ ਦਾ ਮਾਹਿਰ ਖਿਡਾਰੀ ਹੈ। ਹੁਣ ਸਾਲ ਲਈ ਮਾਰਕਿਟਿੰਗ ਵਿਚ ਬੀ. ਐਸ. ਸੀ. ਪੜ੍ਹਨ ਬਾਹਰ ਜਾ ਰਿਹਾ ਹੈ।

**? ਤੁਸੀਂ ਵੀ 'ਡਰਾਮਾ' ਵਿਚ ਡਿਪਲੋਮਾ ਕੀਤਾ ਹੈ ਤੇ ਕਈ ਨਾਟਕਾਂ ਵਿਚ ਅਦਾਕਾਰੀ ਕੀਤੀ ਹੈ। ਹੁਣ ਤੱਕ ਇਸ ਖੇਤਰ ਵਿਚ ਤੁਹਾਡੀ ਕੀ ਕਾਰਗੁਜ਼ਾਰੀ ਰਹੀ ਹੈ ਤੇ ਇਸ ਖੇਤਰ ਵਿਚ ਤੁਸੀਂ ਕਿੰਨਾ ਕੁ ਅੱਗੇ ਜਾਣਾ ਤੇ ਮੰਚ 'ਤੇ ਕਿਹੜਾ ਅਹਿਮ 'ਕਿਰਦਾਰ' ਨਿਭਾਉਣਾ ਲੋਚਦੇ ਹੋ?**

- ਮੈਂ ਬਚਪਨ ਤੋਂ ਜੋਗਿੰਦਰ ਬਾਹਰਲਾ ਜੀ ਦੇ ਹੇਠ ਕੰਮ ਕੀਤਾ, ਸਕੂਲ-ਕਾਲਜ ਵਿਚ ਇਨਾਮ ਲਏ। 10-12 ਵੱਡੇ-ਵੱਡੇ ਨਿਰਦੇਸ਼ਕਾਂ ਹੇਠ ਕੰਮ ਕੀਤਾ। 'ਹੀਰ' ਦਾ ਪਾਤਰ ਵੀ ਨਿਭਾਇਆ। ਰੇਡੀਓ ਤੇ ਟੀ. ਵੀ. ਨਾਟਕਾਂ ਵਿਚ ਵੀ ਕੰਮ ਕੀਤਾ ਹੈ। ਪੰਜਾਬ ਯੂਨੀਵਰਸਿਟੀ ਦੇ ਡਰਾਮਾ ਵਿਭਾਗ ਤੋਂ ਇਕ ਸਾਲ ਦੀ ਪੜ੍ਹਾਈ ਕੀਤੀ ਸੀ ਤੇ ਐਨ. ਐਸ. ਡੀ. (ਨੈਸ਼ਨਲ ਸਕੂਲ ਆਫ਼ ਡਰਾਮਾ) ਵਿਚ ਛੇ ਮਹੀਨੇ ਹੀ ਲਾ ਸਕੀ।

ਸੰਨ 2000 ਦੇ ਕਰੀਬ ਕਹਾਣੀਆਂ ਨੂੰ ਨਾਟਕ ਅੰਦਾਜ਼ ਵਿਚ ਪੜ੍ਹਨ/ਮੰਚਨ ਕਰਨ ਦੀ ਵਿਧੀ ਅਜ਼ਮਾਈ—ਦਿੱਲੀ, ਲਾਹੌਰ, ਚੰਡੀਗੜ੍ਹ ਤੋਂ ਇਲਾਵਾ ਨਿਊਯਾਰਕ ਵਿਚ ਵੀ ਤੇ ਸਕੂਲਾਂ-ਕਾਲਜਾਂ ਵਿਚ ਵੀ। ਹੌਸਲਾ ਅਫ਼ਜ਼ਾਈ ਹੋਣ 'ਤੇ ਰਿਕਾਰਡ ਵੀ ਕੀਤੀਆਂ ਹਨ। 'apnaorg.com/audio/poonam' ਅਤੇ 'facebook.com/groups/preetlari' 'ਤੇ ਸੁਣੀਆਂ ਜਾ ਸਕਦੀਆਂ ਹਨ। ਇਕ ਮਿਆਰੀ ਸਕੂਲ ਵਿਚ ਚੰਡੀਗੜ੍ਹ, 'ਨਾਟਕ ਤੇ ਇਸ ਨਾਲ ਸਬੰਧਿਤ ਸ਼ਖ਼ਸੀਅਤ-ਉਸਾਰੀ' ਤਿੰਨ ਕੁ ਸਾਲ ਪੜ੍ਹਾਈ ਤੇ ਕੁਝ ਨਾਟਕ ਲਿਖੇ ਤੇ ਉਨ੍ਹਾਂ ਦਾ ਮੰਚਨ ਵੀ ਕੀਤਾ।

ਹੁਣ ਛੋਟੀ ਬੇਟੀ ਤੇ ਛੋਟੀ ਭੈਣ ਦੀ ਮਦਦ ਨਾਲ ਨਾਟਕ ਕਾਰਜਸ਼ਾਲਾਵਾਂ ਦੇਣ ਦਾ ਕੰਮ ਸ਼ੁਰੂ ਕੀਤਾ ਹੈ। NZCC (ਨੌਰਥ ਜ਼ੋਨ ਕਲਚਰਲ ਸੈਂਟਰ) ਨੇ 15 ਕਾਰਜਸ਼ਾਲਾਵਾਂ ਲੈਣ ਲਈ ਆਖਿਆ ਹੈ, ਅੰਮ੍ਰਿਤਸਰ ਦੇ ਦੇਹਾਤੀ ਬੱਚਿਆਂ ਨਾਲ। ਇਹ ਸ਼ੁਰੂ ਕਰਨੀਆਂ ਹਨ।

'ਪ੍ਰੀਤਲੜੀ' ਦੀਆਂ ਰਚਨਾਵਾਂ ਨੂੰ ਵੀ ਰਿਕਾਰਡ ਕਰ ਕੇ ਨੈੱਟ 'ਤੇ ਪਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਐੱਫ਼. ਐੱਮ. ਦੇ ਸਟੇਸ਼ਨ 'ਦੇਸ਼ ਭਗਤ ਰੇਡੀਓ' 'ਤੇ ਵੀ ਕਹਾਣੀਆਂ ਸੁਣਾਈਆਂ ਹੋਈਆਂ ਹਨ। ਪਾਕਿਸਤਾਨੀ ਕਹਾਣੀਆਂ ਵੀ ਰਿਕਾਰਡ ਕਰ ਰਹੀ ਹਾਂ।

ਇਹੋ ਚਾਹੁੰਦੀ ਹਾਂ ਕਿ ਬਹੁਤ ਸਾਰੀਆਂ ਕਹਾਣੀਆਂ ਸਣਾਂਦੀ ਰਹਾਂ ਤੇ ਇਸ ਕਲਾ ਨੂੰ ਤੇ ਨਾਟਕ ਕਲਾ ਦੇ ਫ਼ਾਇਦਿਆਂ ਨੂੰ ਨੌਜੁਆਨਾਂ ਤੇ ਬਾਲਾਂ ਵਿਚ ਫੈਲਾਂਦੀ ਜਾਵਾਂ।

ਕਦੇ ਮੁੰਬਈ ਜਾ ਕੇ ਮੰਚਨ ਕਰਾਂਗੀ, ਕਦੇ ਕਿਸੇ ਫ਼ਿਲਮ ਵਿਚ ਕੰਮ ਕਰਨ ਨੂੰ ਵੀ ਜੀਅ ਕਰਦਾ ਹੈ...ਦੇਖੋ!

**? ਤੁਸੀਂ 'ਪ੍ਰਾਜੈਕਟ ਪ੍ਰੀਤਨਗਰ' ਵੀ ਸ਼ੁਰੂ ਕੀਤਾ ਸੀ, ਜੋ ਕਿ ਇਕ ਬਹੁਤ ਚੰਗੀ ਪਹਿਲ ਸੀ ਪ੍ਰੀਤੀ ਸੁੰਦਰਮ ਦੀ ਰਹਿਨੁਮਾਈ ਹੇਠ। ਹੁਣ ਪ੍ਰੀਤੀ ਸੁੰਦਰਮ ਦੇ ਚਲੇ ਜਾਣ ਤੋਂ ਬਾਅਦ 'ਪ੍ਰਾਜੈਕਟ ਪ੍ਰੀਤਨਗਰ' ਕਿਥੇ ਕੁ ਖੜ੍ਹਾ ਹੈ?**

- ਨਵੇਂ ਸਿਰਿਓਂ ਸ਼ੁਰੂ ਕਰਾਂਗੇ! 5 ਫ਼ੁੱਟ ਦੀ ਮਸਾਂ ਹੀ ਤੇ ਫ਼ੁੱਲਾਂ ਵਰਗੀ ਹੌਲੀ ਪ੍ਰੀਤੀ ਸੁੰਦਰਮ, ਅੰਤਰਰਾਸ਼ਟਰੀ ਰਿਸ਼ਤਿਆਂ ਵਿਚ ਬੀ. ਏ., ਡੇਢ ਸਾਲ ਪ੍ਰੀਤਨਗਰ ਲਾ ਕੇ ਵਾਪਿਸ ਆਪਣੇ ਦੇਸ ਆਸਟ੍ਰੇਲੀਆ ਚਲੀ ਗਈ ਹੈ। ਕ੍ਰਿਸ਼ਨ ਨੂੰ ਲੱਭਦੀਆਂ ਗਾਵਾਂ ਵਾਂਗ ਜਿਨ੍ਹਾਂ ਨਾਲ ਕੰਮ-ਕਾਰ ਕਰਕੇ ਸਾਂਝ ਸੀ, ਉਨ੍ਹਾਂ ਸਭ ਨੂੰ ਉਦਾਸ ਵੀ ਕਰ ਗਈ ਹੈ। ਉਸ ਨੇ ਦੋ ਸਾਲ ਲਗਾਉਣੇ ਸਨ, ਪਰ ਉਸਦਾ ਇਕ ਗੋਡੇ ਦਾ ਅਪਰੇਸ਼ਨ ਹੋਣਾ ਹੈ, ਬਰਫ਼ ਉਤੇ ਸਕੀਇੰਗ ਕਰਨ ਦੀ ਇਕ ਪੁਰਾਣੀ ਸੱਟ ਕਰਕੇ, ਬੜਾ ਜ਼ਰੂਰੀ ਹੋ ਗਿਆ ਸੀ ਜਿਸਨੂੰ ਛੇਤੀ ਕਰਨਾ। ਆਪਣੇ ਖਰਚ 'ਤੇ ਭਾਰਤ ਅਤੇ ਖਾਸ ਚੁਣ ਕੇ ਪੰਜਾਬ ਆਈ ਇਸ

ਮੁਟਿਆਰ ਨੂੰ ਬੜੀ ਮੁਸ਼ਕਿਲ ਅਲਵਿਦਾ ਆਖਿਆ ਅਤੇ ਉਸਨੇ ਵੀ ਅੱਖਾਂ ਭਰ ਲਈਆਂ। ਪਿੰਡ ਦੇ ਮਿਹਨਤਕਸ਼ ਘਰਾਂ ਵਿਚ ਹੀ ਜਾਣਾ ਪਸੰਦ ਕਰਦੀ ਰਹੀ ਹੈ ਉਹ, ਉਨ੍ਹਾਂ ਸੰਗ ਦੁਖ-ਸੁੱਖ ਵੰਡਾਉਂਦੀ ਅਤੇ ਸਮਾਂ ਬਿਤਾਂਦੀ; ਰੋਟੀ ਖਾਂਦੀ, ਭਾਂਡੇ ਵੀ ਮੰਜਾਉਂਦੀ। ਸਭ ਦੀ ਪਿਆਰੀ ਸੀ ਉਹ ਤਾਂ, ਆਪਣੇ ਸਖ਼ਤ ਸਮਰਪਣ ਕਰਕੇ, ਹੁਣ ਤਾਂ ਉਹ ਕੱਪੜੇ ਵੀ ਸਿਰਫ਼ ਪ੍ਰੀਤਨਗਰ ਵਿਚ ਸੀਤੇ ਹੀ ਪਹਿਨਦੀ—ਤਾਂ ਹੀ ਤੇ ਕਈ ਸਾਰੇ ਤੁਹਫ਼ੇ ਵੀ ਉਸਨੂੰ ਮਿਲੇ। ਸ਼ਾਇਦ ਇਸਾਈ ਮਹੰਤਣੀਆਂ ਤੋਂ ਅੱਗੇ ਹੀ ਲੰਘ ਗਈ!

ਪ੍ਰੀਤੀ ਨੇ ਸਲਵਾਰਾਂ ਤੋਂ ਜੋ ਮੁਨਾਫ਼ਾ ਕਮਾਇਆ (ਆਪਣੇ ਪੱਲਿਓਂ ਹੀ ਪੈਸਾ ਲਾ-ਲਵਾ ਅਤੇ ਆਸਟ੍ਰੇਲੀਆ ਵਿਚ ਵੇਚ ਕੇ, ਅਜੇ ਕਈ ਵੀਹਾਂ ਵੇਚੇਗੀ ਵੀ ਓਥੇ ਸ਼ਾਇਦ), ਉਸ ਮੁਨਾਫ਼ੇ ਨਾਲ 12-13 ਸਾਲ ਤੱਕ ਦੇ ਪ੍ਰੀਤਨਗਰ ਦੇ 8 ਬੱਚਿਆਂ ਨੂੰ ਇੰਡੀਕੋਰ ਦੇ ਮੁੱਖ ਦਫ਼ਤਰ ਅਹਿਮਦਾਬਾਦ ਵੀ ਲੈ ਗਈ। ਇਨ੍ਹਾਂ ਵਿਚ 4 ਮੁੰਡੇ ਤੇ 4 ਕੁੜੀਆਂ ਸਨ। ਹਫ਼ਤਾ ਰਹਿ ਕੇ ਵਾਪਿਸੀ ਸੀ। ਬੱਚਿਆਂ ਓਥੇ ਫ਼੍ਰਿਸਬੀ ਮੈਚ ਖੇਡੇ, ਕਈ ਟੀਮਾਂ ਨਾਲ, ਜੋ ਆਸਾਮ, ਮੁੰਬਈ, ਰਾਜਸਥਾਨ, ਗੁਜਰਾਤ ਦੀਆਂ ਸਨ। ਇਸ ਤੋਂ ਇਲਾਵਾ ਉਨ੍ਹਾਂ IIM, ਸਾਬਰਮਤੀ ਗਾਂਧੀ ਆਸ਼ਰਮ, NID, ਅਹਿਮਦਾਬਾਦ ਸ਼ਹਿਰ ਅਤੇ ਹੋਰ ਕਈ ਕੁਝ ਦੇਖਿਆ। ਪਹਿਲਾਂ ਇਥੇ ਵੀ ਸਾਝਰੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਇਕ ਘੰਟਾ ਸਟੇਸ਼ਨ ਘੁੰਮ ਫਿਰ ਕੇ ਦੇਖਿਆ। ਬੱਚਿਆਂ ਅੰਦਰ ਜੋ ਇਕ ਡਰ ਸੀ, ਘਰੋਂ ਬਾਹਰ ਆਉਣ ਦਾ, ਉਹ ਪਰਤੱਖ ਦਿਸਦਾ ਸੀ, ਜੋ ਦੂਰ ਹੋਇਆ।

ਇਥੇ ਪ੍ਰੀਤਨਗਰ ਅੱਖੀਂ ਵੇਖ ਕੇ ਅਸੀਂ ਦੁਹਾਈ ਪਾਈ ਕਿ ਗ਼ਰੀਬ ਨਿੱਕੇ ਨਿੱਕੇ ਬੱਚੇ ਬਿਨਾ ਘਰੋਂ ਕੁਝ ਖਾਧਿਆਂ ਸਕੂਲ ਆਉਂਦੇ ਹਨ ਕਿ 'ਸਰਕਾਰ ਨੇ ਉਨ੍ਹਾਂ ਖਾਤਿਰ ਇੰਤਜ਼ਾਮ ਕੀਤਾ ਹੈ' ਪਰ ਇਥੇ ਤਾਂ 12 ਵਜੇ ਤੱਕ ਵੀ ਨਿਰੇ ਚੌਲ ਹੀ ਮਿਲਦੇ ਹਨ। ਸਾਲ ਕੁ ਲਈ 30 ਨਿੱਕੇ ਨਿੱਕੇ ਬੱਚਿਆਂ ਨੂੰ ਕੇਲੇ ਤੇ ਦੁੱਧ ਰੋਜ਼ਾਨਾ ਦੇਣ ਲਈ ਸਾਡੀ ਮਦਦ ਕਰਨ ਵਾਲਿਆਂ ਦੇ ਅਸੀਂ ਧੰਨਵਾਦੀ ਹਾਂ – ਕਈਆਂ ਹਰ ਮਹੀਨੇ 500 ਰੁਪਿਆ ਦਿੱਤਾ, ਕਈਆਂ ਇਕੋ ਵਾਰ ਵਿਚ। ਮਦਦਗਾਰ ਬਣੇ ਸੁਮਿਤਾ ਦੀਦੀ ਸੰਧੂ, ਅਰਜੁਨ ਮਲਹੋਤਰਾ, ਸੁਸ਼ਮਾ ਅਤੇ ਅਵਿਨਾਸ਼ੀ ਸ਼ਰਮਾ, ਨਿਸ਼ਾ ਸਿੱਧੂ, ਪੂਰਣਿਮਾ, ਅਖ਼ਲਾਕ ਖ਼ਾਨ ਅਤੇ ਉਜ਼ਮਾ, ਕਰਨ ਅਤੇ ਵਿੰਨੀ, ਸੁਕਰਾਤ ਬਜਾਜ, ਜੈੱਸੀ ਕੌਰ, ਆਸ਼ਾ ਸੁਮਨ, ਕੋਕਾ ਰਾਓ, ਮਿਸੇਜ਼ ਪੀ. ਕੇ. ਸਿੰਘ (ਇਹ ਸਾਰੇ ਦਿੱਲੀ, ਇੰਗਲੈਂਡ, ਚੰਡੀਗੜ੍ਹ ਤੋਂ) ਤੇ ਡਾ. ਲੋਕਰਾਜ (ਯੂ.ਕੇ.)।

ਐਲੀਮੈਂਟਰੀ ਸਕੂਲ ਦੇ ਹੈੱਡ ਮਾਸਟਰ ਸਾਹਿਬ ਨੇ ਪ੍ਰੀਤੀ ਨੂੰ ਕੁਝ ਮਹੀਨਿਆਂ ਤੋਂ ਸਕੂਲ ਆਉਣ ਤੋਂ ਮਨ੍ਹਾ ਕੀਤਾ ਹੋਇਆ ਸੀ! ਪ੍ਰੀਤੀ ਉਨ੍ਹਾਂ ਨੂੰ ਪਿਆਰ ਨਾਲ ਤੇ ਆਦਰ ਨਾਲ ਤੇ ਅਖੀਰ ਸਾਫ਼ ਸਾਫ਼, ਬੱਚਿਆਂ ਖਾਤਿਰ ਲੜ ਕੇ ਵੀ, ਪੁੱਛਿਆ ਜੋ ਸੀ ਕਿ ਉਹ ਕਦੇ ਪੜ੍ਹਾਉਂਦੇ ਕਿਉਂ ਨਹੀਂ ਹਨ ਅਤੇ ਕੰਮ ਪਸੰਦ ਨਹੀਂ ਤਾਂ ਇਹ ਕਰਦੇ ਕਿਉਂ ਹਨ, ਤਨਖਾਹ ਕਿਉਂ ਲੈਂਦੇ ਹਨ, ਤੇ ਕੀ ਇਥੇ ਫ਼ੋਨ ਕਰਨ ਆਉਂਦੇ ਹਨ? ਅਸੀਂ ਪ੍ਰੀਤੀ ਨੂੰ 'ਸਮਝਾਉਣ' ਦੀ ਕੋਸ਼ਿਸ਼ ਕੀਤੀ –ਪਰ ਉਸ ਜਪਾਨ ਦੀ ਤਰੱਕੀ ਤੇ ਕੰਮ ਵੇਖਿਆ ਸੀ...ਮਿਡ ਡੇ ਮੀਲ 3 ਰੁਪਏ ਫ਼ੀ ਬੱਚਾ ਵਧੀਆ ਕਰ ਕੇ ਵੀ ਉਸ ਵਿਖਾਅ ਦਿੱਤਾ। ਅਸਲ ਵਿਚ 'ਜੱਟਸ਼ਾਹੀ' ਰੱਬ ਭੁੱਲ ਗਈ ਹੈ, ਨਰਮੀ ਤੇ ਪਿਆਰ ਨਹੀਂ ਸਮਝਦੀ। ਸੁਣਦੇ ਹਾਂ ਪਿੱਛੇ ਜਿਹੇ ਇਕ 'ਛਾਪਾ' ਪਿਆ ਹੈ।

ਪ੍ਰੀਤੀ ਦਾ ਆਪਣਾ ਵੀ ਕਿਹੜਾ ਜਾਣ ਦਾ ਮਨ ਸੀ? ਅਖਵਾਇਆ ਹੈ ਕਿ ਮੈਂ ਜ਼ਰੂਰ ਵਾਪਸ ਆਵਾਂਗੀ।

**? ਆਖ਼ਰੀ ਸੁਆਲ, ਤੁਹਾਡਾ ਜੀਵਨ-ਨਾਅਰਾ ਕੀ ਹੈ?**

- (ਗੰਭੀਰ ਹੁੰਦੇ ਹੋਏ) ਜੈ ਜੀਵਨ! ਜੈ ਜੀਵਨ ਸੁਧਾਰਨ ਲਈ ਸੰਘਰਸ਼! ਜੈ ਪ੍ਰੀਤ! (ਗੰਭੀਰਤਾ ਵਿਚ ਹੀ ਮੁਸਕਰਾਉਂਦੇ ਹਨ)।


**(ਸੰਪਰਕ: ਪੂਨਮ ਸਿੰਘ-93161-32806)**

**email : jaspreetjagraon@hotmail.com**



**ਆਲੋਚਨਾ-**

## ਸੰਘਣੇ ਕਥਾ ਬੋਧ ਵਾਲੇ ਬਿਰਤਾਂਤ ਤੇ ਨਵੀਆਂ ਕਥਾਤਮਕ ਜੁਗਤਾਂ ਵਾਲਾ ਕਹਾਣੀ ਸੰਗ੍ਰਹਿ-ਚਾਰ ਤੱਤ ਦਾ ਪੁਤਲਾ /- ਸਰਬਜੀਤ ਸਿੰਘ (ਡਾ.)




**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ**
**ਮੁੱਲ: 200, ਪੰਨੇ: 144**

ਪੰਜਾਬ ਸੰਕਟ ਬਾਅਦ ਸਾਹਮਣੇ ਆਈ ਪੰਜਾਬੀ ਕਹਾਣੀ ਦਾ ਵਿਸ਼ੇਸ਼ ਬਲ ਅੰਤਰਮੁਖਤਾ ਤਹਿਤ ਅੰਤਰ-ਮਨ ਦੀ ਯਾਤਰਾ ਉੱਪਰ ਬਣਦਾ ਹੈ। ਭਾਵੇਂ ਇਸ ਦੇ ਸੰਕੇਤ ਪ੍ਰੇਮ ਪ੍ਰਕਾਸ਼ ਦੀ ਕਹਾਣੀ ਵਿਚ ਹੀ ਸਾਹਮਣੇ ਆਉਣ ਲੱਗ ਪਏ ਸਨ ਪਰੰਤੂ ਅੰਤਰਮਨ ਦੀ ਯਾਤਰਾ ਵਾਲਾ ਇਹ ਕਥਾ ਬਿਰਤਾਂਤ ਔਰਤ ਮਰਦ ਦੇ ਸੰਬੰਧਾਂ ਨੂੰ ਕੇਂਦਰੀ ਬਿੰਦੂ ਬਣਾਉਂਦਾ ਹੈ। ਔਰਤ ਮਰਦ ਦੇ ਜਿਸਮਾਨੀ ਰਿਸ਼ਤਿਆਂ ਦੀਆਂ ਬਣਦੀਆਂ ਬਿਨਸਦੀਆਂ ਸਮੀਕਰਨਾਂ ਨੂੰ ਨਵੀਂ ਪੰਜਾਬੀ ਕਹਾਣੀ ਅਵੈਧ ਰਿਸ਼ਤਿਆਂ ਦੀ ਲੈਜਟੀਆਈਜੇਸ਼ਨ ਦਾ ਤਰਕ ਬਣਾਉਣ ਦਾ ਯਤਨ ਕਰਦੀ ਹੈ ਪਰੰਤੂ ਇਸ ਵਿਚੋਂ ਉਹ ਸੰਭਾਵਨਾ ਗ਼ੈਰਹਾਜ਼ਿਰ ਰਹਿੰਦੀ ਹੈ ਜਿਸ ਸਮਾਜਕ ਪਰਿਸਥਿਤੀਆਂ ਨੇ ਇਨ੍ਹਾਂ ਅਵੈਧ ਰਿਸ਼ਤਿਆਂ ਲਈ ਸਪੇਸ ਤਿਆਰ ਕੀਤੀ ਸੀ। ਇਸ ਕਰਕੇ ਇਸ ਅੰਤਰ ਮਨ ਦੀ ਯਾਤਰਾ ਵਾਲੀ ਕਥਾ ਪ੍ਰਤੀ ਅਕਸਰ ਕਿੰਤੂ-ਪ੍ਰੰਤੂ ਉੱਠਦੇ ਰਹੇ ਹਨ। ਪਰੰਤੂ ਇਸ ਕਥਾ ਦੀ ਪ੍ਰਾਪਤੀ ਇਹ ਹੈ ਕਿ ਇਸ ਨੇ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਅਵਚੇਤਨ ਦੀ ਪੱਧਰ ਉੱਪਰ ਚਿਤਰਤ ਕਰਕੇ ਵਿਅਕਤੀ ਅਤੇ ਸਮਾਜ ਦੀ ਡਾਇਲੈਕਟਸ ਨੂੰ ਪੇਸ਼ ਕੀਤਾ ਹੈ।

ਪੰਜਾਬ ਸੰਕਟ ਉਪਰੰਤ ਦੂਸਰੀ ਤਰ੍ਹਾਂ ਦੀ ਕਹਾਣੀ ਅਨੁਭਵ-ਬਿੰਬ ਕਥਾ ਬਿਰਤਾਂਤ ਦੀ ਹੈ ਜਿਹੜੀ ਪੂਰਵਲੀ ਯਥਾਰਥਵਾਦੀ ਕਹਾਣੀ ਦਾ ਵਿਸਤਾਰ ਹੈ ਪਰੰਤੂ ਇਹ ਕਹਾਣੀ ਲਕੀਰੀ ਬਿਰਤਾਂਤ ਦੀ ਥਾਵੇਂ ਬਹੁ-ਵਿੱਥ ਵੇਰਵਿਆਂ ਦੀ ਜੜਤ ਰਹੀਂ ਲੰਮੀ ਕਹਾਣੀ ਦਾ ਰੂਪਗਤ ਪਰਿਪੇਖ ਜੋ ਉਸਾਰਦੀ ਹੈ, ਉਹ ਪੰਜਾਬੀ ਵਿਚ ਰਚੇ ਗਏ ਕਿਸੇ ਸਮੇਂ ਨਾਵਲਿਟ ਨੂੰ ਕਥਾ ਖੇਤਰ 'ਚੋਂ ਬਾਹਰ ਕਰਕੇ ਲਗ ਭਗ ਉਸ ਕਥਾ ਪੈਟਰਨ ਨੂੰ ਹੀ ਜਿਊਂਦਾ ਰੱਖਦੀ ਹੈ। ਇਸ ਸਮੇਂ ਵਿਚ ਤੀਸਰਾ ਪ੍ਰਮੁੱਖ ਪਾਸਾਰ ਜੋ ਪੰਜਾਬੀ ਕਥਾ ਬਿਰਤਾਂਤ ਵਿਚ ਵਸਤੂਗਤ ਅਤੇ ਕਥਾ ਪੈਟਰਨ ਵਿਚ ਗੁਣਾਤਮਕ ਰੂਪ ਵਿਚ ਉਦੈ ਹੁੰਦਾ ਹੈ, ਉਹ ਹੈ ਭਾਰਤੀ ਇਤਿਹਾਸ, ਮਿਥਿਹਾਸ ਅਤੇ ਦਾਰਸ਼ਨਿਕ ਪਰੰਪਰਾਵਾਂ ਦਾ ਚਿੰਤਨੀ ਪ੍ਰਵੇਸ਼। ਇਸ ਪੱਖ ਤੋਂ ਮਨਮੋਹਨ ਬਾਵਾ ਵਿਸ਼ੇਸ਼ ਧਿਆਨ ਖਿੱਚਦਾ ਹੈ। ਉਹ ਇਤਿਹਾਸ ਅਤੇ ਮਿਥਿਹਾਸ ਵਿਚ ਮੌਨ ਕਰ ਦਿੱਤੀਆਂ ਗਈਆਂ ਧਿਰਾਂ ਦੀ ਆਵਾਜ਼ ਨੂੰ ਜ਼ੁਬਾਨ ਦਿੰਦਾ ਹੈ। ਇਸ ਪ੍ਰਸੰਗ ਵਿਚ ਦੂਸਰਾ ਮਹੱਤਵਪੂਰਨ ਕਥਾਕਾਰ ਸਰੂਪ ਸਿਆਲਵੀ ਹੈ ਜਿਹੜਾ ਇਤਿਹਾਸ ਮਿਥਿਹਾਸ ਦੇ ਨਾਲ ਨਾਲ ਪਦਾਰਥਵਾਦੀ ਸੂਝ ਦ੍ਰਿਸ਼ਟੀ ਦਾ ਸੰਚਾਰ ਕਰਦਾ ਹੈ। ਪਰੰਤੂ ਇਸ ਸੂਝ ਦ੍ਰਿਸ਼ਟੀ ਨੂੰ ਜਿਸ ਤਰ੍ਹਾਂ ਉਹ ਭਾਰਤੀ ਦਰਸ਼ਨ ਦੀ ਪਦਾਰਥਵਾਦੀ ਪਰੰਪਰਾ ਲੋਕਾਇਤ ਤੱਕ ਫੈਲਾਉਂਦਾ ਹੈ, ਉਹ ਬਹੁਤ ਮਹੱਤਵਪੂਰਨ ਇਸ ਕਰਕੇ ਹੈ ਕਿ ਭਾਰਤੀ ਮਨੁੱਖ ਦੇ ਅਵਚੇਤਨ ਨੂੰ ਸਮਝਣ ਅਤੇ ਉਸਾਰਨ ਲਈ ਸਰੂਪ ਸਿਆਲਵੀ ਇਸ ਪਰੰਪਰਾ ਦੀ ਅਹਿਮੀਅਤ ਦ੍ਰਿੜ ਕਰਨੀ ਚਾਹੁੰਦਾ ਹੈ ਤਾਂ ਜੋ ਭਾਰਤੀ ਸਮਾਜ ਦੀ ਜਟਿਲਤਾ ਨੂੰ ਵੀ ਸਮਝਿਆ ਜਾ ਸਕੇ ਅਤੇ ਭਾਰਤੀ ਦਰਸ਼ਨ ਪਰੰਪਰਾ ਨੂੰ ਭਾਰਤੀ ਮਨੁੱਖ ਦੀ ਮੁਕਤੀ ਦਾ ਸਾਧਨ ਵੀ ਬਣਾਇਆ ਜਾ ਸਕੇ। ਇਸ ਪੱਖ ਤੋਂ ਸਰੂਪ ਸਿਆਲਵੀ ਦੀ ਕਥਾ ਸਮੁੱਚੀ

ਪੰਜਾਬੀ ਕਥਾ ਨਾਲੋਂ ਇਕ ਵਿੱਥ ਥਾਪਦੀ ਹੈ। ਸਰੂਪ ਸਿਆਲਵੀ ਦਲਿਤ ਅਵਚੇਤਨ ਅਤੇ ਚੇਤਨਾ ਦਾ ਕਥਾਕਾਰ ਹੈ ਪਰੰਤੂ ਉਹ ਪੰਜਾਬੀ ਦਲਿਤ ਕਹਾਣੀ ਨਾਲੋਂ ਦਾਰਸ਼ਨਿਕ ਰੂਪ ਵਿਚ ਏਥੇ ਹੀ ਵਿੱਥ ਥਾਪ ਲੈਂਦਾ ਹੈ। ਪੰਜਾਬੀ ਦੀ ਦਲਿਤ ਚੇਤਨਾ ਨੂੰ ਵਰੋਸਾਈ ਕਥਾ ਇਤਿਹਾਸ-ਮਿਥਿਹਾਸ ਅਤੇ ਵਰਤਮਾਨ ਸਮੇਂ ਵਿਚ ਦਲਿਤ ਮਨੁੱਖ ਦੇ ਦੁਖਾਂਤ, ਅਪਾਹਜ ਕਰਨ ਵਾਲੇ ਵਰਣ ਪ੍ਰਬੰਧ ਅਤੇ ਦਲਿਤ ਮਨੁੱਖ ਕੋਲੋਂ ਖੋਹੇ ਜਾਣ ਵਾਲੇ ਮਨੁੱਖੀ ਗੌਰਵ ਨੂੰ ਤਾਂ ਸਿਰਜਦੀ ਹੈ ਪਰੰਤੂ ਦਾਰਸ਼ਨਿਕ ਤੌਰ ’ਤੇ ਉਸਦੀ ਚੇਤਨਾ ਨੂੰ ਪ੍ਰਚੰਡ ਕਰਕੇ ਵਰਣਵਾਦੀ ਵਿਵਸਥਾ ਤੋਂ ਬਿਨਾਂ ਵਿਚਾਰਵਾਦੀ ਦਰਸ਼ਨ ਨਾਲ ਕਿਵੇਂ ਟਕਰਾਉਣਾ ਹੈ, ਉਸ ਚੇਤਨਾ ਤੋਂ ਖ਼ਾਮੋਸ਼ ਹੈ। ਸਰੂਪ ਸਿਆਲਵੀ ਇਸ ਪੱਖ ਤੋਂ ਕਥਾ-ਬਿਰਤਾਂਤ ਦੀ ਸਿਰਜਣਾ ਕਰਕੇ ਪੰਜਾਬੀ ਕਥਾ ਬਿਰਤਾਂਤ ਨੂੰ ਗਿਆਨ, ਚਿੰਤਨ ਅਤੇ ਦਾਰਸ਼ਨਿਕ ਸੁਰਤੀ-ਬਿਰਤੀ ਪ੍ਰਦਾਨ ਕਰਦਾ ਹੈ।

ਦਾਰਸ਼ਨਿਕ ਦ੍ਰਿਸ਼ਟੀ ਤੋਂ ਸਰੂਪ ਸਿਆਲਵੀ ਦੀ ਮਹੱਤਵਪੂਰਨ ਕਥਾ **‘ਚਾਰ ਤੱਤ ਦਾ ਪੁਤਲਾ’** ਹੈ। ਵਿਚਾਰਵਾਦੀ ਦ੍ਰਿਸ਼ਟੀਕੋਣ ਮਨੁੱਖੀ ਹੋਂਦ ਨੂੰ ਪੰਚ ਤੱਤ ਭੂਤ ਸਵੀਕਾਰ ਕਰਦਾ ਹੈ। ਚਾਰ ਤੱਤ ਪਦਾਰਥਵਾਦੀ ਹਨ, ਜਲ, ਪਵਨ, ਅਗਨੀ ਅਤੇ ਪ੍ਰਿਥਵੀ। ਇਹ ਚਾਰ ਤੱਤ ਨੂੰ ਭਾਰਤੀ ਪਦਾਰਥਵਾਦੀ ਦ੍ਰਿਸ਼ਟੀ ‘ਲੋਕਾਇਤ’ ਸਥਾਪਤ ਕਰਦੀ ਹੈ। ਇਨ੍ਹਾਂ ਚਾਰ ਤੱਤਾਂ ਵਿਚ ਪੰਜਵਾਂ ਤੱਤ ਆਕਾਸ਼ ਵਿਚਾਰਵਾਦੀ ਦ੍ਰਿਸ਼ਟੀਕੋਣ ਅਨੁਸਾਰ ਅਗੰਮੀ ਤਾਕਤ ਬਣਾ ਦਿੰਦਾ ਹੈ। ਇਸ ਦਾਰਸ਼ਨਿਕ ਮਸਲੇ ਨੂੰ ਸਰੂਪ ਸਿਆਲਵੀ ਤਿੱਖੀ ਸੂਝ ਰਾਹੀਂ ਦਵੰਦਾਤਮਕਤਾ ਵਿਚ ਰੂਪਾਂਤਰਿਤ ਕਰਕੇ ਇਸ ਨੂੰ ਅੱਜ ਦੇ ਯੁੱਗ ਵਿਚ ਸਾਰਥਕ ਬਣਾ ਦਿੰਦਾ ਹੈ। ਸਰੂਪ ਸਿਆਲਵੀ ਇਸ ਕਥਾ ਨੂੰ ਸੁਪਨਮਈ ਅਵਸਥਾ ਵਿਚ ਸਿਰਜਦਾ ਹੈ ਕਿ ਮੈਂ ਪਾਤਰ ਜੋ ਮਰ ਗਿਆ ਹੈ, ਉਸ ਦੀ ਆਤਮਾ ਬਨੇਰੇ ਅਤੇ ਸ਼ਮਸ਼ਾਨਘਾਟ ਦੀ ਕਿੱਕਰ ਉਪਰ ਬੈਠਕੇ ਸਮੁੱਚੇ ਵਿਚਾਰਵਾਦੀ ਪ੍ਰਪੰਚ ਨੂੰ ਦੇਖਦੀ ਹੈ। ਮਰਨ ਉਪਰੰਤ ਧਾਰਮਿਕ ਕਿਰਿਆ ਲਈ ਬਾਬਾ ਬੇਲੀ ਵਿਚਾਰਵਾਦੀ ਪ੍ਰਪੰਚ ਦਾ ਕਰਤਾ ਧਰਤਾ ਹੈ। ਸਰੂਪ ਸਿਆਲਵੀ ਇਸ ਬਾਬਾ ਬੇਲੀ ਰਾਹੀਂ ਲੋਕਾਂ ਨੂੰ ਪਾਖੰਡਾਂ, ਵਹਿਮਾਂ-ਭਰਮਾਂ ਵਿਚ ਨੂੜੀ ਰੱਖਣਾ ਚਾਹੁੰਦਾ ਹੈ ਅਤੇ ਮਰਨ ਵਾਲੇ ਮਨੁੱਖ ਦੇ ਸਾਰੇ ਕਾਰ ਵਿਹਾਰ ਨੂੰ ਆਡੰਬਰਾਂ ਵਿਚ ਬੰਨ ਕੇ ਆਮ ਲੋਕਾਈ ਦੀ ਮਾਨਸਿਕਤਾ ਨੂੰ ਡਰ ਦੇ ਦਾਬੇ ਹੇਠ ਰੂੜ੍ਹੀਗਤ ਬਣਾਈ ਰੱਖਣਾ ਚਾਹੁੰਦਾ ਹੈ। ਸਰੂਪ ਕਥਾ ਬਿਰਤਾਂਤ ਨੂੰ ਸੰਘਣਾ ਕਰਨ ਲਈ ਔਰਤਾਂ ਅਤੇ ਭੂਤਾਂ-ਪ੍ਰੇਤਾਂ ਦੇ ਵੇਰਵੇ ਵੀ ਸ਼ਾਮਲ ਕਰ ਲੈਂਦਾ ਹੈ ਪਰੰਤੂ ਉਹ ਕਥਾ ਦੀ ਬੁਨਿਆਦੀ ਧੁਨੀ ਲੋਕ ਮਾਨਸਿਕਤਾ ਨੂੰ ‘ਡਰ’ ਦੇ ਦਾਬੇ ਹੇਠ ਲਿਆਉਣ ਵਾਲੀ ਕਰਦਾ ਹੈ। ਉਸ ਦਾ ਕਥਾਤਮਕ ਤਰਕ ਹੀ ਇਹ ਹੈ ਕਿ ਆਮ ਲੋਕਾਈ ‘ਡਰ’ ਰਾਹੀਂ ਭੁਚਲਾਈ ਜਾ ਸਕਦੀ ਹੈ। ਇਸ ਕਰਕੇ ਵਿਚਾਰਵਾਦੀ ਦਰਸ਼ਕ ਭੂਤ-ਪ੍ਰੇਤ, ਨਰਕ-ਸਵਰਗ, ਮੁਕਤੀ ਆਦਿ ਵਰਗੇ ਸਮੁੱਚੇ ਕਲਪਨਾਤਮਕ ਮਸਲਿਆਂ ਨੂੰ ਮਨੁੱਖੀ ਚੇਤਨਾ ਦਾ ਅੰਗ ਬਣਾਈ ਰੱਖਣਾ ਚਾਹੁੰਦਾ ਹੈ ਪਰੰਤੂ ਇਸਦੇ ਟਕਰਾ ਵਿਚ ਕਥਾ ਬਿਰਤਾਂਤ ਦਾ ਮੈਂ ਪਾਤਰ ਲਗਾਤਾਰ ਇਸ ਚੇਤਨਾ ਤੇ ਪ੍ਰਹਾਰ ਕਰਦਾ ਚਲਿਆ ਜਾਂਦਾ ਹੈ। ‘ਮੈਂ’ ਪਾਤਰ ਚਾਰ ਤੱਤਾਂ ਦੇ ਗਤੀਸ਼ੀਲਤਾ ਵਿਚੋਂ ‘ਚੇਤਨਾ’ ਦੇ ਉਦੈ ਨੂੰ ਦਰਸਾਉਂਦਾ ਹੈ ਅਤੇ ਇਸ ਨੂੰ ਵਿਚਾਰਵਾਦੀ ਦਰਸ਼ਨ ਆਤਮਾ ’ਚ ਬਦਲਕੇ ਅਕਾਸ਼ ਵਾਲੇ ਤੱਤ ਨਾਲ ਨੱਥੀ ਕਰ ਦਿੰਦੇ ਹਨ। ਇਹ ਪਾਤਰ ਤੱਤਾਂ ਦੀ ਗਤੀਸ਼ੀਲਤਾ ਨੂੰ ਇਕਹਿਰੇ ਜਾਂ ਸਬੱਬੀ ਮਿਲਾਪ ਨਾਲ ਸੰਬੰਧਿਤ ਨਹੀਂ ਕਰਦਾ ਸਗੋਂ ਇਨ੍ਹਾਂ ਨੂੰ ਦਵੰਦਾਤਮਕ ਬਣਾ ਕੇ ਪਦਾਰਥਵਾਦੀ ਸੂਝ ਨੂੰ ਦਵੰਦਾਤਮਕ ਪਦਾਰਥਵਾਦ ਦੀ ਦਾਰਸ਼ਨਿਕ ਕੋਟੀ ਵਿਚ ਰੂਪਾਂਤਰਿਤ ਕਰ ਦਿੰਦਾ ਹੈ। ਇਸ ਲਈ ਉਹ ਦੋ ਵੇਰਵੇ, ਪਾਨ, ਕੱਥਾ, ਕਸੈਲੀ ਦੀ ਪ੍ਰਕਿਰਿਆ ਵਿਚੋਂ ਪੈਦਾ ਹੋਣ ਵਾਲਾ ਲਾਲ ਰੰਗ ਅਤੇ ਗੁੜ ਅਤੇ ਪਾਣੀ ਦੀ ਪ੍ਰਕਿਰਿਆ ’ਚੋਂ ਪੈਦਾ ਹੋਣ ਵਾਲੀ ਸ਼ਰਾਬ ਨਾਲ, ਦੇ ਕੇ ਸਥਾਪਤ ਕਰ ਦਿੰਦਾ ਹੈ। ਮੈਂ ਪਾਤਰ ਪਦਾਰਥਵਾਦੀ ਸੂਝ ਦ੍ਰਿਸ਼ਟੀ ਦਾ ਹਰ ਮੋੜ ਉੱਪਰ ਪ੍ਰਮਾਣ ਦਿੰਦਾ ਹੈ। ਮਰਨ ਉਪਰੰਤ ਸ਼ਰੀਰਕ ਅੰਗਾਂ ਨੂੰ ਦਾਨ ਕਰਨਾ, ਮਿਰਤਕ ਦੇਹ ਨੂੰ ਮੁੰਡੇ ਦੀ ਅਣਹੋਂਦ ਵਿਚ ਕੁੜੀਆਂ ਵਲੋਂ ਅਗਨੀ ਦੇਣਾ ਆਦਿ ਉਹ ਪਾਸਾਰ ਹਨ ਜੋ ਲਗਾਤਾਰ ਵਿਚਾਰਵਾਦੀ ਦ੍ਰਿਸ਼ਟੀ ਦੇ ਵਿਹਾਰਕ ਜ਼ਿੰਦਗੀ ਵਿਚ ਬਣ ਚੁੱਕੇ ਕਦਰ-ਪ੍ਰਬੰਧ ਨੂੰ ਵੰਗਾਰਦੇ ਹਨ। ਕਹਾਣੀ ਦਾ ਅੰਤ ਸੁਪਨਮਈ ਅਵਸਥਾ ਦਾ ਹੈ ਅਤੇ ਮੈਂ ਪਾਤਰ ਜਦੋਂ ਜਾਗਦਾ ਹੈ



ਤਾਂ ਉਸ ਸਮੇਂ ਤੱਕ ਕਥਾਕਾਰ ਆਪਣੇ ਸਮੁੱਚੇ ਵਿਚਾਰ ਪ੍ਰਬੰਧ ਨੂੰ ਸੰਚਾਰ ਚੁੱਕਿਆ ਹੁੰਦਾ ਹੈ।

ਇਸ ਸੁਰਤੀ ਬਿਰਤੀ ਦੀ ਦੂਸਰੀ ਮਹੱਤਵਪੂਰਨ ਕਥਾ ਹੈ **‘ਨ੍ਹੇਰੇ ਤੋਂ ਚਾਨਣ ਵੱਲ’**। ਇਸ ਕਥਾ ਵਿਚ ਸਰੂਪ ਸਿਆਲਵੀ ਇਕ ਪਾਸੇ ਪੁਰਾਤਨ ਕਬੀਲੇ ਦੇ ਜੀਵਨ ਪ੍ਰਬੰਧ ਨੂੰ ਉਸਾਰਦਾ ਹੈ ਅਤੇ ਉਸਦੇ ਮੁਕਾਬਲੇ ’ਤੇ ਆਧੁਨਿਕ ਜਮਾਤੀ ਸਮਾਜ ਨੂੰ ਉਸਾਰਦਾ ਹੈ। ਇਨ੍ਹਾਂ ਦੋਵਾਂ ਦੇ ਵਿਰੋਧ ਵਿਚੋਂ ਉਹ ਆਧੁਨਿਕ ਜਮਾਤੀ ਸਮਾਜ ਦੇ ਮਨੁੱਖ ਉਪਰ ਦਾਬੇ, ਗੁਲਾਮੀ, ਸੋਸ਼ਣ, ਵਿਅਕਤੀਵਾਦੀ ਸੋਚ-ਪ੍ਰਬੰਧ ਦੇ ਸਮਾਨਾਂਤਰ ਹੀ ਪੁਰਾਤਨ ਗਣ ਦੇ ਬਰਾਬਰਤਾ, ਆਜ਼ਾਦੀ ਅਤੇ ਸਮੂਹਕ ਸੋਚ ਪ੍ਰਬੰਧ ਨੂੰ ਉਜਾਗਰ ਕਰਦਾ ਹੈ। ਲੇਹ ਲੱਦਾਖ ਦੀ ਜੰਸਕਾਰ ਘਾਟੀ ਵਿਚ ਦਾਰੋਕਿਪਾ ਗਣ ਪ੍ਰਕਿਰਤਕ ਜੀਵਨ ਸ਼ੈਲੀ ਵਿਚ ਜੀਵਨ ਬਤੀਤ ਕਰਦਾ ਹੈ। ਤਿੰਨ ਹਜ਼ਾਰ ਸਾਲਾਂ ਤੋਂ ਵੱਧ ਦਾ ਇਤਿਹਾਸ ਸਾਂਭੀ ਬੈਠਾ ਇਹ ਗਣ ਆਪਣੇ ਸਮੁੱਚੇ ਜੀਵਨ ਨੂੰ ਵੱਖਰੀਆਂ-ਵੱਖਰੀਆਂ ਸੰਮਤੀਆਂ ਬਣਾ ਕੇ ਚਲਾਉਂਦਾ ਹੈ। ਇਨ੍ਹਾਂ ਦਾ ਜੀਵਨ ਪੁਰਾਤਨ ਸਾਮਵਾਦ ਦੀ ਤਰਜ਼ ਉੱਪਰ ਹੈ। ਇਹ ਗਣ ਆਪਣੀਆਂ ਬਣਾਈਆਂ ਚੀਜ਼ਾਂ ਅਤੇ ਪਸ਼ੂਆਂ ਦੇ ਵਟਾਂਦਰੇ ਰਾਹੀਂ ਆਪਣੀ ਲੋੜਾਂ ਦੀ ਪ੍ਰਾਪਤੀ ਲਈ ਕਈ ਸੰਦ-ਸਾਧਨ ਵੀ ਖਰੀਦਦਾ ਹੈ। ਇਹ ਪਹਿਲਾਂ ਹਿੰਮ ਪਰਬਤ ਵਾਲੇ ਗਣਾਂ ਵਿਚ ਸੀ ਪਰੰਤੂ ਹੁਣ ਇਸਨੂੰ ਸ਼ਹਿਰੀ ਅਤੇ ਆਧੁਨਿਕ ਸਮਾਜ ਨਾਲ ਵਟਾਂਦਰੇ ਰਾਹੀਂ ਪੂਰਿਆਂ ਕਰਦਾ ਹੈ। ਕਥਾਕਾਰ ਦਰਸਾਉਂਦਾ ਹੈ ਕਿ ਆਧੁਨਿਕ ਯੁੱਗ ਦਾ ਵਪਾਰੀ ਕਰੋੜੀ ਮੱਲ ਉਨ੍ਹਾਂ ਦਾ ਕਿਵੇਂ ਸੋਸ਼ਣ ਕਰਦਾ ਹੈ। ਸੇਠ ਕਰੋੜੀ ਮੱਲ ਦੇ ਪਰਿਵਾਰ ਰਾਹੀਂ ਉਹ ਆਧੁਨਿਕ ਸਮਾਜ ਅੰਦਰ ਨਿੱਜੀ ਜਾਇਦਾਦ ਦੇ ਸੰਕਲਪਾ ਰਾਹੀਂ ਘਰ ਕਰ ਗਈਆਂ ਅਣਮਨੁੱਖੀ ਕਦਰਾਂ ਕੀਮਤਾਂ ਦਾ ਦ੍ਰਿਸ਼ ਪੇਸ਼ ਕਰਦਾ ਹੈ। ਸਭ ਨਾਲੋਂ ਵਧੇਰੇ ਕਥਾਕਾਰ ਦਾ ਬਲ ਨਿੱਜੀ ਜਾਇਦਾਦ ਦੇ ਰਾਹੀਂ ਹੋਂਦ ਵਿਚ ਆਈ ਪਰਿਵਾਰ ਦੀ ਸੰਸਥਾ ਹੈ। ਇਸ ਸੰਸਥਾ ਦੇ ਨਾਲ ਹੀ ਜਬਰ-ਜ਼ੁਲਮ ਦਾ ਆਰੰਭ ਹੁੰਦਾ ਹੈ। ਇਸ ਵਿਚੋਂ ਆਧੁਨਿਕ ਸਮਾਜ ਹਿੰਸਾ, ਅਨਿਆਂ ਅਤੇ ਸੋਸ਼ਣ ਦਾ ਰਸਤਾ ਅਖਤਿਆਰ ਕਰਦਾ ਹੈ। ਸਭਿਅਕ ਕਹੇ ਜਾਣ ਵਾਲੇ ਆਧੁਨਿਕ ਸਮਾਜ ਵਿਚ ਮਨੁੱਖ ਹਾਸ਼ੀਆ ’ਤੇ ਹੈ ਅਤੇ ਗ਼ੈਰ ਸਭਿਅਕ ਕਹੇ ਜਾਣ ਵਾਲੇ ਸਮਾਜ ਵਿਚ ਮਨੁੱਖ ਸਦਭਾਵੀ ਸਮਾਜ ਵਿਚ ਖ਼ੁਸ਼-ਪ੍ਰਸੰਨ ਰਹਿ ਰਿਹਾ ਹੈ। ਕਥਾਕਾਰ ਦਾਰਸ਼ਨਿਕ ਰੂਪ ਵਿਚ ਆਧੁਨਿਕ ਕਹੇ ਜਾਣ ਵਾਲੇ ਸਮਾਜ ਦੀ ਥਾਵੇਂ ਸਦਭਾਵੀ ਅਤੇ ਮਨੁੱਖੀ ਸਮਾਜ ਦਾ ਮਾਡਲ ਉਸਾਰਨਾ ਚਾਹੁੰਦਾ ਹੈ। ਪਰੰਤੂ ਇਥੇ ਪਹੁੰਚ ਕੇ ਹੀ ਸਰੂਪ ਸਿਆਲਵੀ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਦਾ ਸੰਚਾਰ ਕਰਕੇ ਇਸ ਨੂੰ ਯੁੱਗ ਦੇ ਹਾਣ ਦੀ ਬਣਾਉਂਦਾ ਹੈ। ਕਥਾਕਾਰ ਗਣ ਵਾਲੇ ਪੁਰਾਤਨ ਸਮਾਜ ਦੀਆਂ ਸਮੁੱਚੀਆਂ ਮਨੁੱਖ ਹਿਤੈਸ਼ੀ ਵਡਿਆਈਆਂ ਦਾ ਜ਼ਿਕਰ ਕਰਕੇ ਇਸ ਨੂੰ ਗਣ ਦੇ ਬੰਦਿਆਂ ਨਾਲ ਸ਼ਹਿਰ ਦੇ ਢਾਬੇ ਉਤੇ ਕੁਝ ਪ੍ਰੋਫ਼ੈਸਰਾਂ ਨਾਲ ਸੰਵਾਦ ਵਿਚ ਰੂਪਾਂਤਰਿਤ ਕਰ ਦਿੰਦਾ ਹੈ। ਇਹ ਸੰਵਾਦ ਸਰੂਪ ਸਿਆਲਵੀ ਦੀ ਕਥਾ ਨੂੰ ਆਧੁਨਿਕ ਯੁੱਗ ਦ੍ਰਿਸ਼ਟੀ ਦਾ ਪ੍ਰਾਇਵਾਚੀ ਬਣਾ ਦਿੰਦਾ ਹੈ। ਇਸ ਨਾਲ ਕਥਾਕਾਰ ਪੁਰਾਣੇ ਨੂੰ ਪੁਨਰ ਜਾਗਰਣ ’ਚ ਨਹੀਂ ਬਦਲਦਾ ਸਗੋਂ ਨਵ-ਸਿਰਜਣ ਵਿਚ ਰੂਪਾਂਤਰਿਤ ਕਰ ਦਿੰਦਾ ਹੈ। ਸ਼ਹਿਰ ਵਿਚ ਆਏ ਗਣ ਦੇ ਮੁਖੀ ਵਰੁਣ ਨਾਲ ਪ੍ਰੋਫ਼ੈਸਰ ਦਾ ਇਹ ਵਾਰਤਾਲਾਪ ਕਥਾ ਦੀ ਸੂਝ ਦ੍ਰਿਸ਼ਟੀ ਦਾ ਮਾਰਮਿਕ ਪ੍ਰਗਟਾਵਾ ਬਣ ਜਾਂਦਾ ਹੈ, “ਬਾਪੂ ਜੀ ! ਬਾਬਿਓ !! ਤੁਹਾਨੂੰ ਅਸੀਂ ਕੀ ਦੱਸੀਏ ਸਾਡਾ ਵਿਦਵਾਨਾ, ਬੁੱਧੀਜੀਵੀਆਂ, ਫਿਲਾਸਫ਼ਰਾਂ ਦਾ ਤਾਂ ਇਹ ਸੁਪਨਾ ਕਿ ਹਜ਼ਾਰ ਲੱਖਾਂ ਕਰੋੜਾਂ ਲੋਕ ਇਕੱਠੇ ਹੋ ਕੇ ਸੰਘਰਸ਼ ਕਰਨ ਅਤੇ ਸੰਸਾਰ ਉੱਤੋਂ ਜ਼ਬਰ ਤੇ ਜ਼ੁਲਮ ਵਾਲਾ ਰਾਜ ਸਮਾਪਤ ਹੋਵੇ ਫਿਰ ਰਾਜ, ਸਟੇਟ ਤੇ ਸਰਕਾਰ ਦੀ ਕੋਈ ਜ਼ਰੂਰਤ ਨਹੀਂ ਹੋਵੇਗੀ ਅਤੇ ਫਿਰ ਜਿਵੇਂ ਜੰਗਲਵਾਸੀਆਂ ਦਾ ਸਵੈ ਸ਼ਾਸਨ ਤੁਹਾਡਾ ਦਾਰੋਕਿਪਾ ਗਣ ਦਾ ਵੱਖ ਵੱਖ ਸੰਮਤੀਆਂ ਵਾਲਾ ਸੰਘ ਰਾਹੀਂ ਕਾਰਜ ਸੰਚਾਲਨ ਵਾਲਾ ਪ੍ਰਬੰਧ ਹੈ... ਇਸੇ ਤਰ੍ਹਾਂ ਹੀ ਸਾਰੀ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਵੱਖ ਵੱਖ ਕੰਮਾਂ, ਵੱਖ ਵੱਖ ਕਾਰਜ ਸੰਚਾਲਿਤ ਕਰਨ ਲਈ, ਚਲਾਉਣ ਲਈ ਆਮ ਲੋਕਾਂ ਦੀਆਂ ਵੱਖ ਵੱਖ ਸੰਮਤੀਆਂ ਵੱਖ ਵੱਖ ਸੰਘ ਬਣਾਏ ਜਾਣ। ਫਿਰ ਇਹ ਆਮ ਲੋਕਾਂ ਦਾ ਲੋਕ ਭਲਾਈ ਵਾਲਾ, ਸਮਾਜਕ ਬਰਾਬਰੀ ਵਾਲਾ ਸਮਾਜ ਹੋਵੇਗਾ। ਸ਼ਾਇਦ ਅਜਿਹੇ ਪ੍ਰਬੰਧ ਨੂੰ ਹੀ ਵੱਖ ਵੱਖ ਫ਼ਿਲਾਸਫ਼ਰਾਂ ਨੇ ਸਾਮਵਾਦ, ਸਮਾਜਕ ਬਰਾਬਰੀ ਵਾਲਾ, ਸਮਾਜ

ਕਿਹਾ ਹੈ। ਜਿਸ ਵਿਚ ਕਿਸੇ ਦੀ ਵੀ ਨਿੱਜੀ ਸੰਪਤੀ ਨਹੀਂ ਹੋਵੇਗੀ। ਸਾਰੀ ਸੰਪਤੀ ਸਮੁੱਚੇ ਤੌਰ 'ਤੇ ਸਾਰੇ ਸਮਾਜ ਦੀ ਹੋਵੇਗੀ। ਬਾਬਿਓ! ਸਾਰੀਆਂ ਗੱਲਾਂ ਤੁਹਾਨੂੰ ਕਿੰਨੀਆਂ ਕੁ ਸਮਝ ਲੱਗੀਆਂ ਕਹਿ ਨਹੀਂ ਸਕਦੇ।" ਇਉਂ ਸਰੂਪ ਸਿਆਲਵੀ ਪੁਰਾਤਨ ਸਾਮਵਾਦ ਤੋਂ ਵਿਕਸਤ ਹੋ ਕੇ ਆਧੁਨਿਕ ਨਿੱਜੀ ਜਾਇਦਾਦ ਵਾਲੇ ਸਮਾਜ ਵਿਚ ਰਾਜ ਦੀ ਉਤਪਤੀ ਅਤੇ ਪਰਿਵਾਰਕ ਸੰਰਚਨਾ ਦੇ ਨਾਲ ਨਾਲ ਬਣੇ ਸਮਾਜ ਨੂੰ ਦ੍ਰਿਸ਼ਟੀਗੋਚਰ ਕਰ ਦਿੰਦਾ ਹੈ ਪਰੰਤੂ ਆਧੁਨਿਕ ਯੁੱਗ ਨੂੰ ਪੁਰਾਤਨ ਸਾਮਵਾਦ ਵੱਲ ਪਰਤਾਇਆ ਨਹੀਂ ਜਾ ਸਕਦਾ ਪਰੰਤੂ ਉਸ ਨੂੰ ਵਿਗਿਆਨਕ ਸਮਾਜਵਾਦ ਵਿਚ ਬਦਲਣਾ ਹੈ। ਉਸਨੂੰ ਬਦਲਣ ਲਈ ਆਧੁਨਿਕ ਸਮਾਜ ਦੀ ਆਪਣੀ ਨਿੱਜੀ ਜਾਇਦਾਦ ਦੀ ਰਾਖੀ ਲਈ ਸਿਰਜੀ 'ਰਾਜ ਦੀ ਸੰਸਥਾ' ਦਾ ਅੰਤ ਕਰਨਾ ਪਵੇਗਾ। ਇਸ ਦਾ ਅੰਤ ਜਮਾਤੀ ਚੇਤਨਾ ਰਾਹੀਂ ਲੋਕ ਸੰਘਰਸ਼ ਤੋਂ ਬਿਨਾਂ ਸੰਭਵ ਨਹੀਂ। ਕਥਾਕਾਰ ਇਸ ਤਰ੍ਹਾਂ ਦੇ ਦਾਰਸ਼ਨਿਕ ਅਤੇ ਵਿਚਾਰਧਾਰਕ ਮਸਲੇ ਨੂੰ ਜਿਸ ਤਰ੍ਹਾਂ ਆਪਣੇ ਕਥਾ ਪੈਟਰਨ ਰਾਹੀਂ ਉਸਾਰਦਾ ਹੈ, ਉਹ ਵੀ ਧਿਆਨ ਦੀ ਮੰਗ ਕਰਦਾ ਹੈ। ਸਰੂਪ ਸਿਆਲਵੀ ਅਜਿਹੇ ਮਸਲੇ ਨੂੰ ਸਹਿਜ ਬਣਾਈ ਰੱਖਣ ਲਈ ਅਤੇ ਕਥਾ ਬਿਰਤਾਂਤ ਨੂੰ ਗਲਪ ਬਣਾਈ ਰੱਖਣ ਲਈ ਇਕ ਅਜਿਹੇ ਪਾਤਰ ਦੀ ਸਿਰਜਣਾ ਕਰਦਾ ਹੈ ਜਿਹੜਾ ਸਧਾਰਨ ਬੁੱਧ ਵਿਵੇਕ ਵਾਲਾ ਜਾਂ ਅਨੁਭਵ ਦੇ ਆਸਰੇ ਸੂਝ ਨੂੰ ਕਸ਼ੀਦਣ ਵਾਲਾ ਨਹੀਂ ਸਗੋਂ ਉਹ ਬੁੱਧੀਜੀਵੀ ਹੈ। **'ਚਾਰ ਤੱਤ ਦਾ ਪੁਤਲਾ'** ਵਿਚ ਮੈਂ ਪਾਤਰ ਮਾਸਟਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਸੇ ਤਰ੍ਹਾਂ **'ਨ੍ਹੇਰੇ ਤੋਂ ਚਾਨਣ ਵੱਲ'** ਵਿਚ ਉਹ ਪ੍ਰੋਫ਼ੈਸਰ ਦੀ ਸਿਰਜਣਾ ਕਰਦਾ ਹੈ। ਚੇਤੰਨ ਮਸਲਿਆਂ ਲਈ ਪਾਤਰ ਵੀ ਚੇਤੰਨ ਹੀ ਹੁੰਦੇ ਹਨ ਕਿਉਂਕਿ ਕਥਾਕਾਰ ਨੇ ਸਿਰਫ਼ ਅਨੁਭਵ ਦੀ ਹੀ ਬਾਤ ਨਹੀਂ ਪਾਉਣੀ ਹੁੰਦੀ ਸਗੋਂ ਅਜਿਹਾ ਚਿੰਤਨ ਵੀ ਸਿਰਜਣਾ ਹੁੰਦਾ ਹੈ ਜਿਹੜਾ ਪਾਠਕ ਦੀ ਪਰੰਪਰਕ ਸੋਚ ਵਿਚ ਤੇੜਾਂ ਪਾ ਸਕੇ। ਸਰੂਪ ਸਿਆਲਵੀ ਚਿੰਤਨੀ ਤ੍ਰੇੜ ਪਾਉਣ ਲਈ ਅਜਿਹੇ ਪਾਤਰ ਸਿਰਜਕੇ ਆਪਣੇ ਕਥਾ ਪੈਟਰਨ ਨੂੰ ਵੀ ਵੱਖਰਾ ਬਣਾਉਣ ਦੀ ਸੁਚੇਤ ਕੋਸ਼ਿਸ਼ ਕਰਦਾ ਹੈ।

ਸਰੂਪ ਸਿਆਲਵੀ ਦੀ ਕਥਾ ਦੇ ਵਿਭਿੰਨ ਪਾਸਾਰਾਂ ਵਿਚੋਂ ਉੱਭਰਵਾਂ ਪਾਸਾਰ ਦਲਿਤ ਮਨੁੱਖ, ਦਲਿਤ ਜੀਵਨ, ਦਲਿਤ ਅਵਚੇਤਨ ਦੇ ਨਾਲ ਸੰਬੰਧਿਤ ਹੈ। ਇਸ ਪਾਸਾਰ ਲਈ ਉਹ ਇਤਿਹਾਸਕ ਮਿਥਿਹਾਸਕ ਵੇਰਵਿਆਂ ਨਾਲ ਸੰਪੰਨ ਸੰਘਣੇ ਕਥਾ ਬਿਰਤਾਂਤ ਦੀ ਵੀ ਸਿਰਜਣਾ ਕਰਦਾ ਹੈ ਅਤੇ ਵਰਤਮਾਨ ਸਮਾਜਕ ਵਿਵਹਾਰ ਦੀ ਵੀ। ਧਿਆਨ ਗੋਚਰਾ ਨੁਕਤਾ ਇਹ ਹੈ ਕਿ ਉਹ ਮਿੱਥ ਦਾ ਭੰਜਨ ਹੀ ਨਹੀਂ ਕਰਦਾ ਸਗੋਂ ਵਿਚਾਰਵਾਦੀ ਦਰਸ਼ਨ ਅਤੇ ਵਰਣਵਾਦੀ ਵਿਵਸਥਾ ਉੱਪਰ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਸਦੀਆਂ ਤੋਂ ਸਥਾਪਤ ਹਿੰਦੂ ਦਰਸ਼ਨ ਨੇ ਭਾਰਤੀ ਮਨੁੱਖ ਨੂੰ ਸਮਾਜਕ ਤੌਰ ਤੇ ਵਰਣ ਵਿਵਸਥਾ ਵਿਚ ਵੰਡ ਕੇ ਜੋ ਦਾਰਸ਼ਨਿਕ ਸੰਕਲਪ ਦੀ ਸਿਰਜਣਾ ਕੀਤੀ ਹੈ, ਉਹ ਹੈ ਨੇਕੀ ਅਤੇ ਬਦੀ ਦਾ ਸੰਕਲਪ। ਇਸ ਨੇਕੀ ਅਤੇ ਬਦੀ ਦੇ ਸੰਕਲਪ ਨੂੰ ਵਿਹਾਰਕ ਜੀਵਨ ਵਿਚ ਲਾਗੂ ਕਰਨ ਲਈ ਅਜਿਹੇ ਪਾਤਰਾਂ ਨੂੰ ਮਿਥਿਹਾਸਕ ਰੂਪ ਵਿਚ ਇਉਂ ਉਸਾਰਿਆ ਕਿ ਅਵਚੇਤਨ ਦੀ ਪੱਧਰ 'ਤੇ ਉਹ ਭਾਰਤੀ ਮਾਨਸਿਕਤਾ ਵਿਚ ਪ੍ਰਤੀਕਾਂ ਦੇ ਰੂਪ ਵਿਚ ਸਥਿਤ ਕਰ ਦਿੱਤੇ ਗਏ। ਇਨ੍ਹਾਂ ਨੂੰ ਸਥਿਤ ਕਰਨ ਲਈ ਨੇਕੀ ਨਾਲ ਜਿੱਥੇ ਆਸਥਾ ਅਤੇ ਸ਼ਰਧਾ ਸੰਬੰਧਿਤ ਕਰ ਦਿੱਤੀ ਗਈ, ਉਥੇ ਬਦੀ ਨਾਲ ਘਿਰਣਾ ਅਤੇ ਨਫ਼ਰਤ ਜੋੜ ਦਿੱਤੀ ਗਈ। ਪਰੰਪਰਕ ਰੂਪ ਵਿਚ ਰਾਮ ਅਤੇ ਰਾਵਣ ਦੇ ਪਾਤਰ ਇਹੋ ਕੁਝ ਵਿਚਾਰਧਾਰਕ ਰੂਪ ਵਿਚ ਸੰਚਾਰ ਦੇ ਹਨ। ਸਰੂਪ ਸਿਆਲਵੀ ਇਹ ਰੂੜ੍ਹ ਕਰ ਦਿੱਤੇ ਗਏ ਅਤੇ ਭਾਰਤੀ ਅਵਚੇਤਨ ਦਾ ਅੰਗ ਬਣਾ ਦਿੱਤੇ ਗਏ ਇਨ੍ਹਾਂ ਪ੍ਰਤੀਮਾਨਾਂ ਨੂੰ ਵੰਗਾਰਦਾ ਹੈ। ਇਸ ਪ੍ਰਸੰਗ ਵਿਚ ਉਸਦੀ ਕਹਾਣੀ 'ਰਵਿੰਦਰ ਰਾਵਣ' ਵਿਸ਼ੇਸ਼ ਤਵੱਜੋ ਦੀ ਮੰਗ ਕਰਦੀ ਹੈ।

**'ਰਵਿੰਦਰ ਰਾਵਣ'** ਕਹਾਣੀ ਵਿਚ ਸਰੂਪ ਸਿਆਲਵੀ ਰਾਵਣ ਨੂੰ ਬੁਰਾਈ ਦੇ ਪ੍ਰਤੀਕ ਵਜੋਂ ਸਥਿਤ ਕਰ ਦਿੱਤੀ ਗਈ ਹਿੰਦੂ ਦਰਸ਼ਨ ਦੀ ਉਸ ਰਾਜਨੀਤੀ ਨੂੰ ਜ਼ਾਹਰ ਕਰਦਾ ਹੈ ਕਿ ਰਾਵਣ ਦੱਖਣ ਵਿਚ ਦਰਾਵਿੜ ਲੋਕਾਂ ਦਾ ਦੇਵਤਾ ਹੈ। ਦਰਾਵਿੜ ਅਤੇ ਭਾਰਤੀ ਮੂਲਵਾਸੀ ਲੋਕਾਂ ਨੂੰ ਆਰੀਅਨ ਸੁਪਰਮੇਸੀ ਅਤੇ ਹੈਜਮਿਨੀ ਰਾਹੀਂ ਤਾਂ ਹੀ ਦਰੜਿਆ ਜਾ ਸਕਦਾ ਹੈ। ਜੇਕਰ ਉਨ੍ਹਾਂ ਦੇ ਪ੍ਰਤੀਕਾਂ ਅਤੇ ਪ੍ਰੇਰਕਾਂ ਨੂੰ ਬਦੀ



ਦੇ ਰੂਪ ਵਿਚ ਸਥਾਪਿਤ ਕੀਤਾ ਜਾਵੇ। ਰਾਵਣ ਨੂੰ ਇਸ ਰੂਪ ਵਿਚ ਹੀ ਸਥਿਤ ਕਰ ਦਿੱਤਾ ਗਿਆ ਹੈ। ਰਾਮ ਲੀਲਾ ਵਿਚ ਰਾਵਣ ਦਾ ਰੋਲ ਕਰਨ ਵਾਲਾ ਰਵਿੰਦਰ ਰਾਓ ਮਨੋ ਮਨੀ ਇਹ ਸੋਚਣ ਲੱਗ ਪੈਂਦਾ ਹੈ ਕਿ ਕਿਉਂ ਨਾ ਇਹ ਰੋਲ ਕਰਨਾ ਛੱਡ ਦੇਵੇ ਕਿਉਂਕਿ ਰਾਮ ਅਤੇ ਸੀਤਾ ਦਾ ਰੋਲ ਕਰਨ ਵਾਲਿਆਂ ਦੇ ਤਾਂ ਲੋਕੀ ਪੈਰੀਂ ਹੱਥ ਲਾਉਂਦੇ ਹਨ ਪਰੰਤੂ ਰਾਵਣ ਪ੍ਰਤੀ ਉਨ੍ਹਾਂ ਦੇ ਮਨ ਵਿਚ ਨਫ਼ਰਤ ਹੈ। ਇਹ ਸਥਾਪਤ ਮਿੱਥ ਨੂੰ ਕਥਾਕਾਰ ਆਪਣੀ ਵੱਖਰੀ ਕਥਾ ਜੁਗਤ ਇਕ ਬੁੱਧੀਜੀਵੀ ਪਾਤਰ ਘੁਮੰਤਰੂ ਘੁੰਮਣ ਸਿੰਘ ਰਾਹੀਂ ਉਲਟਾ ਦਿੰਦਾ ਹੈ। ਘੁਮੰਤਰੂ ਘੁੰਮਣ ਸਿੰਘ ਘੁੰਮਣ ਫਿਰਨ ਵਾਲਾ ਬੁੱਧੀਜੀਵੀ ਹੈ ਜੋ ਰਵਿੰਦਰ ਰਾਓ ਦੇ ਮਨ ਅੰਦਰ ਰਾਵਣ ਪ੍ਰਤੀ ਸਤਿਕਾਰ ਜਗਾ ਦਿੰਦਾ ਹੈ ਕਿ ਉਹ ਭ੍ਰਿਸ਼ਟ ਜਾਂ ਬਦ ਪਾਤਰ ਨਹੀਂ ਸਗੋਂ ਆਂਧਰਾ ਪ੍ਰਦੇਸ਼ ਦੇ ਕਾਕਾਨਾਡਾ ਇਲਾਕੇ ਵਿਚ ਦਰਾਵਿੜ ਨਸਲ ਦੇ ਅਸੁਰ ਰਾਜੇ ਵਜੋਂ ਪੂਜਿਆ ਜਾਂਦਾ ਹੈ, ਜਿਸਦਾ ਪ੍ਰਾਚੀਨ ਮੰਦਰ ਹੈ ਅਤੇ ਮਛੁਆਰੇ ਉਸਦੀ ਇਸ਼ਟ ਮੰਨ ਕੇ ਪੂਜਾ ਕਰਦੇ ਹਨ, ਉੱਤਰੀ ਭਾਰਤ ਵਿਚ ਸਹਾਰਨਪੁਰ, ਰਾਜਸਥਾਨ 'ਚ ਜੋਧਪੁਰ, ਮੱਧ ਪ੍ਰਦੇਸ਼ ਵਿਚ ਵਿਦਿਸ਼ਾ ਵਿਚ ਰਾਵਣ ਗ੍ਰਾਮ ਅਤੇ ਭਾਰਤ ਦੇ ਵਿਭਿੰਨ ਇਲਾਕਿਆਂ ਵਿਚ ਰਾਵਣ ਦੀ ਮਹੱਤਤਾ ਨੂੰ ਦਰਸਾ ਕੇ ਇਸ ਮਿੱਥ ਨੂੰ ਪਲਟ ਦਿੰਦਾ ਹੈ ਕਿ ਰਾਵਣ ਬਦੀ ਦਾ ਪ੍ਰਤੀਕ ਹੈ। ਇਥੋਂ ਇਕ ਤੱਥ ਦੀ ਸੂਖ਼ਮ ਸਮਝ ਪੈਣੀ ਸ਼ੁਰੂ ਹੋ ਜਾਂਦੀ ਹੈ ਕਿ ਦਬਾਏ ਹੋਏ ਲੋਕਾਂ ਨੂੰ ਦਬਾਈ ਰੱਖਣ ਲਈ ਸਭ ਤੋਂ ਕਾਰਗਰ ਵਿਧੀ ਮਨੁੱਖ ਨੂੰ ਅਵਚੇਤਨ ਪੱਧਰ ਉੱਪਰ ਗੁਲਾਮ ਬਣਾਉਣਾ ਹੈ। ਮਨੁੱਖ ਨੂੰ ਆਪਣੇ ਹੀ ਇਤਿਹਾਸ ਮਿਥਿਹਾਸ ਅਤੇ ਦਾਰਸ਼ਨਿਕ ਪਰੰਪਰਾਵਾਂ ਪ੍ਰਤੀ ਨਿਹੱਥੇ ਕਰ ਦੇਣ ਲਈ ਉਨ੍ਹਾਂ ਦੇ ਸਮੁੱਚੇ ਪ੍ਰੇਰਕਾਂ ਦੀ ਸੂਰਤ ਨੂੰ ਬਦਸੂਰਤ ਕਰ ਦਿਓ ਤਾਂ ਜੋ ਉਹ ਆਪਣੇ ਗੌਰਵਸ਼ੀਲ ਅਤੇ ਸੰਘਰਸ਼ਰਤ ਇਤਿਹਾਸ ਤੋਂ ਚੇਤਨਾ, ਸੂਝ ਅਤੇ ਦ੍ਰਿਸ਼ਟੀ ਨਾ ਲੈ ਸਕਣ। ਭਾਰਤੀ ਹਿੰਦੂ ਮਿਥਿਹਾਸ ਨੇ ਭਾਰਤ ਦੇ ਮੂਲ ਵਾਸੀਆਂ ਦੀਆਂ ਇਹ ਪ੍ਰੇਰਕ ਸ਼ਕਤੀਆਂ ਦਾ ਨਾਸ ਕਰ ਦੇਣ ਦੀ ਸੋਚੀ-ਸਮਝੀ ਰਾਜਨੀਤਕ ਸਾਜਿਸ਼ ਰਚੀ ਹੈ। ਸਰੂਪ ਸਿਆਲਵੀ ਰਾਵਣ ਦੀ ਮਿੱਥ ਨੂੰ ਉਲਟਾ ਕੇ ਰਵਿੰਦਰ ਰਾਓ ਵਿਚ ਅਜਿਹਾ ਵਿਸ਼ਵਾਸ਼ ਜਾਗਰਿਤ ਕਰਦਾ ਹੈ ਕਿ ਹੁਣ ਉਹ ਰਵਿੰਦਰ ਰਾਓ ਤੋਂ ਰਵਿੰਦਰ ਰਾਵਣ ਬਣ ਗਿਆ ਹੈ। ਇਹ ਵਿਸ਼ਵਾਸ਼ ਚਿਰਾਂ ਤੋਂ ਦ੍ਰਿੜ ਕਰ ਦਿੱਤੇ ਗਏ ਭਾਰਤੀ ਅਵਚੇਤਨ ਉੱਪਰ ਇਕ ਦਮ ਜਿੱਤ ਪ੍ਰਾਪਤ ਨਹੀਂ ਕਰ ਸਕਦਾ। ਇਸ ਕਰਕੇ ਰਵਿੰਦਰ ਰਾਵਣ ਦੇ ਅੰਦਰ ਨਿਰੰਤਰ ਇਕ ਦਵੰਦ ਅਤੇ ਤਣਾਓ ਬਰਕਰਾਰ ਹੈ। ਇਹੋ ਤਣਾਓ ਇਸ ਕਹਾਣੀ ਨੂੰ ਯਥਾਰਥਕ ਬਣਾਉਂਦਾ ਹੈ। ਰਮਿੰਦਰ (ਰਾਮ) ਅਤੇ ਸਤਿੰਦਰ (ਸੀਤਾ) ਦੇ ਅਕਸਰ ਰਾਮ ਅਤੇ ਸੀਤਾ ਦੇ ਰੂਪ ਵਿਚ ਪੈਰੀਂ ਹੱਥ ਲਾਉਣ ਵਾਲਾ ਰਵਿੰਦਰ ਜਿਸਨੂੰ ਸਾਰੇ ਰਾਵਣ ਹੀ ਕਹਿੰਦੇ ਹਨ ਇਕ ਦਿਨ ਉਨ੍ਹਾਂ ਦੇ ਘਰ ਜਦੋਂ ਪੈਰੀਂ ਹੱਥ ਲਾਉਣ ਜਾਂਦਾ ਹੈ ਤਾਂ ਉਹ ਦੋਵੇਂ ਪੈਰੀਂ ਹੱਥ ਨਹੀਂ ਲਵਾਉਂਦੇ। ਇਹ ਪੈਰੀਂ ਹੱਥ ਨਾ ਲਵਾਉਣਾ ਹੀ ਕਥਾਕਾਰ ਦੀ ਉਹ ਕਥਾ-ਘੁੰਡੀ ਹੈ ਜਿੱਥੇ ਉਹ ਰਾਵਣ ਨੂੰ ਬਦੀ ਦੇ ਪ੍ਰਤੀਕ ਤੋਂ ਝਟਕੇ ਨੇਕੀ ਦੇ ਪ੍ਰਤੀਕ ਵਿਚ ਪਲਟ ਦਿੰਦਾ ਹੈ। ਇਉਂ ਕਥਾ ਸਦੀਆਂ ਲੰਮੀ ਮਿੱਥ ਪ੍ਰਤੀ ਨਫ਼ਰਤ ਜਗਾ ਕੇ ਪ੍ਰਤਿਕਰਮ ਨਹੀਂ ਸਿਰਜਦੀ ਸਗੋਂ ਮਿੱਥ ਦੀ ਰਾਜਨੀਤੀ ਦੇ ਸੁਹਜ ਦਾ ਸਿਰਜਣ ਕਰਕੇ ਵਿਚਾਰਧਾਰਕ ਤਰਕ ਸਿਰਜਦੀ ਹੈ। ਇਸੇ ਕਰਕੇ ਦਲਿਤ ਜੀਵਨ ਤੇ ਅਵਚੇਤਨ ਦੇ ਪ੍ਰਮਾਣਿਕ ਗਲਪੀ ਦ੍ਰਿਸ਼ ਸਿਰਜ ਕੇ ਸਰੂਪ ਸਿਆਲਵੀ ਪੰਜਾਬੀ ਕਥਾ-ਬਿਰਤਾਂਤ ਦੇ ਸਮਕਾਲੀ ਦ੍ਰਿਸ਼ ਵਿਚ ਚਿੰਤਨ ਦੇ ਬੀਜ ਬੀਜਦਾ ਹੈ।

ਦਲਿਤ ਸਰੋਕਾਰ ਨਾਲ ਸੰਬੰਧਿਤ ਕਹਾਣੀ **'ਸਿੰਗਲ ਮਦਰ'** ਹੈ। ਇਹ ਕਹਾਣੀ ਇਸ ਧਾਰਨਾ ਨੂੰ ਰੱਦ ਕਰਨ ਵਾਲੀ ਹੈ ਕਿ ਭਾਰਤੀ ਸਮਾਜ ਵਿਚ ਜਾਤ-ਪਾਤ ਵਰਗੀ ਬਿਮਾਰੀ ਦਾ ਅੰਤ ਕਰਨ ਲਈ 'ਅੰਤਰ-ਜਾਤੀ ਵਿਆਹ' ਹੀ ਇਕੋ ਇਕ ਇਲਾਜ਼ ਹੈ। ਭਾਵੇਂ ਆਧੁਨਿਕ ਸਮੇਂ ਵਿਚ ਪੂੰਜੀਵਾਦੀ ਰਿਸ਼ਤਿਆਂ ਨੇ ਇਸ ਵਿਵਸਥਾਈ ਪਕੜ ਨੂੰ ਢਿੱਲਿਆ ਕੀਤਾ ਹੈ। ਪਰੰਤੂ ਇਸ ਦੀ ਤਹਿ ਵਿਚ ਛੁਪਿਆ ਮਸਲਾ ਜਾਤ-ਪਾਤ ਨੂੰ ਖ਼ਤਮ ਕਰਨਾ ਨਹੀਂ ਸਗੋਂ ਆਰਥਿਕ ਸੰਪੰਨਤਾ ਦਾ ਲੁਭਾਵਣਾ ਮਸਲਾ ਹੈ। ਸਰੂਪ ਸਿਆਲਵੀ ਇਸ ਕਥਾ ਬਿਰਤਾਂਤ ਦੇ ਕੇਂਦਰ ਵਿਚ ਇਕ ਅਜਿਹੇ ਦਲਿਤ ਪਰਿਵਾਰ ਨੂੰ ਟਿਕਾਉਂਦਾ ਹੈ ਜੋ ਪੜ੍ਹਿਆ ਲਿਖਿਆ ਅਤੇ ਆਰਥਿਕ ਤੌਰ 'ਤੇ ਸੰਪੰਨ ਤਾਂ ਹੈ ਹੀ ਪਰੰਤੂ ਅੰਤਰ-ਜਾਤੀ ਵਿਆਹ ਕਰਵਾਉਣ ਵਾਲਾ ਵੀ ਹੈ।

ਸੁਰਿੰਦਰ ਸਿੰਘ ਸੁਮਨ ਹਾਈਕੋਰਟ ਦਾ ਨਾਮੀ ਵਕੀਲ ਹੈ ਜਿਸਨੇ ਅੰਤਰਜਾਤੀ ਵਿਆਹ ਕਰਵਾਇਆ ਹੈ। ਉਸਦਾ ਭਰਾ ਵੀ ਪੜ੍ਹਿਆ ਲਿਖਿਆ ਹੈ। ਸੁਰਿੰਦਰ ਸਿੰਘ ਸੁਮਨ ਆਪਣੇ ਮੁੰਡੇ ਨੂੰ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਹੈ ਪਰੰਤੂ ਉਸ ਨੂੰ ਉੱਚ ਜਾਤੀ ਲੋਕਾਂ ਦੇ ਹਾਣ ਦਾ ਬਣਾਉਣ ਲਈ ਬੇਥਾਹ ਪੈਸਾ ਖਰਚਦਾ ਹੈ। ਉਸਦੀ ਧੀ ਸ਼ੈਲੀ ਅੰਤਰਜਾਤੀ ਵਿਆਹ ਕਰਵਾਉਂਦੀ ਹੈ ਤੇ ਨਰਸਿੰਗ ਦੇ ਕੋਰਸ ਲਈ ਇੰਗਲੈਂਡ ਚਲੀ ਜਾਂਦੀ ਹੈ। ਉਸ ਦਾ ਪਤੀ ਪ੍ਰਕਾਸ਼ ਸਿੰਘ ਆਪਣੀ ਉੱਚ ਜਾਤੀ ਦੇ ਅਵਚੇਤਨੀ ਅਭਿਮਾਨ ਦਾ ਗ੍ਰਸਿਆ ਹੋਇਆ ਹੈ ਜੋ ਇੰਗਲੈਂਡ 'ਚ ਕੰਮ ਕਰਨ ਦੀ ਥਾਵੇਂ ਸ਼ੈਲੀ ਨੂੰ ਭੇਜੇ ਪੈਸੇ ਖੋਹ ਕੇ ਨਸ਼ਾ ਕਰਦਾ ਹੈ। ਆਪਸੀ ਲੜਾਈ ਝਗੜੇ ਤੇ ਨਿੱਤ ਦੇ ਕਲੇਸ਼ ਤੋਂ ਤੰਗ ਆਈ ਸ਼ੈਲੀ ਤੋਂ ਪ੍ਰਕਾਸ਼ ਸਿੰਘ ਦਾ ਕਤਲ ਹੋ ਜਾਂਦਾ ਹੈ। ਉਹ ਗਰਭਵਤੀ ਹੈ ਅਤੇ ਉਹ 'ਸਿੰਗਲ ਮਦਰ' ਬਣਨ ਦਾ ਫ਼ੈਸਲਾ ਲੈ ਲੈਂਦੀ ਹੈ ਅਤੇ ਆਪਣੇ ਪਤੀ ਦਾ ਨਾਮ ਆਪਣੇ ਬੱਚੇ ਨੂੰ ਦੇਣ ਤੋਂ ਇਨਕਾਰ ਕਰ ਦਿੰਦੀ ਹੈ।

ਸਰੂਪ ਸਿਆਲਵੀ ਇਸ ਕਥਾ ਬਿਰਤਾਂਤ ਵਿਚ ਜਿੱਥੇ ਵਕੀਲ ਸੁਰਿੰਦਰ ਸਿੰਘ ਸੁੰਮਨ ਦੇ ਵਿਰੋਧਾਭਾਸੀ ਕਿਰਦਾਰ ਨੂੰ ਸਿਰਜਦਾ ਹੈ, ਉਥੇ ਉਸਦੇ ਮੁੰਡੇ ਅਮੋਲਕ ਸਿੰਘ ਨਾਲ ਵਾਪਰਦੀਆਂ ਮਾਨਸਿਕ ਤਬਦੀਲੀਆਂ ਨੂੰ ਵੀ ਅੰਕਿਤ ਕਰਦਾ ਹੈ। ਪਰੰਤੂ ਜੋ ਮੁਖ ਧੁਨੀ ਸਰੂਪ ਸਿਆਲਵੀ ਇਸ ਕਥਾ ਬਿਰਤਾਂਤ ਵਿਚੋਂ ਉਦੈ ਕਰਦਾ ਹੈ ਉਹ ਹੈ ਪਿਤਰਕੀ ਅਤੇ ਵਰਣ ਵਿਵਸਥਾ ਦੇ ਅਵਚੇਤਨੀ ਹਉਮੈਂ ਦੀ। ਭਾਰਤੀ ਸਮਾਜ ਵਿਚ ਵਰਣ-ਵਿਵਸਥਾ ਦੇ ਨਾਲ ਦੂਸਰੀ ਜਾਬਰ ਸੰਸਥਾ ਪਿਤਰਕੀ ਹੈ। ਇਸ ਸਮਿਨਵੈ ਵਿਚੋਂ ਪਟੰਬਰ ਸਿੰਘ ਬੋਲਦਾ ਹੈ। ਸ਼ੈਲੀ ਜਦ ਪਟੰਬਰ ਸਿੰਘ ਨੂੰ ਕਹਿੰਦੀ ਹੈ ਕਿ ਤੇਰੇ ਮਾਪਿਆਂ ਨੇ ਵੀ ਲਵ ਮੈਰਿਜ ਕਰਵਾਈ ਹੈ, ਮੇਰਿਆਂ ਨੇ ਵੀ। ਤੇਰੀ ਮੰਮੀ ਵੀ ਨੀਵੀਂ ਜਾਤ ਦੀ ਹੈ ਜਿਵੇਂ ਮੇਰੇ ਡੈਡੀ ਨੇ। ਫਿਰ ਅਸੀਂ ਵੀ ਅੰਤਰ ਜਾਤੀ ਵਿਆਹ ਕਰਵਾਇਆ ਹੈ। ਇਉਂ ਦੋਹਾਂ ਵਿਚ ਕਿਵੇਂ ਊਚ-ਨੀਚ ਹੋ ਗਿਆ। ਇਸ ਦੇ ਜਵਾਬ 'ਚ ਪਟੰਬਰ ਦਾ ਵਾਰਤਾਲਾਪ ਬਹੁਤ ਧਿਆਨ ਦੀ ਮੰਗ ਕਰਦਾ ਹੈ, "ਤੇਰੀ ਨੀਵੀਂ ਜਾਤ ਨੂੰ ਲੁਕਾਉਣ ਲਈ .... ਮੰਮੀ , ਡੈਡੀ ਨੇ ਬੜੀ ਸਿੱਖਿਆ ਪੜ੍ਹਵਾ ਕੇ ਭੇਜੀ ਏ। ਜਾਣੀ ਜਿਵੇਂ ਮੈਨੂੰ ਪਤਾ ਹੀ ਨਹੀਂ? ਮੇਰੇ ਪਿਓ ਦੀ ਉੱਚੀ ਜਾਤ... ਤੂੰ ਨੀਵੀਂ ਜਾਤ ਦੀ ਏ। ਕਿਉਂਕਿ ਵੰਸ ਤਾਂ ਪਿਓ ਦੀ ਜਾਤੀ ਨਾਲ ਚੱਲਦਾ ਏ। ਮਾਂ ਨੂੰ ਕੌਣ ਪੁੱਛਦਾ ਏ... ਉਹ ਕਿਸੇ ਵੀ ਜਾਤੀ ਦੀ ਹੋਵੇ? ਉੱਚ ਜਾਤੀ ਦੇ ਮਰਦ ਦੇ ਘਰ ਨੀਵੀਂ ਜੀਤੀ ਦੀ ਚੂੜ੍ਹੀ ਚਮਾਰੀ, ਭਈਅਣ, ਪਹਾੜਨ, ਬੰਗਾਲਣ ਕੋਈ ਵੀ ਨੀਵੀਂ ਜਾਤੀ ਦੀ ਹੋਵੇ? ... ਮੈਂ ਜੱਟ ਦਾ ਬੀਜ... ਜੱਟ ਆਂ ਤੇ ਤੂੰ ਚਮਾਰ ਪਿਓ ਦੀ ਬੀਜ ਚਮਾਰੀ ਏਂ... ਮਾਂ ਭਾਵੇਂ ਕਿਸੇ ਵੀ ਜਾਤ ਦੀ ਹੋਵੇ।" ਇਹ ਹੈ ਉਹ ਜਟਿਲ ਨੈਕਸਸ ਜਿਹੜਾ ਪਿਤਰਕੀ ਅਤੇ ਵਰਣ ਵਿਵਸਥਾ ਦੇ ਜੋੜ 'ਚੋਂ ਪੈਦਾ ਹੁੰਦਾ ਹੈ। ਇਥੇ ਪਹੁੰਚ ਕੇ ਅੰਤਰਜਾਤੀ ਵਿਆਹ ਦੇ ਅਰਥ ਖੀਣ ਹੋ ਜਾਂਦੇ ਹਨ ਕਿਉਂਕਿ ਪਿਤਰਕੀ ਦਾ ਫ਼ਨੀਅਰ ਨਾਗ ਸਿਰ ਚੁੱਕ ਲੈਂਦਾ ਹੈ। ਸਰੂਪ ਸਿਆਲਵੀ ਜੋ ਪ੍ਰਸ਼ਨ ਉਠਾ ਰਿਹਾ ਹੈ ਕਿ ਜਾਬਰ ਵਿਵਸਥਾ ਵਿਚ ਮਨੁੱਖ ਨੂੰ ਦਬੇਲ ਬਣਾਈ ਰੱਖਣ ਲਈ ਕਿਧਰੇ ਜਾਤੀ ਅਤੇ ਕਿਧਰੇ ਪਿਤਰਕੀ ਦੀ ਜੁਗਤੀ ਵਰਤੋਂ ਕੀਤੀ ਜਾਂਦੀ ਹੈ। ਦੂਸਰਾ, ਸਰੂਪ ਸਿਆਲਵੀ ਸਤਹੀ ਪੱਧਰ ਉਪਰ ਅੰਤਰਜਾਤੀ ਵਿਆਹ ਦਾ ਮਸਲਾ ਨਹੀਂ ਲੈ ਰਿਹਾ। ਸਗੋਂ ਭਾਰਤੀ ਸਮਾਜਕ ਵਿਵਸਥਾ ਦੀਆਂ ਵਿਭਿੰਨ ਸੰਸਥਾਵਾਂ ਦੇ ਜੋੜ ਰਾਹੀਂ ਮਸਲੇ ਦੀ ਜਟਿਲਤਾ ਨੂੰ ਉਭਾਰ ਰਿਹਾ ਹੈ। ਇਸ ਕਰਕੇ ਮਰਦਾਵੀਂ ਹਉਂ ਅਤੇ ਵਰਣ ਵਿਵਸਥਾ ਨੂੰ ਸੂਖ਼ਮ ਰੂਪ 'ਚ ਚਿਤਰਦੀ ਇਹ ਕਹਾਣੀ ਵਡੇਰੇ ਵਿਚਾਰਧਾਰਕ ਪ੍ਰਸੰਗ ਦੀ ਅਨੁਆਈ ਬਣ ਜਾਂਦੀ ਹੈ। ਸਰੂਪ ਸਿਆਲਵੀ ਕਹਾਣੀ ਦਾ ਅੰਤ ਸ਼ੈਲੀ ਦੇ 'ਸਿੰਗਲ ਮਦਰ' ਬਣਨ ਦੇ ਫ਼ੈਸਲੇ ਨਾਲ ਕਰਦਾ ਹੈ। ਓਪਰੀ ਨਜ਼ਰੇ ਇਹ ਵਿਅਕਤੀਗਤ ਫ਼ੈਸਲਾ ਲੱਗਦਾ ਹੈ ਪਰੰਤੂ ਜਦੋਂ ਉਹ ਮਾਤਰੀ ਪ੍ਰਧਾਨ ਸਮਾਜ ਵਿਚ ਇਸ ਨੂੰ ਫੈਲਾਅ ਦਿੰਦਾ ਹੈ ਅਤੇ ਛਾਂਦੋਗਣ ਉਪਨਿਸ਼ਦ ਵਿਚ ਜਵਾਲੀ ਦੀ ਕਥਾ ਨਾਲ ਮੇਲਦਾ ਹੈ ਤਾਂ ਇਸ ਨੂੰ ਉਸ ਵਿਚਾਰਧਾਰਕ ਦ੍ਰਿਸ਼ਟੀ ਨਾਲ ਸੁਰਮੇਲ ਕਰਨਾ ਚਾਹੁੰਦਾ ਹੈ ਜੋ 'ਨੇਰ੍ਹੇ ਤੋਂ ਚਾਨਣ ਵੱਲ' ਕਥਾ ਬਿਰਤਾਂਤ ਵਿਚ ਪਰਿਵਾਰਕ ਸੰਸਥਾ ਤੋਂ ਮੁਕਤੀ ਵਿਚ ਦਿਖਾਉਂਦਾ ਹੈ। ਭਾਵੇਂ ਇਸ ਲਈ ਇੰਗਲੈਂਡ ਅਤੇ ਭਾਰਤੀ ਕਾਨੂੰਨ ਦੇ ਕਥਾਤਮਕ ਵੇਰਵਿਆਂ ਵਿਚੋਂ



ਔਰਤ ਦੀ ਹੋਂਦ ਅਤੇ ਹਸਤੀ ਦੀ ਸੁਤੰਤਰਤਾ ਦੀ ਕਨਸੋਅ ਵੀ ਦਿੰਦਾ ਹੈ ਪਰੰਤੂ ਬੁਨਿਆਦੀ ਤੌਰ ਤੇ ਉਹ ਪਿਤਰਕੀ ਸੰਸਥਾ ਤੋਂ ਵਿਦਰੋਹ ਦੀ ਧੁਨੀ ਉਦੈ ਕਰ ਰਿਹਾ ਹੈ।

'ਦਿਨ ਕਟੀ' , 'ਉਹ ਬਾਰਾਂ ਦਿਨ' ਅਤੇ 'ਬਾਪੂ' ਤਿੰਨ ਕਹਾਣੀਆਂ ਸਮਾਜਕ ਜੀਵਨ ਦੀਆਂ ਵਿਭਿੰਨ ਪਰਤਾਂ ਨਾਲ ਸੰਬੰਧਿਤ ਹਨ। 'ਦਿਨ ਕਟੀ' ਕਹਾਣੀ ਪਰਿਵਾਰ ਅੰਦਰ ਵਿਧਵਾ ਨੂੰਹ ਦੇ ਮਸਲੇ ਨਾਲ ਸੰਬੰਧਿਤ ਹੈ ਜਿਸ ਵਿਚ ਪਰੰਪਰਕ ਮਰਦ ਤੇ ਔਰਤ ਦੇ ਤਣਾਓ ਨੂੰ ਮਨੋਵਿਗਿਆਨਕ ਛੋਹਾਂ ਰਾਹੀਂ ਚਿਤਰਿਆ ਗਿਆ ਹੈ। 'ਉਹ ਬਾਰਾਂ ਦਿਨ' ਕਹਾਣੀ ਪੇਂਡੂ ਸਮਾਜ ਦੀਆਂ ਰਵਾਇਤੀ ਅਤੇ ਫਿਊਡਲ ਖੁੰਦਕਾਂ ਦੇ ਕਲੇਸ਼ ਦਾ ਚਿਤਰਨ ਕਰਦੀ ਹੈ। ਇਨ੍ਹਾਂ ਵਿਚੋਂ ਧਿਆਨ ਖਿੱਚਣ ਵਾਲੀ ਕਹਾਣੀ 'ਬਾਪੂ' ਹੈ। ਕਥਾਕਾਰ ਅਜੋਕੇ ਪੂੰਜੀਵਾਦੀ ਜੀਵਨ ਕਦਰ ਪ੍ਰਬੰਧ ਵਿਚ ਮਨੁੱਖ ਦੀ ਵਿਅਕਤੀਵਾਦੀ ਲਾਲਸਾ ਅਤੇ ਰਿਸ਼ਤਿਆਂ ਪ੍ਰਤੀ ਸੁਆਰਥ ਬਿਰਤੀ ਦਾ ਪ੍ਰਗਟਾਵਾ ਹੈ। ਪ੍ਰਕਾਸ਼ ਸਿੰਘ ਦੀ ਦੂਜੇ ਥਾਂ ਵਿਆਹੀ ਧੀ ਦਾ ਪਤੀ ਹਾਦਸੇ ਦਾ ਸ਼ਿਕਾਰ ਹੋ ਜਾਂਦਾ ਹੈ। ਪ੍ਰਕਾਸ਼ ਸਿੰਘ ਸਰਕਾਰੀ ਨੌਕਰੀ ਤੋਂ ਉਪਰਲੀ ਆਮਦਨ ਨਾਲ ਆਪਣੀ ਚੰਗੀ ਜਾਇਦਾਦ ਅਤੇ ਪੈਸਾ ਬਣਾ ਲੈਂਦਾ ਹੈ। ਵਿਧਵਾ ਧੀ ਦੇ ਪਰਿਵਾਰ ਨਾਲ ਜ਼ਿਆਦਤੀ ਦਾ ਰਸਤਾ ਅਪਣਾ ਕੇ ਉਨ੍ਹਾਂ ਨੂੰ ਇਸ ਕਰਕੇ ਤੰਗ ਨਹੀਂ ਕਰਦਾ ਕਿ ਉਨ੍ਹਾਂ ਦਾ ਕੁਝ ਹੜੱਪਣਾ ਚਾਹੁੰਦਾ ਹੈ ਸਗੋਂ ਇਸ ਡਰ ਦਾ ਮਾਰਿਆ ਕਿ ਉਸਦੀ ਧੀ ਉਸ ਦੀ ਜਾਇਦਾਦ ਵਿਚੋਂ ਤੀਜਾ ਹਿੱਸਾ ਨਾ ਵੰਡਾ ਲਵੇ। ਕਥਾਕਾਰ ਨਿੱਜੀ ਜਾਇਦਾਦ ਦੇ ਸੰਕਲਪ ਦੁਆਰਾ ਮਨੁੱਖੀ ਚੇਤਨਾ ਅਤੇ ਦ੍ਰਿਸ਼ਟੀ ਵਿਚ ਪ੍ਰਵੇਸ਼ ਕਰ ਗਏ ਸੁਆਰਥੀ, ਲਾਲਸਾਮਈ ਅਤੇ ਗ਼ੈਰਮਨੁੱਖੀ ਤੱਤਾਂ ਨੂੰ ਉਭਾਰਕੇ ਇਹ ਤਰਕ ਸਥਾਪਤ ਕਰਦਾ ਹੈ ਕਿ ਮਨੁੱਖੀ ਰਿਸ਼ਤੇ ਭਾਵਨਾਤਮਕ ਨਹੀਂ ਸਗੋਂ ਆਰਥਿਕਤਾ ਰਾਹੀਂ ਨਿਸ਼ਚਿਤ ਹੁੰਦੇ ਹਨ। ਆਪਸੀ ਨਜ਼ਦੀਕੀ ਰਿਸ਼ਤਿਆਂ ਵਿਚ ਵੀ ਨਿੱਜੀ ਜਾਇਦਾਦ ਦੀ ਕਦਰ ਨੇ ਕਿਸੇ ਤਰ੍ਹਾਂ ਦਾ ਸਨੇਹ, ਹਮਦਰਦੀ, ਭਰੱਪਣ, ਮੁਹੱਬਤ ਦਾ ਖ਼ਾਤਮਾ ਕਰ ਦਿੱਤਾ ਹੈ। ਜਿਉਂ ਜਿਉਂ ਨਿੱਜੀ ਜਾਇਦਾਦ ਦੀ ਕਦਰ ਸ਼ਕਤੀਸ਼ਾਲੀ ਹੁੰਦੀ ਜਾਵੇਗੀ ਮਨੁੱਖੀ ਸਮਾਜ ਵਿਚ ਮਨੁੱਖ ਦੀ ਅਹਿਮੀਅਤ ਖ਼ਤਮ ਹੁੰਦੀ ਚਲੇ ਜਾਵੇਗੀ। ਪਿਤਰਕੀ ਪ੍ਰਬੰਧ 'ਬਾਪ' ਸ਼ਕਤੀ ਦਾ ਚਿਹਨ ਹੈ। ਸ਼ਕਤੀ ਦੀ ਬੁਨਿਆਦ ਜਬਰ ਉੱਤੇ ਟਿਕੀ ਹੁੰਦੀ ਹੈ। ਕਥਾਕਾਰ ਬਾਪ ਨੂੰ ਇਕ ਜੈਵਿਕ ਰਿਸ਼ਤੇ ਵਜੋਂ ਨਹੀਂ ਸਗੋਂ ਇਕ ਜਾਬਰ ਸ਼ਕਤੀ ਵਜੋਂ ਚਿਤਰਤ ਕਰਦਾ ਹੈ। ਇਹ ਸ਼ਕਤੀ ਜੈਵਿਕ ਰਿਸ਼ਤਿਆਂ ਦਾ ਘਾਣ ਕਰ ਦਿੰਦੀ ਹੈ। ਬਾਪੂ ਪ੍ਰਕਾਸ਼ ਸਿੰਘ ਅਜੋਕੇ ਪੂੰਜੀਵਾਦੀ ਕਦਰ ਪ੍ਰਬੰਧ ਦੁਆਰਾ ਸਿਰਜੇ ਗਏ ਉਸ ਅਣਮਨੁੱਖੀ ਬਾਪ ਦਾ ਪ੍ਰਗਟਾਵਾ ਹੈ ਜਿਹੜਾ ਹਰ ਤਰ੍ਹਾਂ ਦੇ ਸਦਭਾਵੀ ਵਿਹਾਰ ਦਾ ਅੰਤ ਕਰਕੇ ਪੂੰਜੀਵਾਦੀ ਕਦਰ ਪ੍ਰਬੰਧ ਦੇ ਯਥਾਰਥ ਦਾ ਪ੍ਰਤੀਕ ਬਣ ਜਾਂਦਾ ਹੈ।

ਸਰੂਪ ਸਿਆਲਵੀ ਦੀ 'ਰੀਮਾ' ਕਹਾਣੀ ਪਰੰਪਰਕ ਕਥਾ ਨਾਲੋਂ ਬਿਲਕੁੱਲ ਵੱਖਰੀ ਤਰ੍ਹਾਂ ਦੀ ਕਹਾਣੀ ਹੈ ਜੋ ਮਨੁੱਖ ਦੀ ਥਾਵੇਂ ਆਧੁਨਿਕ ਯੁੱਗ ਵਿਚ ਰੋਬੋਟ ਤਿਆਰ ਕਰਨ ਵਾਲੀ ਹੈ। ਇਸ ਕਹਾਣੀ ਦਾ ਸਿੱਧਾ ਸਾਦਾ ਪਾਤਰ ਸਾਧਾ ਸਿੰਘ ਸਰਕਾਰੀ ਕਰਮਚਾਰੀ ਹੈ। ਵਿਆਹ ਕਰਵਾਉਣ ਵਿਚ ਉਹ ਕਈ ਕੁੜੀਆਂ ਹੱਥੋਂ ਲੁੱਟਿਆ ਜਾਂਦਾ ਹੈ ਅੰਤ ਨੂੰ ਆਪਣੇ ਦਫ਼ਤਰ ਦੇ ਇਕ ਕਰਮਚਾਰੀ ਰਾਹੀਂ ਉਹ ਰੋਬੋਟ ਨਾਲ ਵਿਆਹ ਕਰਵਾ ਲੈਂਦਾ ਹੈ। ਰੋਬੋਟ ਉਸ ਦੇ ਪਰਿਵਾਰਕ ਜੀਵਨ ਵਾਲੇ ਸਾਰੇ ਕੰਮ ਕਰਦੀ ਹੈ ਪਰੰਤੂ ਆਮ ਇਨਸਾਨ ਅੰਦਰ ਸਾਧਾ ਸਿੰਘ ਦੇ ਮਨ ਵਿਚ ਵੀ ਆਪਣੇ ਬੱਚੇ ਹੋਣ ਦੀ ਇੱਛਾ ਜਾਗਦੀ ਹੈ ਪਰੰਤੂ ਇਥੇ ਪਹੁੰਚ ਕੇ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੀ ਪਤਨੀ ਰੀਮਾ ਇਨਸਾਨ ਨਹੀਂ ਰੋਬੋਟ ਹੈ। ਰੀਮਾ ਜੋ ਸਾਧਾ ਸਿੰਘ ਦੀਆਂ ਸਾਰੀਆਂ ਜ਼ਰੂਰਤਾਂ ਦੀ ਪੂਰਤੀ ਕਰਦੀ ਹੈ ਪਰੰਤੂ ਸੰਵੇਦਨਾ ਹੀਣ ਹੈ। ਕਥਾਕਾਰ ਇਸ ਕਹਾਣੀ ਦਾ ਕੇਂਦਰੀ ਬਿੰਦੂ ਇਸ ਸੰਵੇਦਨਹੀਣਤਾ ਨੂੰ ਬਣਾਉਂਦਾ ਹੈ। ਆਮ ਸਮਾਜਕ ਇਨਸਾਨ ਲੜਦੇ-ਝਗੜਦੇ, ਮੁਹੱਬਤ ਕਰਦੇ, ਖਾਂਦੇ-ਪੀਂਦੇ ਕੰਮ ਕਰਦੇ ਹਨ ਪਰੰਤੂ ਉਨ੍ਹਾਂ ਦੇ ਇਨਸਾਨ ਹੋਣ ਦੀ ਵਿਸ਼ੇਸ਼ਤਾ ਇਸ ਸੰਵੇਦਨਾ ਕਰਕੇ ਹੈ। ਆਧੁਨਿਕ ਤਕਨਾਲੋਜ਼ੀ ਨੇ ਸੰਵੇਦਨ ਹੀਣ ਰੋਬੋਟ ਪੈਦਾ ਕੀਤਾ ਹੈ। ਜਿਹੜਾ ਮਨੁੱਖ ਦਾ ਕਤਲ ਵੀ ਕਰ ਸਕਦਾ ਹੈ। ਕਥਾਕਾਰ ਕੁਝ ਘਟਨਾਵੀ ਵੇਰਵਿਆਂ ਰਾਹੀਂ ਇਸ ਸੰਵੇਦਨਹੀਣਤਾ ਨੂੰ ਉਭਾਰਦਾ ਵੀ ਹੈ।

ਰੋਬੋਟ ਮਨੁੱਖੀ ਕਰਮਸ਼ੀਲਤਾ ਤਾਂ ਤਕਨਾਲੋਜੀ ਰਾਹੀਂ ਪ੍ਰਾਪਤ ਕਰ ਲੈਣਗੇ ਪਰੰਤੂ ਉਹ ਮਨੁੱਖ ਨਹੀਂ ਬਣ ਸਕਣਗੇ। ਕਥਾਕਾਰ ਆਧੁਨਿਕ ਯੁੱਗ ਦੇ ਇਸ ਵਰਤਾਰੇ ਨੂੰ ਸੰਜੀਦਾ ਰੂਪ ਵਿਚ ਉਠਾ ਰਿਹਾ ਹੈ। ਅੱਜ ਦੇ ਤਕਨਾਲੋਜੀਕਲ ਯੁੱਗ ਨੇ ਤਾਂ ਮਨੁੱਖ ਨੂੰ ਮਸ਼ੀਨ (ਰੋਬੋਟ) ਵਿਚ ਬਦਲ ਦਿੱਤਾ ਹੈ। ਫਿਰ ਰੋਬੋਟ ਰਾਹੀਂ ਕੀ ਕੀਤਾ ਜਾ ਰਿਹਾ ਹੈ? ਕੀ ਰੋਬੋਟ ਮਨੁੱਖੀ ਉਤਪਾਦਕਤਾ ਦੇ ਖਾਤਮੇ ਦਾ ਸੰਕੇਤ ਤਾਂ ਨਹੀਂ? ਕੀ ਮਨੁੱਖ ਉਤਪਾਦਕਤਾ ਤੋਂ ਬਿਨਾਂ ਮਨੁੱਖ ਰਹਿ ਜਾਵੇਗਾ? ਕੀ ਰੋਬੋਟ ਯੁੱਗ ਮਨੁੱਖ ਨੂੰ ਉਪਭੋਗੀ ਬਣਾਉਣ ਦਾ ਹੀ ਉਪਰਾਲਾ ਤਾਂ ਨਹੀਂ? ਕੀ ਮਨੁੱਖੀ ਕਤਲਾਂ ਦੀ ਜ਼ਿੰਮੇਵਾਰੀ ਤੋਂ ਰੋਬੋਟ ਮੁਕਤ ਹੋਣਗੇ? ਇਸ ਤਰ੍ਹਾਂ ਦੇ ਸਵਾਲਾਂ ਨੂੰ ਇਹ ਕਹਾਣੀ ਪਾਠਕ ਦੇ ਮਨ ਵਿਚ ਬੀਜਦੀ ਤੁਰੀ ਜਾਂਦੀ ਹੈ। ਕਥਾਕਾਰ ਅਜਿਹੇ ਚਿੰਤਨਸ਼ੀਲ ਮਸਲੇ ਸੰਬੰਧੀ ਫਿਰ ਬੁੱਧੀਜੀਵੀ ਪਾਤਰ ਕਥਾ ਸਿਰਜਣ ਜੁਗਤ ਦੀ ਵਰਤੋਂ ਕਾਮਰੇਡ ਕਮਲ ਨੈਨ ਰਾਹੀਂ ਕਰਦਾ ਹੈ। ਕਾਮਰੇਡ ਇਸ ਵਰਤਾਰੇ ਦੀਆਂ ਵਿਭਿੰਨ ਪਰਤਾਂ ਦੀ ਚਰਚਾ ਕਰਦਾ ਹੋਇਆ ਇਨ੍ਹਾਂ ਸ਼ਬਦਾਂ ਵਿਚ ਨਿਚੋੜ ਪੇਸ਼ ਕਰਦਾ ਹੈ, "ਇਹ ਚੰਗਾ ਮੰਦਾ ਸਭ ਕੁਝ ਹੋਈ ਜਾਣਾ ਹੈ... ਰੋਬੋ ਯੁੱਗ ਨੇ ਵੀ ਅੱਗੇ ਹੀ ਅੱਗੇ ਵਧੀ ਜਾਣਾ ਹੈ.... ਪਰ ਉਸਦੇ ਨਾਲ ਨਾਲ ਰੋਬੋਟਾਂ ਨਾਲ ਕੰਮ ਕਰਦੇ ਮਨੁੱਖਾਂ ਦੀ ਵੀ ਸੰਵੇਦਨਸ਼ੀਲਤਾ ਘਟਦੀ ਚਲੀ ਜਾਣੀ ਹੈ ਤੇ ਸਭ ਤੋਂ ਵੱਧ ਦੁੱਖ ਦੀ ਗੱਲ ਹੈ ਕਿ ਰੋਬੋਆਂ ਦੁਆਰਾ ਮਨੁੱਖਾਂ ਨੂੰ ਕਤਲ ਕਰਨ ਦੀਆਂ ਘਟਨਾਵਾਂ ਵੀ ਵਧਦੀਆਂ ਚਲੀਆਂ ਜਾਣੀਆਂ ਹਨ।" ਏਥੇ ਬਹੁਤ ਅਹਿਮ ਸੁਆਲ ਇਹ ਹੈ ਕਿ ਰੋਬੋ ਯੁੱਗ 'ਚ ਮਨੁੱਖ ਦੀ ਸੰਵੇਦਨਸ਼ੀਲਤਾ ਵੀ ਘਟਦੀ ਚਲੀ ਜਾਂਦੀ ਹੈ। ਜਿਹੜਾ ਯੁੱਗ ਮਨੁੱਖ ਦੀ ਸੰਵੇਦਨਾ ਨੂੰ ਖਤਮ ਕਰਦਾ ਹੈ ਮਨੁੱਖ ਹਿਤੈਸ਼ੀ ਕਿਵੇਂ ਹੋ ਸਕਦਾ ਹੈ। ਇਸ ਲਈ ਕਥਾਕਾਰ ਇਸ ਕਹਾਣੀ 'ਚ ਚਿੰਤਨੀ ਪੱਧਰ 'ਤੇ ਮਸਲੇ ਉਠਾ ਰਿਹਾ ਹੈ ਜਿਨ੍ਹਾਂ ਬਾਰੇ 'ਹੋਊ ਪਰ੍ਹੇ' ਕਰਕੇ ਅੱਖ ਨਹੀਂ ਫੇਰੀ ਜਾ ਸਕਦੀ।

ਸਰੂਪ ਸਿਆਲਵੀ ਦੇ ਇਸ ਕਥਾ ਸੰਗ੍ਰਹਿ '**ਸਿੰਗਲ ਮਦਰ**' ਦਾ ਪਾਠ ਕਰਦਿਆਂ ਇਹ ਅਹਿਸਾਸ ਬਾਰ ਬਾਰ ਹੁੰਦਾ ਹੈ ਕਿ ਸਮਾਜ ਨੂੰ ਇਕਹਿਰੇ ਰੂਪ 'ਚ ਨਹੀਂ ਸਗੋਂ ਉਸਦੇ ਅੰਤਰੀਵੀ ਜਟਿਲ ਸੰਬੰਧਾਂ ਵਿਚੋਂ ਗ੍ਰਹਿਣ ਕੀਤਿਆਂ ਹੀ ਉਸ ਪ੍ਰਤੀ ਬਾਹਰਮੁਖੀ ਸਮਝ ਤਿਆਰ ਕੀਤੀ ਜਾ ਸਕਦੀ ਹੈ। ਦੂਸਰਾ ਹੁਣ ਕਥਾ ਸਿਰਫ਼ ਅਨੁਭਵ ਸਿੱਧ ਸਿਰਜਣਾ ਦਾ ਖੇਤਰ ਨਹੀਂ ਰਿਹਾ ਸਗੋਂ ਗਿਆਨ, ਚਿੰਤਨ, ਇਤਿਹਾਸ, ਮਿਥਿਹਾਸ, ਦਰਸ਼ਨ ਅਤੇ ਲੋਕ ਪਰੰਪਰਾਵਾਂ ਦੇ ਸੰਘਣੇ ਸੰਸਾਰ ਵਿਚੋਂ ਸਿਰਜਤ ਕੀਤਿਆਂ ਹੀ ਅਰਥ ਭਰਪੂਰ ਪ੍ਰਵਚਨ ਬਣ ਸਕਦਾ ਹੈ। ਸਰੂਪ ਸਿਆਲਵੀ ਨੇ ਸੰਘਣੇ ਕਥਾ ਬੋਧ ਵਾਲੇ ਬਿਰਤਾਂਤ ਵਿਚ ਨਵੀਆਂ ਕਥਾਤਮਕ ਜੁਗਤਾਂ ਦੀ ਸਫ਼ਲ ਵਰਤੋਂ ਕਰਕੇ ਪੰਜਾਬੀ ਕਹਾਣੀ ਨੂੰ ਦਾਰਸ਼ਨਿਕਤਾ ਪ੍ਰਦਾਨ ਕੀਤੀ ਹੈ।


ਪਤਾ-ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। (ਮੁਬਾ.-98155-74144)


**ਪੰਜਾਬੀ ਦੇ ਚਰਚਿਤ ਕਹਾਣੀਕਾਰ ਸਰੂਪ ਸਿਆਲਵੀ ਦੀਆਂ ਕਹਾਣੀਆਂ ਦਾ ਬਹੁਪੱਖੀ ਵਿਸ਼ਲੇਸ਼ਣ ਕਰਦੀ ਡਾ. ਸੰਤੋਖ ਸਿੰਘ ਵਲੋਂ ਸੰਪਾਦਤ ਆਲੋਚਨਾ ਪੁਸਤਕ**

***ਸਰੂਪ ਸਿਆਲਵੀ***
***ਬਿਰਤਾਂਤ ਤੇ ਵਿਚਾਰਧਾਰਾ***

***ਸੰਪਾਦਕ***
***ਡਾ. ਸੰਤੋਖ ਸਿੰਘ***

**ਪ੍ਰਕਾਸ਼ਕ ਪਰਵਾਜ਼**
**ਪ੍ਰਕਾਸ਼ਕ, ਜਲੰਧਰ**







# ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ: ਵਰਤਮਾਨ ਅਤੇ ਭਵਿੱਖ

**- ਡਾ. ਰਵੀ ਰਵਿੰਦਰ**

**ਮਨੁੱਖੀ** ਸਭਿਆਚਾਰ ਦੀ ਬੁਨਿਆਦ ਜਿਨ੍ਹਾਂ ਤੱਤਾਂ ਦੇ ਆਧਾਰ 'ਤੇ ਰੱਖੀ ਗਈ ਸੀ, ਕਿਸੇ ਵੀ ਸਭਿਆਚਾਰ ਦੇ ਵਿਕਾਸ ਦੇ ਅੱਜ ਵੀ ਬੁਨਿਆਦੀ ਤੱਤ ਉਹੀ ਹਨ। ਅੱਜ ਵੀ ਮਿਹਨਤ, ਗਿਆਨ, ਸੰਵਾਦ, ਸਹਿਯੋਗ ਅਤੇ ਤਿਆਗ ਮਨੁੱਖੀ ਸਭਿਆਚਾਰ ਦੀ ਆਧਾਰਸ਼ਿਲਾ ਹਨ। ਕੋਈ ਵੀ ਸਭਿਆਚਾਰ ਇਹਨਾਂ ਤੱਤਾਂ ਦੀ ਹੋਂਦ ਅਤੇ ਅਣਹੋਂਦ ਦੇ ਆਧਾਰ 'ਤੇ ਵਿਕਾਸ ਜਾਂ ਵਿਨਾਸ਼ ਵੱਲ ਵਧਦਾ ਹੈ। ਪਰ ਬੜੀ ਚਿੰਤਾ ਦਾ ਵਿਸ਼ਾ ਹੈ ਕਿ **ਪੰਜਾਬੀ** ਸਭਿਆਚਾਰ ਦੀ ਬੁਨਿਆਦ ਜਿੰਨ੍ਹਾਂ ਤੱਤਾਂ ਦੇ ਅਧਾਰ 'ਤੇ ਰੱਖੀ ਗਈ ਸੀ, ਉਨ੍ਹਾਂ ਤੋਂ ਅੱਜ ਇਹ ਦੂਰ ਹੁੰਦਾ ਜਾ ਰਿਹਾ ਹੈ। ਇਸ ਦੇ ਵਿਕਾਸ ਬਾਰੇ ਗੱਲ ਕਰਨ ਤੋਂ ਪਹਿਲਾਂ ਸਾਨੂੰ ਉਨ੍ਹਾਂ ਚੁਣੌਤੀਆਂ ਦੀ ਨਿਸ਼ਾਨਦੇਹੀ ਕਰਨੀ ਪਵੇਗੀ, ਜਿਨ੍ਹਾਂ ਦਾ ਇਹ ਸਾਹਮਣਾ ਕਰ ਰਿਹਾ ਹੈ।

ਸਾਡੇ ਲਈ ਪਹਿਲੀ ਚੁਣੌਤੀ ਭੇਡ-ਚਾਲ ਦੀ ਚੁਣੌਤੀ ਹੈ। ਇਸ ਭੇਡ ਚਾਲ ਦਾ ਇਕ ਪੂਰਾ ਇਤਿਹਾਸ ਹੈ । ਇਹ ਭੇਡਚਾਲ ਅਨੇਕਾਂ ਪੱਧਰਾਂ 'ਤੇ ਹੈ। ਜਦੋਂ ਅਸੀਂ ਫ਼ੌਜ 'ਚ ਭਰਤੀ ਹੋਣ ਲੱਗੇ ਤਾਂ ਕੋਈ ਸਮਾਂ ਹੁੰਦਾ ਸੀ ਹਰ ਤੀਜੇ ਘਰ 'ਚੋਂ ਇਕ ਮੁੰਡਾ ਫੌਜ 'ਚ ਹੁੰਦਾ ਸੀ। ਜੇ ਟਰੱਕ ਡਰਾਇਵਰੀ ਕਰਨ ਲੱਗੇ ਤਾਂ ਪੰਜਾਬ ਟਰਾਂਸਪੋਟਰਾਂ ਅਤੇ ਟਰੱਕ ਡਰਾਇਵਰਾਂ ਦੇ ਨਾਂ ਨਾਲ ਮਸ਼ਹੂਰ ਹੋ ਗਿਆ ਸੀ। ਜੇ ਕਣਕ ਝੋਨਾ ਬੀਜਣ ਲੱਗੇ ਤਾਂ ਅਸੀਂ ਕੱਲਰ ਜ਼ਮੀਨਾਂ ਵਿਚ ਕਣਕ ਉਗਾਈ ਤੇ ਟਿੱਬਿਆਂ 'ਤੇ ਝੋਨਾ। ਜੇ ਵਿਦੇਸ਼ਾਂ 'ਚ ਜਾਣ ਦਾ ਭੁਸ ਪਿਆ ਤਾਂ ਜਹਾਜ਼ਾਂ ਦੇ ਜਹਾਜ਼ ਭਰ ਕੇ ਕਨੇਡਾ, ਅਮਰੀਕਾ, ਇੰਗਲੈਂਡ ਜਾਣ ਲੱਗੇ। ਜੇ ਕੁੱਖ 'ਚ ਕੁੜੀਆਂ ਮਾਰਨ ਲੱਗੇ ਤਾਂ ਓਹਦੇ 'ਚ ਵੀ ਨੰਬਰ ਇੱਕ ਬਣ ਕੇ ਹਟੇ। ਇਸ ਭੇਡਚਾਲ ਨੇ ਪੰਜਾਬੀਆਂ ਦੀ ਚੇਤਨ ਅਤੇ ਜਾਗ੍ਰਿਤ ਹੋਣ ਵਾਲੀ ਬਿਰਤੀ ਦਾ ਕਾਫੀ ਨੁਕਸਾਨ ਕੀਤਾ ਹੈ।

ਅੱਜ ਪੰਜਾਬੀ ਸਭਿਆਚਾਰ ਦੇ ਸਾਹਮਣੇ ਜੋ ਚੁਣੌਤੀਆਂ ਹਨ, ਉਨ੍ਹਾਂ ਵਿਚ ਦਿਖਾਵਾ ਪ੍ਰਮੁੱਖ ਹੈ। ਜ਼ਿੰਦਗੀ ਨੂੰ ਜਿਉਣ, ਮਾਨਣ ਅਤੇ ਹੰਢਾਉਣ ਵਾਲਾ ਪੰਜਾਬੀ ਬੰਦਾ ਹੁਣ ਦਿਖਾਉਣ ਤੱਕ ਸੀਮਿਤ ਹੋ ਕੇ ਰਹਿ ਗਿਆ ਹੈ। ਖਾਣ, ਪੀਣ, ਪਹਿਨਣ, ਕਾਰਾਂ, ਕੋਠੀਆਂ ਤੋਂ ਲੈ ਕੇ ਜਨਮ, ਵਿਆਹ ਅਤੇ ਮੌਤ ਦੇ ਸਮਾਗਮਾਂ ਤੱਕ ਜੀਵਨ ਦੇ ਹਰ ਪਹਿਲੂ ਵਿਚ ਦਿਖਾਵਾ ਸਿਰ ਚੜ੍ਹ ਕੇ ਬੋਲ ਰਿਹਾ ਹੈ। ਇਹ ਦਿਖਾਵਾ ਫਜ਼ੂਲਖਰਚੀ ਨੂੰ ਜਨਮ ਦੇ ਰਿਹਾ ਹੈ, ਫ਼ਜ਼ੂਲਖਰਚੀ ਲਾਲਚ, ਤਮ੍ਹਾਂ, ਰਿਸ਼ਵਤ, ਮੁਨਾਫੇਖੋਰੀ ਅਤੇ ਕਰਜ਼ੇ ਦੇ ਰਾਹ ਖੋਲ੍ਹਦੀ ਹੈ ਅਤੇ ਅੰਤਿਮ ਮੰਜ਼ਿਲ ਡਿਪਰੈਸ਼ਨ ਜਾਂ ਖੁਦਕੁਸ਼ੀ ਦੀ ਬਣਦੀ ਹੈ। ਯੋਜਨਾਬੰਦੀ ਦੀ ਘਾਟ, ਅੱਤਾਂ ਵਿਚ ਵਿਚਰਨ ਦੀ ਪ੍ਰਵਿਰਤੀ ਅਤੇ ਭਵਿੱਖ ਮੁਖੀ ਨਾ ਹੋਣਾ ਅਜਿਹੀਆਂ ਚੁਣੌਤੀਆਂ ਹਨ ਜਿਨ੍ਹਾਂ ਨਾਲ ਪੰਜਾਬੀ ਸਭਿਆਚਾਰ ਜੂਝ ਰਿਹਾ ਹੈ। ਪੰਜਾਬ ਜਦੋਂ ਵੀ ਹਾਰਿਆ ਹੈ ਤਾਂ ਆਗੂ ਦੀ ਅਣਹੋਂਦ, ਸੰਵਾਦ ਦੀ ਘਾਟ ਅਤੇ ਰਣਨੀਤੀ ਦੇ ਢਿੱਲੇਪਣ ਕਾਰਨ।

ਹੁਣ ਮਸਲਾ ਇਹ ਹੈ ਕਿ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਿਆ ਕਿਵੇਂ ਜਾਵੇ। ਇਸ ਲਈ ਸਾਨੂੰ ਸਭ ਤੋਂ ਪਹਿਲਾ ਆਪਣੀ ਪੰਜਾਬੀ ਪਛਾਣ ਬਾਰੇ ਚੇਤੰਨ ਹੋਣ ਦੀ ਲੋੜ ਹੈ। ਵਿਅਕਤੀਗਤ ਪੱਧਰ 'ਤੇ ਤਾਂ ਪੰਜਾਬੀਆਂ ਨੇ ਲੱਗਭੱਗ ਹਰ ਖੇਤਰ ਵਿਚ ਕਮਾਲ ਦੀ ਪਛਾਣ ਬਣਾਈ ਹੈ। ਪਰ ਇਕ ਕੌਮ ਵਜੋਂ ਸਾਡੀ ਪਛਾਣ ਦੇ ਮੂਲ ਤੱਤ ਕਿਹੜੇ ਬਣਦੇ ਹਨ। ਇਹ ਮਹੱਤਵਪੂਰਨ ਹੈ। ਇਤਿਹਾਸਕ ਤੌਰ 'ਤੇ ਪੰਜਾਬੀਆਂ ਦਾ ਪਛਾਣ ਚਿੰਨ੍ਹ ਹੀ ਦਾਨ ਕਰਨਾ ਅਤੇ ਛੱਡਣਾ ਹੈ, ਨਾ ਕਿ ਮੰਗਣਾ। ਹਜ਼ਾਰਾਂ ਸਾਲਾਂ ਵਿਚ ਸਾਡੀ ਪਛਾਣ ਮਿਹਨਤੀ ਤੇ ਉੱਦਮੀ ਲੋਕਾਂ ਦੀ ਬਣੀ ਹੈ। ਸੋਸ਼ਲ ਸਕਿਉਰਟੀ 'ਤੇ ਜਿਉਣ ਵਾਲੇ ਮੰਗਤਿਆਂ ਦੀ ਨਹੀਂ। ਪਰ ਇਸ ਵੇਲੇ ਪੰਜਾਬ ਦੀ ਪਛਾਣ ਮਰਜੂੰ ਜਾਂ ਮਾਰਦੂੰ ਦੇ ਸੰਦਰਭ ਵਿਚ ਨਿਸ਼ਚਿਤ

ਹੁੰਦੀ ਜਾ ਰਹੀ ਹੈ। ਖੁਦਕੁਸ਼ੀ ਕਰਕੇ, ਨਸ਼ਿਆਂ ਵਿਚ ਡੁੱਬ ਕੇ, ਪਰਿਵਾਰਕ ਝਗੜਿਆਂ ਕਰਕੇ ਅਤੇ ਮੁਕੱਦਮੇਬਾਜੀ ਵਿਚ ਲਿਪਤ ਹੋ ਕੇ ਪੰਜਾਬੀ ਬੰਦਾ ਦਿਨੋ-ਦਿਨ ਮੌਤ ਵੱਲ ਵਧ ਰਿਹਾ ਹੈ। ਗੈਂਗਸਟਰ ਬਣ ਕੇ ਉਹ ਕਾਤਲ ਬਣਦਾ ਜਾ ਰਿਹਾ ਹੈ।

ਇਹਨਾਂ ਘਟਨਾਵਾਂ ਤੋਂ ਸਿੱਖਣ ਵਾਲੀ ਗੱਲ ਏਨੀ ਹੈ ਕਿ ਆਪਣੇ ਭੈਣ-ਭਰਾਵਾਂ ਨੂੰ ਅਗਿਆਨਤਾ, ਗਰੀਬੀ, ਖੁਦਕਸ਼ੀ ਅਤੇ ਨਸ਼ੇ ਦੇ ਰਾਹ ’ਤੇ ਛੱਡ ਕੇ ਕੀਤੀ ਹੋਈ ਕੁਝ ਕੁ ਪੰਜਾਬੀਆਂ ਦੀ ਤਰੱਕੀ ਇਤਿਹਾਸ ’ਚ ਕਿਤੇ ਵੀ ਦਰਜ ਨਹੀਂ ਹੋਵੇਗੀ। ਜਿਹੜੀ ਕੌਮ ਵਿਚ ਵੀ ਅਮੀਰੀ ਤੇ ਗਰੀਬੀ ਦੀ ਖਾਈ ਅਤੇ ਪੜ੍ਹਿਆਂ ਲਿਖਿਆਂ ਤੇ ਅਨਪੜ੍ਹਾਂ ਦੀ ਖਾਈ ਜਿੰਨੀ ਵਧੇਰੇ ਡੂੰਘੀ ਹੋਵੇਗੀ, ਓਨੀ ਹੀ ਓਸ ਕੌਮ ਦੇ ਨਿੱਘਰਨ ਦੀ ਸੰਭਾਵਨਾ ਵਧੇਰੇ ਹੋਵੇਗੀ। ਜਦੋਂ ਪੰਜਾਬ ਦੇ ਸਾਰੇ ਦਰਖਤ ਕੱਟੇ ਜਾਣਗੇ, ਜਦੋਂ ਸਾਰਾ ਪਾਣੀ ਜ਼ਹਿਰੀਲਾ ਹੋ ਜਾਵੇਗਾ, ਜਦੋਂ ਸਾਡੀ ਹਵਾ ਸਾਹ ਲੈਣ ਦੇ ਯੋਗ ਨਹੀਂ ਰਹੇਗੀ, ਉਦੋਂ ਸਾਨੂੰ ਅਹਿਸਾਸ ਹੋਵੇਗਾ ਕਿ ਨੋਟ ਖਾਧੇ ਨਹੀਂ ਜਾ ਸਕਦੇ, ਨੋਟ ਹਵਾ, ਪਾਣੀ ਅਤੇ ਧਰਤੀ ਦਾ ਬਦਲ ਨਹੀਂ ਹੋ ਸਕਦੇ, ਉਦੋਂ ‘ਪਵਨ ਗੁਰੂ, ਪਾਣੀ ਪਿਤਾ ਮਾਤਾ ਧਰਤ ਮਹੱਤ ਦੀ ਸਮਝ’ ਆਵੇਗੀ। ਜਦੋਂ ਸਾਡੀ ਭਾਸ਼ਾ ਮਰ ਜਾਵੇਗੀ, ਜਦੋਂ ਅਸੀਂ ਆਪਣਾ ਵਿਰਸਾ ਵਿੱਸਰ ਚੁੱਕੇ ਹੋਵਾਂਗੇ, ਜਿਨ੍ਹਾਂ ਕਦਰਾਂ-ਕੀਮਤਾਂ ’ਤੇ ਪੰਜਾਬੀਅਤ ਦਾ ਬੂਟਾ ਵਧਿਆ ਫੁੱਲਿਆ ਸੀ, ਉਹ ਭੁਲਾ ਦਿੱਤੀਆਂ ਜਾਣਗੀਆਂ। ਜਦੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵਿਚੋਂ ਪੰਜਾਬੀਪੁਣੇ ਦਾ ਕੋਈ ਵੀ ਲੱਛਣ ਭਾਲਿਆਂ ਨਹੀਂ ਲੱਭੇਗਾ। ਫੇਰ ਸਾਨੂੰ ਅਹਿਸਾਸ ਹੋਵੇਗਾ ਕਿ ਹਰ ਵਸਤ ਡਾਲਰਾਂ ਨਾਲ ਨਹੀਂ ਖਰੀਦੀ ਜਾ ਸਕਦੀ।

ਇਹ ਵੀ ਠੀਕ ਹੈ ਕਿ ਇਤਿਹਾਸ ਦਾ ਸ਼ਾਇਦ ਹੀ ਕੋਈ ਦੌਰ ਹੋਵੇ ਜਦੋਂ ਮਨੁੱਖਤਾ ਦੇ ਸਾਹਮਣੇ ਚੁਣੌਤੀਆਂ ਨਾ ਰਹੀਆਂ ਹੋਣ। ਬੰਦਾ ਕਦੇ ਵੀ ਮਹਿਫੂਜ਼ ਨਹੀਂ ਸੀ। ਪਰ ਮਸਲਾ ਸਥਿਤੀਆਂ ਦੀ ਵਿਕਰਾਲਤਾ ਦਾ ਨਹੀਂ, ਮਸਲਾ ਉਨ੍ਹਾਂ ਦਾ ਸਾਹਮਣਾ ਕਰਨ ਦਾ ਹੈ। ਕਿਸੇ ਭਾਈਚਾਰੇ ਦੀਆਂ ਛੋਟੀਆਂ-ਛੋਟੀਆਂ ਪਹਿਲਕਦਮੀਆਂ ਅਤੇ ਨਿਰਣੇ ਵੱਡੇ ਚਮਤਕਾਰ ਕਰ ਸਕਦੇ ਹਨ ।

ਪੰਜਾਬੀਅਤ ਦੇ ਸੰਦਰਭ ਵਿਚ ਸਾਡੀ ਵਿਰਾਸਤ ਤੋਂ ਸਿੱਖਣ ਵਾਲੀ ਗੱਲ ਇਹੀ ਹੈ ਕਿ ਜਦੋਂ ਸਿੱਖ ਗੁਰੂ ਸਹਿਬਾਨ ਸਿੱਖ ਧਰਮ ਦੀਆਂ ਨੀਹਾਂ ਪੱਕੀਆਂ ਕਰ ਰਹੇ ਸਨ ਤਾਂ ਉਹ ਸਮੁੱਚੀ ਮਨੁੱਖਤਾ ਦੇ ਸੰਦਰਭ ਵਿਚ ਗੱਲ ਕਰ ਰਹੇ ਸਨ, ਉਹ ਨੂੰ ਵਿਤਕਰਿਆਂ ਨੂੰ ਖਤਮ ਕਰਨ ਦੀ ਗੱਲ ਕਰ ਰਹੇ ਸਨ। ਇਸ ਲਈ ਅੱਜ ਵੀ ਜੇ ਪੰਜਾਬੀਅਤ ਦੀ ਗੱਲ ਜੇ ਸਿਰਫ ਸਿੱਖਾਂ ਦੇ ਹਵਾਲੇ ਨਾਲ, ਹਿੰਦੂਆਂ ਜਾਂ ਮੁਸਲਮਾਨਾਂ ਦੇ ਹਵਾਲੇ ਨਾਲ ਕੀਤੀ ਜਾਵੇਗੀ ਤਾਂ ਅਗਰਭੂਮੀ ’ਤੇ ਸਿਰਫ ਧਰਮ ਹੀ ਰਹੇਗਾ। ਪੰਜਾਬੀਅਤ ਨੂੰ ਹਿੰਦੂ, ਸਿੱਖ ਜਾਂ ਮੁਸਲਮਾਨ ਵਿਚ ਵੰਡਣ ਵਾਲੇ ਹੀ ਸਿੱਖੀ ਨੂੰ ਜਾਤਾਂ ਵਿਚ, ਜਾਤਾਂ ਨੂੰ ਗੋਤਾਂ ਵਿਚ ਅਤੇ ਗੋਤਾਂ ਨੂੰ ਸ਼ਰੀਕਿਆਂ ਵਿਚ ਵੰਡਦੇ ਹਨ। ਕੱਟੜਤਾ ਪੰਜਾਬੀਅਤ ਦੀ ਪਹਿਲੀ ਅਤੇ ਵੱਡੀ ਦੁਸ਼ਮਣ ਹੈ। ਕਿਸੇ ਵੀ ਪ੍ਰਕਾਰ ਦੀ ਕੱਟੜਤਾ ਦਾ ਜੋ ਹਸ਼ਰ ਹੁੰਦਾ ਉਹ ਭਾਵੇਂ ਜਾਤ ਦੀ ਹੋਵੇ, ਧਰਮ ਦੀ ਹੋਵੇ ਜਾਂ ਫਲਸਫੇ ਦੀ ਹੋਵੇ ਉਹਨੂੰ ਅਮਰੀਕਾ ਬੈਠੇ ਬੰਦੇ ਤੋਂ ਵੱਧ ਹੋਰ ਕੋਈ ਨਹੀਂ ਸਮਝ ਸਕਦਾ।

ਅਸਲ ਵਿਚ ਪੰਜਾਬੀਆਂ ਦਾ ਖਿੰਡੇ-ਪੁੰਡੇ ਹੋਣਾ, ਕਿਸੇ ਸਾਂਝੇ ਸੂਤਰ ਵਿਚ ਨਾ ਬੱਝੇ ਹੋਣਾ, ਆਪਸੀ ਸੰਪਰਕ ਦਾ ਕੋਈ ਮੰਚ ਉਪਲਬਧ ਨਾ ਹੋਣਾ ਹੀ ਸਾਡੀਆਂ ਬਹੁਤੀਆਂ ਸਮੱਸਿਆਵਾਂ ਦੀ ਜੜ੍ਹ ਹੈ। ਅਸੀਂ ਸੰਗਠਿਤ ਨਹੀਂ ਹਾਂ, ਅਸੀਂ ਭਾਈਚਾਰੇ ਵਜੋਂ ਇਕ ਦੂਜੇ ਦੇ ਸੰਪਰਕ ’ਚ ਨਹੀਂ ਹਾਂ। ਇੱਥੇ ਝਾਰਖੰਡ ਦੀ ਇਕ ਉਦਾਹਰਣ ਹੈ। ਝਾਰਖੰਡ ਸਰਕਾਰ ਨੇ ‘ਝਾਰਖੰਡ ਕਨੈਕਟ’ ਨਾਂ ਦਾ ਇਕ ਸਾਫਟਵੇਅਰ ਤਿਆਰ ਕਰਵਾਇਆ ਹੈ। ਕੋਈ ਵੀ ਅਜਿਹਾ ਵਿਅਕਤੀ ਜਿਹਦੀਆਂ ਜੜ੍ਹਾਂ ਝਾਰਖੰਡ ਵਿਚ ਹੋਣ ਅਤੇ ਹੁਣ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਰਹਿ ਰਿਹਾ ਹੋਵੇ, ਇਸ ਸਾਫਟਵੇਅਰ ਰਾਹੀਂ ਉਹਦੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਹ ਬੰਦਾ ਕੀ ਕੰਮ ਕਰ ਰਿਹਾ ਹੈ? ਕਿੱਥੇ ਰਹਿ ਰਿਹਾ ਹੈ? ਉਸਦੀ ਕਿਸ ਖੇਤਰ ਵਿਚ ਮੁਹਾਰਤ ਹੈ? ਇਹ ਸਾਰੀ ਜਾਣਕਾਰੀ ਇਸ ਸਾਫਟਵੇਅਰ ਰਾਹੀਂ ਮਿਲ ਸਕੇਗੀ।



ਪੰਜਾਬੀਅਤ ਦੇ ਸੰਦਰਭ ਵਿਚ, ਪੰਜਾਬੀਆਂ ਦੀ ਏਸ ਪ੍ਰਕਾਰ ਦੀ ਇੰਟਰਲਿੰਕਿੰਗ ਕੀ ਚਮਤਕਾਰ ਕਰ ਸਕਦੀ ਹੈ, ਇਸਦੇ ਬਾਰੇ ਅਸੀਂ ਸੋਚ ਵੀ ਨਹੀਂ ਸਕਦੇ। ਦੁਨੀਆਂ ਭਰ ਦੇ ਪੰਜਾਬੀਆਂ ਦਾ ਕੋਈ ਸਾਂਝਾ ਮੰਚ ਹੋਣਾ ਭਾਵੇਂ ਹਾਲੇ ਵੱਡੀ ਗੱਲ ਹੈ ਪਰ ਭਾਰਤ ਦੇ ਵੱਖ-ਵੱਖ ਸੂਬਿਆਂ ’ਚ ਰਹਿੰਦੇ ਪੰਜਾਬੀਆਂ ਕੋਲ ਵੀ ਹਾਲੇ ਕੋਈ ਸਾਂਝਾ ਮੰਚ ਨਹੀਂ ਹੈ। ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਅਸਟ੍ਰੇਲੀਆ ਦੇ ਪੰਜਾਬੀਆਂ ਕੋਲ ਹਾਲੇ ਕੋਈ ਸਾਂਝਾ ਪਲੇਟਫਾਰਮ ਨਹੀਂ, ਜਿੱਥੇ ਬਤੌਰ ਕਮਿਊਨਿਟੀ ਆਪਣੀ ਗੱਲ ਕਰ ਸਕਦੇ ਹੋਣ।

ਅਸਲ ’ਚ ਪੰਜਾਬੀਅਤ ਦਾ ਦੁਖਾਂਤ ਹੀ ਇਹੀ ਹੈ ਕਿ ਜਿਨ੍ਹਾਂ ਦੀ ਜ਼ਿੰਮੇਵਾਰੀ ਹੈ, ਜਿਨ੍ਹਾਂ ਦੀ ਜਵਾਬਦੇਹੀ ਹੈ, ਜਿਨ੍ਹਾਂ ਦਾ ਨੈਤਿਕ ਫਰਜ਼ ਬਣਦਾ ਹੈ, ਉਹ ਜਾਣ ਕੇ ਵੀ ਅਣਜਾਣ ਬਣੇ ਬੈਠੇ ਹਨ। ਇਤਿਹਾਸ ਇਨ੍ਹਾਂ ਪ੍ਰੋਫੈਸਰਾਂ, ਵਕੀਲਾਂ, ਡਾਕਟਰਾਂ, ਬੁੱਧੀਜੀਵੀਆਂ ਅਤੇ ਧਰਮ ਨਾਲ ਜੁੜੇ ਲੋਕਾਂ ਨੂੰ ਕਦੇ ਮੁਆਫ਼ ਨਹੀਂ ਕਰੇਗਾ। ਸਾਡੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦਾ ਮੂੰਹ ਸਮਾਜ ਵੱਲ ਹੈ ਹੀ ਨਹੀਂ। ਇਹ ਜਿਹੜੇ ਬੁੱਧੀਜੀਵੀ ਪੈਦਾ ਕਰ ਰਹੀਆਂ ਹਨ, ਉਹ ਸਮਾਜ ਤੋਂ ਹੋਰ ਵੀ ਟੁੱਟ ਜਾਂਦੇ ਹਨ। ਭਾਵੇਂ ਕਿਸੇ ਵੀ ਯੂਨੀਵਰਸਿਟੀ ਦੀ ਬੁਨਿਆਦ ਹੀ ਸੰਵਾਦ ਹੁੰਦੀ ਹੈ। ਪਰ ਸਮੱਸਿਆ ਤਾਂ ਇਹ ਹੈ ਕਿ ਸਾਡੀ ਸਕੂਲੀ ਸਿੱਖਿਆ, ਕਾਲਜ ਦੀ ਸਿੱਖਿਆ ਤੋਂ ਅਤੇ ਕਾਲਜ ਯੂਨੀਵਰਸਿਟੀਆਂ ਤੋਂ ਟੁੱਟੇ ਹੋਏ ਹਨ, ਇਨ੍ਹਾਂ ਦੇ ਅਧਿਆਪਕਾਂ ਦਾ ਆਪਸ ’ਚ ਕੋਈ ਰਾਬਤਾ ਨਹੀਂ। ਇੱਥੋਂ ਤੱਕ ਕਿ ਪ੍ਰਾਇਮਰੀ ਸਕੂਲਾਂ ਦਾ ਸੈਕੰਡਰੀ ਸਕੂਲਾਂ ਨਾਲ ਰਾਬਤਾ ਖ਼ਤਮ ਹੋ ਚੁੱਕਾ ਹੈ।ਹਰ ਪੱਧਰ ਤੇ ਹੰਕਾਰ ਅਤੇ ਵਿਅਕਤੀਗਤ ਹਿਤਾਂ ਦੀਆਂ ਕੰਧਾਂ ਉੱਸਰੀਆਂ ਹੋਈਆਂ ਹਨ। ਦਰਅਸਲ ਪਾੜਾ ਪੰਜਾਬੀਅਤ ਦਾ ਪਛਾਣ ਚਿੰਨ੍ਹ ਬਣਦਾ ਜਾ ਰਿਹਾ ਹੈ, ਅਮੀਰ ਤੇ ਗਰੀਬ ਵਿਚਲਾ ਪਾੜਾ, ਪੇਂਡੂ ਤੇ ਸ਼ਹਿਰੀ ਵਿਚਲਾ, ਸਿੱਖਿਅਤ ਤੇ ਅਸਿੱਖਿਅਤ ਦਾ ਅਤੇ ਵਿਸ਼ੇਸ਼ ਤੇ ਸਾਧਾਰਨ ਵਿਚਲਾ ਪਾੜਾ ਦਿਨੋ ਦਿਨ ਵਧ ਰਿਹਾ ਹੈ। ਜਿਹੜੇ ਭਾਈਚਾਰੇ ਆਪਣੇ ਥੁੜੇ-ਟੁੱਟੇ ਲੋਕਾਂ ਤੋਂ ਬੇਮੁੱਖ ਹੋ ਜਾਂਦੇ ਹਨ, ਉਹ ਅਸਾਵੇਂਪਣ ਦੀ ਬੁਨਿਆਦ ਆਪ ਰੱਖ ਦਿੰਦੇ ਹਨ। ਬਜ਼ੁਰਗਾਂ, ਅੰਗਹੀਣਾਂ ਅਤੇ ਗ਼ਰੀਬਾਂ ਤੋਂ ਬੇਮੁਖੀ ਸਾਨੂੰ ਇਕ ਦਿਨ ਬਹੁਤ ਮਹਿੰਗੀ ਪਵੇਗੀ ਕਿਉਂਕਿ ਇਹ ਸਾਰਾ ਕੁੱਝ ਸਾਡੇ ਨਾਲ ਵੀ ਹੋ ਸਕਦਾ ਹੈ।

ਪੰਜਾਬੀਆਂ ਨੂੰ ਜਾਗਰੂਕ ਕਰਨ ਦਾ ਸਭ ਤੋਂ ਕਾਰਗਰ ਤਰੀਕਾ ਹੈ, ਸਿੱਖਿਆ ਦਾ ਪਸਾਰ। ਸਿੱਖਿਆ ਦਾ ਪਸਾਰ ਕਿਹੋ ਜਿਹਾ ਹੋਵੇ, ਕਿਹੜੀ ਦਿਸ਼ਾ ਵਿਚ ਹੋਵੇ, ਜਿੰਨਾ ਚਿਰ ਇਹ ਰਾਜਨੀਤੀਵਾਨ, ਅਫਸਰਸ਼ਾਹੀ, ਉਦਯੋਗਿਕ ਘਰਾਣੇ ਜਾਂ ਸਿੱਖਿਆ ਦੇ ਵਪਾਰੀ ਤੈਅ ਕਰਨਗੇ, ਓਨਾ ਚਿਰ ਸਾਡੀ ਦਿਸ਼ਾ ਨਿਘਾਰ ਵੱਲ ਹੋਵੇਗੀ। ਜਦੋਂ ਇਹ ਕੰਮ ਸਾਡੇ ਬੁੱਧੀਜੀਵੀ, ਲੇਖਕ, ਅਧਿਆਪਕ ਅਤੇ ਸਿੱਖਿਆ ਸ਼ਾਸਤਰੀ ਕਰਨਗੇ, ਉਦੋਂ ਮਨਚਾਹੀ ਮਨੁੱਖਤਾ ਅਤੇ ਮਨਚਾਹੀ ਪੰਜਾਬੀਅਤ ਸਿਰਜੀ ਜਾ ਸਕਦੀ ਹੈ। ਜੇ ਅਸੀਂ ਆਪਣੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਵਿਕਾਸ ਚਾਹੁੰਦੇ ਹਾਂ ਤਾਂ ਹਰ ਗਰੀਬ ਤੋਂ ਗਰੀਬ ਬੱਚੇ ਦੀ ਸਿੱਖਿਆ ਲਈ ਕੁੱਝ ਨਾ ਕੁੱਝ ਜ਼ਰੂਰ ਹਿੱਸਾ ਪਾਈਏ। ਆਪਣੇ ਪਿੰਡਾਂ ਵਿਚ ਆਪਣੇ ਬਜ਼ੁਰਗਾਂ ਦੇ ਨਾਂ ਤੇ ਗੇਟ ਬਣਵਾਉਣ ਦੀ ਬਜਾਇ ਲਾਇਬਰੇਰੀਆਂ ਬਣਵਾਈਏ। ਹਰ ਖੇਤਰ ਵਿਚ ਪ੍ਰਤਿਭਾ, ਮਿਹਨਤ ਅਤੇ ਚੰਗਿਆਈ ਨੂੰ ਏਨਾ ਸਨਮਾਨਿਤ ਕਰੀਏ ਕਿ ਹੋਰ ਲੋਕ ਵੀ ਚੰਗੇ ਬਣਨ ਬਾਰੇ ਸੋਚਣ।

ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਦੂਜਾ ਮਾਧਿਅਮ ਸਾਹਿਤ ਦਾ ਹੈ। ਬਦਲ ਰਹੀਆਂ ਲੋਕ ਰੁਚੀਆਂ ਅਤੇ ਸਰੋਕਾਰਾਂ ਨੂੰ ਸਮਝਣ ਦੀ ਥਾਂ ਜਦੋਂ ਬਣੇ ਬਣਾਏ ਚੌਖਟਿਆਂ ਦੇ ਅਧਾਰ ਤੇ ਸਾਹਿਤ ਲੇਖਨ ਜਾਰੀ ਰਹਿੰਦਾ ਹੈ ਤਾਂ ਫਿਰ ਸਾਹਿਤ ਦੇ ਪਾਠਕਾਂ ਦੀ ਘਟ ਰਹੀ ਗਿਣਤੀ ਕੋਈ ਹੈਰਾਨੀਜਨਕ ਵਰਤਾਰਾ ਨਹੀਂ ਰਹਿੰਦੀ। ਜੇ ਪੰਜਾਬੀ ਲੇਖਕ ਨੂੰ ਪੰਜਾਬ ਦੀ ਆਰਥਿਕਤਾ, ਰਾਜਨੀਤੀ, ਖੇਤੀਬਾੜੀ, ਮਹਿੰਗਾਈ, ਗਰੀਬੀ ਅਤੇ ਖੁਦਕੁਸ਼ੀਆਂ ਬਾਰੇ, ਨਸ਼ਿਆਂ ਵਿਚ ਦਿਨੋ ਦਿਨ ਗ੍ਰਸੇ ਜਾ ਰਹੇ ਨੌਜਵਾਨਾਂ ਬਾਰੇ, ਖੇਡ ਸਭਿਆਚਾਰ ਪੈਦਾ ਕਰਨ ਬਾਰੇ, ਸਹੀ ਸਿੱਖਿਆ ਨੀਤੀ ਦੀ ਅਣਹੋਂਦ ਬਾਰੇ, ਲਿਖਣ ਦੀ ਪਰਵਾਹ ਨਹੀਂ ਹੈ ਤਾਂ ਪੰਜਾਬੀ ਪਾਠਕ ਨੂੰ ਨਾ ਤਾਂ ਪੰਜਾਬੀ ਲੇਖਕ ਦੀ

ਪਰਵਾਹ ਹੈ ਅਤੇ ਨਾ ਹੀ ਪੰਜਾਬੀ ਵਿਚ ਛਪਣ ਵਾਲੀਆਂ ਪੁਸਤਕਾਂ ਦੀ। ਜੇ ਤੁਸੀਂ ਲੋਕਾਂ ਦੀਆਂ ਲੋੜਾਂ ਅਤੇ ਸਰੋਕਾਰਾਂ ਨਾਲ ਸੰਬੰਧਤ ਲਿਖਤਾਂ ਆਮ ਬੰਦੇ ਦੀ ਭਾਸ਼ਾ ਵਿਚ ਅਤੇ ਰੌਚਿਕਤਾ ਭਰਪੂਰ ਸ਼ੈਲੀ ਵਿਚ ਨਹੀਂ ਲਿਖ ਸਕਦੇ ਤਾਂ ਫਿਰ ਤੁਸੀਂ ਬਹੁਗਿਣਤੀ ਤੋਂ ਇਹ ਉਮੀਦ ਨਾ ਰੱਖੋ ਕਿ ਉਨ੍ਹਾਂ ਦਾ ਝੁਕਾਅ ਕਦੇ ਪੰਜਾਬੀ ਸਾਹਿਤ ਵੱਲ ਹੋਵੇਗਾ। ਆਮ ਲੋਕ ਪੜ੍ਹਨ ਦੀ ਸ਼ੁਰੂਆਤ ਹਲਕੀ ਫੁਲਕੀ ਵਾਰਤਕ ਅਤੇ ਨਾਵਲਾਂ, ਕਹਾਣੀਆਂ ਤੋਂ ਹੀ ਕਰਦੇ ਹਨ ਅਤੇ ਹੌਲੀ ਹੌਲੀ ਗੰਭੀਰ ਸਾਹਿਤ ਵੱਲ ਵਧਦੇ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਨਰਿੰਦਰ ਸਿੰਘ ਕਪੂਰ ਵਰਗੇ ਲੇਖਕ ਇਸ ਲਈ ਜ਼ਿਆਦਾ ਪੜ੍ਹੇ ਗਏ ਕਿਉਂਕਿ ਉਨ੍ਹਾਂ ਦੀ ਭਾਸ਼ਾ ਸਰਲ ਅਤੇ ਵਿਸ਼ੇ ਆਮ ਲੋਕਾਂ ਦੇ ਜੀਵਨ ਨਾਲ ਸਿੱਧੇ ਜੁੜੇ ਹੋਏ ਸਨ। ਜਿੰਨਾ ਚਿਰ ਸਾਡੀਆਂ ਕਹਾਣੀਆਂ/ ਨਾਵਲਾਂ/ਨਾਟਕਾਂ ਦੇ ਫਿਲਮੀ ਰੂਪਾਂਤਰਣ ਨਹੀਂ ਹੁੰਦੇ, ਓਨੀ ਦੇਰ ਇਹ ਸੀਮਤ ਦਾਇਰੇ ਦੇ ਲੋਕਾਂ ਤੱਕ ਮਹਿਦੂਦ ਰਹਿਣਗੇ। ਸੰਗੀਤ ਅਤੇ ਗਾਇਨ ਪੰਜਾਬੀ ਮਾਨਸਿਕਤਾ ਲਈ ਹਮੇਸ਼ਾ ਹੀ ਪ੍ਰਥਮ ਰਹੇ ਹਨ।ਇਸ ਲਈ ਸਾਡੀਆਂ ਕਵਿਤਾਵਾਂ/ ਗ਼ਜ਼ਲਾਂ ਨੂੰ ਗੀਤ-ਸੰਗੀਤ ਦੇ ਰੂਪ ਵਿਚ ਆਵਾਜ਼ ਦੇਣ ਦੀ ਵੀ ਲੋੜ ਹੈ। ਇਸ ਲਈ ਸਾਹਿਤ ਅਤੇ ਸੰਗੀਤ ਅਤੇ ਸਾਹਿਤ ਅਤੇ ਫਿਲਮ ਦੇ ਰਿਸ਼ਤੇ ਦੀ ਮਹੱਤਤਾ ਪੰਜਾਬੀ ਦੇ ਸਾਹਿਤਕਾਰ ਨੂੰ ਸਮਝਣੀ ਪਵੇਗੀ।

ਪ੍ਰੋਜੈਕਟ ਦੇ ਕੇ ਅਨੁਵਾਦ ਕਰਵਾਏ ਜਾਣ। ਪੰਜਾਬੀ ਦੀਆਂ 100 ਚੋਣਵੀਆਂ ਪੁਸਤਕਾਂ ਵਿਸ਼ਵ ਦੀਆਂ 5 ਸਭ ਤੋਂ ਵੱਧ ਪੜ੍ਹੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਵਾਇਆ ਜਾਣ।ਸਾਡੇ ਕੋਲ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਇਕ ਵੀ ਪ੍ਰਤੀਨਿਧ ਕਿਤਾਬ ਨਹੀਂ, ਜਿਹੜੀ ਨਾਥ-ਜੋਗੀਆਂ ਤੋਂ ਲੈ ਕੇ ਅਜੋਕੇ ਕਵੀਆਂ ਤੱਕ ਪੰਜਾਬੀ ਦੀ ਪ੍ਰਤੀਨਿਧ ਕਵਿਤਾ ਨਾਲ ਜਾਣ-ਪਛਾਣ ਕਰਵਾਉਂਦੀ ਹੋਵੇ। ਜਿਸ ਦਾ ਇਕੋ ਅਰਥ ਹੈ ਕਿ ਪੰਜਾਬੀ ਭਾਵ-ਬੋਧ ਨੂੰ ਸਮਝਣ ਅਤੇ ਜਾਨਣ ਦਾ ਕੋਈ ਵਸੀਲਾ ਨਾ ਹਿੰਦੋਸਤਾਨ ਕੋਲ ਹੈ ਅਤੇ ਨਾ ਹੀ ਵਿਸ਼ਵ ਕੋਲ। ਅਸੀਂ ਆਪਣੇ ਸੀਮਤ ਦਾਇਰੇ ਵਿਚ ਹੀ ਸਿਮਟੇ ਹੋਏ ਹਾਂ।

ਇਕ ਹੋਰ ਮਹੱਤਵਪੂਰਣ ਲੋੜ ਪੰਜਾਬੀ ਭਾਸ਼ਾ ਨੂੰ ਕੰਪਿਊਟਰ ਦੇ ਹਾਣ ਦਾ ਬਣਾਉਣ ਦੀ ਹੈ। ਫੌਂਟਾਂ ਦੀ ਇਕਸਾਰਤਾ ਨਾ ਹੋਣ ਕਾਰਨ, ਪੰਜਾਬੀ ਵਿਚ ਮਸ਼ੀਨ ਟਰਾਂਸਲੇਸ਼ਨ ਦੀ ਸੁਵਿਧਾ ਨਾ ਹੋਣ ਕਾਰਨ ਅਤੇ ਪੰਜਾਬੀ ਨਾਲ ਸੰਬੰਧਿਤ ਬੁਨਿਆਦੀ ਸ੍ਰੋਤਾਂ ਦੀ ਇੰਟਰਨੈੱਟ 'ਤੇ ਘਾਟ ਹੋਣ ਕਾਰਨ ਪੰਜਾਬੀ ਦੂਜੀਆਂ ਵਿਕਸਤ ਭਾਸ਼ਾਵਾਂ ਤੋਂ ਪਿੱਛੇ ਰਹਿ ਜਾਂਦੀ ਹੈ। ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਇਕ ਪਾਸੇ ਅਸੀਂ ਦੁਨੀਆਂ 'ਤੇ 12 ਕਰੋੜ ਪੰਜਾਬੀ ਹੋਣ ਦਾ, 150 ਦੇਸ਼ਾਂ ਵਿਚ ਫੈਲੇ ਹੋਣ ਦਾ ਮਾਣ ਕਰਦੇ ਹਾਂ। ਦੂਜੇ ਪਾਸੇ ਇਹ ਬਿਲਕੁਲ ਸੰਭਵ ਹੈ ਕਿ 100 ਸਕਾਲਰਾਂ ਦਾ ਸਮੂਹ ਜਿੰਨਾਂ ਦੀ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਅਤੇ ਕੰਪਿਊਟਰ ਤਿੰਨਾਂ ਵਿਚ ਹੀ ਮੁਹਾਰਤ ਹੋਵੇ, 50 ਕਰੋੜ ਰੁਪਏ ਦੀ ਲਾਗਤ ਨਾਲ, 5 ਸਾਲਾਂ ਦੇ ਸਮੇਂ ਵਿਚ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਨਾਲ ਸੰਬੰਧਿਤ ਸਾਰੇ ਮਸਲੇ ਹੱਲ ਕਰ ਸਕਦਾ ਹੈ। ਸਾਡੀਆਂ ਬਹੁਤੀਆਂ ਸਮੱਸਿਆਵਾਂ ਦਾ ਕਾਰਨ ਸਾਧਨਾਂ ਦੀ ਘਾਟ ਨਹੀਂ ਸਗੋਂ ਇੱਛਾ ਸ਼ਕਤੀ ਦੀ ਘਾਟ ਹੈ, ਤਾਲਮੇਲ ਦੀ ਘਾਟ ਹੈ। ਮਸਲਾ ਇਹ ਨਹੀਂ ਕਿ ਸਮੁੱਚੇ ਪੰਜਾਬੀ ਜਗਤ ਕੋਲ ਇਸ ਕਾਰਜ ਲਈ ਅਜਿਹੇ ਸਕਾਲਰ ਨਹੀਂ ਜਾਂ ਇਸ ਕਾਰਜ ਲਈ 50 ਕਰੋੜ ਦੀ ਪੂੰਜੀ ਨਹੀਂ। ਮਸਲਾ ਤਾਂ ਅਜਿਹੇ 100 ਵਿਅਕਤੀਆਂ ਨੂੰ ਕਿਸੇ ਇਕ ਆਗੂ ਹੇਠ ਪੰਜ ਸਾਲ ਲਈ ਇਕੱਠੇ ਕਰ ਕੇ ਕੰਮ ਲੈਣ ਦਾ ਹੈ। ਵੈਸੇ ਵੀ 'ਪੰਜਾਬ ਦੀਆਂ ਫੌਜਾਂ ਸਦਾ ਹੀ ਇਕ ਸਰਕਾਰ ਬਾਝੋਂ ਹਾਰਦੀਆਂ ਰਹੀਆਂ ਹਨ'। ਸ਼ਾਇਦ ਇਤਿਹਾਸਕ ਕਾਰਨਾਂ ਕਰਕੇ ਸਾਡੀ ਇਹ ਫਿਤਰਤ ਬਣ ਗਈ ਹੈ ਕਿ ਜਿੰਨਾ ਚਿਰ ਯੁੱਧ ਵਰਗੇ ਹਾਲਾਤ ਨਾ ਬਣ ਜਾਣ, ਓਨਾ ਚਿਰ ਅਸੀਂ ਆਪਣੀਆਂ ਸ਼ਕਤੀਆਂ ਨੂੰ ਇਕਜੁਟ ਨਹੀਂ ਕਰਦੇ।

ਅੱਜ ਤੋਂ 25-30 ਸਾਲ ਪਹਿਲਾਂ ਜੇ ਪੰਜਾਬੀ ਸਮਾਜ ਕਿਸੇ ਮਾਰੂ ਰੁਚੀ ਜਾਂ ਗਲਤ ਫੈਸਲੇ ਦਾ



ਸ਼ਿਕਾਰ ਹੁੰਦਾ ਸੀ ਤਾਂ ਉਹਨੂੰ ਸੂਚਿਤ ਕਰਨਾ ਸੌਖਾ ਨਹੀਂ ਸੀ ਪਰ ਅੱਜ ਦੁਨੀਆਂ ਤੇ ਸਾਡੇ ਬੇਹਤਰੀਨ ਡਾਕਟਰ, ਇੰਜੀਨੀਅਰ ਅਤੇ ਬੁੱਧੀਜੀਵੀ ਸੰਚਾਰ ਸਾਧਨਾਂ ਦੀ ਵਰਤੋਂ ਰਾਹੀਂ ਅਵੇਅਰ ਕਰ ਸਕਦੇ ਹਨ। ਪੰਜ ਤੋਂ ਪੰਦਰਾਂ ਮਿੰਟ ਦੀਆਂ ਫਿਲਮਾਂ ਬਣਾਈਆਂ ਜਾਣ, ਜਿਹੜੀਆਂ ਪੰਜਾਬੀ ਭਾਈਚਾਰੇ ਨੂੰ ਇਹ ਦੱਸਣ ਕਿ ਜਨਮ, ਵਿਆਹ ਅਤੇ ਮੌਤ ਦੇ ਸਮਾਗਮਾਂ ਦੀ ਤੇ ਕੀਤੀ ਜਾਂਦੀ ਫ਼ਜ਼ੂਲ ਖਰਚੀ ਸਾਨੂੰ ਕਿੱਧਰ ਲੈ ਕੇ ਜਾ ਰਹੀ ਹੈ? ਕੀਟਨਾਸ਼ਕਾਂ ਦੀ ਵੱਧਦੀ ਵਰਤੋਂ ਕੀ ਨੁਕਸਾਨ ਕਰ ਰਹੀ ਹੈ? ਕਣਕ-ਝੋਨੇ ਦੇ ਫਸਲੀ ਚੱਕਰ ਦੇ ਕੀ ਸਿੱਟੇ ਨਿਕਲਣਗੇ? ਮੁਕੱਦਮੇਬਾਜੀ, ਤਲਾਕ ਅਤੇ ਪਰਿਵਾਰਾਂ ਦਾ ਟੁੱਟਣਾ ਕਿਵੇਂ ਸਾਨੂੰ ਬਰਬਾਦ ਕਰ ਰਿਹਾ ਹੈ? ਨਸ਼ੇ ਕਿਵੇਂ ਇਕ ਪੀੜ੍ਹੀ ਦਾ ਖਾਤਮਾ ਕਰ ਰਹੇ ਹਨ? ਖੁਦਕੁਸ਼ੀ ਦੀ ਬਜਾਇ ਜ਼ਿੰਦਗੀ ਦਾ ਰਾਹ ਕਿਹੜਾ ਹੈ? ਭਰੂਣ ਹੱਤਿਆ ਦੇ ਕੀ ਨਤੀਜੇ ਹੋਣਗੇ? ਆਪਣੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਜੁੜਨਾ ਕਿਉਂ ਜ਼ਰੂਰੀ ਹੈ? ਜੇ ਇਹ ਡਾਕੂਮੈਂਟਰੀਆਂ ਲਗਾਤਾਰ ਸ਼ੋਸ਼ਲ ਮੀਡੀਆ ਅਤੇ ਪੰਜਾਬੀ ਦੇ ਪ੍ਰਮੁੱਖ ਟੀ.ਵੀ. ਚੈਨਲਾਂ ਤੇ ਪ੍ਰਸਾਰਿਤ ਹੋਣ ਤਾਂ ਕੁੱਝ ਬਦਲਣ ਦੀ ਸੰਭਾਵਨਾ ਜ਼ਰੂਰ ਬਣੇਗੀ।

ਏਸ ਵੇਲੇ ਪੰਜਾਬ ਨੂੰ ਨਾਇਕ ਦੀ ਲੋੜ ਹੈ ਜਾਂ ਇਹ ਕਹਿ ਲਈਏ ਕਿ ਇਕ ਨਹੀਂ ਕਈ ਨਾਇਕਾਂ ਦੀ ਲੋੜ ਹੈ। ਸਿੱਖਿਆ, ਖੇਤੀਬਾੜੀ, ਤਕਨਾਲੋਜੀ, ਇੰਡਸਟਰੀ, ਵਿਅਕਤੀਗਤ, ਪਰਿਵਾਰਕ ਅਤੇ ਸਮਾਜਕ ਕੌਂਸਲਿੰਗ ਲਈ, ਭਾਸ਼ਾ, ਸਾਹਿਤ, ਤੇ ਸਭਿਆਚਾਰ ਆਦਿ ਸਾਰੇ ਖੇਤਰਾਂ ਵਿਚ ਪ੍ਰਚਾਰ-ਪ੍ਰਸਾਰ ਲਈ ਸਾਨੂੰ ਉਹ ਨਾਇਕ ਤਾਲਾਸ਼ ਕਰਨੇ ਪੈਣਗੇ, ਜਿੰਨ੍ਹਾਂ ਕੋਲ ਮੁਹਾਰਤ ਹੈ, ਜਿੰਨ੍ਹਾਂ ਕੋਲ ਦਿਆਨਤਦਾਰੀ ਹੈ? ਜਿੰਨ੍ਹਾਂ ਕੋਲ ਸੰਵੇਦਨਾ ਹੈ, ਜਿੰਨ੍ਹਾਂ ਕੋਲ ਦੂਰ ਦ੍ਰਿਸ਼ਟੀ ਹੈ, ਜਿੰਨ੍ਹਾਂ ਕੋਲ ਜਜ਼ਬਾ ਹੈ, ਜਿਹੜੇ ਆਪਣੇ-ਆਪਣੇ ਖੇਤਰ ਵਿਚ ਪਰਖੇ ਹੋਏ ਨੇ।ਉਨ੍ਹਾਂ ਹੱਥ ਪੰਜਾਬੀਅਤ ਨੂੰ ਆਪਣੀ ਵਾਗਡੋਰ ਫੜਾਉਣੀ ਹੋਵੇਗੀ।ਅਜਿਹਾ ਨਹੀਂ ਕਿ ਪੰਜਾਬ ਕੋਲ ਮਿਸ਼ਨ ਦੀ ਭਾਵਨਾ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਦੀ ਕਮੀ ਹੈ। ਕੁਝ ਲੋਕ ਵਿਅਕਤੀਗਤ ਪੱਧਰ ਤੇ ਚੁੱਪਚਾਪ ਕੰਮ ਲੱਗੇ ਹੋਏ ਹਨ।ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ ਪਿੰਡ-ਪਿੰਡ ਜਾਣਾ ਪਵੇਗਾ। ਅਜਿਹਾ ਨਹੀਂ ਕਿ ਬੀਅ ਨਾਸ ਹੋ ਚੁੱਕਾ ਹੈ। ਚੰਗਿਆਈ ਜ਼ਿੰਦਾ ਹੈ, ਉੱਠ ਕੇ ਤੁਰਨ ਦੀ ਲੋੜ ਹੈ। ਚੰਗੇ ਲੋਕ ਹਰ ਥਾਂ ਤੁਹਾਨੂੰ ਉਡੀਕ ਰਹੇ ਹਨ। ਸਾਡੇ ਸਮਿਆਂ ਦਾ ਦੁਖਾਂਤ ਇਹੀ ਹੈ ਕਿ ਬੁਰਾਈ ਜਿੰਨੀ ਸੰਗਠਿਤ ਅਤੇ ਇਕਜੁੱਟ ਹੈ, ਚੰਗਿਆਈ ਓਨੀ ਹੀ ਖਿੱਲਰੀ ਹੋਈ, ਵੰਡੀ ਹੋਈ, ਉਤਸ਼ਾਹਹੀਣ ਅਤੇ ਢੇਰੀ ਢਾਹੀ ਬੈਠੀ ਹੈ।

ਜਦੋਂ ਅਸੀਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਭਵਿੱਖ ਦੀ ਗੱਲ ਕਰਦੇ ਹਾਂ ਤਾਂ ਅਸੀਂ ਉਨ੍ਹਾਂ ਦੇ ਸੰਦਰਭ ਵਿਚ ਕਰਦੇ ਹਾਂ, ਜਿਹੜੇ ਅਜੇ ਜਵਾਨ ਹੋਏ ਨੇ ਜਾਂ ਆਪਣਾ ਬਚਪਨ ਹੰਢਾ ਰਹੇ ਨੇ ਜਾਂ ਜਿੰਨ੍ਹਾਂ ਨੇ ਅਜੇ ਪੈਦਾ ਹੋਣਾ ਹੈ। ਇੰਨ੍ਹਾਂ ਦੀਆਂ ਲੋੜਾਂ, ਇਨ੍ਹਾਂ ਦੇ ਸਰੋਕਾਰਾਂ, ਇਨ੍ਹਾਂ ਦੇ ਮਨੋਰੰਜਨ ਦੇ ਹਾਣ ਦੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਸਿਰਜਣਾ ਹੀ ਸਾਡਾ ਮੁੱਖ ਉਦੇਸ਼ ਹੋਣਾ ਚਾਹੀਦਾ ਹੈ।ਸਾਡਾ ਸਾਰਾ ਜੋਰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਬਚਾਉਣ ਉੱਤੇ ਲੱਗਾ ਰਹਿੰਦਾ ਹੈ ਜਦੋਂ ਕਿ ਸਾਡੀ ਭਵਿੱਖਮੁਖੀ ਲੋੜ ਉਸ ਨੂੰ ਬਣਾਉਣ, ਨਵਿਆਉਣ ਅਤੇ ਪੁਨਰ-ਉਸਾਰੀ ਦੀ ਹੈ।

**ਐਸੋਸੀਏਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,**
**ਦਿੱਲੀ ਯੂਨੀਵਰਸਿਟੀ, ਦਿੱਲੀ ।**
**ਮੋਬਾਇਲ: 9818038041**

# ਪੰਜਾਬੀ ਭਾਸ਼ਾ ਦੀ ਕੈਨੇਡਾ ਵਿਚ ਸਥਿਤੀ / - ਡਾ. ਭੁਪਿੰਦਰ ਕੌਰ

ਭਾਸ਼ਾ ਮਨੁੱਖ ਦਾ ਮਨੁੱਖ ਨਾਲ ਭਾਵੁਕ, ਵਿਚਾਰਕ ਤੇ ਸੰਚਾਰਾਤਮਕ ਸੰਬੰਧ ਦਾ ਮਾਧਿਅਮ ਹੀ ਨਹੀਂ ਹੁੰਦੀ ਬਲਕਿ ਇਹ ਸਮੁੱਚੇ ਜੀਵਨ ਦੇ ਕਦਰ ਪ੍ਰਬੰਧ ਦੀ ਵਾਹਕ ਵੀ ਹੁੰਦੀ ਹੈ। ਭਾਸ਼ਾ ਨੂੰ ਜੀਉਂਦਾ ਹੋਣ ਦੀ ਕਗਾਰ ਤੇ ਪੁੱਜ ਜਾਦੀ ਹੈ। ਜੇਕਰ ਕੋਈ ਭਾਸ਼ਾ ਮਰਦੀ ਹੈ ਤਾਂ ਹਜ਼ਾਰਾਂ ਲੱਖਾਂ ਸਾਲਾਂ ਦਾ ਤਜਰਬਾ, ਇਤਿਹਾਸ, ਸਭਿਆਚਾਰਕ ਇਥੋਂ ਤੱਕ ਕਿ ਲੋਕਾਂ ਦੀ ਪਹਿਚਾਣ ਵੀ ਗੁਆਚ ਜਾਂਦੀ ਹੈ। ਇਸ ਲਈ ਭਾਸ਼ਾ ਨੂੰ ਪ੍ਰਫੁਲਤ ਕਰਨ ਲਈ ਯਤਨਬੱਧ ਰਹਿਣ ਦੀ ਲੋੜ ਹੈ ਜੇਕਰ ਪੰਜਾਬੀ ਭਾਸ਼ਾਂ ਦੀ ਗਲ ਕਰੀਏ ਤਾਂ ਸਮੁੱਚੀ ਦੁਨੀਆਂ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 11 ਕਰੋੜ ਦੇ ਕਰੀਬ ਹੈ। ਸੰਸਾਰ ਪੱਧਰ ਤੇ ਇਸ ਦਾ 12 ਵਾਂ ਨੰਬਰ ਹੈ। ਲਗਭਗ ਦੁਨੀਆਂ ਦੇ 150 ਮੁਲਕਾਂ ਵਿਚ ਪੰਜਾਬੀ ਵਸਦੇ ਹਨ। ਪੰਜਾਬੀਆਂ ਦਾ ਪਰਵਾਸ ਧਾਰਨ ਕਰਨ ਦਾ ਇਤਿਹਾਸ 100 ਸਾਲਾਂ ਇਤਿਹਾਸ ਹੈ ਇਹ ਇਤਿਹਾਸ ਸਨਮਾਨਯੋਗ ਪ੍ਰਾਪਤੀਆਂ ਦੇ ਨਾਲ ਨਾਲ ਸੰਘਰਸ਼ ਦਾ ਇਤਿਹਾਸ ਵੀ ਕਿਹਾ ਜਾ ਸਕਦਾ ਹੈ। ਪਰਵਾਸੀ ਪੰਜਾਬੀਆਂ ਦੇ ਇਤਿਹਾਸ ਨੂੰ ਅਸੀ ਤਿੰਨ ਹਿੱਸਿਆਂ ਵਿਚ ਵੰਡ ਸਕਦੇ ਹਾਂ। ਵੀਹਵੀਂ ਸਦੀ ਦੇ ਆਰੰਭ ਤੋ ਲੈ ਕੇ ਛੇਵੇ ਦਹਾਕੇ ਤੱਕ ਦਾ ਸਮਾਂ ਜਿਸ ਵਿਚ ਪਰਵਾਸੀ ਸਿਰਫ ਪੈਸੇ ਕਮਾਉਣ ਦੇ ਮਕਸਦ ਨਾਲ ਹੀ ਪ੍ਰਵਾਸ ਧਾਰਨ ਕਰਦੇ ਹਨ, ਉਨਾਂ ਦਾ ਮਕਸਦ ਸਿਰਫ ਕਮਾਈ ਕਰਕੇ ਪਿਛੇ ਪਰਿਵਾਰਾਂ ਨੂੰ ਪੈਸਾ ਭੇਜਣਾ ਹੀ ਸੀ। ਦੂਜਾ ਪੜਾਅ ਸੱਠਵਿਆਂ ਤੋਂ ਆਰੰਭ ਹੋਇਆ ਜਿਸ ਵਿਚ ਮਧਵਰਗ ਦੇ ਪੜ੍ਹੇ ਲਿਖੇ ਪੰਜਾਬੀਆਂ ਨੇ ਪਰਵਾਸ ਧਾਰਨ ਕੀਤਾ ਜਿਨ੍ਹਾਂ ਨੇ ਕੜੇ ਸੰਘਰਸ਼ ਤੋਂ ਬਾਅਦ ਇਸ ਧਰਤੀ ਤੇ ਪੈਰ ਜਮਾਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਅਗਲੇ ਪੜਾਅ ਵਿਚ ਉਹ ਪਰਵਾਸੀ ਆਉਂਦੇ ਹਨ ਜਿੰਨ੍ਹਾਂ ਨੇ ਉਸ ਧਰਤੀ ਤੇ ਆਪਣਾਂ ਪੰਜਾਬ ਹੀ ਵਸਾ ਲਿਆ ਹੈ। ਇਹ ਪੰਜਾਬ ਵਰਗਾ ਮਾਹੌਲ ਸਿਰਜ ਕੇ, ਮਾਂ ਬੋਲੀ ਪ੍ਰਤੀ ਆਪਣੇ ਫਰਜ਼ ਨਿਭਾਉਂਦੇ ਹੋਏ ਪੰਜਾਬੀ ਭਾਸ਼ਾ ਲਈ ਕੁਝ ਨਾ ਕੁਝ ਕਰਨ ਲੱਗੇ।

ਪੰਜਾਬੀ ਬੇਸ਼ਕ ਵਿਦੇਸ਼ਾਂ ਵਿਚ ਜਾ ਵਸੇ ਹਨ ਪਰ ਆਪਣੇ ਦੇਸ਼ ਨੂੰ ਨਾਲ ਹੀ ਲੈ ਗਏ ਹਨ। ਆਪਣੇ ਵਡੇਰਿਆਂ ਦੇ ਰਸਮੋ ਰਿਵਾਜ, ਰਿਸ਼ਤੇ-ਨਾਤੇ, ਜਾਤਪਾਤ ਅਤੇ ਮਨੁੱਖੀ ਜੀਵਨ ਜਾਚ ਉਨ੍ਹਾਂ ਦੇ ਖ਼ੂਨ ਵਿਚ ਰਚਿਆ ਹੋਇਆ ਹੈ। ਕਿਉਕਿ ਮੇਰਾ ਵਿਸ਼ਾ ਕੈਨੇਡਾ ਦੀ ਪੰਜਾਬੀ ਨਾਲ ਸੰਬੰਧਤ ਹੈ, ਕੈਨੇਡਾ ਵਿਚ ਪੰਜਾਬੀ ਦੀ ਅਜੋਕੀ ਸਥਿਤੀ ਦੀ ਜੇ ਮੈਂ ਗੱਲ ਕਰਾਂ ਤਾਂ ਕਹਾਂਗੀ ਕਿ ਇਹ ਪੰਜਾਬ ਵਰਗੀ ਹੀ ਹੈ। ਪੰਜਾਬੀ ਨਾਲ ਪਿਆਰ, ਮਾਂ ਬੋਲੀ, ਤੇ ਮਾਤ ਭੂਮੀ ਪ੍ਰਤੀ ਖਿੱਚ ਜੋ ਪੰਜਾਬ ਵਿਚ ਹੈ ਉਸੇ ਦਾ ਹੀ ਰੂਪ ਕੈਨੇਡਾ ਵਿਚ ਨਜ਼ਰੀ ਆਉਦਾ ਹੈ। ਜੇਕਰ ਪੰਜਾਬੀਆਂ ਨੇ ਬੇਗਾਨੀ ਧਰਤੀ ਤੇ ਮੱਲਾਂ ਮਾਰੀਆਂ ਹਨ, ਉਥੇ ਦੀ ਭਾਸ਼ਾ ਵਿਚ ਮੂਹਾਰਤ ਹਾਸਲ ਕੀਤੀ ਹੈ ਤਾਂ ਇਸ ਪਿੱਛੇ ਵੀ ਉਨ੍ਹਾਂ ਦਾ ਮਾਤ ਭਾਸ਼ਾ ਵਿਚ ਅਮੀਰ ਹੋਣਾ ਹੈ। ਵਿਦਵਾਨਾਂ ਦੀ ਸਰਬ ਸੰਮਤੀ ਰਾਇ ਹੈ ਕਿ ਵਿਦੇਸ਼ੀ ਭਾਸ਼ਾ ਵਿਚ ਮੁਹਾਰਤ ਹਾਸਲ ਕਰਨ ਦੀ ਸਰਬੋਤਮ ਵਿਧੀ ਇਹੀ ਹੈ ਕਿ ਪਹਿਲਾਂ ਮਾਤ ਭਾਸ਼ਾ ਵਿਚ ਮੁਹਾਰਤ ਹਾਸਲ ਕੀਤੀ ਜਾਏ। ਕੈਨੇਡਾ ਨੂੰ ਬਹੁ ਭਾਸ਼ਾਈ ਕੌਮ ਕਿਹਾ ਜਾਂਦਾ ਹੈ ਇਸ ਦਾ ਗਠਨ ਕਿਸੇ ਇਕ ਭਾਸ਼ਾ ਦੇ ਆਧਾਰ ਤੇ ਨਹੀਂ ਹੋਇਆ। ਇਸ ਵੇਲੇ ਕੈਨੇਡਾ ਵਿਚ ਲਗਪਗ ਅੱਠ ਭਾਸ਼ਾਵਾਂ ਹਨ ਪਰ ਸਭ ਦਾ ਆਪੋ ਆਪਣਾ ਕਾਰਜ ਖੇਤਰ ਹੈ ਜਿਥੇ ਕਿ ਇਨ੍ਹਾਂ ਦੀ ਠੀਕ ਤੇ ਸਹੀ ਵਰਤੋਂ ਹੋ ਸਕਦੀ ਹੈ। ਇਸ ਦੇਸ਼ ਨੂੰ ਚੰਗੇ ਜਿੰਮੇਵਾਰ ਹੱਥਾਂ ਵਿਚ ਰੱਖਣ ਲਈ ਸਹੀ ਅਰਥਾਂ ਵਿਚ ਜ਼ਰੂਰੀ ਹੈ ਕਿ ਮਾਪਿਆਂ ਦਾ ਆਪਣੇ ਬੱਚਿਆਂ ਨਾਲ ਉਨਾਂ ਦੀਆਂ ਭਾਸ਼ਾਵਾਂ ਵਿਚ ਠੀਕ ਸੰਪਰਕ ਬਣਿਆ ਰਹੇ ਅਤੇ ਇਸ ਲਈ ਉਨ੍ਹਾਂ ਦੀ ਆਪਣੀ ਭਾਸ਼ਾ ਨੂੰ ਪ੍ਰਫੁਲਤ ਕੀਤਾ ਜਾਏ। ਇਹ ਬਹੁਤ ਹੀ ਮਹੱਤਵਪੂਰਨ ਤੇ ਲੋੜੀਂਦਾ ਹੈ। ਅਸਲ ਵਿਚ ਕੈਨੇਡਾ ਦੀ ਧਰਤੀ ਤੇ ਆਉਣ ਵਾਲੇ ਹਿੰਦੂਸਤਾਨੀਆਂ ਵਿਚ 98% ਪੰਜਾਬੀ ਹੀ ਸਨ ਖਾਸ ਕਰਕੇ ਸਿੱਖ। ਇਹ ਗੁਰੂ ਨਾਨਕ ਦਾ ਅਸਰ ਸੀ ਕਿ ਉਨ੍ਹਾਂ ਵਰਗਾ ਖੁੱਲ੍ਹਾ ਦ੍ਰਿਸ਼ਟੀਕੋਣ



ਲੈ ਕੇ ਪੰਜਾਬੀ ਦੂਰ ਦੂਰ ਤੱਕ ਮੱਲਾਂ ਮਾਰਦੇ ਰਹੇ ਹਨ। ਹੌਲੀ-ਹੌਲੀ ਇਸੇ ਦ੍ਰਿਸ਼ਟੀਕੋਣ ਅਧੀਨ ਤੇ ਆਰਥਿਕ ਕਾਰਨ ਕਰਕੇ ਪੰਜਾਬੀ ਪਰਵਾਸੀਆਂ ਦੀ ਗਿਣਤੀ ਵੱਧਦੀ ਹੀ ਗਈ ਜਿਸ ਕਾਰਣ ਕੈਨੇਡਾ ਵਿਚ ਸਰਕਾਰੀ ਕੰਮਾਂ ਕਾਰਾਂ ਅਤੇ ਨੌਕਰੀਆਂ ਵਿਚ ਵੀ ਵਾਧਾ ਹੋਇਆ। ਪੰਜਾਬੀ ਅੰਗਰੇਜ਼ੀ ਜਾਂ ਹੋਰ ਭਾਸ਼ਾਵਾਂ ਦੀ ਜਾਣਕਾਰੀ ਰੱਖਣ ਵਾਲੇ ਦੁਭਾਸ਼ੀਆਂ ਅਤੇ ਅਨੁਵਾਦਕਾਂ ਦੀ ਲੋੜ ਵਧੀ। ਸਿੱਟੇ ਵਜੋਂ ਹੁਣ ਪੰਜਾਬੀ ਨਵੀਂ ਪੀੜ੍ਹੀ ਭਾਰੀ ਗਿਣਤੀ ਵਿਚ ਵਿਦਿਅਕ ਅਦਾਰਿਆਂ ਵਿਚ, ਪੰਜਾਬੀ ਭਾਸ਼ਾ ਸਿੱਖਣ ਪੜ੍ਹਨ ਵੱਲ ਰੁਚਿਤ ਹੋਣ ਲਗੀ। ਪੰਜਾਬੀ ਪੜ੍ਹਨਾ, ਲਿਖਣਾ, ਬੋਲਣਾ ਸਿੱਖਣਾ ਨਵੀਂ ਪੀੜ੍ਹੀ ਲਈ ਮਾਪਿਆਂ ਨੂੰ ਖ਼ੁਸ਼ ਕਰਨ ਦਾ ਅੱਧ ਪਚੱਧੇ ਮਨ ਨਾਲ ਕੀਤਾ ਗਿਆ ਕਾਰਜ ਨਹੀਂ ਬਲਕਿ ਆਰਥਿਕ ਤੌਰ ਤੇ ਵੀ ਲਾਹੇਵੰਦ ਕਾਰਜ ਸੀ। ਸਾਧੂ ਬਿੰਨਿਗ ਇਕ ਥਾਂ ਲਿਖਦੇ ਹਨ ਕਿ ਸੂਬੇ ਦੀ ਸਰਕਾਰ ਤੇ ਬਹੁਤ ਸਾਰੀਆਂ ਗੈਰ ਸਰਕਾਰੀ ਏਜੰਸੀਆਂ ਵਲੋਂ ਪੰਜਾਬੀ ਕਮਿਊਨਿਟੀ ਨਾਲ ਤਾਲਮੇਲ ਕਰਨ ਲਈ ਪੰਜਾਬੀ ਬੋਲੀ ਦੀ ਚੋਖੀ ਵਰਤੋਂ ਹੁੰਦੀ ਹੈ। ਕਾਫੀ ਗਿਣਤੀ ਵਿਚ ਲੋਕ ਕਚਹਿਰੀਆਂ, ਹਸਪਤਾਲਾਂ, ਇਮੀਗਰੇਸ਼ਨ ਅਤੇ ਵਰਕਰਜ਼ ਕੰਮੈਨਸੇਸ਼ਕ ਬੋਰਡ ਦੇ ਦਫ਼ਤਰਾਂ ਆਦਿ ਵਿਚ ਦੁ-ਭਾਸ਼ੀਏ ਦਾ ਕੰਮ ਕਰਕੇ ਆਪਣੀ ਰੋਜੀ ਕਮਾ ਰਹੇ ਹਨ। ਇਸੇ ਤਰ੍ਹਾਂ ਕਾਫੀ ਗਿਣਤੀ ਵਿਚ ਲੋਕ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਕਰਕੇ ਅਤੇ ਕੰਪਿਊਟਰ ਉਤੇ ਪੰਜਾਬੀ ਟਾਇਪ ਕਰਕੇ ਵੀ ਕਮਾਈ ਕਰ ਰਹੇ ਹਨ। ਕੁਝ ਲੋਕ ਸਕੂਲਾਂ ਵਿਚ ਪੰਜਾਬੀ ਪੜਾਉਣ ਦੇ ਕਿੱਤੇ ਵਿਚ ਨੌਕਰੀਆਂ ਹਾਸਲ ਕਰ ਰਹੇ ਹਨ। ਇਹ ਤਾਂ ਨਿਰੋਲ ਪੰਜਾਬੀ ਨਾਲ ਸੰਬੰਧਤ ਕਿੱਤੇ ਹਨ ਇਸ ਤੋਂ ਬਿਨ੍ਹਾਂ ਅਨੇਕਾਂ ਸਰਕਾਰੀ ਤੇ ਗੈਰ ਸਰਕਾਰੀ ਅਦਾਰੇ ਵੀ ਹਨ ਜਿਥੇ ਪੰਜਾਬੀ ਦੀ ਜਾਣਕਾਰੀ ਨੌਕਰੀ ਲਈ ਸਹਾਈ ਹੁੰਦੀ ਹੈ। " ਇਥੋਂ ਗਿਆਤ ਹੁੰਦਾ ਹੈ ਕਿ ਕੈਨੇਡਾ ਵਰਗੀ ਧਰਤੀ ਤੇ ਪੰਜਾਬੀਆਂ ਨੇ ਆਪਣੀ ਇਕ ਥਾਂ ਬਣਾਈ ਹੈ।

ਕੈਨੇਡਾ ਨੂੰ ਵੈਸੇ ਦੂਜਾ ਪੰਜਾਬ ਵੀ ਕਿਹਾ ਜਾਂਦਾ ਹੈ। ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਪਿਆਰ ਪੰਜਾਬ ਤੋਂ ਇਲਾਵ ਜੇ ਕਿਤੇ ਦੇਖਣ ਨੂੰ ਮਿਲਦਾ ਹੈ ਤਾਂ ਕੈਨੇਡਾ ਦੀ ਧਰਤੀ ਤੇ ਹੀ ਮਿਲਦਾ ਹੈ। ਇਸ ਦਾ ਇਕ ਵਡਾ ਕਾਰਨ ਉਥੇ ਪੰਜਾਬੀਆਂ ਦੀ ਗਿਣਤੀ ਵਿਚ ਵਾਧਾ ਹੋਣਾ ਹੀ ਹੈ। ਵੈਸੇ ਵੀ ਇਹ ਪੰਜਾਬੀਆਂ ਦਾ ਖਾਸਾ ਹੀ ਹੈ ਕਿ ਜਿਥੇ ਵੀ ਜਾਂਦੇ ਹਨ ਇਨ੍ਹਾਂ ਦੀ ਹੀ ਸਰਦਾਰੀ ਹੁੰਦੀ ਹੈ। ਕੈਨੇਡਾ ਵਿਚ ਪਰਵਾਸੀਆਂ ਦੀ ਹੋਂਦ ਦੇ ਉੱਚ ਪੱਧਰ ਦਾ ਪ੍ਰਗਟਾਅ ਬ੍ਰਿਟਿਸ਼ ਕੋਲੰਬੀਆਂ ਦੇ ਪ੍ਰੀਮੀਅਰ ਪੰਜਾਬੀ ਮੂਲ ਦੇ ਉੱਜਲ ਦੁਸਾਂਝ ਕਾਰਨ ਹੋਇਆ ਹੈ। ਇਸ ਤੋਂ ਇਲਾਵਾ ਕੈਨੇਡਾ ਦੀ ਫੈਡਰਲ ਸਰਕਾਰ ਵਿਚ ਅਤੇ ਪ੍ਰਾਂਤਾ ਵਿਚ ਮੰਤਰੀ ਬਣਨ, ਪਾਰਲੀਮੈਂਟ ਤੇ ਸਥਾਨਕ ਮਿਉਂਸਪਲ ਕੌਂਸਲਾਂ ਵਿਚ ਮੈਂਬਰਾਂ ਤੋਂ ਮੇਅਰ ਬਣਨ ਤੇ ਉੱਚੀ ਪੱਦਵੀਆਂ ਹਾਸਲ ਕਰਨ ਕਰਕੇ ਹੋਇਆ ਹੈ। ਵੈਸੇ ਵੀ ਪੰਜਾਬੀਆਂ ਦੀ ਵੱਡੀ ਤਾਦਾਤ ਦਾ ਉਥੇ ਹੋਣਾ ਉਥੇ ਦੇ ਪ੍ਰਬੰਧ ਦੀ ਲੋੜ ਬਣਾ ਦਿੰਦਾ ਹੈ ਕਿ ਪੰਜਾਬੀ ਜਾਨਣ ਵਾਲਿਆਂ ਦੀ ਭਰਤੀ ਕੀਤੀ ਜਾਏ। ਇਥੇ ਲਈ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਵਿਚ ਪੰਜਾਬੀਆਂ ਦੀ ਆਪਣੀ ਇਕ ਥਾਂ ਹੈ। ਕੈਨੇਡਾ ਵਿਚ ਪੰਜਾਬੀਆਂ ਨਾਲ ਜੁੜੇ ਧਰਮ ਸਥਾਨ, ਗੁਰਦੁਆਰੇ ਆਮ ਹੀ ਨਜ਼ਰ ਆਉਦੇ ਹਨ। ਥਾਂ-ਥਾਂ ਪੰਜਾਬੀ ਦੇ ਸਾਈਨ ਬੋਰਡ ਵੀ ਪੰਜਾਬੀ ਭਾਸ਼ਾ ਦੀ ਚੰਗੀ ਸਥਿਤੀ ਦੀ ਗੱਲ ਕਰਦੇ ਹਨ। ਪੰਜਾਬੀ ਮਾਰਕੀਟਾਂ ਵੀ ਹਨ, ਪੰਜਾਬੀ ਪਕਵਾਨ, ਪੀਜਾਂ ਤੇ ਪੋਸ਼ਾਕਾਂ ਵੀ ਆਮ ਮਿਲ ਜਾਂਦੀਆਂ ਹਨ। ਪੰਜਾਬੀ ਮਾਹੌਲ ਸਿਰਜਣ ਵਿਚ ਵੀ ਪੰਜਾਬੀਆਂ ਦਾ ਯੋਗਦਾਨ ਹੈ। ਗੁਰਦੁਆਰਿਆਂ ਵਿਚ ਪੰਜਾਬੀ ਦੀਆਂ ਕਲਾਸਾਂ ਲਾਈਆਂ ਜਾਂਦੀਆਂ ਹਨ। ਵੱਖ ਵੱਖ ਮੌਕਿਆਂ ਤੇ ਕੀਰਤਨ ਦਰਬਾਰ , ਨਗਰ ਕੀਰਤਨ ਵੀ ਪੰਜਾਬੀਆਂ ਨੂੰ ਪੰਜਾਬੀ ਨਾਲ ਜੋੜ ਕੇ ਰੱਖਣ ਦਾ ਉਪਰਾਲਾ ਹੈ। ਨਗਰ ਕੀਰਤਨ ਦੌਰਾਨ ਸਕੂਲਾਂ ਦੇ ਬੱਚੇ, ਪੰਜ ਪਿਆਰਿਆਂ ਦੀ ਪੋਸ਼ਾਕ ਵਿਚ ਸੱਜੇ ਸਿੰਘ ਤੇ ਬੱਚੇ, ਵੱਖ ਵੱਖ ਟਰੱਕਾਂ ਤੇ ਪੰਜਾਬੀ ਭਾਸ਼ਾ ਵਿਚ ਲਿਖੇ ਗੁਰਬਾਣੀ ਦੇ ਸ਼ਬਦ ਤੇ ਪੰਜਾਬੀ ਜੂਝਾਰੂਆਂ ਗੁਰੂਆਂ ਪੀਰਾਂ ਦੀਆਂ ਤਸਵੀਰਾਂ ਪੰਜਾਬੀ ਭਾਸ਼ਾ ਦੀ ਚੰਗੀ ਸਥਿਤੀ ਦੀ ਗੱਲ ਕਰਦੇ ਹਨ। ਪੰਜਾਬੀ ਨਾਲ ਜੁੜੇ ਪ੍ਰੋਗਰਾਮਾਂ ਦੀ ਵੀ ਬਹੁਤ ਹੀ ਗੁੱਡੀ ਚੜੀ ਹੋਈ ਹੈ। ਪੰਜਾਬੀ ਚੰਗੇ ਗੀਤਾਂ ਦੀਆਂ ਆਡੀਓ ਤੇ ਵੀਡੀਓ ਕੈਸਟਾਂ ਚੰਗੀ ਭਾਰੀ ਗਿਣਤੀ ਵਿਚ ਤਿਆਰ ਵੀ ਹੁੰਦੀਆਂ ਹਨ ਤੇ ਵਿਕਦੀਆਂ

ਵੀ ਹਨ। ਕਈ ਐਸੇ ਸਪਾਂਪਰ ਕਰਨ ਵਾਲੇ ਵੀ ਹਨ ਜੋ ਚੰਗੇ ਗੀਤਕਾਰਾਂ ਨੂੰ ਸਪਾਂਸਰ ਕਰਕੇ ਸਟੇਜ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਹਨ। ਮਾੜੀ ਤੇ ਲੱਚਰ ਗਾਇਕੀ ਦਾ ਵਿਰੋਧ ਵੀ ਕੈਨੇਡਾ ਦੀਆਂ ਅਖ਼ਬਾਰਾਂ ਵਿਚ ਨਜ਼ਰ ਆਉਂਦਾ ਹੈ। ਗੁਰਦੁਆਰਿਆਂ ਵਿਚ ਵੀ ਪੰਜਾਬ ਤੋਂ ਚੰਗੇ ਕੀਰਤਨੀਏ ਰਾਗੀਆਂ ਦੇ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ। ਇਹ ਸਾਰੀਆਂ ਗੱਲ੍ਹਾਂ ਉਥੇ ਦੇ ਪੰਜਾਬੀਆਂ ਦੀ ਮਾਨਸਿਕਤਾ ਤੇ ਸੁਹਜ ਸੁਆਦ ਬਾਰੇ ਦਸਦੀਆਂ ਹਨ ਕਿ ਉਹ ਉਥੇ ਰਹਿ ਕੇ ਵੀ ਕਿਸੇ ਨਾ ਕਿਸੇ ਤਰੀਕੇ ਮੂਲ ਧਰਤੀ ਨਾਲ ਜੁੜੇ ਹੋਏ ਹਨ।

ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਸਾਹਿਤ ਸਭਾਵਾਂ ਦੇ ਯੋਗਦਾਨ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪੰਜਾਬੀ ਅਦਬੀ ਸੰਗਤ ਸੁਸਾਇਟੀ, ਖਾਲਸਾ ਦੀਵਾਨ ਸੁਸਾਇਟੀ ਤੇ ਪੰਜਾਬੀ  ਕਲਮਾਂ ਦਾ ਕਾਫ਼ਲਾ ਵਰਗੀਆਂ ਸਭਾਵਾਂ ਦੁਆਰਾ ਉਲੀਕੇ ਪ੍ਰੋਗਰਾਮਾਂ ਵਿਚ ਪੰਜਾਬੀ ਦੀਆਂ ਪੁਸਤਕਾਂ ਤੇ ਵਿਚਾਰ ਚਰਚਾ ਕਰਵਾਈ ਜਾਂਦੀ ਹੈ। ਪੁਸਤਕ ਦੀਆਂ ਖੂਬੀਆਂ ਖਾਮੀਆਂ ਬਾਰੇ ਵੀ ਗੱਲ ਕੀਤੀ ਹਾਂਦੀ ਹੈ। ਵਿਸ਼ਵ ਪੰਜਾਬੀ ਕਾਨਫੰਸਾਂ ਵੀ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ ਕਿ ਕੈਨੇਡਾ ਦੀ ਧਰਤੀ ਤੇ ਪੰਜਾਬ ਤੇ ਪੰਜਾਬੀ ਨੂੰ ਪਿਆਰਨ ਵਾਲੇ ਬੈਠੇ ਹਨ। ਜੋ ਪੰਜਾਬੀ ਨੂੰ ਜੀਉਂਦਾ ਰੱਖਣ ਤੇ ਵਿਕਾਸ ਲਈ ਚਿੰਤਿਤ ਹਨ। ਕੈਨੇਡਾ ਵਿਚ ਪੰਜਾਬੀ ਦੀ ਅਜੋਕੀ ਸਥਿਤੀ ਦਾ ਮੰਜਰ ਇੰਨ੍ਹਾਂ ਕਾਨਫਰੰਸਾਂ ਤੇ ਸਾਹਿਤ ਸਭਾਵਾਂ ਦੁਆਰਾ ਆਯੋਜਿਤ ਪੋਗਰਾਮਾਂ ਚੋ ਦੇਖਣ ਨੂੰ ਮਿਲਦਾ ਹੈ। ਪੰਜਾਬੀ ਦੇ ਕਈ ਲੇਖਕਾਂ ਨੇ ਵੀ ਉਥੇ ਪ੍ਰਵਾਸ ਧਾਰਨ ਕੀਤਾ ਹੈ ਜੋ ਉਥੇ ਦੇ ਮਾਹੌਲ ਵਿਚ ਰਹਿ ਕੇ ਉੱਥੇ ਬਾਰੇ ਆਪਣੇ ਅਨੁਭਵਾਂ ਨੂੰ ਆਪਣੀਆਂ ਲਿਖਤਾਂ ਵਿਚ ਪੇਸ਼ ਕਰਦੇ ਹਨ। ਵਰਿਆਮ ਸਿੰਘ ਸੰਧੂ ਦੇ ਪੰਜਾਬ ਦੀ 'ਅਜੀਤ' ਅਖਬਾਰ ਵਿਚ ਲ਼ਗਾਤਾਰ ਛੱਪਦੇ ਰਹੇ ਗਦਰ ਲਹਿਰ ਨਾਲ ਸੰਬੰਧਤ ਲੇਖ ਦਸਦੇ ਹਨ ਕਿ ਕੈਨੇਡਾ ਵਿਚ ਅਜੇ ਵੀ ਪੰਜਾਬੀ ਦਾ ਕੰਮ ਹੋ ਰਿਹਾ ਹੈ। ਗੁਰਬਖਸ਼ ਭੰਡਾਲ ਵਰਗੇ ਵਿਦਵਾਨਾਂ ਦਾ ਆਪਣੇ ਅਨੁਭਵ ਦਸਦੇ ਵਾਰਤਕ ਲੇਖ ਪੰਜਾਬੀਅਤ ਨਾਲ ਜੁੜੇ ਰਹਿਣ ਦੇ ਸੰਕੇਤ ਹਨ। ਬੇਸ਼ਕ ਇਹ ਪੰਜਾਬੀ ਪੱਛਮ ਦੇ ਰੰਗ ਵਿੱਚ ਰੰਗੇ ਹੋਏ ਹਨ ਪਰ ਅਜੇ ਵੀ ਪੰਜਾਬ ਨਾਲ ਜੁੜੇ ਹੋਏ ਹਨ। ਵੈਸੇ ਸਾਹਿਤਕਾਰਾਂ ਤੇ ਵਿਦਵਾਨਾਂ ਵਲੋਂ ਇਹ ਗਿਲਾ ਕੀਤਾ ਜਾਂਦਾ ਹੈ ਕਿ ਪੰਜਾਬੀ ਜ਼ਬਾਨ ਨੂੰ ਪ੍ਰਫੁਲਤ ਕਰਨ ਲਈ ਇਥੇ ਗੰਭੀਰਤਾ ਦੀ ਘਾਟ ਨਜ਼ਰ ਆਉਦੀ ਹੈ। ਪਰ ਫਿਰ ਵੀ ਸਚਾਈ ਹੈ ਕਿ ਖਾਸ ਕਰਕੇ ਕੈਨੇਡਾ ਵਿਚ ਸਰਕਾਰੀ ਤੇ ਗੈਰ ਸਰਕਾਰੀ ਪੱਧਰ ਤੇ ਪੰਜਾਬੀ ਨੂੰ ਜ਼ਿਆਦਾ ਮਾਨਤਾ ਪ੍ਰਾਪਤ ਹੈ।

ਪੰਜਾਬੀ ਭਾਸ਼ਾ ਦੀ ਸਥਿਤੀ ਦੇ ਸੰਦਰਭ ਵਿਚ ਜੇਕਰ ਮੈਂ ਪੱਤਰਕਾਰੀ ਦੀ ਗੱਲ ਕਰਾਂ ਤਾਂ ਇਸ ਨੇ ਆਪਣੇ ਵਤਨ ਵਿਚ ਵੀ ਕੋਈ ਖਾਸ ਮਲ੍ਹਾਂ ਨਹੀਂ ਮਾਰੀਆਂ ਪਰ ਬੇਗਾਨੀ ਧਰਤੀ ਤੇ ਜੋ ਅਮਿਟ ਛਾਪ ਛੱਡੀ ਹੈ ਇਸ ਗੱਲ ਦੀ ਗਵਾਹੀ ਇਤਿਹਾਸ ਦਿੰਦਾ ਹੈ। ਪੰਜਾਬ ਤੇ ਕੈਨੇਡਾ ਵਿਚਲੀ ਪੱਤਰਕਾਰੀ ਇਕ ਦੂਜੇ ਦੀਆਂ ਪੂਰਕ ਹੋ ਕੇ ਚਲਦੀਆਂ ਹਨ ਨਾ ਤਾਂ ਕੈਨੇਡਾ ਦੀਆਂ ਅਖ਼ਬਾਰਾਂ ਪੰਜਾਬ ਨੂੰ ਉਹਲੇ ਕਰ ਸਕਦੀਆਂ ਹਨ ਤੇ ਨਾ ਹੀ ਪੰਜਾਬ ਦੀਆਂ ਪੰਜਾਬੀ ਅਖ਼ਬਾਰਾਂ ਕੈਨੇਡਾ ਵਿਚਲੇ ਪੰਜਾਬੀ ਭਾਈਚਾਰੇ ਨੂੰ ਅੱਖੋਂ ਪਰੇ ਨੀ ਕਰ ਸਕਦੀਆਂ ਹਨ। ਪੰਜਾਬੀ ਪੱਤਰਕਾਰੀ ਵੀ ਪੰਜਾਬੀ ਸਭਿਆਚਾਰ, ਪੰਜਾਬੀ ਸਮਾਜ ਤੇ ਜਨਜੀਵਨ ਦੀ ਉਪਜ ਹੈ। ਇਸ ਸਮੇਂ ਪੰਜਾਬੀ ਭਾਸ਼ਾ ਉਂਗਲੀ ਫੜ ਕੇ ਹੋਰ ਭਾਸ਼ਾਵਾਂ ਦੇ ਹਾਣ ਦੀ ਹੋਣ ਦੀ ਕੋਸ਼ਿਸ਼ ਕਰ ਰਹੀ ਹੈ। ਕੈਨੇਡਾ ਵਿਚ ਵਸਦਾ ਭਾਈਚਾਰਾ ਹਰ ਪੱਖੋਂ ਕੈਨੇਡੀਅਨ ਸਮਾਜ ਦਾ ਹੀ ਇਕ ਮਹੱਤਵ ਪੂਰਨ ਹਿੱਸਾ ਬਣਦਾ ਜਾ ਰਿਹਾ ਹੈ। ਕੈਨੇਡਾ ਵਿਚ ਜਿਆਦਾਤਰ ਅਖ਼ਬਾਰ ਮੁਫ਼ਤ ਵੰਡੇ ਜਾਂਦੇ ਹਨ। ਇਹ ਅਖ਼ਬਾਰ ਵੱਡੇ ਵੱਡੇ ਸਟੋਰਾਂ ਵਿਚ ਇਕ ਥਾਂ ਰੱਖ ਦਿਤੇ ਜਾਂਦੇ ਹਨ, ਜਿਥੋਂ ਕੋਈ ਵੀ ਮੁਫਤ ਚੁੱਕ ਕੇ ਘਰ ਲੈ ਜਾ ਸਕਦਾ ਹੈ। ਕੁਝ ਪਰਚੇ ਖਰੀਦ ਕੇ ਵੀ ਪੜੇ ਜਾਂਦੇ ਹਨ ਜਿਵੇਂ ' ਇੰਡੋ ਕੈਨੇਡੀਅਨ ਟਾਈਮਜ਼' ਟਰਾਂਟੋ ਟ੍ਰਿਬਿਊਨ, ਅਜੀਤ ਤੇ ਹਮਦਰਦ ਆਦਿ। ਕੈਨੇਡਾ ਵਿਚ ਮੁਫ਼ਤ ਅਖ਼ਬਾਰਾਂ ਵਿਚ ਜ਼ਿਆਦਾਤਰ ਇਸ਼ਤਿਹਾਰ ਬਾਜੀ ਹੀ ਹੁੰਦੀ ਹੈ। ਜਿਆਦਾਤਰ ਅਖ਼ਬਾਰਾਂ ਵਿਚ ਧਾਰਮਿਕ ਮਸਲਿਆਂ ਦੀ ਗੱਲ ਹੀ ਹੁੰਦੀ



ਹੈ। ਅਕਾਲ ਤਖਤ ਸ਼੍ਰੀ ਹਰਿਮੰਦਰ ਸਾਹਿਬ ਤੋਂ ਜਾਰੀ ਹੋਈ ਹੁਕਮਨਾਮਿਆਂ ਦਾ ਅਸਰ  ਪੰਜਾਬੀਆਂ ਤੇ ਪੰਜਾਬ ਦੀਆਂ ਅਖਬਾਰਾਂ ਵੀ ਨਹੀਂ ਪਾਉਂਦੀਆਂ ਜਿਨ੍ਹਾਂ ਕੈਨੇਡਾ ਵਸਦੇ ਪੰਜਾਬੀਆਂ ਤੇ ਪੈਂਦਾ ਹੈ। ਕੈਨੇਡਾ ਵਿਚ ਪੰਜਾਬੀ ਪਰਚੇ ਪੰਜਾਬ ਵਿਚਲੇ ਅਕਬਾਰਾਂ ਦੇ ਨਾਂ ਤੇ ਵੀ ਮਕਬੂਲ ਹੋ ਰਹੇ ਹਨ ਕਿਉਕ ਉੱਥੇ ਵਸਦੇ ਪੰਜਾਬੀਆਂ ਨੂੰ ਇਨ੍ਹਾਂ ਅਜੀਤ, ਪੰਜਾਬੀ ਟ੍ਰਿਬਿਊਨ, ਚੜਦੀ ਕਲਾ ਨਾਂਵਾਂ ਵਾਲੇ ਪਰਚਿਆਂ ਤੋਂ ਪੰਜਾਬ ਦੇ ਪਰਚਿਆਂ ਦੀ ਮਹਿਕ ਮਹਿਸੂਸ ਹੁੰਦੀ ਹੈ। ਅਖ਼ਬਾਰਾਂ ਨਾਲ ਸੰਬੰਧਤ ਇਹ ਇਕ ਸਚਾਈ ਹੈ ਕਿ ਕੈਨੇਡਾ ਤੋਂ ਨਿਕਲਣ ਵਾਲੇ ਬਹੁਤੇ ਸਪਤਾਹਿਕ ਅਖਬਾਰਾਂ ਆਮ ਹੀ ੫੦-੫੦ ਸਫ਼ਿਆਂ ਤੋਂ ਵੱਧ ਦੇ ਪ੍ਰਕਾਸ਼ਤ ਹੋ ਰਹੇ ਹਨ ਜਦੋਂ ਕਿ ਭਾਰਤੀ ਪੰਜਾਬ ਵਿਚ ਅਜਿਹਾ ਇਕ ਵੀ ਸਪਤਹਿਕ ਜਾਂ ਹਫਤਾਵਾਰੀ ਸਮਾਚਾਰ ਪੱਤਰ ਨਹੀਂ ਜੋ ਐਨੇ ਸਫ਼ੇ ਦਾ ਛਪਦਾ ਹੋਵੇ। ਰੇਡੀਓ ਚੈਨਲ ਵੀ ਪੰਜਾਬੀਆਂ ਨੂੰ ਪੰਜਾਬ ਨਾਲ ਜੋੜ ਕੇ ਰੱਖਣ ਦਾ ਉਪਰਾਲਾ ਕਰ ਰਹੇ ਹਨ। ਜਿਆਦਾਤਰ ਸ਼ਨੀਵਾਰ ਤੇ ਐਤਵਾਰ ਨੂੰ ਪੰਜਾਬੀਆਂ ਲਈ ਖਾਸ ਪ੍ਰੋਗਰਾਮ ਰੇਡੀਓ ਤੇ ਪ੍ਰਸਾਰਿਤ ਕੀਤੇ ਜਾਂਦੇ ਹਨ ਜਿਵੇਂ ਰਿਮਝਿਮ, ਰੰਗੀਲਾ ਪੰਜਾਬ, ਸਾਂਝਾ ਪੰਜਾਬ ਤੇ ਅਣਖੀਲਾ ਪੰਜਾਬ । ਇਨ੍ਹਾਂ ਪ੍ਰੋਗਰਾਮਾਂ ਰਾਹੀ ਪੰਜਾਬੀ ਪਰਵਾਸੀ ਪੰਜਾਬ ਵਿਚ ਹੀ ਪੁੱਜ ਜਾਂਦੇ ਹਨ।

ਸ਼ੰਘਰਸਮਈ ਜੀਵਨ ਤੋਂ ਬਾਅਦ ਜਦੋਂ ਪਰਵਾਸੀਆਂ ਨੂੰ ਵਿਹਲ ਤੇ ਮਾਨਸਿਕ ਭੁੱਖ ਦਾ ਅਹਿਸਾਸ ਹੋਇਆ ਇਸ ਦੀ ਪੂਰਤੀ ਲਈ ਜਿਥੇ ਇਨ੍ਹਾਂ ਨੇ ਵਿਅਕਤੀਗਤ ਪੱਧਰ ਤੇ ਸਾਹਿਤ ਰਚਨਾ ਨੂੰ ਆਧਾਰ ਬਣਾਇਆਂ ਉਥੇ ਸਮੂਹਿਕ ਯਤਨਾਂ ਦੇ ਅੰਤਰਗਤ ਹੀ ਰੰਗਮੰਚ ਦੀ ਲੋੜ ਅਤੇ ਮਹੱਤਵ ਦਾ ਵੀ ਅਨੁਭਵ ਹੋਇਆ ਜਿਸ ਲਈ ਸੱਤਰਵਿਆਂ ਵਿਚ ਰੰਗਮੰਚ ਲਈ ਯਤਨ ਆਰੰਭ ਹੋਏ। ਕੈਨੇਡਾ ਹੀ ਕੇਵਲ ਇਕੋ ਇਕ ਐਸਾ ਦੇਸ਼ ਹੈ ਜਿਥੇ ਪੰਜਾਬੀ ਰੰਗਮੰਚ ਨੂੰ ਵਿਕਸਿਤ ਕਰਨ ਲਈ ਪਰਵਾਸੀ ਪੰਜਾਬੀਆਂ ਨੇ ਆਪ ਨਾਟਕਾਂ ਨੂੰ ਮੰਚਿਤ ਕੀਤਾ ਹੈ। ਇੰਨ੍ਹਾਂ ਨਾਟਕਾਂ ਦੇ ਮੰਚਨ ਲਈ ਨਾਟਕਾਂ ਦੀ ਰਚਨਾ ਖੁਦ ਹੀ ਕੀਤੀ  ਇਸ ਦੀ ਬਜਾਇ ਦੂਜੇ ਮੂਲਕਾਂ ਵਿਚ ਪੰਜਾਬ ਤੋਂ ਥੀਏਟਰ  ਗਰੁੱਪ ਬੁਲਾਏ ਗਏ ਜਿਨ੍ਹਾਂ ਨੇ ਨਾਟਕਾਂ ਦਾ ਮੰਚਨ ਕੀਤਾ। ਵਿਦੇਸ਼ਾਂ ਵਿਚ ਪੰਜਾਬੀ ਦਾ ਪ੍ਰਭਾਵਸ਼ਾਲੀ ਰੂਪ ਕੈਨੇਡਾ ਵਿਚ ਹੀ ਵਿਸ਼ੇਸ਼ ਕਰਕੇ ਬ੍ਰਿਟਿਸ਼ ਕੋਲੰਬੀਆਂ ਪ੍ਰਾਂਤ ਦੇ ਪ੍ਰਮੁੱਖ ਸ਼ਹਿਰ ਵੈਨਕੂਵਰ ਅਤੇ ਇਸਦੇ ਆਲੇ ਦੁਆਲੇ ਦੇਖਣ ਨੂੰ ਮਿਲਦਾ ਹੈ। ਗੁਰਸ਼ਰਨ ਸਿੰਘ ਨੇ ਕੈਨੇਡਾ ਵਿਚ ਪ੍ਰਤਿਬੱਧ ਰੰਗਮੰਚ ਦੀ ਸਥਾਪਨਾ ਕੀਤੀ ਤੇ ਪ੍ਰਗਤੀਸ਼ੀਲ ਕਲਾ ਪ੍ਰੇਮੀਆਂ ਨੂੰ ਰੰਗਮੰਚ ਵੱਲ ਰੁਚਿਤ ਹੋਣ ਲਈ ਪੇਰਿਆ। ਇਸ ਸਮੇਂ ਵੈਨਕੂਵਰ ਤੋਂ ਇਲਾਵਾ ਗਰੈਂਡ, ਪਰੇਰੀ, ਕੈਲਗਿਰੀ, ਐਡਮਿੰਟਨ, ਵਿਚ ੨੦ ਦੇ ਲਗਭਗ ਥੀਏਟਰ ਗਰੁੱਪ ਸਰਗਰਮ ਹਨ। ਜਿਨ੍ਹਾਂ ਵਿਚ ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ, ਵਤਨੋਂ ਦੂਰ ਆਰਟ ਫਾਉਡੇਸਨ ਵੈਨਕੂਵਰ, ਇਪਟਾ ਵੈਨਕੂਵਰ, ਇੰਡੀਆ ਮਹਿਲਾ ਐਸੋਸੀਏਸਨ ਵੈਨਕੂਵਰ, ਈਸਟ ਵੈਸਟ ਕਲਚਰਲ ਐਸੋਸੀਏਸ਼ਨ ਵੈਨਕੂਵਰ, ਭਾਰਤ ਨਾਟ ਕੇਂਦਰ, ਬੈਟਰਡ ਵੁਮੈਨ ਸਪੋਰਟ ਸਰਵਿਸਜ, ਵੈਨਕੂਵਰ ਸੱਥ, ਲੋਕ ਸਭਿਆਚਾਰਕ ਮੰਚ ਕੈਲਗਿਰੀ, ਲੋਕ ਕਲਾ ਕੇਂਦਰ ਵਿਨੀਪੈਗ, ਫਾਈਵ ਸਟਾਰ ਮੋਸ਼ਨ ਪਿਕਚਰਜ਼, ਦਮਨਦੀਪ ਪ੍ਰੋਡਕਸ਼ਨ, ਸਰਗਰਮ ਥੀਏਟਰ ਆਰਟ ਰਿਚਮੰਡ, ਕੈਲਗਿਰੀ ਸਕੂਲ ਆਫ ਡਰਾਮਾ ਆਦਿ ਵਰਨਣਯੋਗ ਹਨ। ਇਨ੍ਹਾਂ ਸਾਰੇ ਗਰੁੱਪਾਂ ਦਾ ਵੀ ਪੰਜਾਬੀ ਲਈ ਕੀਤਾ ਜਾ ਰਿਹਾ ਕੰਮ ਕੈਨੇਡਾ ਵਿਚ ਪੰਜਾਬੀ ਦੀ ਚੰਗੀ ਸਥਿਤੀ ਦੀ ਗਵਾਹੀ ਦਿੰਦਾ ਹੈ।

ਕੈਨੇਡਾ ਨੂੰ ਬਹੁ ਨਸਲੀ ਤੇ ਬਹੁ ਸਭਿਆਚਾਰਕ ਸੁਸਾਇਟੀ ਐਲਾਨਿਆਂ ਗਿਆਂ ਹੈ। ਇਥੇ ਉਨ੍ਹਾਂ ਦੇ ਸਭਿਆਚਾਰ  ਨੂੰ ਪ੍ਰੋਤਸਾਹਨ ਦੇਣ ਦੇ ਨਾਲ -ਨਾਲ ਉਨ੍ਹਾਂ ਦੀ ਜੁਬਾਨ ਨੂੰ ਵੀ ਪੜਾਉਣ ਦੀ ਵਿਵਸਥਾ ਕੀਤੀ ਹੈ। ਕੈਨੇਡਾ ਵਿਚ ਏਸੀਅਨ ਅਧਿਐਨ ਦੇ ਵਿਭਾਗਾਂ ਵਿਚ ਜਾਂ ਸੁਤੰਤਰ ਰੂਪ ਵਿਚ ਪੰਜਾਬੀ ਅਧਿਐਨ ਦੇ ਕਈ ਸੈਕਸ਼ਨ ਕਾਇਮ ਕੀਤੇ ਗਏ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਕ ਸਮੇਂ ਅੰਦਰ ਗ੍ਰੈਜੁਏਟ ਅਤੇ ਪੋਸਟ ਗ੍ਰੈਜੁਏਟ ਪੱਧਰ ਉਤੇ ਪੰਜਾਬੀ ਦੀ ਪੜ੍ਹਾਈ ਤੇ ਪ੍ਰੀਖਿਆ ਬਾਰੇ ਸਾਂਝ ਭਿਆਲੀ ਦਾ ਸਮਝੌਤਾ ਵੀ ਪੰਜਾਬੀ ਭਾਸ਼ਾ ਲਈ ਕੀਤੇ ਜਾ ਰਹੇ ਉਦਮਾਂ ਵੱਲ ਸੰਕੇਤ ਕਰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਦੀ ਅਜੋਕੀ ਸਥਿਤੀ ਤਾਂ ਚੰਗੀ ਹੀ ਹੈ ਪਰ ਸੋਚਣ ਵਿਚਾਰਣ ਦੀ ਗੱਲ ਇਹ ਹੈ ਕਿ ਇਸ ਦੇ ਵਿਕਾਸ ਦੇ ਨਾਲ -ਨਾਲ ਅਗਲੀ ਪੀੜ੍ਹੀ ਦੇ ਹੱਥਾਂ ਵਿਚ ਇਸ ਦੀ ਸੁਰੱਖਿਆ ਨੂੰ ਯਕੀਨੀ ਕਿਵੇਂ ਬਣਾਇਆ ਜਾਏ। ਕਿਉਂਕਿ ਭਾਵੇਂ ਪੰਜਾਬ ਹੋਵੇ ਜਾਂ ਕੈਨੇਡਾ ਅਗਲੀ ਪੀੜ੍ਹੀ ਦਾ ਰੁਝਾਨ ਪੰਜਾਬੀ ਵੱਲ ਘਟਦਾ ਜਾ ਰਿਹਾ ਹੈ ਕਿਉਂਕਿ ਜਿਵੇਂ ਪੰਜਾਬ ਵਿਚ ਥਾਂ ਥਾਂ ਅੰਗਰੇਜ਼ੀ ਦੇ ਨਾਂ ਤੇ ਪਬਲਿਕ ਸਕੂਲ ਖੁੱਲੇ ਹਨ। ਕੈਨੇਡਾ ਦੇ ਪੰਜਾਬੀ ਬੱਚਿਆਂ ਨੂੰ ਪੰਜਾਬੀ ਦੀ ਥਾਂ ਯੂਰਪੀਅਨ ਭਾਸ਼ਾ ਪੜਾਉਣਾ ਵਧੇਰੇ ਪਸੰਦ ਕੀਤਾ ਜਾ ਰਿਹਾ ਹੈ। ਬੇਸ਼ਕ ਕੈਨੇਡਾ ਦੇ ਸਕੂਲਾਂ ਵਿਚ ਮਾਪਿਆਂ ਵਲੋਂ ਪੰਜਾਬੀ ਪੜਾਏ ਜਾਣ ਦੀ ਮੰਗ ਉਤੇ ਪੰਜਾਬੀ ਪੜਾਉਣ ਦੀ ਵਿਵਸਥਾ ਹੈ ਪਰ ਇਸ ਦੇ ਬਾਵਜੂਦ ਵੀ ਪੰਜਾਬੀ ਮਾਪੇ ਅਕਸਰ ਬੱਚਿਆਂ ਨੂੰ ਅੰਗਰੇਜ਼ੀ ਦੇ ਨਾਲ ਫਰੈਂਚ ਜਾਂ ਸਪੈਨਿਸ਼ ਆਦਿ ਪੜ੍ਹਾਉਣ ਨੂੰ ਤਰਜ਼ੀਹ ਦਿੰਦੇ ਹਨ। ਬਹੁਤਿਆਂ ਦੀ ਤਾਂ ਇਹ ਸੋਚ ਹੈ ਕਿ ਲੋੜ ਜੋਗੀ ਪੰਜਾਬੀ ਥਾਂ ਬੱਚੇ ਘਰੋਂ ਜਾਂ ਗੁਰਦੁਆਰਿਓ ਵੀ ਸਿੱਖ ਜਾਣਗੇ। ਵਿਧੀਵੱਤ ਰੂਪ ਵਿਚ ਪੰਜਾਬੀ ਪੜਾਉਣ ਦੀ ਲੋੜ ਹੀ ਕੀ ਹੈ। ਹਰ ਗੁਰਦੁਆਰੇ ਦੀ ਆਪਣੀ ਇਕ ਇਕ ਲਾਇਬਰੇਰੀ ਹੈ ਇਨ੍ਹਾਂ ਲਾਇਬਰੇਰੀਆਂ ਵਿਚ ਪੰਜਾਬੀ ਦੀਆਂ ਪੁਸਤਕਾਂ ਦੀ ਵਿਵਸਥਾ ਹੈ। ਪਰ ਲਾਇਬਰੇਰੀ ਦਾ ਇਕ ਨੇਮ ਹੁੰਦਾ ਹੈ ਕਿ ਜੋ ਕਿਤਾਬ ਪੜ੍ਹੀ ਨਹੀਂ ਜਾਂਦੀ ਉਹ ਸੈਲਫਾਂ ਤੋਂ ਚੁੱਕ ਲਈ ਜਾਂਦੀ ਹੈ। ਕਈ ਵਾਰ ਲਾਇਬਰੇਰੀਆਂ ਕੋਲ ਹੋਰ ਪੰਜਾਬੀ ਦੀਆਂ ਪੁਸਤਕਾਂ ਮੰਗਵਾਉਣ ਦਾ ਬਜਟ ਤਾਂ ਹੁੰਦਾ ਹੈ ਪਰ ਪਾਠਕਾਂ ਦੀ ਕਮੀ ਕਾਰਨ ਪੁਸਤਕਾਂ ਮੰਗਵਾਈਆਂ ਹੀ ਨਹੀਂ ਜਾਦੀਆਂ, ਪ੍ਰਵਾਸੀਆਂ ਕੋਲ ਸਮਾਂ ਹੀ ਨਹੀਂ ਹੁੰਦਾ ਕਿ ਉਹ ਪੰਜਾਬੀ ਪੁਸਤਕਾਂ ਪੜ੍ਹ ਸਕਣ। ਅਸਲ ਵਿਚ ਪੁਸਤਕ ਸਭਿਆਚਾਰ ਦੀ ਅਣਹੋਂਦ ਹੀ ਹੈ। ਇਸੇ ਲਈ ਭਵਿਖ ਵਿਚ ਪੰਜਾਬੀ ਲਈ ਖਤਰਾ ਮਹਿਸੂਸ ਹੋ ਰਿਹਾ ਹੈ। ਪੰਜਾਬੀ ਸਭਿਆਚਾਰ ਦੀਆਂ ਬੜੀਆਂ ਹੀ ਅਮੀਰ ਪਰੰਪਰਾਵਾਂ ਹਨ ਪਰ ਇਸ ਦੇ ਬਾਵਜੂਦ ਵੀ ਇਹ ਅਟੱਲ ਸਚਾਈ ਹੈ ਕਿ ਪੰਜਾਬੀ ਪਰਚੇ ਤੇ ਪੁਸਤਕਾਂ ਕੈਨੇਡਾ ਦੀ ਜੰਮੀ ਪਲੀ ਤੇ ਪੜ੍ਹੀ ਨਵੀਂ ਪੀੜ੍ਹੀ ਤੇ ਉਹ ਅਸਰ ਨਹੀਂ ਛੱਡ ਰਹੀਂ ਜੋ ਛੱਡਣਾ ਚਾਹੀਦਾ ਹੈ। ਇਨ੍ਹਾਂ ਅੰਦਰ ਪੰਜਾਬੀ ਰਸਾਲੇ, ਅਖ਼ਬਾਰਾਂ ਜਾਂ ਪੰਜਾਬੀ ਦੀਆਂ ਪੁਸਤਕਾਂ ਪੜਨ ਲਈ ਕੋਈ ਵਿਸ਼ੇਸ਼ ਉਤਸ਼ਾਹ ਨਜ਼ਰ ਨਹੀ ਆ ਰਿਹਾ। ਜਿਵੇਂ ਕਿ ਮੈਂ ਪਹਿਲਾ ਵੀ ਜ਼ਿਕਰ ਕੀਤਾ ਹੈ ਕਿ ਕੁਝ ਪੰਜਾਬੀ ਮਾਪਿਆਂ ਦੇ ਕਹਿਣ ਤੇ ਸਕੂਲਾਂ, ਕਾਲਜਾਂ ਵਿਚ ਪੰਜਾਬੀ ਦੇ ਵਿਭਾਗ ਕਾਇਮ ਕਰਕੇ ਪੰਜਾਬੀ ਪੜਾਉਣ ਦਾ ਪ੍ਰਬੰਧ ਕੀਤਾ ਗਿਆ ਹੈ ਪਰ ਜੇਕਰ ਕਾਲਜਾਂ ਵਿਚ ਵਿਦਿਆਰਥੀ ਹੀ ਨਹੀਂ ਹੋਣਗੇ ਤਾਂ ਉਥੇ ਹੌਲੀ- ਹੌਲੀ ਇਹ ਖਤਮ ਹੋਣ ਦੀ ਕਗਾਰ ਤੇ ਪੁੱਜ ਜਾਣ ਦਾ ਅੰਦੇਸ਼ਾਂ ਬਣਿਆ ਰਹੇਗਾ।

ਪੰਜਾਬ ਵਿਚ ਜੰਮੀ ਪਲੀ ਇਹ ਪੀੜੀ ਜੋ ਅਜੇ ਵੀ ਪੰਜਾਬ ਦੀ ਧਰਤ ਨਾਲ, ਮਾਂ ਬੋਲੀ ਨਾਲ ਮੋਹ ਕਰਦੀ ਹੈ ਪ੍ਰਵਾਸ ਧਾਰਨ ਕਰਕੇ ਵੀ ਪੰਜਾਬੀ ਦੇ ਵਿਕਾਸ ਲਈ ਕਈ ਪ੍ਰਕਾਰ ਦੇ ਯਤਨ ਕਰ ਰਹੀ ਹੈ ਪਰ ਜਿਹੜੀ ਪੀੜ੍ਹੀ ਨੇ ਬਗਾਨੀ ਧਰਤੀ ਤੇ ਹੀ ਜਨਮ ਲਿਆ ਹੈ ਜਿਨ੍ਹਾਂ ਲਈ ਉਨਾਂ ਦੀ ਮਾਤਭੂਮੀ ਕੈਨੇਡਾ ਹੈ, ਮਾਂ ਬੋਲੀ ਦਾ ਪਤਾ ਹੀ ਨਹੀਂ, ਉਹ ਪੰਜਾਬੀ ਭਾਸ਼ਾ ਤੇ ਸਭਿਆਚਾਰਕ ਦੇ ਮਹੱਤਵ ਨੂੰ ਕਿਵੇਂ ਸਮਝੇਗੀ। ਉਹ ਪਦਾਰਥਕ ਖੁਸ਼ਹਾਲੀ ਜੁਟਾਉਣ ਵਿਚ ਹੀ ਵਿਅਸਤ ਹੈ ਉਨ੍ਹਾਂ ਨੂੰ ਸਭਿਆਚਾਰਕ ਜਾਂ ਜ਼ੁਬਾਨ ਦੀ ਕੋਈ ਚੇਤਨਾ ਨਹੀਂ। ਇਥੇ ਪਬਲਿਕ ਥਾਵਾਂ ਤੇ ਜਿਵੇਂ ਪਾਰਕਾਂ, ਹਵਾਈ ਅੱਡਿਆ, ਪੁਲਸ ਥਾਣਿਆਂ, ਹਸਪਤਾਲਾਂ ਆਦਿ ਤੇ ਨੋਟਿਸ ਬੋਰਡਾਂ ਤੇ ਪੰਜਾਬੀ ਲਿਖੀ ਮਿਲਦੀ ਹੈ ਪਰ ਪੰਜਾਬੀ ਪ੍ਰਤੀ ਚੇਤੰਨਤਾ ਦੀ ਘਾਟ ਕਾਰਨ ਵਾਕ ਬਣਤਰ ਤੇ ਸ਼ਬਦ ਜੋੜਾਂ ਦੇ ਪੱਖ ਤੋਂ ਅਕਸਰ ਗ਼ਲਤੀਆਂ ਹੁੰਦੀਆਂ ਹਨ। ਦਿੱਲੀ ਤੋਂ ਟਰਾਂਟੋ ਤੇ ਵੈਨਕੂਵਰ ਨੂੰ ਸਿੱਧੀ ਉਡਾਣ ਭਰਨ ਵਾਲੀ ਕੰਪਨੀ ' ਕੈਨੇਡਾ 000' ਨੇ ਕੈਨੇਡਾ ਵਿਚ ਵੀ ਆਪਣੀ ਇਸ਼ਤਿਹਾਰਬਾਜੀ ਪੰਜਾਬੀ ਵਿਚ ਕੀਤੀ ਭਾਵੇਂ ਕਿ ਭਾਸ਼ਾ ਪਖੋਂ ਉਸਦੇ ਇਸ਼ਤਿਹਾਰਾਂ ਵਿਚ ਕਿੰਨ੍ਹੀਆਂ ਹੀ ਗਲਤੀਆਂ ਸਨ। ਪਰ ਦੇਖਿਆਂ ਜਾਏ ਤਾਂ ਪੰਜਾਬ ਵਿਚ ਵੀ ਵਪਾਰਕ ਕੰਪਨੀਆਂ ਦੇ ਇਸ਼ਤਿਹਾਰਾਂ ਦੀ ਪੰਜਾਬੀ ਕਿੰਨ੍ਹੀ ਕੁ ਸ਼ੁੱਧ ਹੁੰਦੀ ਹੈ ਇਹ ਅਸੀਂ ਸਾਰੇ ਜਾਣਦੇ ਹਾਂ। ਪਰ ਅਫਸੋਸ ਇਸ ਗੱਲ ਦਾ ਹੈ ਕਿ ਕਿਸੇ ਵਿਅਕਤੀ ਜਾਂ ਅਦਾਰੇ ਵਲੋਂ ਇਸ ਲਈ ਕੁਝ ਵੀ ਨਹੀਂ ਕੀਤਾ ਜਾ ਰਿਹਾ।



ਸਾਡੀ ਇਹ ਪੀੜ੍ਹੀ ਤਾਂ ਆਪਣੇ ਅਨੁਭਵਾਂ ਨੂੰ, ਆਪਣੇ ਭੂ-ਹੇਰਵੇ, ਵੱਧ ਰਹੇ ਪੀੜ੍ਹੀ ਪਾੜੇ ਨੂੰ, ਆਪਣੀ ਇੱਕਲਤਾ ਨੂੰ ਆਪਣੀਆਂ ਚਿੰਤਾਵਾਂ ਨੂੰ ਸਹਿਤ ਦੀ ਕਿਸੇ ਵੀ ਵਿਧਾਂ ਰਾਹੀਂ ਭਾਵੇਂ ਉਹ ਕਵਿਤਾ ਹੋਵੇ, ਨਾਵਲ ਹੋਵੇ, ਕਹਾਣੀ ਜਾਂ ਨਾਟਕ ਹੋਵੇ ਪੇਸ਼ ਕਰ ਰਹੀ ਹੈ ਪਰ ਕੀ ਨਵੀਂ ਪੀੜ੍ਹੀ ਦੇ ਅਨੁਭਵਾਂ ਨੂੰ, ਉਨਾਂ ਦੀ ਸੋਚ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਅਸਲ ਵਿਚ ਉਨਾਂ ਦੇ ਅੰਦਰ ਕੀ ਹੈ ਇਹ ਉਹ ਹੀ ਦੱਸ ਸਕਦੀ ਹੈ। ਸਾਡੀ ਪੀੜ੍ਹੀ ਕੋਲ ਤਾਂ ਮਾਤ ਭਾਸ਼ਾ ਵਰਗੀ ਪੂੰਜੀ ਹੈ, ਜਿਸ ਕਾਰਕੇ ਇਹ ਪੰਜਾਬ ਪੰਜਾਬੀ ਤੇ ਪੰਜਾਬੀਅਤ ਨਾਲ ਜੁੜੇ ਹੋਏ ਹਨ ਪਰ ਇਹ ਨਵੀਂ ਪੀੜ੍ਹੀ ਲਈ ਤਾਂ ਉਥੋਂ ਦਾ ਸਿਸਟਮ ਹੀ ਸਹੀ ਹੈ, ਸਹੀ ਹੈ ਵੀ, ਪਰ ਇਹ ਪੰਜਾਬੀ ਸਭਿਆਚਾਰ ਨੂੰ ਚੰਗਾ ਨਹੀਂ ਸਮਝਦੇ। ਪਰਵਾਸੀ ਸਾਹਿਤ ਇਸ ਗੱਲ ਦਾ ਗਵਾਹ ਹੈ ਕਿ ਵਿਦੇਸ਼ਾਂ ਵਿਚ ਪੈਦਾ ਹੋਏ ਬੱਚੇ ਨਾ ਤਾਂ ਪੂਰੀ ਤਰ੍ਹਾਂ ਪੰਜਾਬੀ ਹੀ ਅਖਵਾਉਦੇ ਹਨ ਤੇ ਨਾ ਹੀ ਪੂਰੀ ਤਰ੍ਹਾਂ ਉਥੇ ਦੇ ਬ੍ਰਿਟ੍ਰਿਸ਼ ਵਸਨੀਕ। ਇੰਨ੍ਹਾਂ ਬੱਚਿਆਂ ਦੇ ਰੋਲ ਮਾਡਲ ਪੰਜਾਬੀ ਬੱਚਿਆਂ ਵਾਂਗ ਭਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗੇ ਨਹੀਂ ਹਨ। ਅਸੀਂ ਨਹੀਂ ਜਾਣਦੇ ਕਿ ਨਵੀਂ ਪੀੜ੍ਹੀ ਕੀ ਸੋਚਦੀ ਹੈ, ਕੀ ਕਰਦੀ ਹੈ, ਕੀ ਚਾਹੁੰਦੀ ਹੈ। ਇਨ੍ਹਾਂ ਨੂੰ ਵੀ ਆਪਣੇ ਅਨੁਭਵ ਲਿਖਣ ਲਈ ਪ੍ਰੇਰਿਤ ਕਰਨ ਦੀ ਲੋੜ ਹੈ।

ਪੰਜਾਬੀਆਂ ਦੇ ਕੈਨੇਡਾ ਵਿਚ ਪਰਵਾਸ ਕਾਰਨ ਇਸ ਧਰਤੀ ਤੇ ਦੂਜੇ ਪੰਜਾਬ ਦੀ ਉਸਾਰੀ ਬਿਨ੍ਹਾਂ ਸ਼ੱਕ ਹੋ ਰਹੀ ਹੈ ਜੇਕਰ ਬੇਗਾਨੀ ਧਰਤੀ ਦੇ ਪ੍ਰਵਾਸੀਆਂ ਤੇ ਪੰਜਾਬ ਦੀ ਧਰਤੀ ਦੇ ਪੰਜਾਬੀਆਂ ਦੀ ਤੁਲਨਾ ਕੀਤੀ ਜਾਏ ਤਾਂ ਪੰਜਾਬੀ ਭਾਸ਼ਾ ਦੀ ਸਥਿਤੀ ਨਿਰਾਸ਼ਾ ਜਨਕ ਨਹੀਂ ਕਹੀ ਜਾ ਸਕਦੀ। ਸਾਡੇ ਪੰਜਾਬ ਵਿਚ ਵੀ ਨਵੀ ਪੀੜ੍ਹੀ ਦਾ ਰੁਝਾਨ ਪੰਜਾਬੀ ਵੱਲ ਘੱਟ ਤੇ ਹੋਰ ਪਾਸੇ ਜਿਆਦਾ ਹੈ ਫਿਰ ਪਰਦੇਸ ਦੇ ਪੰਜਾਬੀ ਬੱਚਿਆਂ ਨਾਲ ਕਾਹਦਾ ਗਿਲਾ ਉਹ ਤਾਂ ਬੈਠੇ ਹੀ ਬਗਾਨੀ ਧਰਤੀ ਤੇ ਹਨ।

**ਅਸਿਸਟੈਂਟ ਪ੍ਰੋਫੈਸਰ, ਹਿੰਦੂ ਕੰਨਿਆ ਕਾਲਜ , ਕਪੂਰਥਲਾ**

**ਨੌਜਵਾਨ ਲੇਖਕਾਂ ਵੀਰਪਾਲ ਕੌਰ ਸ.ਫਰੀ ਦਾ ਪਲੇਠਾ ਬਾਲ ਕਹਾਣੀ ਸੰਗ੍ਰਹਿ**

***ਜਾਦੂਗਰਨੀ ਅੰਬਿਕਾ ਦਾ ਮਹਿਲ***

***ਕਹਾਣੀਕਾਰ***

***ਵੀਰਪਾਲ ਕੌਰ ਸ.ਫਰੀ***





ਵੀਰਪਾਲ ਕੌਰ ਸ਼ਫ਼ਰੀ ਪੰਜਾਬੀ ਬਾਲ ਸਾਹਿਤ ਵਿਚ ਉਭਰੀ ਅਸਲੋਂ ਨਵੀਂ ਲੇਖਕਾ ਹੈ। ਹਥਲੀ ਪੁਸਤਕ ਉਸ ਦੀਆਂ ਸਮੇਂ ਸਮੇਂ ਲਿਖੀਆਂ ਬਾਲ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ ਦੇਸ਼ ਵਿਦੇਸ਼ 'ਚ ਛਪਦੇ ਅਖ਼ਬਾਰਾਂ ਰਸਾਲਿਆਂ ਵਿਚ ਛਪ ਕੇ ਆਪਣੀ ਪਛਾਣ ਬਣਾ ਚੁੱਕੀ ਹੈ। ਵੀਰਪਾਲ ਦੀਆਂ ਬਾਲ ਕਹਾਣੀਆਂ ਬਾਲ ਮਨਾਂ ਦੇ ਹਾਣ ਦੀਆਂ ਹਨ। ਉਹ ਲੁਕਵੇ ਢੰਗ ਨਾਲ ਆਪਣੀਆਂ ਰਚਨਾਵਾਂ ਵਿਚ ਬੱਚਿਆਂ ਲਈ ਇਕ ਸੰਦੇਸ਼ ਛੱਡ ਜਾਂਦੀ ਹੈ। ਕਹਾਣੀ ਵਿਚ ਉਹ ਨਿੱਕੀ ਜਿਹੀ ਘਟਨਾ ਨੂੰ ਫੈਲਾ ਕੇ ਵੱਡੀ ਕਰ ਦਿੰਦੀ ਹੈ। ਉਸ ਦੀ ਕਹਾਣੀ ਸਿੱਧੀ ਬੱਚਿਆਂ ਨੂੰ ਸੰਬੋਧਿਤ ਹੁੰਦੀ ਹੈ। ਇਨ੍ਹਾਂ ਬਾਲ ਕਹਾਣੀਆਂ ਦੇ ਪਾਤਰ ਬੱਚਿਆਂ ਵਿਚੋਂ ਉਹ ਆਪਣਾ ਗੁਵਾਚ ਗਏ ਬਚਪਨ ਨੂੰ ਲੱਭਣ ਦਾ ਯਤਰ ਵੀ ਕਰਦੀ ਹੈ। ਇਹਨਾਂ ਕਹਾਣੀਆਂ ਦਾ ਪਾਠ ਕਰਦਿਆਂ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਉਸ ਅੰਦਰ ਵੱਡੀ ਲੇਖਕਾਂ ਬਣਨ ਦੇ ਗੁਣ ਮੌਜੂਦ ਹੈ।

**-ਭਗਵੰਤ ਰਸੂਲਪੁਰੀ**

**ਪ੍ਰਕਾਸ਼ਕ :**
**ਪੰਜਾਬੀ ਸਾਹਿਤ ਪਬਲੀਕੇਸ਼ਨ, ਸੰਗਰੂਰ**
**ਮੁੱਲ : 50 ਰੁਪਏ,**
**ਪੰਨੇ : 43**

# ਸਰਹੱਦੀ ਲੋਕਾਂ ਦੀ ਦਾਸਤਾਨ:ਹਿੰਦ-ਪਾਕ ਬਾਰਡਰਨਾਮਾ

ਡਾ. ਪਰਗਟ ਸਿੰਘ




ਪੰਜਾਬੀ ਨਾਵਲ ਦੇ ਇਤਿਹਾਸ ਤੇ ਨਜ਼ਰ ਮਾਰਿਆਂ ਅਨੇਕਾਂ ਵਿਸ਼ਿਆਂ/ਸਰੋਕਾਰਾਂ ਨਾਲ ਸੰਬੰਧਿਤ ਇੱਕ ਤੋਂ ਵੱਧ/ ਅਨੇਕਾਂ ਨਾਵਲ ਨਜ਼ਰੀ ਪੈਂਦੇ ਹਨ। ਪ੍ਰੰਤੂ ਕੁਝ ਵਿਸ਼ੇ/ਸਰੋਕਾਰ ਅਜਿਹੇ ਹੁੰਦੇ ਹਨ ਜੋ ਅਕਸਰ ਸਮੇਂ ਦੀ ਧੂੜ 'ਚ ਗੁਆਚ ਜਾਂਦੇ ਹਨ। ਇਨ੍ਹਾਂ ਵਿਸ਼ਿਆਂ ਬਾਰੇ ਲੇਖਕਾਂ ਦਾ ਨਿੱਜੀ ਅਨੁਭਵ ਨਾ ਹੋਣਾ ਇਹਨਾਂ ਨੂੰ ਕਾਗਜ਼ ਦੀ ਹਿੱਕ ਤੇ ਉਕਰਨ ਤੋਂ ਵਾਂਝੇ ਕਰ ਜਾਂਦਾ ਹੈ ਜਾਂ ਇਹਨਾਂ ਵਿਸ਼ਿਆਂ ਬਾਰੇ ਜੱਗ ਬੀਤੀ ਅਨੁਭਵ ਹੋਣ ਦੇ ਬਾਵਜੂਦ ਲੇਖਕ ਅਜਿਹੇ ਵਿਸ਼ਿਆਂ ਤੇ ਲਿਖਣ ਤੋਂ ਕੰਨੀ ਕਤਰਾਉਂਦੇ ਹਨ। ਕਿਸਾਨੀ, ਵੱਖ-ਵੱਖ ਖੇਤਰਾਂ ਦੇ ਸਮਾਜ-ਸਭਿਆਚਾਰਕ ਵਰਤਾਰੇ ਤੇ ਇਤਿਹਾਸ ਆਦਿ ਪੰਜਾਬੀ ਨਾਵਲਕਾਰਾਂ ਦੇ ਮਨਭਾਉਂਦੇ ਵਿਸ਼ੇ ਰਹੇ ਹਨ। ਇਹਨਾਂ ਵਿਸ਼ਿਆਂ ਉਪਰ ਅਨੇਕਾਂ ਨਾਵਲਕਾਰਾਂ ਨੇ ਉੱਤਮ ਕਿਸਮ ਦੇ ਨਾਵਲ ਵੀ ਰਚੇ ਹਨ। ਜਿੱਥੋਂ ਤੱਕ ਮੇਰੇ ਗਿਆਨ ਦੀ ਸੀਮਾ ਹੈ ਇਕ ਅਜਿਹਾ ਵਿਸ਼ਾ ਜੋ ਹੁਣ ਤੱਕ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਅਣਛੋਹਿਆ ਹੀ ਰਿਹਾ ਹੈ। ਉਹ ਹੈ, ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਬਾਰਡਰ ਦੇ ਇਰਦ-ਗਿਰਦ ਰਹਿੰਦੇ ਲੋਕਾਂ ਦੀ ਜ਼ਿੰਦਗੀ ਨਾਲ ਵਾਹ-ਵਾਸਤਾ ਹੋਣਾ। ਇਹਨਾਂ ਲੋਕਾਂ ਦੀਆਂ ਸਮਾਜ-ਸਭਿਆਚਾਰਕ ਕਦਰਾਂ-ਕੀਮਤਾਂ, ਆਰਥਿਕ ਸਮੱਸਿਆਵਾਂ ਅਤੇ ਹਮੇਸ਼ਾ ਹੀ ਜੰਗਾਂ-ਯੁੱਧਾਂ ਦੇ ਸਾਏ ਹੇਠ ਰਹਿਣ ਦੀ ਮਾਨਸਿਕ ਸਥਿਤੀ ਨੂੰ ਚਿਤਰਣਾ। ਪੰਜਾਬੀ ਸਾਹਿਤ ਵਿਚ ਨਾ ਤਾਂ ਇਸ ਇਲਾਕੇ ਦੇ ਬਹੁਤੇ ਲੇਖਕਾਂ ਦਾ ਜ਼ਿਕਰ ਆਉਂਦਾ ਹੈ ਨਾ ਹੀ ਇਸ ਇਲਾਕੇ ਨਾਲ ਸੰਬੰਧਿਤ ਸਾਹਿਤਕ ਰਚਨਾਵਾਂ ਦਾ। ਹਿੰਦ-ਪਾਕਿ ਬਾਰਡਰਨਾਮਾ (ਸਵੈ-ਜੀਵਨੀ ਮੂਲਕ ਨਾਵਲ) ਨਿਰਮਲ ਨਿੰਮਾ ਲੰਗਾਹ ਦਾ ਨਵਾਂ ਨਾਵਲ ਹੈ। ਇਹ ਨਾਵਲ ਸਮੇਂ ਦੀਆਂ ਸਰਕਾਰਾਂ ਦੀਆਂ ਸੌੜੀਆਂ/ਕੋਝੀਆਂ ਰਾਜਨੀਤਿਕ ਚਾਲਾਂ ਦੀ ਬਦੌਲਤ ਲੋਕਾਂ ਉਪਰ ਠੋਸੇ ਉਸ ਬਾਰਡਰ ਦੀ ਬਾਤ ਪਾਉਂਦਾ ਹੈ ਜੋ ਕਹਿਣ ਨੂੰ ਤਾਂ ਭਾਵੇਂ ਹਰ ਦੇਸ਼ ਵਿਚ ਹੁੰਦਾ ਹੈ ਪਰ ਭਾਰਤ ਤੇ ਪਾਕਿਸਤਾਨ ਦੇ ਬਾਰਡਰ ਦੀ ਸਥਿਤੀ ਕੁਝ ਇਸ ਤਰ੍ਹਾਂ ਦੀ ਹੈ:- "ਸੰਸਾਰ ਵਿਚ ਹੱਦਾਂ, ਸਰਹੱਦਾਂ ਹੈਗੀਆਂ ਨੇ ਹੋਰ ਵੀ ਬਥੇਰੀਆਂ। ਪਰ ਵਰਤਮਾਨ ਸਮੇਂ ਹਿੰਦ-ਪਾਕਿ ਸਰਹੱਦ। ਬੜੀ ਬਦਨਾਮ ਏ, ਚਰਚਿਤ ਏ, ਦੁਨੀਆਂ ਭਰ ਦਾ ਅੱਤਵਾਦ ਪਲ ਰਿਹੈ ਪਾਕਿ ਦੇ ਗਰਭ ਵਿਚ। ਹਰੇਕ ਨਸ਼ਾ ਤੇ ਮਾਰੂ ਹਥਿਆਰ ਆ ਰਹੇ ਨੇ ਭਾਰਤ। ਏਸੇ ਬਾਰਡਰ ਰਾਹੀਂ।" ਪੰਨਾ 5

ਸਵੈ-ਜੀਵਨੀ ਮੂਲਕ ਨਾਵਲ ਤੋਂ ਇਹ ਤਾਂ ਸਿੱਧ ਹੈ ਕਿ ਨਾਵਲ ਲੇਖਕ ਦੀ ਜ਼ਿੰਦਗੀ ਦੀਆਂ ਅਨੇਕਾਂ ਹੱਡ - ਬੀਤੀਆਂ ਹੁਸੀਨ ਤੇ ਕੌੜੀਆਂ ਯਾਦਾਂ ਤੇ ਕੇਂਦਰਤ ਹੈ। ਲੇਖਕ ਇਸ ਨਾਵਲ ਤੋਂ ਪਹਿਲਾਂ 'ਗੱਲ੍ਹ ਉਤੇ ਨੀਲ ਪੈ ਗਿਆ' (ਦੋਗਾਣੇ) ਦਰਦ ਕੁਆਰੇ (ਕਾਵਿ-ਸੰਗ੍ਰਿਹ) ਰੁੱਤ ਆਈ ਤਲਵਾਰਾਂ ਦੀ (ਇਨਕਲਾਬੀ ਗੀਤ) ਬੇਨਾਮ ਸਿਰਨਾਵੇਂ (ਨਾਵਲ) ਵਹਿਸ਼ਤ ਦੇ ਆਰ-ਪਾਰ (ਨਾਵਲ) ਆਦਿ ਰਚਨਾਵਾਂ ਸਾਹਿਤ ਦੀ ਝੋਲੀ ਪਾ ਚੁੱਕਿਆ ਹੈ।

ਨਾਵਲ ਬਾਰਡਰ ਦੇ ਨੇੜ ਰਹਿੰਦੇ ਲੋਕਾਂ ਦੀਆਂ ਆਰਥਿਕ ਮਜ਼ਬੂਰੀਆਂ ਦੀ ਬਾਤ ਪਾਉਂਦਾ ਹੈ, ਉਥੇ ਕਰਾਸ ਕਰਕੇ ਪਾਕਿ ਜਾਣ ਵਾਲੇ ਤਸਕਰਾਂ, ਬਲੈਕਰਾਂ, ਪਾਂਡੀਆਂ, ਬਦਮਾਸ਼ਾਂ ਅਤੇ



ਖਾੜਕੂਆਂ ਆਦਿ ਦੀ ਬਾਤ ਵੀ ਪਾਉਂਦਾ ਹੈ। ਪਾਕਿ ਨਾਲ ਲੱਗੀ 1971 ਦੀ ਲੜਾਈ ਤੋਂ ਬਾਅਦ ਬਾਰਡਰ ਤੇ ਰਹਿੰਦੇ ਲੋਕਾਂ ਦਾ ਜੀਵਨ, ਜ਼ਿੰਦਗੀ ਪ੍ਰਤੀ ਰਵੱਈਆ, ਖੁਫੀਆ ਏਜੰਸੀਆਂ ਦੇ ਕਾਰਜ ਤੇ ਦੋ ਦਹਾਕਿਆਂ ਦੇ ਲੰਮੇ ਇਤਿਹਾਸਕ ਕਾਲ ਖੰਡ ਨੂੰ ਨਾਵਲ 'ਚ ਅਹਿਮੀਅਤ ਦਿੱਤੀ ਗਈ ਹੈ। ਇਹਨਾਂ ਵਿਸ਼ਿਆਂ ਤੋਂ ਛੁੱਟ ਅਹਿਮ ਤੇ ਕੇਂਦਰੀ ਵਿਸ਼ਾ ਲੇਖਕ ਦਾ ਪਾਕਿ ਲੜਕੀ ਨਸੀਮਾ ਬੇਗਮ (ਸੀਮਾ) ਨਾਲ ਪਿਆਰ ਸੰਬੰਧਾਂ ਦਾ ਯਥਾਰਥਕ ਤੇ ਰੌਂਗਟੇ ਖੜੇ ਕਰਨ ਵਾਲਾ ਚਿਤਰਣ ਨਾਵਲ ਦੀ ਪ੍ਰਾਪਤੀ ਹੈ। ਬਾਰਡਰ ਉੱਤੇ ਰਹਿੰਦੇ ਲੋਕ ਜੰਗਾਂ/ਯੁੱਧਾਂ ਦੀ ਮਾਰ ਦੇ ਸਾਏ ਹੇਠ ਹੋਣ ਕਾਰਨ ਹਮੇਸ਼ਾ ਹੀ ਆਪਣੇ ਆਪ ਨੂੰ ਅਸਥਿਰ ਬਸ਼ਿੰਦੇ ਮਹਿਸੂਸ ਕਰਦੇ ਹਨ। ਇਹਨਾਂ ਲੋਕਾਂ ਉਪਰ ਲੜਾਈ ਦੇ ਬੱਦਲ ਹਮੇਸ਼ਾ ਮੰਡਰਾਉਂਦੇ ਰਹਿੰਦੇ ਹਨ। 1947 ਦੀ ਵੰਡ, 1965 ਦੀ ਭਾਰਤ ਪਾਕਿ ਜੰਗ ਤੋਂ ਬਾਅਦ 1971 ਦੀ ਜੰਗ ਨੇ ਬਾਰਡਰ ਦੇ ਨੇੜੇ ਰਹਿੰਦੇ ਲੋਕਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਕੀਤਾ। ਅਜਿਹੇ ਹਲਾਤਾਂ 'ਚ ਆਰਥਿਕ ਤੌਰ ਤੇ ਪੈਰਾਂ ਸਿਰ ਨਾ ਰਹਿਣ ਕਾਰਨ ਲੋਕਾਂ ਦੀ ਕਮਾਈ ਦਾ ਸਾਧਨ ਬਲੈਕ ਕਰਨਾ ਤੇ ਸਰਹੱਦੀ ਖੇਤਰਾਂ ਵਿਚ ਕਾਰਜਸ਼ੀਲ ਖੁਫੀਆਂ ਏਜੰਸੀਆਂ ਲਈ ਕਾਰਜ ਕਰਨਾ ਬਣਦਾ ਹੈ। ਮਾੜੀ ਆਰਥਿਕਤਾ ਤੇ ਬੇਰੁਜ਼ਗਾਰੀ ਹੀ ਨੌਜਵਾਨਾਂ ਨੂੰ ਜਾਨ ਤਲੀ ਤੇ ਧਰ ਪਾਰ ਜਾਣ ਲਈ ਮਜ਼ਬੂਰ ਕਰਦੀ ਹੈ। ਸੌਖੇ ਅਤੇ ਮਿੰਦੀ ਦੇ ਨਿਮਨਲਿਖਤ ਵਾਰਤਾਲਾਪ ਮਾੜੀ ਆਰਥਿਕਤਾ ਤੇ ਬੇਰੁਜ਼ਗਾਰੀ ਦੀ ਗਵਾਹੀ ਭਰਦੇ ਹਨ। "ਪੈਸੇ ਵਗੈਰ ਹੁੰਦਾ ਨੀ ਕੰਮ ਕੋਈ ਵੀ। ਮੈਂ ਬੀ.ਏ. ਕੀਤੀ ਹੋਈ ਆ, ਮੈਥ ਤੇ ਇਕਨਾਮਿਕਸ ਨਾਲ। ਤਿੰਨ ਸਾਲ ਹੋਗੇ ਨੇ। ਬਥੇਰੀਆਂ ਟੱਕਰਾਂ ਮਾਰੀਆਂ ਨੌਕਰੀ ਲਈ। ਉਹ ਮੰਗਦੇ ਆ ਵੱਡੀਆਂ ਰਕਮਾਂ। ਉਹ ਦੇ ਨੀ ਹੁੰਦੀਆ। ਪੈਲੀ ਤਾਂ 12-14 ਏਕੜ ਹੈ ਆ। ਬਚਦਾ ਪਰ ਕੁਝ ਨੀ, ਕੁਰਠਾਲੀ ਜ਼ਮੀਨ ਕਰਕੇ। ਫਸਲ ਨੀ ਚੰਗੀ ਹੁੰਦੀ। ਉਸ ਨੇ ਜੱਟਕੀ ਮਜ਼ਬੂਰੀ ਦੱਸੀ।" ਪੰਨਾਂ-128 ਇਹ ਲੋਕ ਆਰਥਿਕ ਸਮੱਸਿਆਵਾਂ ਦਾ ਹੱਲ ਤਸਕਰੀ ਜਾਂ ਗੈਰ ਕਾਨੂੰਨੀ ਕਾਰਜਾਂ 'ਚੋਂ ਲੱਭਦੇ ਹਨ। ਪਰ ਇਹ ਬਲੈਕਰ ਤਸਕਰ ਅਸਲ ਵਿਚ ਵੱਡੇ ਸੇਠਾਂ ਅਤੇ ਧਨਾਢਾਂ ਦੇ ਮੋਹਰੇ ਹੀ ਹੁੰਦੇ ਹਨ। "ਸਰਹੱਦੀ ਪਿੰਡਾਂ ਦੇ ਇਹ ਚਲਾਵੇਂ ਜਿਹੇ ਬਲੈਕਰ। ਵੱਡੇ ਸ਼ਹਿਰੀਂ ਵਸਦੇ ਚਲਾਕ ਧਨਾਡਾਂ ਲਈ ਸ਼ੁੱਧ ਸੋਨਾ ਹੁੰਦੇ। ਪੈਸਾ ਸੇਠਾਂ ਦਾ ਮਿਹਨਤ ਤੇ ਦਾਅਪੇਚ ਇਨ੍ਹਾਂ ਦੇ। ਪੈਸੇ ਜਾਂ ਮਾਲ ਦੇ ਕੇ ਉਹ ਸ਼ਰੀਫ਼ ਲੋਕ ਘੁਰਾੜੇ ਮਾਰਦੇ। ਸ਼ਰਾਬ ਤੇ ਸ਼ਬਾਬ ਦੇ ਨਜ਼ਾਰੇ ਲੁੱਟਦੇ। ਰਾਤਾਂ ਰੰਗੀਨ ਕਰਦੇ। ਬਲੈਕਰ ਮੌਤ ਦੇ ਮੂੰਹ ਵਿਚ ਰਾਤਾਂ ਝਾਗਦੇ। ਥੋੜ੍ਹੇ ਕੁ ਰੁਪਿਆਂ ਬਦਲੇ ਜਾਨ ਦਾਅ 'ਤੇ ਲਾ ਦੇਂਦੇ।" ਪੰਨਾ-34 ਮਜ਼ਬੂਰੀ ਜਾਂ ਸ਼ੌਕ ਨੂੰ ਬਣੇ ਬਲੈਕਰਾਂ ਦੇ ਕਿਰਦਾਰ ਦੇ ਵਿਭਿੰਨ ਪਹਿਲੂਆਂ ਨੂੰ ਨਾਵਲਕਾਰ ਨੇ ਬਹੁਤ ਹੀ ਬਾਰੀਕਬੀਨੀ ਢੰਗ ਨਾਲ ਚਿਤਰਿਆ ਹੈ। ਇਹ ਲੋਕ ਕਿਸ ਤਰ੍ਹਾਂ ਜਾਨ-ਜੋਖਮ 'ਚ ਪਾਕੇ ਕਰਾਸ ਕਰਦੇ, ਹਮੇਸ਼ਾ ਗੋਲੀਆਂ ਦੇ ਸਾਏ ਹੇਠ ਜਿਉਂਦੇ ਤੇ ਫੜੇ ਜਾਣ ਦੇ ਖ਼ੌਫ਼ ਦੇ ਬਾਵਜੂਦ ਵੀ ਨਿਰੰਤਰ ਇਸ ਕਾਰਜ ਵਿਚ ਕਾਰਜਸ਼ੀਲ ਰਹਿੰਦੇ। "ਨੋ ਮੈਨਜ਼ ਲੈਂਡ ਕਦੇ ਕਿਸੇ ਦੀ ਯਾਰ ਨਹੀਂ ਬਣੀ। ਤੁਹਾਨੂੰ ਆਪਣੇ ਹੀ ਖ਼ੂਨ ਨੂੰ ਕਤਲ ਹੁੰਦਾ ਵੇਖ ਕੇ ਜਰਨਾ ਪੈਂਦਾ। ਹਿੱਕ ਤੇ ਪੱਥਰ ਰੱਖਣਾ ਪੈਂਦਾ। ਮਨੁੱਖੀ ਜਜ਼ਬਾਤ, ਭਾਵਨਾਵਾਂ ਤੇ ਪਿਆਰ ਦਾ ਕੋਈ ਵਾਸਤਾ ਨਹੀਂ ਇਸ ਧੰਦੇ ਨਾਲ.......ਸਰਹੱਦ ਤੇ ਕੇਵਲ ਇੱਕੋ ਸਿਧਾਂਤ ਹੀ ਲਾਗੂ ਹੁੰਦਾ ਏ, ਇਮਾਨਦਾਰੀ ਨਾਲ ਮਾਲ ਟਿਕਾਣੇ ਤੇ ਲਾਉਣ। ਆਖਰੀ ਸਾਹ ਤੱਕ ਕੋਸ਼ਿਸ਼ ਕਰਨੀ...... ਬਾਰਡਰ ਦੀ ਗਲਤੀ ਕਦੇ ਮਾਫ਼ ਨੀ ਹੁੰਦੀ।" ਪੰਨਾ-26

ਤਸਕਰੀ ਦੇ ਇਸ ਕਿੱਤੇ 'ਚ ਝੂਠ, ਫਰੇਬ, ਦਗੇਬਾਜ਼ੀ ਦੇ ਅਜਿਹੇ ਕਰੂਰ ਚਿਤਰਣ ਲੇਖਕ ਨੇ ਕੀਤੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਦਿਲ ਦਹਿਲ ਜਾਂਦਾ ਹੈ। ਅਜਿਹਾ ਹੀ ਵਰਤਾਰਾ ਉਸ ਸਮੇਂ ਸਾਹਮਣੇ ਆਉਂਦਾ ਹੈ। ਜਦੋਂ ਭਾਰਤੀ ਬਲੈਕਰ ਤਾਰਾ ਤੇ ਉਸਦਾ ਮੁੰਡਾ ਤਸਕਰੀ ਦੇ ਸਮਾਨ ਨੂੰ ਹਜ਼ਮ ਕਰਨ ਲਈ ਪਾਕਿ ਤਸ਼ਕਰ ਸਰਵਰ ਤੇ ਨੂਰਦੀਨ ਨੂੰ ਸ਼ਰਾਬ ਪਿਲਾ ਕੇ ਜਿਉਂਦੇ ਹੀ ਚੁੰਭੇ ਵਿਚ ਸਾੜ ਦਿੰਦੇ ਹਨ। ਤਸ਼ਕਰਾਂ/ਬਲੈਕਰਾਂ ਦੀ ਜ਼ਿੰਦਗੀ ਦੇ ਕਈ ਖ਼ੌਫ਼ਨਾਕ ਪਹਿਲੂਆਂ ਦੇ ਨਾਲ-ਨਾਲ ਧੋਖੇ ਨਾਲ ਵਿਰੋਧੀ ਨੂੰ

ਅਣਕਿਆਸੀ ਮੌਤ ਮਾਰਨਾ ਆਦਿ ਦੇ ਵੇਰਵੇ ਤਾਂ ਨਾਵਲ ਦੇ ਹਿੱਸੇ ਹਨ। ਉਥੇ ਦੋਵੇਂ ਪੰਜਾਬਾਂ ਦੇ ਲੋਕਾਂ ਦੀ ਇਕ ਭਾਈਚਾਰਕ ਸਾਂਝ, ਅਪਣੱਤ, ਪੰਜਾਬੀ ਭਰਾ ਹੋਣ ਦਾ ਇੱਕ ਨਿੱਘਾ ਅਹਿਸਾਸ ਇਹ ਦਰਸਾਉਂਦਾ ਹੈ ਕਿ ਲੋਕ ਸਰਕਾਰਾਂ ਦੀਆਂ ਕੋਝੀਆਂ ਚਾਲਾਂ ਕਾਰਨ ਵੰਡੇ ਇਕ ਦੂਜੇ ਤੋਂ ਦੂਰ ਤਾਂ ਹੋ ਗਏ ਪਰ ਦਿਲਾਂ ਤੋਂ ਨਹੀਂ। ਲੇਖਕ ਤੇ ਕਈ ਹੋਰ ਤਸਕਰਾਂ ਦਾ ਪਾਕਿ ਜਾਣ ਤੇ ਉਥੇ ਗਫੂਰ, ਸਲੀਮ, ਲਿਆਕਤ, ਨਜ਼ੀਰ ਤੇ ਉਸਦੇ ਪਿਉ ਮੰਨੇ ਮਲਾਹ ਨਾਲ ਰਿਸ਼ਤਾ ਜਿਸ ਭਾਵਨਾਤਮਕ ਸਾਂਝ ਤੇ ਉਸਰਦਾ ਹੈ ਉਹ ਕਾਬਿਲੇ ਗੌਰ ਹੈ। ਲੇਖਕ ਤੇ ਉਸਦੇ ਸਾਥੀਆਂ ਦਾ ਗਫੂਰ ਦੇ ਘਰ ਪੁੱਜਣ ਤੇ ਉਸ ਪਰਿਵਾਰ ਦੀਆਂ ਔਰਤਾਂ ਦੁਆਰਾ ਉਹਨਾਂ ਦੀ ਮਹਿਮਾਨ ਨਿਵਾਜੀ ਕਰਨਾ, ਉਹਨਾ ਦੇ ਪਰਿਵਾਰ ਦੀ ਖੈਰ-ਸੁੱਖ ਪੁੱਛਣ ਤੇ ਇਕ ਦੂਜੇ ਦੇ ਪਰਿਵਾਰਾਂ ਦੀਆਂ ਵੰਡ ਤੋਂ ਪਹਿਲਾਂ ਦੀਆਂ ਦੋਸਤੀਆਂ ਸਾਝਾਂ ਯਾਦ ਕਰ ਝੁਰਣਾ/ ਦੁਖੀ ਹੋਣਾ ਆਦਿ ਦਿਲ ਨੂੰ ਟੁੰਬ ਲੈਣ ਵਾਲੇ ਮਾਰਮਿਕ ਵੇਰਵੇ ਹਨ।

ਬਾਰਡਰ ਤੇ ਹੁੰਦੀਆਂ ਅਨੇਕਾਂ ਖੌਫਨਾਕ ਤੇ ਅਣਕਿਆਸੀਆਂ ਮੌਤਾਂ ਤੇ ਦੁਖਾਂਤਕ ਵੇਰਵੇ ਇਸ ਨਾਵਲ ਦਾ ਅਹਿਮ ਹਿੱਸਾ ਹਨ। ਲੇਖਕ, ਬਾਲੀ, ਜੱਗਾ, ਸ਼ੇਰਾ ਕਮਾਲਪੁਰ ਚੌਂਕੀ (ਨੇੜੇ ਸ਼ਹਿਜ਼ਾਦਾ) ਰਾਹੀਂ ਸ਼ਰਾਬ ਦੀ ਤਸਕਰੀ ਕਰਨ ਲਈ ਪਹੁੰਚਦੇ ਹਨ। ਉਸ ਸਮੇਂ ਇਕ ਤਸ਼ਕਰ ਦੇ ਹੱਥੋਂ ਸ਼ਰਾਬ ਦੀ ਪੇਟੀ ਛੁੱਟ ਜਾਣ ਤੇ ਖੜਕਾ ਸੁਣ ਕੇ ਪਿਕਟ(ਨਾਕਾ) ਤੋਂ ਗੋਲੀਆਂ ਚੱਲਣ ਨਾਲ ਜਿੱਥੇ ਸ਼ੇਰਾ ਮਾਰਿਆ ਜਾਂਦਾ ਹੈ। ਉਥੇ ਸੋਖਾ ਤੇ ਬਾਲੀ ਲੇਖਕ ਦੇ ਸਾਹਮਣੇ ਹੀ ਜਿਲਣ ਵਿਚ ਫਸ ਜ਼ਿੰਦਗੀ ਤੋਂ ਹੱਥ ਧੋ ਬੈਠਦੇ ਹਨ। ਅਜਿਹੇ ਹਲਾਤਾਂ ਵਿਚ ਆਪਣੇ ਭਰਾਵਾਂ ਵਰਗੇ ਮਿੱਤਰਾਂ ਦਾ ਤੜਫਦੇ ਮੌਤ ਨੂੰ ਗਲੇ ਲਗਾਉਣਾ ਤੇ ਕੁਝ ਨਾ ਕਰ ਸਕਣ ਦਾ ਦਰਦਨਾਕ ਦ੍ਰਿਸ਼ ਉਭਰਦਾ ਹੈ। ਹਾਲਾਤ ਉਸ ਸਮੇਂ ਹੋਰ ਵੀ ਜ਼ਿਆਦਾ ਤ੍ਰਾਸਦਿਕ ਹੋ ਜਾਂਦੇ ਹਨ ਜਦੋਂ ਲੇਖਕ ਸੌਖੇ ਦੀ ਨਵ-ਵਿਆਹੀ ਪਤਨੀ ਹਰਜੀਤ ਦੇ ਘਰ ਪਹੁੰਚਣ ਸਮੇਂ ਸੌਖੇ ਦੀ ਮੌਤ ਦੀ ਖ਼ਬਰ ਦੱਸਣ ਦੀ ਬਜਾਏ ਝੂਠ ਬੋਲਦਾ ਮਨ ਤੇ ਮਣਾਂ ਮੂੰਹੀ ਭਾਰ ਪਾ ਉਥੋਂ ਖਿਸਕ ਜਾਂਦਾ ਹੈ। ਇਸ ਖਿੱਤੇ ਦੇ ਨੌਜਵਾਨ ਹੀ ਮੌਤ ਨੂੰ ਗਲੇ ਨਹੀਂ ਲਗਾਉਂਦੇ ਸਗੋਂ ਇਹਨਾਂ ਦੇ ਘਰਾਂ ਵਿਚਲੇ ਬਜ਼ੁਰਗ ਮਾਂ-ਬਾਪ, ਭੈਣ-ਭਰਾ ਤੇ ਪਤਨੀਆਂ ਵੀ ਇਸ ਤ੍ਰਾਸਦਿਕ ਸਥਿਤੀ ਦਾ ਸ਼ਿਕਾਰ ਬਣਦੀਆਂ ਹਨ। ਸਰਹੱਦ ਸੁਰੱਖਿਆ ਦੇ ਕਈ ਅਣਛੋਹੇ ਪਹਿਲੂ ਪਹਿਲੀ ਵਾਰ ਇਸ ਨਾਵਲ ਰਾਹੀਂ ਉਭਰ ਕੇ ਸਾਹਮਣੇ ਆਉਂਦੇ ਹਨ ਜਿਵੇਂ ਫ਼ੋਰਸ/ਫ਼ੌਜ ਦੀ ਜ਼ਿੰਮੇਵਾਰੀ ਸਰਹੱਦ ਦੀ ਰਾਖੀ ਕਰਨਾ ਤੇ ਤਸਕਰਾਂ ਨੂੰ ਰੋਕਣਾ ਹੁੰਦਾ ਹੈ। ਉਸੇ ਫ਼ੋਰਸ ਦੇ ਕੁਝ ਵਿਅਕਤੀ ਆਪਣੇ ਨਿੱਜੀ ਮੁਫ਼ਾਦਾਂ ਕਾਰਨ ਜਿੱਥੇ ਦੇਸ਼ ਦੀ ਸੁਰੱਖਿਆਂ ਨੂੰ ਦਾਅ ਤੇ ਲਾਉਂਦੇ ਹਨ। ਉਥੇ ਆਪਣੇ ਦੇਸ਼ ਦੇ ਨੌਜਵਾਨਾਂ ਦੀਆਂ ਰਗਾਂ ਵਿਚ ਨਸ਼ਾਂ ਪਹੁੰਚਾਣ ਦਾ ਜ਼ਰੀਆ ਵੀ ਬਣਦੇ ਹਨ।

ਜਦੋਂ ਮੇਸ਼ਾ, ਜੈਲਾ, ਜੱਸਾ, ਲੇਖਕ ਤੇ ਸ਼ੁਰਤੀ ਸ਼ਾਹਪੁਰ ਚੌਂਕੀ ਦੇ ਦੱਖਣੀ ਪਾਸੇ ਪਿਕਟ ਤੋਂ ਕਰੀਬ ਇਕ ਕਿਲੋਮੀਟਰ ਦੂਰ ਮਾਲ ਦੀ ਅਦਲਾ-ਬਦਲੀ ਕਰ ਵਾਪਸ ਤੁਰਦੇ ਹਨ। ਉਸ ਸਮੇਂ ਨਾਕੇ ਨੂੰ ਬੰਨਣ (ਰਿਸ਼ਵਤ ਦੇਣਾ) ਦੇ ਬਾਵਜੂਦ ਵੀ ਅਚਾਨਕ ਟਰੱਕ ਦੀਆਂ ਲਾਇਟਾਂ ਲੱਗ ਜਾਣ ਤੇ ਪਿਕਟ ਵੱਲੋਂ ਫਾਇਰਿੰਗ 'ਚ ਪਹਿਲਾ ਮੇਸ਼ਾ ਤੇ ਫਿਰ ਸ਼ੁਰਤੀ ਮਾਰਿਆ ਜਾਂਦਾ ਹੈ। ਅਜਿਹੇ ਹਲਾਤਾਂ ਵਿਚ ਲੇਖਕ, ਜੱਸਾ, ਜੈਲਾ ਆਪਣੇ ਦੋਸਤਾਂ ਨੂੰ ਅੱਖਾਂ ਸਾਹਮਣੇ ਮਰਦਾ ਦੇਖ ਆਪਣੀ ਜਾਨ ਬਚਾਉਣ ਲਈ ਭੱਜ ਨਿਕਲਦੇ ਹਨ। ਅਜਿਹੇ ਦਰਦਨਾਕ ਕਾਂਡ ਵੀ ਤਸ਼ਕਰਾਂ, ਬਲੈਕਰਾਂ ਦੇ ਹੌਂਸਲੇ ਪਸਤ ਨਹੀਂ ਕਰਦੇ ਸਗੋਂ ਮਨਾਂ ਤੇ ਪਏ ਭਾਰ ਨੂੰ ਸ਼ਰਾਬ ਰਾਹੀਂ ਗਲਤਾਨ ਕਰ ਇਕ ਵਾਰ ਫਿਰ ਨਵੇਂ ਸਿਰੇ ਤੋਂ ਬਲੈਕ ਲਈ ਤਿਆਰ ਹੋ ਜਾਂਦੇ ਹਨ।

ਤਸ਼ਕਰ ਵਿਅਕਤੀ ਸਿਰਫ਼ ਅਫ਼ੀਮ, ਚਰਸ, ਚਾਂਦੀ ਸੋਨਾ, ਸ਼ਰਾਬ, ਲੌਂਗ, ਲੈਚੀਆਂ ਜਾਂ ਹਥਿਆਰਾਂ ਦੀ ਤਸਕਰੀ ਤੱਕ ਸੀਮਤ ਨਾ ਰਹਿਕੇ ਦੇਸ਼ ਦੀ ਸੁਰੱਖਿਆ ਲਈ ਵੀ ਖਤਰਾ ਖੜ੍ਹਾ ਕਰਦੇ। ਸਰਹੱਦ ਦੇ ਦੋਵੇਂ ਪਾਸੇ ਹੀ ਅਜਿਹੇ ਬਸ਼ਿੰਦੇ ਹਨ ਜੋ ਵਧੇਰੇ ਪੈਸੇ ਕਮਾਉਣ ਦੇ ਲਾਲਚ ਵੱਸ ਤਸਕਰੀ



ਕਰਦੇ-ਕਰਦੇ ਇਕ ਦੇਸ਼ ਦੀਆਂ ਖੁਫੀਆਂ ਜਾਣਕਾਰੀਆਂ ਦੂਜੇ ਦੇਸ਼ਾਂ ਤੱਕ ਪਹੁੰਚਾ ਆਪਣੇ ਦੇਸ਼ ਨਾਲ ਗਦਾਰੀ ਕਰਨ ਤੱਕ ਤੁਲ ਜਾਂਦੇ। ਦੂਜੇ ਦੇਸ਼ ਦੀਆਂ ਖੁਫੀਆਂ ਏਜੰਸੀਆਂ ਦੁਆਰਾ ਫੜੇ ਜਾਣ ਤੇ ਇੰਟੈਰੋਗੇਸ਼ਨ ਸੈਂਟਰਾਂ ਦੇ ਤਸੀਹੇ ਇਹਨਾਂ ਲੋਕਾਂ ਦੀ ਹੋਣੀ ਹੋ ਨਿਬੜਦੇ ਹਨ। ਕੁਝ ਅਜਿਹਾ ਹੀ ਮਿੰਦੀ ਨਾਲ ਵਾਪਰਦਾ ਹੈ। "ਪਹਿਲਾਂ ਭਾਰਤੀ ਖੁਫੀਆ ਏਜੰਸੀ ਨੂੰ ਪਾਰੋਂ ਗੁਪਤ ਖ਼ਬਰਾਂ ਲਿਆ ਕੇ ਦੇਂਦਾ ਰਿਹਾ। ਵੱਡੀਆਂ ਰਕਮਾਂ ਮਿਲਦੀਆਂ। ਮਾਲ ਲਿਜਾਣ ਦਾ ਫ਼ਾਇਦਾ ਵੱਖਰਾ ਹੁੰਦਾ। ਕੁਝ ਅਰਸੇ ਪਿੱਛੋਂ, ਉਹ ਪਾਕਿ ਲਈ ਵੀ ਕੰਮ ਕਰਨ ਲੱਗਾ। ਲਾਲਚ ਮਾਰ ਗਿਆ। ਪਤਾ ਅਖੀਰ ਲੱਗਣਾ ਸੀ। ਪਾਕਿ ਮਿਲਟਰੀ ਨੇ ਘੇਰਾ ਘੱਤ ਕੇ ਕਾਬੂ ਕਰ ਲਿਆ। ਡਬਲ ਜਾਸੂਸੀ ਤਹਿਤ ਗ੍ਰਿਫ਼ਤਾਰ ਕਰਕੇ ਲਾਹੌਰ ਮੁਕੱਦਮਾ ਚਲਾਇਆ। ਫੇਰ 14 ਸਾਲ ਕੈਦ ਸੁਣਾ ਕੇ ਜੇਲ੍ਹ ਵਿਚ ਸੁੱਟ ਦਿੱਤਾ।" ਪੰਨਾ-41

ਨਾਵਲ ਦੀ ਖਾਸ਼ੀਅਤ ਇਹ ਹੈ ਕਿ ਇਹ ਸਰਹੱਦੀ ਖੇਤਰ ਦੇ ਲੋਕਾਂ ਦੇ ਜੀਵਨ ਨਾਲ ਇਕ ਲੰਮੇ ਇਤਿਹਾਸਕ ਕਾਲ ਖੰਡ ਤੱਕ ਜੁੜਿਆ ਹੋਇਆ ਹੈ। ਨਾਵਲ 1971 ਦੀ ਜੰਗ ਤੋਂ ਲੈ ਕੇ 1984 ਦੇ ਪੰਜਾਬ ਸੰਕਟ ਦੇ ਸਮੇਂ ਝੁਲੀ ਦੁੱਖਾਂ ਦੀ ਹਨੇਰੀ ਤੋਂ ਪਾਰ ਜਾਂਦਾ ਪ੍ਰਤੀਤ ਹੁੰਦਾ ਹੈ। ਖਾੜਕੂ ਲਹਿਰ ਦੇ ਵਿਭਿੰਨ ਪਹਿਲੂਆਂ ਬਾਰੇ ਕਈ ਤਰਾਂ ਦੀ ਜਾਣਕਾਰੀ ਤੇ ਸਾਹਿਤਕ ਰਚਨਾਵਾਂ ਤਾਂ ਉਪਲਬੱਧ ਹਨ ਪਰ ਇਸ ਲਹਿਰ ਦੇ ਕਈ ਅਹਿਮ ਪਹਿਲੂਆਂ ਬਾਰੇ ਸਾਹਿਤਕਾਰ ਖੁਲ੍ਹ ਕੇ ਰਚਨਾ ਨਹੀਂ ਕਰ ਪਾਏ। ਜਿੰਨੀ ਹੋਣੀ ਚਾਹੀਦੀ ਸੀ। ਇਸ ਨਾਵਲ ਰਾਹੀਂ ਇਸ ਲਹਿਰ ਦੇ ਕਈ ਨਵੇਂ ਪਹਿਲੂ ਉਭਰ ਕੇ ਸਾਹਮਣੇ ਆਉਂਦੇ ਹਨ। ਇਸ ਲਹਿਰ ਦਾ ਇਕ ਹਿੱਸਾ ਉਹ ਵਿਅਕਤੀ ਬਣੇ ਜੋ ਪਹਿਲਾਂ ਨਸ਼ਿਆਂ, ਹਥਿਆਰਾਂ ਤੇ ਹੋਰ ਸਮਾਨ ਦੀ ਸਮੱਗਲਿੰਗ ਕਰਦੇ ਸਨ। ਉਹੀ ਵਿਅਕਤੀ ਬਦਲੇ ਹਾਲਾਤਾਂ ਵਿਚ ਲਹਿਰ ਦਾ ਹਿੱਸਾ ਬਣ ਧਰਮ ਦੇ ਅਖੌਤੀ ਆਲੰਬਰਦਾਰ ਬਣ ਕਈ ਤਰ੍ਹਾਂ ਦੀਆਂ ਮੰਦਭਾਗੀ ਕਾਰਵਾਈਆਂ ਦਾ ਹਿੱਸਾ ਬਣਦੇ ਹਨ। "ਸ਼ਿੰਦਾ ਗਰਾਂਏਕੋਟੀਆ ਤੇ ਕੰਬਾ ਹਰੂਵਾਲੀਆ (ਅਮਰਜੀਤ) ਭਗੌੜੇ ਹੋਏ ਮੇਰੇ ਕੋਲ ਆਏ। ਬਲੈਕ ਦਾ ਧੰਦਾ ਛੱਡ ਕੇ ਵੱਖਵਾਦੀ ਬਣੇ ਹੋਏ। ਵੱਡੇ ਗੱਫੇ ਲੈ ਕੇ ਮੁੰਡਿਆਂ ਨੂੰ ਪਾਕਿਸਤਾਨ ਲਿਜਾਂਦੇ ਖੁਦ ਖਾੜਕੂ ਬਣ ਗਏ। ਜਰਨੈਲ ਤੇ ਕਪਤਾਨ ਬਣ ਬੈਠੇ। ਮੇਰੇ ਨਾਲ ਪਾਰ ਜਾਂਦੇ ਰਹੇ। ਬਹੁਤ ਸਾਰੇ ਮੁੰਡੇ ਅੱਤਵਾਦੀ ਬਣਗੇ ਹੋਏ।" ਪੰਨਾ-252

ਕਿਸੇ ਵੀ ਲਹਿਰ ਦੇ ਚੰਗੇ ਤੇ ਮਾੜੇ ਦੋਵੇਂ ਪਹਿਲੂ ਅਕਸਰ ਹੀ ਉਭਰਦੇ ਹਨ। ਜਿਵੇਂ ਕਿਸੇ ਜਥੇਬੰਦੀ ਵਿਚ ਚੰਗੇ ਤੇ ਮਾੜੇ ਬੰਦੇ ਹੁੰਦੇ ਹਨ ਉਸੇ ਤਰਾਂ ਇਸ ਖਾੜਕੂ ਲਹਿਰ ਦੇ ਉਹ ਹਨੇਰੇ ਕੋਨੇ ਵੀ ਲੇਖਕ ਦੀ ਲਿਖਤ ਰਾਹੀਂ ਉਭਰਦੇ ਹਨ ਜੋ ਬਹੁਤ ਹੀ ਕਸ਼ਟਦਾਇਕ ਤੇ ਰੂਹ ਨੂੰ ਜ਼ਖ਼ਮੀ ਕਰਨ ਵਾਲੇ ਹਨ। ਨੌਜਵਾਨਾਂ ਦਾ ਖੜਾਕੂ ਲਹਿਰ 'ਚ ਸ਼ਾਮਿਲ ਹੋ ਪਾਰ ਜਾਣਾ ਉਸ ਸਮੇਂ ਇਕ ਆਮ ਵਰਤਾਰਾ ਹੋ ਗਿਆ ਸੀ। ਕਿਉਂਕਿ ਪਾਕਿ ਖੁਫ਼ੀਆਂ ਏਜੰਸੀਆ ਦੇ ਸਹਿਯੋਗ ਸਦਕਾ ਬਾਰਡਰ ਕਰਾਸ ਕਰਨਾ ਹੋਰ ਵੀ ਸੇਫ਼/ਸੌਖਾ ਹੋ ਗਿਆ ਸੀ। ਕੁਝ ਵਿਅਕਤੀਆਂ ਦਾ ਪਾਕਿ ਜਾਂ ਜਰਨਲ, ਕਰਨਲ ਬਣਨਾ ਤੇ ਕਈ ਤਰਾਂ ਦੇ ਹੁਕਮ ਪੂਰਬੀ ਪੰਜਾਬ ਲਈ ਜਾਰੀ ਕਰਨਾ ਵੀ ਦੇਖਣ 'ਚ ਆਉਂਦਾ ਹੈ। ਕੁਝ ਅਜਿਹਾ ਹੀ ਜੱਬਰ ਸਿੰਘ ਕਰਦਾ ਹੈ ਜਦੋਂ ਉਹ ਇਕ ਮੀਟਿੰਗ ਕਰ ਪੂਰਬੀ ਪੰਜਾਬ ਤੋਂ ਆਪਣੀ ਪਤਨੀ ਅਮਰ ਕੌਰ ਨੂੰ ਲਿਆਉਣ ਦੀ ਡਿਊਟੀ ਦੋ ਨੌਜਵਾਨ ਖਾੜਕੂਆਂ ਬਲਵੀਰ ਤੇ ਰੂਪ ਦੀ ਲਾ ਦਿੰਦਾ ਹੈ। ਅਮਰ ਕੌਰ ਨੂੰ ਪੂਰਬੀ ਪੰਜਾਬ ਤੋਂ ਪੱਛਮੀ ਪੰਜਾਬ ਵਿੱਚ ਕਰਾਸ ਕਰਾਉਣ ਸਮੇਂ ਇਕ ਖਾੜਕੂ ਰੂਪ ਸਿੰਘ ਆਪਣੇ ਆਗੂ ਦੀ ਪਤਨੀ (ਅਮਰ ਕੌਰ) ਨਾਲ ਦੂਜੇ ਸਾਥੀ ਦੇ ਰੋਕਣ ਦੇ ਬਾਵਜੂਦ ਵੀ ਰੇਪ ਕਰਦਾ ਹੈ। ਰੂਪ ਦੁਆਰਾ ਰੇਪ ਦੇ ਘਟਨਾਕ੍ਰਮ ਨੂੰ ਅੰਜਾਮ ਦੇਣ ਪਿੱਛੇ ਰੂਪ ਦੇ ਪਰਿਵਾਰ ਨਾਲ ਪਿੱਛਲ ਇਤਿਹਾਸ 'ਚ ਵਾਪਰੀ ਨਿਮਨਲਿਖਤ ਘਟਨਾ ਬਣਦੀ ਹੈ :-

"ਖਾੜਕੂ ਆਏ ਅੱਧੀ ਰਾਤੀਂ। ਸਾਰੇ ਜੀਅ ਇੱਕੋ ਕਮਰੇ 'ਚ ਸੁੱਤੇ ਹੋਏ, ਉਸ ਤੋਂ ਵੱਡਾ ਤੇ ਛੋਟਾ ਭਰਾ। ਐਮ.ਏ. 'ਚ ਪੜ੍ਹਦੀ ਭੈਣ। ਮਾਂ ਤੇ ਪਿਉ। ਸਟੇਨ ਸਿੱਧੀ ਹੋਈ-

ਸਭ ਸੋਨਾ ਪੈਸਾ ਕੱਢਦੋ। ਨਹੀਂ ਤਾਂ ਭੁੰਨਦਾਂਗੇ ਸਾਰਾ ਪਰਿਵਾਰ........ ਫੇਰ ਇਕ ਨੇ ਹੁਕਮ ਕਰ ਦਿੱਤਾ ਉਸਦੀ ਭੈਣ ਤੇ ਮਾਂ ਨੂੰ-

ਸਾਰੇ ਕੱਪੜੇ ਉਤਾਰਦੋ, ਉਹ ਰੋਈਆਂ, ਹੱਥ ਜੋੜੇ, ਪੈਰੀਂ ਪਈਆਂ। ਗੁੱਸੇ 'ਚ ਆਏ ਉਸ ਦੇ ਵੱਡੇ ਭਰਾ ਨੇ। ਡਾਂਗ ਮਾਰੀ ਇਕ ਦੇ ਸਿਰ ਵਿਚ ਪਰ ਨਿਸ਼ਾਨਾ ਖੁੰਝ ਗਿਆ........ ਇਕ ਬਰੱਸਟ ਤਿੰਨੇ ਢੇਰੀ ਹੋਗੇ। ਫੇਰ ਵੀ ਜਦੋਂ ਕੁੜੀ ਨੇ ਕੱਪੜੇ ਨਾ ਉਤਾਰੇ। ਮਾਂ ਨੂੰ ਵੀ ਮਾਰਤਾ, ਫੇਰ ਚਾਰਾਂ ਵਾਰੀ ਵਾਰੀ ਬਲਾਤਕਾਰ ਕੀਤਾ। ਜਾਣ ਲੱਗੇ ਕੁੜੀ ਨੂੰ ਗਲ੍ਹੀ 'ਚ ਸੁੱਟਗੇ। ਘਰ ਨੂੰ ਅੱਗ ਲਾਗੇ। ਉਹ ਬਚ ਗਿਆ। ਕਾਲਜ ਦੇ ਹੋਸਟਲ 'ਚ ਹੋਣ ਕਰਕੇ।" ਪੰਨਾ-273

ਅਜਿਹੀਆਂ ਅਨੇਕਾਂ ਹੀ ਦੁਖਦਾਇਕ ਤੇ ਦਰਦਨਾਕ ਘਟਨਾਵਾਂ ਜੋ ਪੰਜਾਬੀਆਂ ਨਾਲ ਵਾਪਰੀਆਂ ਇਹ ਨਾਵਲ ਉਹਨਾਂ ਘਟਨਾਵਾਂ ਦਾ ਇਕ ਨਵੇਂ ਸਿਰੇ ਤੋਂ ਗਵਾਹ ਬਣਦਾ ਹੈ। ਇਸ ਲਹਿਰ ਦੇ ਕਈ ਪਹਿਲੂ ਕਈ ਕਾਰਨਾਂ ਕਰਕੇ ਉਭਰ ਕੇ ਸਾਹਮਣੇ ਨਹੀਂ ਆਏ। ਜਿਵੇਂ ਪੰਜਾਬ 'ਚ ਹਿੰਦੂਆਂ ਅਤੇ ਸਿੱਖਾਂ ਦੋਵੇ ਧਿਰਾਂ ਨੂੰ ਆਪਣੀ ਵਿਲੱਖਣ ਪਹਿਚਾਣ ਕਾਰਨ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਜਿੱਥੇ ਹਿੰਦੂ ਅਖੌਤੀ ਖਾੜਕੂ ਕਾਰਵਾਈਆਂ ਦਾ ਸ਼ਿਕਾਰ ਹੋਏ ਉਥੇ ਸਿੱਖ ਸਰਕਾਰੀ ਤੰਤਰ ਦੀ ਬਦਮਾਸ਼ੀ ਤੇ ਜ਼ਿਆਦਤਾਈਆਂ ਦਾ। ਲੇਖਕ ਇਸ ਕਾਲੇ ਦੌਰ ਦੀਆਂ ਅਨੇਕਾਂ ਜੱਗਬੀਤੀਆਂ ਤੇ ਹੱਡ-ਬੀਤੀਆਂ ਨੂੰ ਬੜੀ ਹੀ ਨਿਡਰਤਾ ਤੇ ਬੇਬਾਕੀ ਨਾਲ ਆਪਣੇ ਨਾਵਲ 'ਚ ਪੇਸ਼ ਕਰਦਾ ਹੈ। ਨਾਵਲ ਦੀ ਕੇਂਦਰੀ ਚੂਲ ਲੇਖਕ ਦਾ ਪਾਕਿ ਲੜਕੀ ਨਸੀਮਾ ਬੇਗ਼ਮ ਨਾਲ ਪਿਆਰ ਤੇ ਇਸ ਪਿਆਰ ਨੂੰ ਦੋਹਾਂ ਧਿਰਾਂ ਵੱਲੋਂ ਨਿਭਾਉਣ ਲਈ ਲਾਈ ਸਿਰ ਧੜ ਦੀ ਬਾਜ਼ੀ ਦੇ ਇਰਦ-ਗਿਰਦ ਘੁੰਮਦਾ ਹੈ। ਲੇਖਕ ਪਾਕਿ ਪੰਜਾਬ ਵਿਚਲੇ ਇਲਾਕੇ ਨੂੰ ਦੇਖਣ ਦੀ ਖ਼ਵਾਇਸ ਤਾਂ ਪਹਿਲੀ ਵਾਰ 1971 ਦੀ ਭਾਰਤ-ਪਾਕਿ ਜੰਗ ਤੋਂ ਬਾਅਦ ਪੂਰੀ ਕਰ ਲੈਂਦਾ ਹੈ ਕਿਉਂਕਿ ਭਾਰਤੀ ਫੌਜ ਦੁਆਰ ਜਿੱਤੇ ਪਾਕਿ ਇਲਾਕੇ ਵਿਚ ਜਾਣ ਲਈ ਕੋਈ ਬਹੁਤੀ ਰੋਕ-ਟੋਕ ਨਹੀਂ ਸੀ। ਯੂਨੀਵਰਸਿਟੀ ਦੀ ਪੜ੍ਹਾਈ ਸਮੇਂ ਪੱਛਮੀ ਪੰਜਾਬ ਨੂੰ ਦੇਖਣ/ਮਾਨਣ ਦੀ ਚਿਣਗ ਲੇਖਕ ਨੂੰ ਇਕ ਵਾਰ ਫਿਰ ਪਾਰ ਲੈ ਜਾਂਦੀ ਹੈ। ਇਹ ਕਾਰਜ ਪੂਰਾ ਹੁੰਦਾ ਸ਼ਿੰਦੇ ਗਰਾਏਕੋਟੀਆ, ਕੰਬਾ ਹਰੂਵਾਲੀਆ ਤੇ ਮਿੰਦੀ ਵਰਗੇ ਬਲੈਕਰਾਂ ਰਾਹੀਂ। ਪਾਕਿ ਮੇਜ਼ਬਾਨ ਗਫ਼ੂਰ ਲੇਖਕ ਨੂੰ ਪਾਕਿ ਘੁੰਮਾਉਣ ਸਮੇਂ ਜਦੋਂ ਸਿਆਲਕੋਟ ਆਪਣੇ ਮਿੱਤਰ ਖਾਨ ਨੂੰ ਮਿਲਾਉਂਦਾ ਹੈ ਤਾਂ ਉਸ ਸਮੇਂ ਉਸ ਦੀ ਭੈਣ ਨਸੀਮਾ ਬੇਗਮ ਨਾਲ ਪਹਿਲੀ ਮਿਲਣੀ ਸਮੇਂ ਹੀ ਪਿਆਰ ਦੀ ਪੀਂਘ ਪੈ ਜਾਂਦੀ ਹੈ। ਇਸ ਪਿਆਰ ਨੂੰ ਸਲਾਮਤ ਰੱਖਣ ਲਈ ਨਿਰਮਲ ਨੂੰ ਜਾਨ ਜੋਖ਼ਮ 'ਚ ਪਾ ਬੇਸ਼ਕੀਮਤੀ ਮੁੱਲ ਤਾਰਨਾ ਪੈਂਦਾ ਹੈ। ਉਹ ਵਾਰ-ਵਾਰ ਬਾਰਡਰ ਕਰਾਸ ਕਰਦਾ ਅਤੇ ਸੀਮਾ ਨੂੰ ਮਿਲਦਾ। ਉਸ ਸਮੇਂ ਦੇ ਪਾਕਿ ਸਮਾਜ 'ਚ ਸੀਮਾ ਵਰਗੇ ਬੋਲਡ ਕਰੈਕਟਰ ਨੂੰ ਨਾਵਲਕਾਰ ਨੇ ਜਿਸ ਤਰ੍ਹਾਂ ਪੇਸ਼ ਕੀਤਾ ਹੈ, ਉਹ ਪਹਿਲੀ ਨਜ਼ਰੇ ਜ਼ਹਿਨ 'ਚ ਪਚਦਾ ਦਿਖਾਈ ਤਾਂ ਨਹੀਂ ਦਿੰਦਾ ਪਰ ਲੇਖਕ ਦੇ ਕਹਿਣ ਮੁਜ਼ਬ ਇਹ ਉਸ ਦੀ ਹੱਡ-ਬੀਤੀ ਹੈ। ਜਦੋਂ ਕਿ ਸੀਮਾ ਦਾ ਭਰਾ ਇਕ ਨਾਮੀ ਬਦਮਾਸ਼, ਬਲੈਕਰ ਤੇ ਸਿਆਸੀ ਰਸੂਖ ਵਾਲਾ ਵਿਅਕਤੀ ਹੈ। ਉਹ ਨਸੀਮਾ ਦੇ ਪਹਿਲੇ ਪਿਆਰ ਤਾਰਕ ਹੁਸੈਨ ਸੰਧੂ ਨੂੰ ਮਰਵਾ ਕੈਪਟਨ ਬਾਜਵੇ ਨਾਲ ਰਿਸ਼ਤਾ ਤੈਅ ਕਰ ਆਪਣਾ ਸਿਆਸੀ ਲੀਡਰਾਂ ਤੇ ਫੌਜ ਨਾਲ ਰਸੂਖ ਵਧਾਉਂਦਾ ਹੈ। ਅਜਿਹੇ ਘਰੇਲੂ ਹਲਾਤਾਂ ਦੇ ਬਾਵਜੂਦ ਵੀ ਸੀਮਾ ਦਾ ਨਿਰਮਲ ਨਾਲ ਪਿਆਰ ਅਤਿਕਥਨੀ ਤੇ ਸੰਦੇਹਜਨਕ ਤਾਂ ਲੱਗਦਾ ਹੈ। ਪਰ ਸੀਮਾ ਦਾ ਨਿੰਮੇ ਨਾਲ ਪਿਆਰ ਕਰਨਾ ਭਰਾ ਤੋਂ ਬਦਲਾ ਲਊ ਪ੍ਰਵਿਰਤੀ ਜਾਂ ਤਾਰਕ ਹੁਸੈਨ ਦੀ ਝਲਕ/ਪਰਛਾਈ ਨਿੰਮੇ 'ਚੋਂ ਪੈਣਾ ਵੀ ਹੋ ਸਕਦਾ ਹੈ। ਪਿਆਰ ਦੀ ਸਿਖਰ ਉਸ ਸਮੇਂ ਹੋ ਜਾਂਦੀ ਹੈ ਜਦੋਂ ਨਾਵਲਕਾਰ ਸੀਮਾ ਦੀ ਜ਼ਿੱਦ ਸਾਹਮਣੇ ਝੁਕਦਾ ਹੋਇਆ ਸਾਹੀ ਠਾਠ-ਬਾਠ 'ਚ ਪਲੀ ਨਸੀਮਾ ਨੂੰ ਹਨੇਰੀ ਰਾਤ 'ਤੇ ਚੁਣੌਤੀ ਭਰੇ ਰਾਹਾਂ ਤੋਂ ਬਾਰਡਰ ਪਾਰ ਕਰਾ ਪੂਰਬੀ ਪੰਜਾਬ ਲੈ ਆਉਂਦਾ ਹੈ। ਸੀਮਾ ਨੂੰ ਆਪਣੀ ਪਤਨੀ ਦੇ ਰੂਪ ਵਿਚ ਅੰਮ੍ਰਿਤਸਰ, ਦਿੱਲੀ, ਅਟਾਰੀ, ਜੈਪੁਰ ਦਿਖਾਉਂਦਾ ਹੈ। ਇਸ ਤੋਂ ਬਾਅਦ



ਸੀਮਾ ਦੇ ਵਾਪਸ ਪਾਕਿ ਜਾਣ ਤੇ ਨਾਵਲਕਾਰ ਦੁਆਰਾ ਉਸ ਨੂੰ ਮਿਲਣ ਜਾਣ ਤੇ ਮਿਲਟਰੀ ਦੁਆਰਾ ਫੜੇ ਜਾਣਾ ਇਕ ਹਨੇਰੇ ਦੇ ਸਫ਼ਰ ਦੀ ਬਾਤ ਪਾਉਂਦਾ ਹੈ। ਪਾਕਿ ਗਏ ਨਿਰਮਲ ਤੇ ਉਸਦੇ ਸਾਥੀ ਸ਼ਿੰਦੇ ਨੂੰ ਗਫ਼ੂਰ ਵਿਰੋਧੀ ਬਲੈਕਰਾਂ ਦੁਆਰਾ ਚੁਗਲੀ ਕਰ ਕੇ ਫੜਾ ਦਿੱਤਾ ਜਾਂਦਾ ਹੈ। ਨਿੰਮੇ ਦੀ ਜੇਬ ਵਿਚੋਂ ਯੂਨੀਵਰਸਿਟੀ ਦਾ ਆਈ ਕਾਰਡ ਮਿਲ ਜਾਣ ਉਪਰੰਤ ਜਾਸੂਸੀ ਦੇ ਸ਼ੱਕ ਵਿਚ ਪਹਿਲਾ ਮਿਲਟਰੀ ਵਾਲੇ ਅੰਨ੍ਹਾ ਤਸ਼ੱਦਦ ਕਰਦੇ ਹਨ। ਜਦੋਂ ਕੁਝ ਵੀ ਸਾਹਮਣੇ ਨਹੀਂ ਆਉਂਦਾ ਤਾਂ ਆਈ. ਐਸ.ਆਈ ਦਾ ਟਾਰਚਰ ਸ਼ੁਰੂ ਹੋ ਜਾਂਦਾ ਹੈ।

*"ਮੇਰੇ ਸਾਰੇ ਕੱਪੜੇ ਉਤਰਵਾ ਦਿੱਤੇ, ਅੰਡਰਵੀਅਰ ਵੀ। ਚਾਰ ਹੱਟੇ ਕੱਟੇ ਫੌਜੀ ਦਨਦਨਾਉਂਦੇ ਆਏ।.....ਹੱਥ ਤੇ ਪੈਰ ਬੰਨ ਦਿੱਤੇ ਗਏ। ਇਕ ਨੇ ਮੁੱਕਾ ਮਾਰਿਆ ਲੱਕ 'ਚ ਇੰਨੇ ਜ਼ੋਰ ਨਾਲ ਮੈਂ ਆਪਣੇ ਆਪ ਹੀ ਕੋਢਾ ਹੋ ਗਿਆ। ਇਕ ਨੇ ਧੌਣੋਂ ਫੜ ਲਿਆ। ਦੋਵਾਂ ਨੇ ਪਿੱਛੇ 'ਚ ਧੱਕ ਦਿੱਤਾ ਮਿਰਚਾ ਨਾਲ ਲਿੱਬੜਿਆ ਛੇ-ਸੱਤ ਇੰਚੀ ਲੱਕੜੀ ਦਾ ਗੋਲ ਡੰਡਾ। ਹਾਏ, ਹਾਏ ਕਰਦਾ ਤੜਫਣ ਤੇ ਛਟਪਟਾਉਣ ਲੱਗਾ..... ਛੇਤੀ ਹੀ ਮੈਂ ਬੇਹੋਸ਼ ਹੋ ਗਿਆ।" ਪੰਨਾ-200*

ਖੁਫੀਆ ਤੰਤਰ ਦਾ ਜਿੱਥੇ ਨਿਰਦਈ ਚਿਹਰਾ ਸਾਹਮਣੇ ਆਉਂਦਾ ਹੈ। ਉਥੇ ਉਹਨਾਂ ਦੀਆਂ ਘਿਨੌਣੀ ਕਿਸਮ ਦੀਆਂ ਲੂੰਬੜ ਚਾਲਾਂ ਵੀ ਉਭਰ ਕੇ ਸਾਹਮਣੇ ਆਉਂਦੀਆਂ ਹਨ। ਜਿਸ ਤਹਿਤ ਉਹ ਬਲੈਕਰਾਂ ਨੂੰ ਤਸ਼ਦੱਦ, ਡਰ ਜਾਂ ਪੈਸੇ ਦਾ ਲਾਲਚ ਦੇ ਕੇ ਖੁਫ਼ੀਆ ਏਜੰਸੀਆਂ ਲਈ ਕੰਮ ਕਰਨ ਲਈ ਮਜ਼ਬੂਰ ਕਰਦੇ ਹਨ। ਸੀਮਾ ਆਪਣੇ ਪ੍ਰੇਮੀ ਨਿਰਮਲ ਦੇ ਫੜੇ ਜਾਣ ਤੇ ਆਪਣੇ ਭਰਾ ਖਾਨ ਦੇ ਸਿਆਸੀ ਰਸੂਖ ਦਾ ਲਾਹਾ ਲੈ ਕੇ ਤੇ ਆਪਣੇ ਹੋਣ ਵਾਲੇ ਪਤੀ ਕੈਪਟਨ ਬਾਜਵੇ ਰਾਹੀਂ ਨਿਰਮਲ ਨੂੰ ਛਡਾਉਣ ਲਈ ਅਣਥੱਕ ਯਤਨ ਕਰਦੀ ਹੈ। ਉਸ ਸਮੇਂ ਬੱਟ ਵਰਗਾ ਆਈ.ਐਸ.ਆਈ. ਅਧਿਕਾਰੀ ਪੈਸੇ ਲੈ ਕੇ ਨਿੰਮੇ ਨੂੰ ਛੱਡਣ ਲਈ ਤਾਂ ਰਜ਼ਾਮੰਦ ਹੋ ਜਾਂਦਾ ਹੈ। ਪਰ ਪਾਕਿ ਲਈ ਜਾਸੂਸੀ ਕਰਨ ਤੇ ਪੈਸੇ ਕਮਾਉਣ ਦਾ ਲਾਲਚ ਵੀ ਦਿੰਦਾ ਹੈ। *"ਅਜੇ ਅਸੀਂ ਤੈਨੂੰ ਹਲਕਾ ਕੰਮ ਦੇ ਕੇ ਪਰਖਾਂਗੇ। ਸਮਝਿਆ? ਅਗਲੇ ਚੱਕਰ ਧਰਮਕੋਟ ਰੰਧਾਵਾ ਨੇੜੇ ਰਾਵੀ 'ਤੇ ਬਣੇ ਬੇੜੀਆਂ ਦੇ ਪੁਲ ਦੀਆਂ ਤਸਵੀਰਾਂ ਦੇ ਨੈਗਟਿਵ ਲੈਂਦਾ ਆਵੀਂ। ਵੱਖ-ਵੱਖ ਐਂਗਲਾਂ ਤੋਂ ਖਿੱਚੀਆਂ ਹੋਣ। ਰੱਜਵੇਂ ਪੈਸੇ ਮਿਲਣਗੇ। ਬਲੈਕ ਜਿੰਨੀ ਮਰਜ਼ੀ ਕਰ ਲੈ। ਤੈਨੂੰ ਕੋਈ ਨੀ ਪੁੱਛਦਾ। ਪੰਡਾਂ ਨਾਲ ਨੋਟ ਕਮਾ।" ਪੰਨਾ-210*

ਜਿੱਥੇ ਪਾਕਿ ਏਜੰਸੀਆਂ ਦੁਆਰਾ ਭਾਰਤ ਦੀ ਖੁਫੀਆ ਜਾਣਕਾਰੀ ਗ੍ਰਹਿਣ ਕਰਨ ਦੇ ਨਾਪਾਕ ਮਨਸੂਬੇ ਉਘੜ ਕੇ ਸਾਹਮਣੇ ਆਉਂਦੇ ਹਨ ਉਥੇ ਸੀਮਾ ਦੁਆਰਾ ਆਪਣੇ ਪਿਆਰ (ਨਿੰਮੇ) ਨੂੰ ਬਚਾਉਣ ਲਈ ਦਿਖਾਈ ਦਲੇਰੀ ਤੇ ਪਾਣੀ ਵਾਂਗ ਵਹਾਇਆ ਪੈਸਾ ਸੀਮਾ ਦਾ ਨਿੰਮੇ ਪ੍ਰਤੀ ਇੰਤਹਾ ਪਿਆਰ ਦੀ ਬਾਤ ਪਾਉਂਦਾ ਹੈ।

ਅਜਿਹੇ ਖੌਫ਼ਨਾਕ ਹਲਾਤਾਂ ਤੋਂ ਬਚਕੇ ਨਿੰਮਾ ਭਾਰਤੀ ਪੰਜਾਬ ਆ ਆਪਣੀ ਪੁਰਾਣੀ ਪ੍ਰੇਮਿਕਾ ਪਰਮਜੀਤ ਨੂੰ ਪਟਿਆਲੇ ਜਾ ਮਿਲਦਾ ਹੈ ਪਰ ਨਾਵਲ ਵਿਚ ਇਸ ਰਿਸ਼ਤੇ ਦੀ ਤੰਦ ਖਲਾਅ 'ਚ ਲਟਕਦੀ ਦਿਖਾਈ ਦਿੰਦੀ ਹੈ। ਜੈਲੇ ਵਰਗੇ ਬਲੈਕਰ ਦੇ ਕਹਿਣ ਤੇ 1984 ਦੇ ਦੰਗਾਮਈ ਮਾਹੌਲ 'ਚ ਪੰਜਾਬ ਤੋਂ ਨੇਪਾਲ ਜਾਣਾ ਤੇ ਜ਼ਿੰਦਗੀ ਦੇ ਦੁੱਖ ਤਕਲੀਫ਼ਾਂ ਵਾਲੇ ਰਸਤੇ ਅਖਤਿਆਰ ਕਰਨ ਦਾ ਕਾਰਨ ਲੇਖਕ ਆਪ ਦੱਸਦਾ ਹੈ ਕਿ ਉਹ ਸ਼ੁਰੂ ਤੋਂ ਹੀ ਕਿਸੇ ਮਨੋਵਿਗਿਆਨਕ ਅਸਰ ਅਧੀਨ ਹਮੇਸ਼ਾ ਖਤਰਨਾਕ ਕੰਮਾਂ ਵੱਲ ਰੁਚਿਤ ਰਿਹਾ ਚਾਹੇ ਉਹ ਪਾਬੰਦੀ-ਸ਼ੁਦਾ ਨਕਸਲੀ ਪਾਰਟੀ 'ਚ ਸਰਗਰਮ ਹੋਣਾ, ਪਾਕਿ ਜਾਣਾ ਜਾ ਖਤਰਨਾਕ ਹਲਾਤਾਂ 'ਚ ਨੇਪਾਲ ਜਾਣਾ।

ਪਾਕਿ ਖੁਫ਼ੀਆ ਏਜੰਸੀਆਂ ਦਾ ਭਾਰਤ ਵਿਚ ਪਿੱਛਾ ਕਰਨ ਦੇ ਡਰੋਂ ਤੇ ਗਫ਼ੂਰ ਅਤੇ ਖਾਨ ਦੀਆਂ ਸਖ਼ਤ ਹਦਾਇਤਾਂ ਤੇ ਅਮਲ ਕਰਦਾ ਨਿੰਮਾ ਘਰ ਛੱਡ ਬੰਬਈ ਵਰਗੇ ਸ਼ਹਿਰ 'ਚ ਕਲੀਨਰ ਬਣ। ਡਰਾਈਵਰਾਂ, ਕੰਡਕਟਰਾਂ ਦੀ ਜ਼ਿੰਦਗੀ ਅਤੇ ਰਸਤੇ ਵਿਚ ਮਿਲਣ ਵਾਲੀਆਂ ਗਰੀਬ/ਮਜ਼ਬੂਰ ਸਰੀਰ

ਵੇਚਣ ਵਾਲੀਆਂ ਲੜਕੀਆਂ ਦੇ ਦੁਖਾਂਤਕ ਵੇਰਵੇ ਸਾਂਝੇ ਕਰਦਾ ਹੈ। ਲੇਖਕ ਜਿੱਥੇ ਪਹਿਲਾਂ ਦੇਸ਼ ਦੇ ਬਾਰਡਰ ਦੀਆ ਸਥਿਤੀਆਂ ਦਾ ਜ਼ਿਕਰ ਕਰਦਾ ਹੈ। ਉਥੇ ਹੁਣ ਆਪਣੇ ਹੀ ਦੇਸ਼ ਅੰਦਰ ਰਾਜਾਂ ਦੇ ਬਾਰਡਰਾਂ ਉਪਰ ਹੁੰਦੀਆਂ ਘਟਨਾਵਾਂ ਦਾ ਜ਼ਿਕਰ ਕਰਦਾ ਹੈ।

ਬਹੁਤ ਮਾੜੇ ਹਲਾਤਾਂ ’ਚੋਂ ਲੰਘ ਪਿਆਰ ਦੀ ਤਾਂਘ ਇਕ ਵਾਰ ਦੁਆਰਾ ਉਸ ਨੂੰ (3 ਸਾਲ) ਦੇ ਅਰਸੇ ਬਾਅਦ ਪਾਕਿਸਤਾਨ ਲੈ ਜਾਂਦੀ ਹੈ। ਇਸ ਸਮੇਂ ਤੱਕ ਸੀਮਾ ਦਾ ਕੈਪਟਨ ਬਾਜਵੇ ਨਾਲ ਨਿਕਾਹ ਹੋ ਚੁੱਕਾ ਹੁੰਦਾ ਹੈ। ਉਹ ਉਸਦੇ ਸਰੀਰ ਦਾ ਮਾਲਕ ਤਾਂ ਬਣ ਜਾਂਦਾ ਹੈ ਪਰ ਰੂਹ ਦਾ ਨਹੀਂ। ਇਸ ਸਮੇਂ ਸੀਮਾ ਆਪਣੇ ਪਿਆਰ ਦੀ ਸਥਾਈ ਨਿਸ਼ਾਨੀ ਸਾਂਭਣ ਲਈ ਨਿੰਮੇ ਤੋਂ ਔਲਾਦ ਲੈਣਾ ਚਾਹੁੰਦੀ ਹੈ। ਅਜਿਹਾ ਹੀ ਹੁੰਦਾ ਹੈ। *“ਅਗਲੇ ਸਾਲ ਭਾਵ 1987 ਦੀ ਵਿਸਾਖੀ ਨੂੰ। ਸੀਮਾ ਨੇ ਘੱਲਿਆ ਸੀ ਗਫ਼ੂਰ ਨੂੰ, ਮੇਰੇ ਕੋਲ। ਕੁੜੀ ਹੋਈ ਦੀ ਭੇਜੀ ਸੀ ਵਧਾਈ। ਨਾਮ ਰੱਖਿਆ ਸੀ ਨਿੰਮੀ ਬੇਗਮ। ਉਸ ਲਿਖਿਆ ਸੀ ਨਿੰਮੀ ਦੇ ਨੈਣ ਮੇਰੇ ਵਰਗੇ ਨੇ। ਬਾਕੀ ਨਕਸ਼ ਤੇ ਮੁਹਾਂਦਰਾ ਤੇਰਾ ਏ।” ਪੰਨਾ-293*

ਕਿੱਸਿਆਂ ਵਿਚ ਪ੍ਰੇਮਿਕਾਵਾਂ ਆਪਣੇ ਪ੍ਰੇਮਿਆਂ ਲਈ ਦਰਿਆ ਪਾਰ ਕਰਦੀਆਂ ਤੇ ਮਾਰੂਥਲ ’ਚ ਸੜਦੀਆਂ ਤਾਂ ਪੜ੍ਹੀਆਂ/ਸੁਣੀਆਂ ਸਨ ਪਰ ਆਧੁਨਿਕ ਕਾਲ ਦੀ ਇਹ ਉਹ ਪ੍ਰੇਮ ਕਹਾਣੀ ਹੈ ਜਿਸ ’ਚ ਦਰਦ ਦੇ ਉਹ ਮੰਜ਼ਰ ਹਨ ਜਿਨ੍ਹਾਂ ਨੂੰ ਪੜ੍ਹਕੇ ਖੌਫਜ਼ਦਾ ਹੋ ਜਾਈਦਾ। ਰਾਵੀ ਵਰਗੇ ਸ਼ੂਕਦੇ ਦਰਿਆ ਨੂੰ ਵਾਰ-ਵਾਰ ਪਾਰ ਕਰਨ ਦੀਆਂ ਮੁਸ਼ਕਿਲਾਂ, ਰੇਤਲੇ, ਉਜਾੜ ਬੀਆਬਾਨ, ਜੰਗਲੀ ਇਲਾਕੇ, ਜ਼ਹਿਰੀਲੇ ਸੱਪਾਂ ਦੀਆ ਸਿਰੀਆਂ ਮੱਧਦੇ ਹੋਏ ਤੇ ਫੌਜ ਦੀਆ ਗੋਲੀਆਂ ਦੇ ਸਾਏ ਹੇਠ ਹਮੇਸ਼ਾ ਮੌਤ ਨੂੰ ਮਾਸੀ ਕਹਿ ਆਪਣੇ ਯਾਰ/ਪਿਆਰ ਨੂੰ ਮਿਲਣ ਜਾਣ ਦੇ ਦਰਦਨਾਕ/ਖੌਫ਼ਨਾਕ/ਦੁਖਾਂਤਕ ਵੇਰਵੇ ਆਪਣੇ ਆਪ ਵਿਚ ਬਾ-ਮਿਸਾਲ ਤੇ ਹੈਰਾਨੀਜਨਕ ਹਨ।

ਨਾਵਲ ਦੇ ਵਿਭਿੰਨ ਪਹਿਲੂਆਂ/ਸਰੋਕਾਰਾਂ ਬਾਰੇ ਚਰਚਾ ਕਰਨ ਉਪਰੰਤ ਲੇਖਕ ਦੀ ਸ਼ੈਲੀ ਬਾਰੇ ਗੱਲ ਕਰਨੀ ਬਣਦੀ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਕਿਸੇ ਲੇਖਕ ਦੀ ਵਿਲੱਖਣ ਪਹਿਚਾਣ ਉਸ ਦੀ ਨਿਵੇਕਲੀ ਲੇਖਣੀ/ ਸ਼ੈਲੀ ਤੈਅ ਕਰਦੀ ਹੈ। ਉਸ ਵਿਚਾਰ ਤੇ ਲੇਖਕ ਖਰਾ ਉਤਰਦਾ ਦਿਖਾਈ ਦਿੰਦਾ ਹੈ। ਗੱਲ ਕਹਿਣ ਦਾ ਸਰਲ ਸਧਾਰਣ ਅੰਦਾਜ਼, ਵਿਲੱਖਣ ਕਿਸਮ ਦੀ ਵਾਕ ਬਣਤਰ, ਖੇਤਰੀ (ਮਾਝੀ) ਸ਼ਬਦਾਂ ਨੂੰ ਸਪਸ਼ਟ ਕਰਨਾ ਤੇ ਕਾਂਡ ਦੇ ਅੰਤ ਉਪਰ ਕੁਝ ਬੇਸ਼ਕੀਮਤੀ ਤੁਕਾਂ ਨਾਵਲ ਨੂੰ ਰਸਦਾਇਕ ਬਣਾਉਂਦੀਆਂ, ਲੇਖਕ ਨੂੰ ਵੱਖਰੀ ਪਹਿਚਾਣ ਦਿਵਾਉਂਦੀਆਂ ਹਨ। ਮੇਰੀ ਨਜ਼ਰੇ ਪੰਜਾਬੀ ਸਾਹਿਤ ’ਚ ਨਿਰਮਲ ਨਿੰਮੇ ਦਾ ਅਹਿਮ ਸਥਾਨ ਸਿਰਫ ਨਾਵਲ ਦੇ ਨਿਵੇਕਲੇ ਵਿਸ਼ੇ ਦੇ ਉਤਮ ਨਿਭਾਅ ਕਾਰਨ ਹੀ ਨਹੀਂ ਸਗੋਂ ਵਿਲੱਖਣ ਕਥਾ ਸ਼ੈਲੀ ਵੀ ਘੱਟ ਮਹੱਤਵਪੂਰਣ ਨਹੀਂ।

ਪੰਜਾਬੀ ਨਾਵਲ ਦੇ ਇਤਿਹਾਸ ’ਚ ਨਿਰਮਲ ਨਿੰਮਾ ਲੰਗਾਹ ਦਾ ਨਾਵਲ ਪੜ੍ਹਨ ਉਪਰੰਤ ਇਹ ਧਾਰਨਾ ਬਣਨੀ ਲਾਜ਼ਮੀ ਹੈ ਕਿ ਇਹ ਨਾਵਲ ਪੰਜਾਬੀ ਨਾਵਲ ਦੇ ਇਤਿਹਾਸ ’ਚ ਮੀਲ ਪੱਥਰ ਦਾ ਕੰਮ ਜ਼ਰੂਰ ਕਰੇਗਾ। ਲੇਖਕ ਤੇ ਨਾਵਲ ਕਈ ਗੰਭੀਰ ਸਵਾਲ ਵੀ ਖੜ੍ਹੇ ਕਰਦੇ ਹਨ। ਲੇਖਕ ਅਨੁਸਾਰ ਵੱਖ-ਵੱਖ ਪ੍ਰਕਾਸ਼ਕਾਂ ਦੁਆਰਾ ਨਾਵਲ ਛਾਪਣ ਤੋਂ ਜਵਾਬ ਦੇ ਦੇਣਾ ਜਿੱਥੇ ਕਈ ਚਿੰਤਨੀ ਸਵਾਲ ਖੜ੍ਹੇ ਕਰਦਾ ਹੈ। ਉਥੇ ਜਗਿਆਸੂ ਬੁਧੀ ਵਾਲੇ ਆਮ ਪਾਠਕਾਂ ਦੇ ਨਾਵਲ ਪ੍ਰਤੀ ਹਾਂ-ਪੱਖੀ ਹੁੰਗਾਰੇ ਦੇ ਬਾਵਜੂਦ ਵੀ ਸਮਕਾਲੀ ਆਲੋਚਕਾਂ ਦੁਆਰਾ ਨਾਵਲ ਦਾ ਨੋਟਸ ਨਾ ਲੈਣਾ ਕਈ ਕਿਸਮ ਦੇ ਸ਼ੰਕੇ/ ਸਵਾਲ ਖੜ੍ਹੇ ਕਰਦਾ ਹੈ। ਪੰਜਾਬੀ ਸਾਹਿਤ ਦੇ ਇਸ ਅਣਗੌਲੇ, ਪ੍ਰੰਤੂ ਸ਼ਸਕਤ ਨਾਵਲਕਾਰ ਤੋਂ ਆਉਣ ਵਾਲੇ ਸਮੇਂ ’ਚ ਹੋਰ ਹੱਡੀ ਹੰਢਾਏ ਅਨੁਭਵਾਂ ਨੂੰ ਸਾਹਿਤ ਵਿਚ ਢਾਲ ਕੇ ਸ਼ਾਹਕਾਰ ਰਚਨਾਵਾਂ ਦੇਣ ਦੀ ਆਸ ਨਾਲ........।

**ਲੈਕ. ਪੰਜਾਬੀ ਪ.ਸ.ਸ.ਬ., ਆਦਰਸ਼ ਸੀਨੀ. ਸੈਕੰ. ਸਕੂਲ, ਜਵਾਹਰ ਸਿੰਘ ਵਾਲਾ (ਮੋਗਾ)**



# 1990 ਤੋਂ ਬਾਅਦ ਦੀ ਪੰਜਾਬੀ ਕਹਾਣੀ : ਵਿਭਿੰਨ ਪਾਸਾਰ

**- ਨਿੰਦਰਪਾਲ ਕੌਰ**

ਸਮਕਾਲੀ ਪੰਜਾਬੀ ਕਹਾਣੀ ਵਿਭਿੰਨ ਵਰਤਾਰਿਆਂ ਨਾਲ ਸੰਵਾਦ ਰਚਾਉਂਦੀ ਉਤਰ-ਆਧੁਨਿਕਤਾ ਅਤੇ ਵਿਸ਼ਵੀਕਰਨ ਜਿਹੇ ਸੰਕਲਪਾਂ ਦੇ ਪ੍ਰਭਾਵ ਕਬੂਲਦੀ ਅਨੇਕਾਂ ਪੱਖਾਂ ਨੂੰ ਰੂਪਮਾਨ ਕਰਨ ਦੇ ਸਮਰੱਥ ਹੈ। ਜਿੱਥੇ ਉੱਤਰ-ਆਧੁਨਿਕਤਾ ਦਾ ਸੰਕਲਪ ਸਮੱਗਰਮੁਖੀ ਸੋਚ-ਪ੍ਰਬੰਧ ਨੂੰ ਤੋੜਦਾ ਬਹੁ-ਕੇਂਦਰੀਵਾਦ ਦੀ ਧੁਨੀ ਉਸਾਰਦਾ ਹੈ, ਨਾਲ ਪੰਜਾਬੀ ਕਹਾਣੀ ਦਾ ਰਚਨਾ ਦਾਇਰਾ ਮਾਨਵੀ ਜੀਵਨ ਦੇ ਨਿੱਕੇ ਤੋਂ ਨਿੱਕੇ ਛਿਣਾਂ ਨੂੰ ਵੀ ਆਪਣੇ ਕਲੇਵਰ ਵਿਚ ਲੈਂਦਾ ਹੈ। ਸੀਮਤ ਵਿਸ਼ਿਆਂ ਦੀ ਜ਼ਦ ਵਿੱਚੋਂ ਨਿਕਲ ਕੇ ਪ੍ਰਚੱਲਿਤ ਵਾਦ ਅਧੀਨ ਰਚਨਾ ਕਰਨ ਦੀ ਥਾਂ ਸੁਤੰਤਰ ਮੁੱਲਾਂ ਅਧੀਨ ਕਹਾਣੀ ਸਿਰਜਣਾ ਕਰਨ ਵਾਲੇ ਕਹਾਣੀਕਾਰ ਵੀ ਸਾਹਮਣੇਂ ਆਉਂਦੇ ਹਨ। ਇਸ ਵਿਧਾਨ ਅਧੀਨ ਪ੍ਰਚੱਲਿਤ ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਦੀ ਥਾਂ ਮਾਨਵੀ ਹੋਂਦ ਦੀ ਮਹੱਤਤਾ ਵਧੇਰੇ ਉਜਾਗਰ ਹੁੰਦੀ ਹੈ। ਡਾ. ਧਨਵੰਤ ਕੌਰ ਪੰਜਾਬੀ ਕਹਾਣੀ ਦੀ ਇਸ ਵਿਲੱਖਣਤਾ ਬਾਰੇ ਲਿਖਦੀ ਹੈ,

*“ਅੱਜ ਪੰਜਾਬੀ ਕਹਾਣੀ ਇਕ ਪਾਸੇ ਪੰਜਾਬੀ ਰਹਿਤਲ ਨੂੰ ਉਸਦੀਆਂ ਬਾਰੀਕੀਆਂ ਤਕ ਪਛਾਣਨ ਲਈ ਸਾਡੇ ਜਾਤੀ ਤੇ ਜਮਾਤੀ ਸਮਾਜ ਦੇ ਨਿੱਕੇ ਤੋਂ ਨਿੱਕੇ ਵਰਗਾਂ, ਸਾਡੇ ਬਾਹਰੀ ਯਥਾਰਥ ਵਿਚ ਵਾਪਰੇ ਨਿੱਕੇ ਤੋਂ ਨਿੱਕੇ ਟਕਰਾਵਾਂ ਅਤੇ ਸਾਡੇ ਜੀਣ ਥੀਣ ਵਿਚ ਆ ਰਹੀ ਨਿੱਕੀ ਤੋਂ ਨਿੱਕੀ ਤਬਦੀਲੀ ਦਾ ਨੋਟਿਸ ਲੈ ਰਹੀ ਹੈ ਅਤੇ ਦੂਜੇ ਪਾਸੇ ਵਿਅਕਤੀ ਦੇ ਨਿਗੂਣੇ ਤੋਂ ਨਿਗੂਣੇ ਭਾਵਾਂ, ਉਦਗਾਰਾਂ, ਪ੍ਰਤਿਕਰਮਾਂ ਨੂੰ ਰਜਿਸਟਰ ਕਰ ਰਹੀ ਹੈ।”*[1]

ਹਾਲਾਂਕਿ ਪੰਜਾਬੀ ਕਹਾਣੀ ਪੰਜਾਬੀ ਸਮਾਜ ਦੀਆਂ ਉਨ੍ਹਾਂ ਸਭ ਧੁਨੀਆਂ ਦਾ ਬਿਰਤਾਂਤ ਸਿਰਜਦੀ ਹੈ, ਜਿਹੜੀਆਂ ਪੰਜਾਬੀ ਸਮਾਜ ਦੀ ਇਤਿਹਾਸਕ ਗਤੀ ਵਿਕਾਸ ਵਿੱਚੋਂ ਪੈਦਾ ਹੁੰਦੀਆਂ ਹਨ। ਕਹਾਣੀ ਦੇ ਮੁੱਢਲੇ ਆਦਰਸ਼ਵਾਦੀ ਦੌਰ ਤੋਂ ਲੈ ਕੇ 21 ਵੀਂ ਸਦੀ ਤਕ ਪਹੁੰਚਦਿਆਂ ਪੰਜਾਬੀ ਕਹਾਣੀ ਵਿਚ ਵਸਤੂ, ਰੂਪ ਅਤੇ ਦ੍ਰਿਸ਼ਟੀ ਦੀ ਪੱਧਰ ’ਤੇ ਅਨੇਕਾਂ ਬਦਲਾਅ ਸਨਮੁੱਖ ਹੁੰਦੇ ਹਨ। ਇਸ ਪੇਪਰ ਵਿਚ 1990 ਤੋਂ ਬਾਅਦ ਦੀਆਂ ਕੁੱਝ ਚੋਣਵੀਆਂ ਕਹਾਣੀਆਂ ਨੂੰ ਹੀ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ।

1990 ਤਕ ਪਹੁੰਚਦਿਆਂ ਪੰਜਾਬੀ ਜਨ-ਜੀਵਨ ਵਿਚ ਸਮਾਜਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਪੱਧਰ ’ਤੇ ਤਬਦੀਲੀਆਂ ਵਾਪਰਦੀਆਂ ਹਨ। ਜਿਸਦੇ ਪ੍ਰਭਾਵਵੱਸ ਮਨੁੱਖੀ ਜੀਵਨ ਜਾਂਚ ਵਧੇਰੇ ਗੁੰਝਲਦਾਰ ਅਤੇ ਬਹੁ-ਪਾਸਾਰੀ ਹੋ ਜਾਂਦੀ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਤਹਿਤ ਵੱਖ-ਵੱਖ ਦੇਸ਼ਾਂ ਦੀ ਆਪਸੀ ਨੇੜਤਾ, ਵਿਕਸਿਤ ਤਕਨਾਲੋਜੀ, 1994 ਦਾ ਗੈਟ ਸਮਝੌਤਾ ਤੇ ਮੁਕਤ ਵਪਾਰ ਦੀਆਂ ਧਾਰਨਾਵਾਂ, ਸੂਚਨਾ ਤੇ ਸੰਚਾਰਗਤ ਸਾਧਨਾਂ ਦਾ ਪਾਸਾਰ ਆਦਿ ਤਬਦੀਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। *“ਜੋ ਭਾਰਤ ਵਿਚ ਨੱਬੇਵਿਆਂ ਵਿਚ ਵਾਪਰਿਆਂ ਉਹ ਕ੍ਰਾਤੀਕਾਰੀ ਸੀ। ਵੀਹਵੀਂ ਸਦੀ ਦੇ ਪਹਿਲੇ ਅੱਧ ’ਚ ਭਾਰਤ ਦੀ ਸੁਤੰਤਰਤਾ ਦੇ ਸੰਘਰਸ਼ ਵਾਂਗ ਇਹ ਅਹਿੰਸਕ ਢੰਗ ਨਾਲ ਹੋਈ ਤਬਦੀਲੀ ਸੀ। ਇਸ ਮੂਕ ਕ੍ਰਾਂਤੀ ਨਾਲ ਸਾਡੇ ਸਮਾਜ ਵਿਚ ਵੱਡੀਆਂ ਤਬਦੀਲੀਆਂ ਆਈਆਂ। ਸਭ ਤੋਂ ਅਹਿਮ ਸੀ ਉਹ ਮਾਨਸਿਕ ਤਬਦੀਲੀ ਜਿਸ ਨਾਲ ਕੌਮ ਦੀ ਵਿਸ਼ਵ-ਦ੍ਰਿਸ਼ਟੀ ਹੀ ਬਦਲਣੀ ਸ਼ੁਰੂ ਹੋ ਗਈ।”*[2] ਇਸ ਪਰਿਵਰਤਿਤ ਹੋਈ ਦ੍ਰਿਸ਼ਟੀ ਦਾ ਅਸਰ ਹਰ ਸਮਾਜਕ ਵਰਤਾਰੇ ਵਿਚ ਨਿਹਿਤ ਹੈ। ਪੰਜਾਬੀ ਸਾਹਿਤ ਦੇ ਹੋਰਨਾਂ ਰੂਪਾਂ ਦੇ ਨਾਲ ਪੰਜਾਬੀ ਕਹਾਣੀ ਵਿਧਾ ਨੇ ਵੀ ਇਸ ਦਾ ਪ੍ਰਭਾਵ ਕਬੂਲਿਆ ਹੈ।1990 ਤੋਂ ਬਾਅਦ

ਦੀ ਸਮੁੱਚੀ ਕਹਾਣੀ ਨੂੰ ਇਕ ਸਮਾਨ ਰੂਪ ਵਿਚ ਨਹੀਂ ਰੱਖਿਆ ਜਾ ਸਕਦਾ, ਹਾਲਾਂਕਿ ਸਰਲ ਤੇ ਸਪੱਸ਼ਟ ਕਹਾਣੀ ਵੀ ਲਿਖੀ ਜਾ ਰਹੀ ਹੈ।ਪਰ ਅਜੋਕਾ ਜੀਵਨ ਹੀ ਪਹਿਲਾਂ ਤੋਂ ਵਧੇਰੇ ਗੁੰਝਲਦਾਰ ਹੋ ਗਿਆ ਤਾਂ ਕਹਾਣੀ ਵਿਚ ਇਸ ਦੀ ਪੇਸ਼ਕਾਰੀ ਸੁਭਾਵਿਕ ਹੈ। ਵਿਸ਼ਵੀਕਰਨ ਦੇ ਪ੍ਰਭਾਵ ਹੇਠ ਨੈਤਿਕ-ਸਮਾਜਕ ਅਤੇ ਸਭਿਆਚਾਰਕ ਕੀਮਤਾਂ ਵਿਚ ਪਰਿਵਰਤਨ, ਸਵੈਮੁਖੀ ਸੋਚ, ਭ੍ਰਿਸ਼ਟਾਚਾਰ, ਦੇਹ ਵਪਾਰ, ਨਾਰੀ ਅਤੇ ਦਲਿਤ ਪਛਾਣ, ਉਪਭੋਗਤਾਵਾਦੀ ਰੁਚੀਆਂ, ਧਾਰਮਿਕ ਸੰਕੀਰਣਤਾ ਆਦਿ ਅਨੇਕਾਂ ਪਾਸਾਰ ਸਾਹਮਣੇ ਆਉਂਦੇ ਹਨ।

## ਸਮਾਜਕ-ਸਭਿਆਚਾਰਕ ਮੁੱਲਾਂ ਵਿਚ ਪਰਿਵਰਤਨ

ਇਸ ਸਮੇਂ ਦੀ ਕਹਾਣੀ ਵਿਚ ਸਮਾਜ-ਸਭਿਆਚਾਰ ਵਿਚ ਪਰਿਵਰਤਨ ਦੇ ਨਾਲ ਪਰਿਵਾਰਿਕ ਰਿਸ਼ਤਿਆਂ ਵਿਚਲੇ ਨਿੱਘ ਨੂੰ ਵੀ ਖੋਰਾ ਲੱਗਿਆ ਹੈ। ਰਿਸ਼ਤਿਆਂ ਨੂੰ ਪਾਲਣ ਦਾ ਦਿਖਾਵਾ ਤਾਂ ਕਿਸੇ ਨਾ ਕਿਸੇ ਰੂਪ ਵਿਚ ਬਰਕਰਾਰ ਹੈ, ਪਰ ਅੰਦਰੋਂ ਇਹ ਖੋਖਲੇ ਹੋ ਚੁੱਕੇ ਹਨ। ਅਜਿਹਾ ਪਾਸਾਰ **ਵਿਸ਼ਵ ਜਯੋਤੀ ਧੀਰ** ਦੀ ਕਹਾਣੀ '**ਐਂਟੀਕ ਪੀਸ**' ਵਿਚ ਸਿਰਜਿਆ ਗਿਆ ਹੈ। ਜਿੱਥੇ ਪਰਿਵਾਰ ਨੂੰ ਆਪਣੇ ਪੁਰਖਿਆਂ ਦੀਆਂ ਵਸਤਾਂ ਨੂੰ ਸੰਭਾਲਣਾ ਆਪਣੇ ਵਿਰਸੇ ਦਾ ਗੌਰਵ ਲੱਗਦਾ ਹੈ, ਪਰ ਅਸਲੀ ਵਿਰਸਾ ਤਾਂ ਉਨ੍ਹਾਂ ਨੂੰ ਦਿਸਦਾ ਨਹੀਂ। ਜਾਗੀਰਦਾਰੀ ਪ੍ਰਬੰਧ ਵਾਲੇ ਘਰ ਵਿਚ ਸਾਰੀਆਂ ਚੀਜ਼ਾਂ ਰਾਜੇ-ਮਹਾਰਾਜਿਆਂ ਵਾਂਗ ਸ਼ੌਕ ਵਜੋਂ ਸੰਭਾਲ ਕੇ ਰੱਖੀਆਂ ਗਈਆਂ ਹਨ, ਉੱਥੇ ਬਜ਼ੁਰਗ ਪਾਤਰ ਜੋ ਪਰਿਵਾਰ ਨੂੰ ਬੇਲੋੜਾ ਜਾਪਦਾ ਜ਼ਿੰਦਗੀ ਅਤੇ ਮੌਤ ਵਿਚਕਾਰ ਬੇਹਾਲ ਹੈ। ਇਹ ਕਹਾਣੀ ਕੇਵਲ ਅਜੋਕੇ ਸਭਿਆਚਾਰਕ ਖੋਖਲੇਪਨ ਨੂੰ ਹੀ ਨੰਗਾਂ ਨਹੀਂ ਕਰਦੀ, ਸਗੋਂ ਫੌਕੀ ਟੋਹਰ ਦੇ ਨਾਅ 'ਤੇ ਆਧੁਨਿਕ ਮਨੁੱਖ ਵਿੱਚੋਂ ਮਨਫੀ ਹੋਈਆਂ ਕਦਰਾਂ-ਕੀਮਤਾਂ 'ਤੇ ਵੀ ਵਿਅੰਗ ਕਰਦੀ ਹੈ:

*"ਇਹ ਕਿਹੋ ਜੀ ਸਰਦਾਰੀ ਹੈ। ਬੇਜ਼ਾਨ ਚੀਜ਼ਾਂ ਨੂੰ ਤਾਂ ਸੰਭਾਲ-ਸੰਭਾਲ ਰੱਖਦੇ ਨੇ ਏਸ ਵਿਰਸੇ 'ਚੋਂ ਉਨ੍ਹਾਂ ਦੀ ਸਰਦਾਰੀ ਤੇ ਠਾਠ-ਬਾਠ ਝਲਕਦਾ ਹੈ। ਪਰ ਅਸਲੀ ਵਿਰਸਾ ਜਿਹੜਾ ਜਿਉਂਦਾ ਜਾਗਦਾ ਹੈ ਉਸ ਨੂੰ ਘਰ ਦੀ ਸਬਾਤ ਵਿਚ ਪੁਰਾਣੇ ਸਮਾਨ ਨਾਲ ਸੁੱਟਿਆ ਹੋਇਐ।"*[3]

ਕਹਾਣੀ ਵਿਚ ਅਜੋਕੇ ਮਾਨਵੀ ਰਿਸ਼ਤਿਆਂ ਦੇ ਗਿਰ ਰਹੇ ਗਿਰਾਫ ਨੂੰ ਉਨ੍ਹਾਂ ਦੀ ਝੂਠੀ ਸਰਦਾਰੀ ਰਾਹੀਂ ਬਾਖੂਬੀ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ '**ਕੇਹਾ ਵਿਸਾਖੀ ਵਾਲਾ ਮੇਲਾ**' ਕਹਾਣੀ ਵਿਚ ਬਾਬੇ ਜਾਗਰ ਦੇ ਪੁੱਤਰਾਂ ਅਤੇ ਨੂੰਹ ਚਰਨੋਂ ਨੂੰ ਸਵੈ-ਕੇਂਦਰਿਤ ਸੋਚ ਅਤੇ ਪੈਸੇ ਪ੍ਰਤੀ ਲਾਲਸਾ ਵਾਲੇ ਕਿਰਦਾਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਜਾਗਰ ਆਪਣੀ ਪਤਨੀ ਸੰਤੀ ਦੀ ਮੌਤ ਪਿੱਛੋਂ ਉਸਦੀਆਂ ਯਾਦਾਂ ਨੂੰ ਅਣਮੋਲ ਸੁਗਾਤ (ਸੰਤੀ ਦੀ ਐਨਕ, ਮਾਲਾ, ਪਾਟੇ ਜਿਹੇ ਰੁਮਾਲ ਵਿਚ ਬੰਨ੍ਹੇ ਸੁੱਖਣਾ ਦੇ ਪੈਸੈ ਤੇ ਬੁੱਕ ਕੁ ਮਿੱਠੀਆਂ ਖਿੱਲਾਂ) ਦੇ ਰੂਪ ਵਿਚ ਸਾਂਭ ਕੇ ਰੱਖਦਾ ਹੈ। ਪਰ ਕਹਾਣੀ ਦੇ ਅੰਤ 'ਤੇ ਬਾਬੇ ਜਾਗਰ ਦੇ ਆਕੜੇ ਪਏ ਸਰੀਰ ਤੋਂ ਗੁਥਲੀ ਖਿੱਚ ਕੇ ਇਸ ਨੂੰ ਲਾਲਸਾ ਵੱਸ ਬਖੇਰ ਚਰਨੋਂ ਆਪਣੀ ਸੋੜੀ ਦ੍ਰਿਸ਼ਟੀ ਨੂੰ ਉਜਾਗਰ ਕਰ ਜਾਂਦੀ ਹੈ। ਇਹ ਕਹਾਣੀਆਂ ਸਭਿਆਚਾਰਕ ਖੋਖਲੇਪਨ ਅਤੇ ਮਾਨਵੀ ਰਿਸ਼ਤਿਆਂ ਦੀ ਖੁਰ ਰਹੀਂ ਹੋਂਦ ਨੂੰ ਅਜੋਕੇ ਮਨੁੱਖ ਦੀ ਪੈਸਾ ਅਤੇ ਸੋਹਰਤ ਕੇਂਦਰਿਤ ਸੋਚ ਨਾਲ ਜੋੜ ਕੇ ਪੇਸ਼ ਕਰਦੀਆਂ ਹਨ।

**ਇਸ** ਪਰਿਵਰਤਨ ਦੇ ਨਾਲ ਵਿਆਹ ਜਿਹੀ ਸਮਾਜਕ ਸੰਸਥਾ ਨੂੰ ਵੀ ਢਾਹ ਲੱਗੀ ਹੈ। ਅਜੋਕੇ ਜੀਵਨ ਵਿਚ ਆਰਥਿਕ-ਸਮਾਜਕ ਪਰਿਵਰਤਨ ਦੇ ਨਾਲ ਆਮ ਆਦਮੀ ਦਾ ਵੀ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਬਦਲਿਆ ਹੈ। **ਸੁਰਿੰਦਰ ਨੀਰ** ਦੀ ਕਹਾਣੀ '**ਖੁੱਲ੍ਹ ਜਾ ਸਿੰਮ ਸਿੰਮ**' ਦਾ ਕੇਸਰ ਆਪਣੇ ਮਾਂ-ਬਾਪ ਦੇ ਕੌੜੇ ਵਿਆਹੁਤਾ ਸੰਬੰਧਾਂ ਵਿਚਲੇ ਹਰ-ਰੋਜ ਦੇ ਝਗੜਿਆਂ ਵਾਲੀ ਜ਼ਿੰਦਗੀ ਨੂੰ ਵੇਖ ਆਜ਼ਾਦ ਸੰਬੰਧ ਸਿਰਜਣ ਨੂੰ ਤਰਜੀਹ ਦਿੰਦਾ ਹੈ। ਕੇਸਰ ਤੇ ਉਸਦੀ ਦੋਸਤ ਦਾ ਵਿਚਾਰ ਸੀ:



*" ਅਸੀਂ ਇਸ ਬੰਧਨ ਤੋਂ ਬਿਲਕੁਲ ਆਜ਼ਾਦ ਆਪਣੇ ਇਕ ਸੁਤੰਤਰ ਰਿਸ਼ਤੇ ਨੂੰ ਨਾਲ-ਨਾਲ ਰਹਿ ਕੇ ਜੀਆਂਗੇ। ਇਕ ਦੂਜੇ ਦਾ ਸਤਿਕਾਰ ਕਰ ਸਕਾਂਗੇ। ਜੋ ਵਿਆਹ ਕਰਕੇ ਗੁਆਚ ਜਾਂਦਾ ਹੈ।"*[4]

ਕੇਸਰ ਨੂੰ ਲੱਗਦਾ ਕਿ ਦੋ ਵਿਅਕਤੀਆਂ ਦੇ ਇਕੱਠੇ ਰਹਿਣ 'ਤੇ ਬਣਿਆ ਪਿਆਰ ਤੇ ਸਤਿਕਾਰ ਵਿਆਹੁਤਾ ਸੰਬੰਧਾਂ ਵਿਚ ਖੁਸ ਜਾਂਦਾ ਹੈ। ਜਿਸ ਦਾ ਬਦਲ ਕੇਸਰ 'ਲਿਵ ਇਨ-ਰਿਲੇਸਨਸਿਪ' ਨੂੰ ਅਪਣਾਉਂਦਾ ਹੈ।

## ਉਪਭੋਗੀ ਕਲਚਰ ਵਿਚ ਦੇਹਵਾਦੀ ਰੁਚੀਆਂ ਦਾ ਰੁਝਾਨ

ਪੂੰਜੀਵਾਦ ਦੀ ਚੜ੍ਹਤ ਅਤੇ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਵਾਪਰੀਆਂ ਤਬਦੀਲੀਆਂ ਨੇ ਮਨੁੱਖੀ ਮਾਨਸਿਕਤਾ ਨੂੰ ਪ੍ਰਭਾਵਿਤ ਕੀਤਾ ਹੈ। ਇਸ ਤਬਦੀਲੀ ਦੇ ਵਰਤਾਰੇ ਵਿਚ ਖਪਤ ਸਭਿਆਚਾਰ ਨੂੰ ਬੜਾਵਾ ਜ਼ਿੰਦਗੀ ਦੇ ਨਿੱਕੇ ਤੋਂ ਨਿੱਕੇ ਛਿਣ ਤਕ ਰਸਾਈ ਕਰ ਜਾਂਦਾ ਹੈ। ਬਹੁ-ਕੌਮੀ ਕਾਰਪੋਰੇਟਾਂ ਦੀ ਆਮਦ ਨੇ ਪੂੰਜੀ ਖਪਤ ਲਈ ਬਾਜ਼ਾਰਵਾਦ ਦੀ ਰੁਚੀ ਨੂੰ ਵੱਡਾ ਹੁਲਾਰਾ ਦਿੱਤਾ ਹੈ। ਉਪਭੋਗਤਾਵਾਦ ਹਰ ਇਕ ਨੂੰ ਵਸਤੂ ਵਿਚ ਤਬਦੀਲ ਕਰਨ ਨੂੰ ਤਰਜੀਹ ਦਿੰਦਾ ਹੈ। ਇੱਥੋਂ ਤਕ ਕਿ ਮਾਨਵੀ ਸਰੀਰ ਨੂੰ ਵੀ ਇਕ ਵਸਤ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਜਿਸ ਦਾ ਪ੍ਰਤੱਖ ਅਸਰ ਪੰਜਾਬੀ ਕਹਾਣੀ ਵਿੱਚੋਂ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਸਮੇਂ ਕਹਾਣੀ ਵਿਚ ਵਰਜਿਤ ਰਿਸ਼ਤਿਆਂ ਵਿਚ ਜਟਿਲ ਔਰਤ-ਮਰਦ ਸੰਬੰਧ, ਖੰਡਿਤ ਮਾਨਸਿਕਤਾ, ਕਾਮੁਕ ਅਤ੍ਰਿਪਤੀ, ਦੇਹੀ ਜਸ਼ਨ ਦਾ ਪ੍ਰਗਟਾਵਾ ਅਤੇ ਪੂੰਜੀ ਖਪਤ ਲਈ ਨਾਰੀ ਜਿਸਮ ਨੂੰ ਆਧਾਰ ਬਣਾਉਣਾ ਆਦਿ ਪਾਸਾਰ ਪੇਸ਼ ਹੁੰਦੇ ਹਨ। **ਰਸ਼ਪਿੰਦਰ ਰਸ਼ਿਮ** ਦੀ ਕਹਾਣੀ '**ਤਿਲ ਕੂ ਕਾਲਖ**' ਵਿਚ ਮਨੁੱਖ (ਔਰਤ) ਦੀ ਪਹਿਚਾਣ ਹੀ ਉਸ ਦੇ ਜਿਸਮ ਦੇ ਕਾਲੇ ਤਿਲ ਨਾਲ ਕੀਤੀ ਜਾਂਦੀ ਹੈ। ਕਹਾਣੀ ਵਿਚਲੀ ਇਹ ਔਰਤ ਸੁਪਰ ਹਿਟ ਫਿਲਮ 'ਮੈਲੀ ਚਾਂਦਨੀ' ਦੀ ਨਾਇਕਾ ਦੇਵਿਕਾ ਮਾਂਜਰੇਕਰ ਹੈ। ਫਿਲਮ ਦੇ ਇਕ ਸੀਨ ਵਿਚ ਦੇਵਿਕਾ ਨਾਲ ਖਲਨਾਇਕ ਦੁਆਰਾ ਬਲਾਤਕਾਰ ਹੁੰਦੇ ਵਿਖਾਇਆ ਜਾਂਦਾ ਹੈ। ਇਹ ਦ੍ਰਿਸ਼ ਇਸ ਪ੍ਰਕਾਰ ਫੋਕਸ ਕੀਤਾ ਜਾਂਦਾ ਹੈ ਕਿ ਫਿਲਮ ਦੇ ਥੀਮ ਦੀ ਪੇਸ਼ਕਾਰੀ ਨਾਲੋਂ ਨਿਰਦੇਸ਼ਕ ਆਪਣੀ ਵਿਚਾਰਧਾਰਾ ਨੂੰ ਜ਼ਿਆਦਾ ਤਰਜੀਹ ਦਿੰਦਾ ਹੈ। ਫਿਲਮ ਦੇ ਇਸ ਦ੍ਰਿਸ਼ ਤੋਂ ਉਪਜੀ ਉਤੇਜਨਾ ਨੂੰ ਫੈਂਟਸੀ ਰਾਹੀਂ ਇਸ ਪ੍ਰਕਾਰ ਪੇਸ਼ ਕੀਤਾ ਹੈ:

*"ਇਸ ਦ੍ਰਿਸ਼ ਨੂੰ ਅੱਖਾਂ ਪਾੜ ਪਾੜਕੇ ਵੇਖਿਆ ਬੁੱਲਾਂ ਉੱਤੇ ਜੀਭ ਫੇਰ ਫੇਰਕੇ ਵੇਖਿਆ। ਖਲਨਾਇਕ ਦੇ ਨਾਲ ਨਾਲ ਸਭ ਨੇ ਦੇਵਿਕਾ ਮਾਂਜਰੇਕਰ ਨੂੰ ਕਮਰ ਤੋਂ ਫੜਕੇ ਧੂਹਿਆਂ, ਸਭ ਨੇ ਉਸ ਦੀਆਂ ਬਾਹਵਾਂ ਮਰੋੜੀਆਂ ਵਾਲ ਪੁੱਟੇ, ਉਸਦੇ ਸਰੀਰ ਨੂੰ ਜ਼ੋਰੀ ਜਬਰੀ ਆਪਣੇ ਸਰੀਰਾਂ ਨਾਲ ਜੋੜਿਆ। ਫਿਰ ਖਲਨਾਇਕ ਦੇ ਨਾਲ ਨਾਲ ਸਭ ਨੇ ਉਸ ਮੋਟੇ ਕਾਲੇ ਤਿਲ ਨੂੰ ਚੁੰਮਿਆ ਅਤੇ ਨਾਇਕਾ ਦੀ ਵੱਖੀ 'ਚ ਠੁੱਡਾ ਮਾਰਿਆ।"*[5]

ਸ਼ੋਸ਼ਣ ਤੋਂ ਬਾਅਦ ਨਾਇਕਾ ਦੀ ਸਥਿਤੀ ਅਤਿ-ਤ੍ਰਾਸਦਿਕ ਹੈ। ਪਰ ਨਿਰਦੇਸ਼ਕ ਇਸ ਨੂੰ ਤ੍ਰਾਸਦਿਕ ਨਹੀਂ ਬਣਾਉਣਾ ਚਾਹੁੰਦਾ। ਉਹ ਇਕ ਮਨੁੱਖ ਦੀ ਥਾਂ ਮਹਿਜ਼ ਉਸਦੇ ਜਿਸਮ ਨੂੰ ਪੇਸ਼ ਕਰਕੇ ਔਰਤ ਦੇਹ ਨੂੰ ਵਸਤ ਵਿਚ ਤਬਦੀਲ ਕਰ ਰਿਹਾ ਹੈ ਤੇ ਇਸ ਵਸਤ ਨੂੰ ਵੇਖ ਕੇ ਦਰਸ਼ਕਾਂ ਦੀ ਭੋਗੀ ਬਿਰਤੀ ਨੂੰ ਉਕਸਾਇਆ ਜਾਂਦਾ ਹੈ। ਜਿਸਦਾ ਮਨੋਰਥ ਨਿਰਦੇਸ਼ਕ ਲਈ ਸਿਰਫ ਆਪਣੀ ਪੂੰਜੀ ਤਕ ਸੀਮਤ ਹੈ।ਉਸਨੇ ਤਾਂ ਕਿਸੇ ਤਰੀਕੇ ਆਪਣੀ ਪੂੰਜੀ ਦਾ ਪਾਸਾਰ ਕਰਨਾ ਹੈ। ਸਮਰੇਂਦਰ ਸਿੰਘ ਔਰਤ ਦੀ ਇਸ ਵਰਤੀ ਜਾ ਰਹੀ ਦੇਹ ਬਾਰੇ ਲਿਖਦਾ ਹੈ:

*"ਭੁੱਖ ਨੰਗ ਤੋਂ ਵਿਚਲਿਤ ਹੋਣ ਦੀ ਬਜਾਇ ਉਦਾਰੀਕਰਨ ਅਤੇ ਖੁੱਲ੍ਹੀ ਅਰਥ-ਵਿਵਸਥਾ ਦਾ ਰਾਗ ਅਲਾਪਿਆ ਜਾਂਦਾ ਹੈ ਤੇ ਪਰਦੇ 'ਤੇ 'ਸ਼ੈਕਸੂਅਲ ਝੁਣਝੁਣੀ' ਪੈਦਾ ਹੁੰਦੀ ਹੈ। ਇਸ ਮਾਧਿਅਮ ਦੇ ਅਨੇਕਾਂ ਦੁਖਦ ਪ੍ਰਭਾਵ ਸਮਾਜ ਵਿਚ ਮੌਜੂਦ ਹਨ।"*[6]

ਸਮੁੱਚੇ ਸਮਾਜ ਵਿਚ ਲੋਕਾਂ ਦੀ ਮਾਨਸਿਕਤਾ ਅਤੇ ਵਿਵਹਾਰ ਨੂੰ ਇਸ ਕਦਰ ਪਭਾਵਿਤ ਕੀਤਾ ਜਾਂਦਾ ਹੈ ਕਿ ਉਹ ਇਕ ਮਨੁੱਖ ਦੇ ਫਿਲਮੀ ਕਿਰਦਾਰ ਨੂੰ ਮਾਨਵ ਦ੍ਰਿਸ਼ਟੀ ਤੋਂ ਜਾਂ ਉਸ ਦੀ ਕਲਾ ਦੀ ਦ੍ਰਿਸ਼ਟੀ ਤੋਂ ਨਹੀਂ, ਸਗੋਂ ਦੇਹ ਦੇ ਰੂਪ ਵਿਚ ਵੇਖਦੇ ਹਨ। ਇਸੇ ਤਰ੍ਹਾਂ **'ਕੂੜੇਦਾਨਾਂ ਵਿਚ ਪਏ ਬੱਚੇ'** ਕਹਾਣੀ ਉਪਭੋਗੀ ਬਿਰਤੀ ਨੂੰ ਸਮੂਹਿਕ ਰੂਪ ਵਿਚ ਬਿਆਨਦੀ ਹੈ। ਕਹਾਣੀ ਔਰਤ-ਮਰਦ ਦੀਆਂ ਆਯਾਸ਼ੀਆਂ ਅਤੇ ਇਨ੍ਹਾਂ ਸੰਬੰਧਾਂ ਦੀ ਉਪਜ ਨਜਾਇਜ ਔਲਾਦ ਨੂੰ ਸਮਾਜ ਦੇ ਕੌੜੇ ਸੱਚ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਹ ਨਜਾਇਜ਼ ਭਰੂਣ ਕੂੜੇਦਾਨਾਂ ਵਿਚ ਪਏ ਪਏ ਆਕੜ ਜਾਂਦੇ ਹਨ। ਪਰ ਆਯਾਸ਼ੀਆਂ ਦਾ ਵਰਤਾਰਾ ਨਿਰੰਤਰ ਚਲਦਾ ਰਹਿੰਦਾ ਹੈ

*"ਨਾਚ ਆਪਣੇ ਜੋਬਨ ਉੱਤੇ ਹੈ। ਗੋਰੇ, ਢਿਲਕਵੇਂ ਮਾਸ, ਸੰਘਣੀਆਂ ਮੁੱਛਾਂ, ਮਖਮਲੀ ਪੈਰ, ਭਾਰੀ ਲਿਸ਼ਕਦੇ ਬੂਟ, ਸੁਰਾਹੀਦਾਰ ਗਰਦਨਾਂ, ਅਲਸਾਏ ਹੋਏ ਹੱਥ, ਲਿਪਸਟਿਕ ਰੰਗੇ ਬੁੱਲ੍ਹ, ਪਤਲੀਆਂ ਕਮਰਾਂ, ਸਭ ਇਸ ਨਾਚ ਵਿਚ ਸ਼ਾਮਿਲ ਹਨ। ਪਤੀ ਖ਼ੁਸ਼ ਹਨ ਕਿ ਉਨ੍ਹਾਂ ਦੀਆਂ ਬੀਵੀਆਂ ਫ਼ਾਇਦੇਮੰਦ ਲੋਕਾਂ ਨਾਲ ਨਾਚ ਕਰ ਰਹੀਆਂ ਹਨ। ਬੀਵੀਆਂ ਹੌਸਲੇ ਵਿਚ ਹਨ ਕਿ ਉਨ੍ਹਾਂ ਦੇ ਪਤੀ ਉਨ੍ਹਾਂ ਤੋਂ ਘੱਟ ਰੁਤਬੇ ਦੀਆਂ ਔਰਤਾਂ ਨੂੰ ਉਹਲਿਆਂ ਵਿਚ ਲਿਜਾ ਰਹੇ ਹਨ।"*[7]

ਇਸ ਉਪਭੋਗੀ ਬਿਰਤੀ ਦਾ ਪ੍ਰਚਲਨ ਇਸ ਕਦਰ ਭਾਰੂ ਪੈ ਰਿਹਾ ਹੈ ਕਿ ਇਕ ਆਮ ਮਨੁੱਖ ਦੇ ਸੁਭਾਅ ਵਿੱਚੋਂ ਭਾਈਚਾਰਕ ਅਤੇ ਪਰਿਵਾਰਿਕ ਸਦਾਚਾਰਕ ਕੀਮਤਾਂ ਮਨਫੀ ਹੋ ਰਹੀਆਂ ਹਨ। **ਜਸਵੀਰ ਰਾਣਾ** ਦੀ ਕਹਾਣੀ **'ਖਿੱਤੀਆਂ ਘੁੰਮ ਰਹੀਆਂ ਨੇ'** ਦਾ ਸਹੁਰਾ ਪਾਤਰ ਆਪਣੇ ਫੌਜੀ ਪੁੱਤਰ ਦੀ ਗੈਰ-ਹਾਜ਼ਰੀ ਵਿਚ ਆਪਣੀ ਨੂੰਹ ਨੂੰ ਹਰ ਹੀਲੇ-ਵਸੀਲੇ ਆਪਣੀ ਕਾਮੀ ਬਿਰਤੀ ਦਾ ਸ਼ਿਕਾਰ ਬਣਾਉਣ ਦੀ ਕੋਸ਼ਿਸ਼ ਕਰਦਾ ਹੈ।ਜੋ ਅਜੋਕੇ ਸਮਾਜ ਵਿਚ ਉਪਜ ਰਹੇ ਕੋਝੇ ਰਿਸ਼ਤਿਆਂ ਦੇ ਸੱਚ ਦੇ ਨਾਲ-ਨਾਲ ਧੀ ਅਤੇ ਨੂੰਹ ਵਿਚਲੇ ਅੰਤਰ ਨੂੰ ਵੀ ਉਘਾੜ ਰਿਹਾ ਹੈ। **ਨਿਰਮਲ ਜਸਵਾਲ** ਦੀਆਂ ਕਹਾਣੀਆਂ **'ਪਾਰਦਰਸੀ'** ਅਤੇ **'ਮੱਛੀਆਂ'** ਵਿਚ ਵੀ ਇਨ੍ਹਾਂ ਰੁਚੀਆਂ ਦਾ ਖੁੱਲ੍ਹਾ ਪ੍ਰਗਟਾਵਾ ਕੀਤਾ ਗਿਆ ਹੈ। ਵਿਸ਼ਵੀਕਰਨ ਦੇ ਇਸ ਉਪਭੋਗੀ ਕਲਚਰ ਦੇ ਪ੍ਰਭਾਵ ਵੱਸ ਦੇਹੀ ਰੁਚੀਆਂ ਦੀ ਲਾਲਸਾ ਮਨੁੱਖ ਦੀਆਂ ਭਾਈਚਾਰਕ ਕੀਮਤਾਂ ਨੂੰ ਵੀ ਹੀਣ ਕਰ ਰਹੀ ਹੈ। ਹਾਲਾਂਕਿ ਕਾਮੁਕ ਤ੍ਰਿਪਤੀ ਮਨੁੱਖੀ ਜੀਵਨ ਦੀ ਇਕ ਸੁਭਾਵਿਕ ਲੋੜ ਹੈ, ਪਰ ਇਨ੍ਹਾਂ ਕਹਾਣੀਆਂ ਵਿਚ ਪੇਸ਼ ਕਾਮੁਕ ਹਾਬੜੇਪਣ ਦਾ ਪ੍ਰਗਟਾਵਾ ਅਜੋਕੇ ਸਮਾਜ ਵਿਚ ਉਪਜ ਰਹੇ ਨਵੇ ਤਣਾਉ ਨੂੰ ਪੇਸ਼ ਕਰਦਾ ਹੈ।

### ਕਿਸਾਨੀ ਸੰਕਟ ਦੀ ਪੇਸ਼ਕਾਰੀ

ਕਿਸਾਨੀ ਸੰਕਟ ਦਾ ਮਸਲਾ ਪੰਜਾਬੀ ਕਹਾਣੀ ਦੇ ਮੁੱਢਲੇ ਦੌਰ ਤੋਂ ਹੀ ਅੰਗ-ਸੰਗ ਰਿਹਾ ਹੈ। **ਸੰਤ ਸਿੰਘ ਸੇਖੋਂ** ਦੀ ਪਹਿਲੀ ਕਹਾਣੀ **'ਭੱਤਾ'** ਵੀ ਕਿਸਾਨੀ ਜੀਵਨ ਨਾਲ ਸੰਬੰਧਿਤ ਹੈ ।ਪ੍ਰੰਤੂ1990 ਤਕ ਆਉਂਦਿਆਂ ਕਿਸਾਨੀ ਜੀਵਨ ਪਹਿਲਾਂ ਵਾਂਗ ਨਾ ਰਿਹਾ। ਹਰੀ-ਕ੍ਰਾਂਤੀ ਦੇ ਦੁਰਪ੍ਰਭਾਵ ਨਿੱਕਲ ਕੇ ਸਾਹਮਣੇਂ ਆਉਣ ਲੱਗਦੇ ਹਨ। ਖੇਤੀ ਉੱਤੇ ਵਧਦੀ ਲਾਗਤ, ਕਰਜਿਆਂ ਦਾ ਭਾਰ, ਬੇਰੁਜਗਾਰੀ, ਨਸ਼ਿਆ ਦੀ ਵਰਤੋਂ ਆਦਿ ਅਨੇਕਾਂ ਸਮੱਸਿਆਵਾਂ ਉਭਰਦੀਆਂ ਹਨ। ਜਿਸ ਦਾ ਨਤੀਜਾ ਪੰਜਾਬ ਦੀ ਕਿਸਾਨੀ ਖੁਦਕਸ਼ੀਆਂ ਦੇ ਰਾਹ ਪੈ ਜਾਂਦੀ ਹੈ ।ਜੋ ਕਿਸਾਨੀ ਸੰਕਟ ਦਾ ਅਤਿ-ਤ੍ਰਾਸਦਿਕ ਪਾਸਾਰ ਹੈ। **ਸੁਖਵੰਤ ਕੌਰ ਮਾਨ** ਦੀ ਕਹਾਣੀ **'ਮੋਹ-ਮਿੱਟੀ'** ਚਾਚਾ ਲਾਹੌਰ ਦਿਆਲ ਸਿੰਘ ਕਾਲਜ ਵਿਚ ਪੜ੍ਹ ਅਤੇ ਲਾਅ ਦੀ ਡਿਗਰੀ ਕਰਨ ਉਪਰੰਤ ਵਿਭਿੰਨ ਫਸਲੀ ਚੱਕਰ ਦੀ ਆਧੁਨਿਕ ਭਾਂਤ ਦੀ ਖੇਤੀ ਕਰਨ ਲੱਗਦਾ ਹੈ।ਚਾਚਾ ਸੁਪਨੇ ਉਸਾਰਦਾ ਹੈ ਕਿ ਚੰਗੇ ਢੰਗ ਨਾਲ ਖੇਤੀ ਕਰਕੇ ਉਹ ਆਮਦਨ ਵਧਾਏਗਾ। ਚਾਚੇ ਦੁਆਰਾ ਖੇਤੀ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਅਨੁਸਾਰ ਖੇਤੀ ਢੰਗ, ਬੀਜਾਂ ਤੇ ਖਾਦ ਦੀ ਵਰਤੋਂ ਅਤੇ ਮਿਹਨਤ



ਕਰਨ ਦੇ ਬਾਵਜੂਦ ਵੀ ਉਸ ਦੇ ਹੱਥ ਪੱਲੇ ਕੁਝ ਨਹੀਂ ਰਹਿੰਦਾ। ਚਾਚੇ ਦਾ ਆਧੁਨਿਕ ਤਰਜ ਦਾ 'ਫਾਰਮ ਹਾਊਸ' ਬਣਾਉਣ ਦਾ ਸੁਪਨਾ ਵੀ ਅੱਧ ਵਿਚਕਾਰ ਲਟਕ ਕੇ ਰਹਿ ਜਾਂਦਾ ਹੈ। ਚਾਚਾ ਆਪਣੀ ਸਥਿਤੀ ਦੇ ਸੰਕਟ ਨੂੰ ਪੇਸ਼ ਕਰਦਾ ਹੈ:

*"ਸਭ ਹਰਾਮ-ਜਾਦੇ ਨੇ, ਇਕਦਮ ਬੇਈਮਾਨ ਤੇ ਕੁਰੱਪਟ, ਆਏ ਸਾਲ ਖਾਦ ਦੀਆਂ ਕੀਮਤਾਂ, ਡੀਜਲ ਦੀਆਂ ਕੀਮਤਾਂ ਵਧਾਅ ਦੇਂਦੇ ਨੇ ਤੇ ਜਿਣਸ ਜੱਟ ਦੇ ਘਰੋਂ ਨਿਕਲੀ ਨਹੀਂ ਤੇ ਡਿਓਢੀ ਸਵਾਈ ਹੋਈ ਨਹੀਂ । ਕਿਰਸਾਨ ਭੁੱਖਾ ਮਰ ਰਿਹਾ ਏ, ਕਰਜ਼ਾਈ ਹੋ ਰਿਹੈ, ਇਹ ਸ਼ਹਿਰੀ ਸਾਡੇ ਕਾਨੂੰਨ ਘੜਦੇ ਨੇ ਕਿਸਾਨ ਤਬਾਹੀ ਵੱਲ ਜਾ ਰਿਹਾ ਹੈ..ਬਰਬਾਦ ਹੋ ਰਿਹਾ ਏ..ਕਿਸਾਨ ਮਾਰੂ ਨੀਤੀਆਂ।"*[8]

ਚਾਚਾ ਆਪਣੀ ਸਥਿਤੀ ਰਾਹੀਂ ਸਮੁੱਚੀ ਕਿਸਾਨੀ ਦੇ ਸੰਕਟ ਨੂੰ ਬਿਆਨ ਰਿਹਾ ਹੈ।ਤਕਨੀਕ ਦੇ ਵਿਕਾਸ ਨਾਲ ਖੇਤੀ ਵਿਚ ਵਧਦੀ ਮਸ਼ੀਨਾਂ ਦੀ ਵਰਤੋਂ, ਜਿਸ ਲਈ ਲੋੜੀਂਦੀਆਂ ਸਹੂਲਤਾਂ ਦੀ ਘਾਟ ਅਤੇ ਲਾਗਤ ਦੇ ਵਧਣ 'ਤੇ ਉਪਜ ਦੇ ਭਾਅ ਵਿਚ ਅੰਸ਼ਕ ਵਾਧਾ ਸਮੁੱਚੀ ਕਿਸਾਨੀ ਨੂੰ ਖੋਰਾ ਲਾ ਰਿਹਾ ਹੈ। ਕਿਸਾਨ ਦੀ ਹਾਲਤ ਇਹ ਬਣੀ ਹੋਈ ਹੈ ਕਿ ਉਹ ਪਹਿਲਾਂ ਤੋਂ ਵੀ ਨਿਗੂਣੀ ਹਾਲਤ ਵੱਲ ਜਾ ਰਿਹਾ ਹੈ। ਕਿਸਾਨੀ ਸੰਕਟ ਦਾ ਇਕ ਹੋਰ ਪਾਸਾਰ **ਜਸਵੀਰ ਰਾਣਾ** ਦੀ ਕਹਾਣੀ **'ਦੌੜ ਸ਼ੁਰੂ ਹੈ'** ਵਿਚ ਪੇਸ਼ ਕੀਤਾ ਗਿਆ ਹੈ। ਇਹ ਕਹਾਣੀ ਵਿਚ ਕਿਸਾਨ ਕਰਜ਼ੇ ਦੇ ਭਾਰ ਨੂੰ ਚੁਕਾਉਣ ਤੋਂ ਅਸਮਰੱਥ ਹੋ ਕੇ ਖੁਦਕੁਸ਼ੀ ਨਹੀਂ ਕਰਦਾ। ਸਗੋਂ ਉਸਦੇ ਸੰਕਟ ਦਾ ਫਾਇਦਾ ਉਠਾਉਂਦੇ ਅਜਿਹਾ ਸੱਤਾ ਦੁਆਰਾ ਕਰਵਾਇਆ ਜਾ ਰਿਹਾ।ਕਹਾਣੀ ਵਿਚ ਲੋਕਾਂ ਨੂੰ ਲੱਗਦਾ ਕਿ ਪਾਲੂ ਕਰਜੇ ਦਾ ਮਾਰਿਆ ਖੁਦਕੁਸ਼ੀ ਕਰ ਗਿਆ। ਪਰ ਇਹ ਸੱਚ ਉਦੋਂ ਸਾਹਮਣੇਂ ਆਉਂਦਾ ਜਦ ਨਿਸ਼ਾਨ ਦੁਆਰਾ ਕਰਜਾ ਸਮੇਂ ਸਿਰ ਨਾ ਚੁਕਾਉਣ ਪੁਲਿਸ ਦੁਆਰਾ ਉਸ 'ਤੇ ਤਸ਼ੱਦਦ ਕੀਤਾ ਜਾਂਦਾ। ਕਿਸਾਨ ਯੂਨੀਅਨ ਦੇ ਪ੍ਰਭਾਵ ਹੇਠ ਉਸ ਦੀ ਨਿਸ਼ਚਿਤ ਸਮੇਂ ਤਕ ਰਿਹਾਈ ਤਾਂ ਹੋ ਜਾਂਦੀ ਹੈ, ਪਰ ਨਿਸ਼ਾਨ ਆਪਣੀ ਮਾਨਸਿਕਤਾ ਨੂੰ ਸਹਿਜ ਨਹੀਂ ਰੱਖ ਪਾਉਂਦਾ। ਉਸਦਾ ਦਿਲ ਚੀਕ ਮਾਰਨ ਨੂੰ ਕਰਦਾ। ਪਰ ਉਸ ਨੂੰ ਆਪਣੀ ਸੰਘੀ 'ਤੇ ਕਿਸੇ ਦਾ ਹੱਥ ਟਿਕ ਗਿਆਂ ਲੱਗਦਾ। ਜੋ ਨਿਸ਼ਾਨ ਦੇ ਮਨ ਵਿਚ ਉਪਜਿਆ ਡਰ ਸੀ। ਥਾਣੇਦਾਰ ਦੇ ਕਹੇ ਇਹ ਬੋਲ ਉਸਦੀ ਸਰਕਾਰੀ ਪਹੁੰਚ ਅਤੇ ਆਮ ਆਦਮੀ ਪ੍ਰਤੀ ਨਜ਼ਰੀਏ ਨੂੰ ਰੂਪਮਾਨ ਕਰਦੇ ਹਨ:

*"ਜੇਕਰ ਦਿੱਤੀ ਹੋਈ ਤਰੀਕ 'ਤੇ ਪੈਸੇ ਨਾ ਦੇ ਸਕਿਆ ਤਾਂ ਫੇਰ ?" ਸਮਝ ਲੈ ਅਖ਼ਬਾਰ ਨੂੰ ਇਕ ਸੁਰਖ਼ੀ ਹੋਰ ਮਿਲ ਗਈ !..ਉਹ ਪਾਲੂ ਯਾਦ ਐ ਤੈਨੂੰ ਕਿ ਭੁੱਲ ਗਿਆ?...ਉਹ ਵੀ ਨੀ ਪੈਸੇ ਮੋੜ ਸਕਿਆ ਸੀ !...ਇਕ ਦਿਨ ਉਹਦੇ ਵਾਂਗ ਤੇਰੀ ਲਾਸ਼ ਵੀ ਟਾਲ੍ਹੀ ਨਾਲ ਲਟਕਾ ਦੇਣੀ ਐ !...ਲੋਕ ਲਹਿਣਗੇ ਕਿ ਖੁਦਕੁਸ਼ੀ ਕਰ ਗਿਆ !!"*[9]

ਕਹਾਣੀ ਕਿਸਾਨੀ ਸੰਕਟ ਨੂੰ ਉਸ ਪੂੰਜੀਵਾਦੀ ਸਿਸਟਮ ਨਾਲ ਜੋੜ ਕੇ ਪੇਸ਼ ਕਰਦੀ ਹੈ। ਜਿਸਦੀਆਂ ਕੋਝੀਆਂ ਚਾਲਾਂ ਅੱਗੇ ਆਮ ਇਨਸਾਨ ਬੇਵੱਸ ਜਾਪਦਾ ਹੈ। ਨਿਸ਼ਾਨ ਪਹਿਲੀ ਵਾਰ ਆਪਣੇ ਪੁੱਤਰ ਜਿੰਮੀ ਨੂੰ ਬਾਹਰਲੇ ਮੁਲਕ ਭੇਜਣ ਲਈ ਕਰਜ਼ਾ ਚੁੱਕਦਾ। ਦੂਜੀ ਵਾਰ ਉਸ ਨੂੰ ਸਰਕਾਰੀ ਨੌਕਰੀ ਦਵਾਉਣ ਲਈ, ਪਰ ਦੋਨੋਂ ਵਾਰ ਹੀ ਜਿੰਮੀ ਦੇ ਭਵਿੱਖ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਛਿਪ ਜਾਂਦਾ ਹੈ। ਨਿਸ਼ਾਨ ਅਤੇ ਉਸਦੀ ਪਤਨੀ ਦਿਲਬਰ ਸਰਕਾਰ ਬਦਲਣ 'ਤੇ ਜਿੰਮੀ ਦੀ ਨੌਕਰੀ ਦੇ ਬਰਖਾਸਤ ਹੋਣ ਉੱਤੇ ਆਪਣਾ ਕਸੂਰ ਲੱਭਦੇ ਡਾਵਾਂਡੋਲ ਹੋ ਜਾਂਦੇ ਹਨ:

*"ਇਕ ਸਰਕਾਰ ਨੇ ਨੌਕਰੀਆਂ ਦੇ ਦਿੱਤੀਆਂ। ਉਹ ਚੋਣਾਂ ਵਿਚ ਹਾਰ ਗਈ। ਦੂਜੀ ਸਰਕਾਰ ਚੋਣਾਂ ਜਿੱਤ ਗਈ। ਉਹਨੇ ਨੌਕਰੀ ਲੱਗੇ ਲੋਕਾਂ ਨੂੰ ਕੱਢ ਦਿੱਤਾ। ਇਸ ਵਿਚ ਸਾਡਾ ਕਸੂਰ ਕਿੱਥੇ ਸੀ? ਮੈਂ ਲੱਭ-ਲੱਭ ਕਮਲਾ ਹੋ ਗਿਆ। ਦਿਲਬਰ ਅੱਡ ਕਮਲੀ ਹੋ ਗਈ।"*[10]

ਕਹਾਣੀ ਸਮੁੱਚੇ ਸਿਸਟਮ ਵਿਚਲੀਆਂ ਬੁਰਾਈਆਂ ਦੇ ਅੰਤਰਗਤ ਨਿਸ਼ਾਨ, ਦਿਲਬਰ ਅਤੇ ਜਿੰਮੀ ਜਿਹੇ ਪਾਤਰਾਂ ਰਾਹੀਂ ਇਕ ਆਮ ਇਨਸਾਨ ਦੀ ਸਥਿਤੀ ਨੂੰ ਪੇਸ਼ ਕਰਦੀ ਹੈ। ਕਿਸਾਨੀ ਸੰਕਟ ਦੇ ਨਾਲ ਇਹ ਕਹਾਣੀ ਕਾਬਜ ਸੱਤਾ ਦੀਆਂ ਚਾਲਾਂ, ਸਰਕਾਰੀ ਪਹੁੰਚ ਵਾਲੇ ਮੰਤਰੀ ਤੇ ਗੁਰਬਾਜ ਜਿਹੇ ਪਾਤਰਾਂ ਅਤੇ ਮਿਸ ਵਰਲਡ-ਬਿਊਟੀ ਪਾਰਲਰ ਦੇ ਨਾਂਅ ਹੇਠ ਪਿੰਡ ਪੱਧਰ 'ਤੇ ਮੈਕਸੀ ਨਾਂਅ ਦੇ ਪਾਤਰ ਦੁਆਰਾ ਚਲਾਏ ਜਾ ਰਿਹੇ ਦੇਹ ਵਪਾਰ ਦੇ ਧੰਦੇ ਰਾਹੀਂ ਅਨੇਕਾਂ ਪਾਸਾਰਾਂ ਨੂੰ ਰੂਪਮਾਨ ਕਰਦੀ ਹੈ। ਹਾਲਾਂਕਿ ਕਹਾਣੀ ਵਿਚਲੇ ਪਾਤਰ ਵੱਡੀ ਪੱਧਰ 'ਤੇ ਤਾਂ ਨਹੀਂ ਪਰ ਯੂਨੀਅਨ ਸ਼ੰਘਰਸ਼ਾਂ ਦੇ ਰੂਪ ਵਿਚ ਆਪਣੇ ਹੱਕਾਂ ਪ੍ਰਤੀ ਸੁਚੇਤ ਵਿਚਰਦੇ ਹਨ।

**ਨਾਰੀ-ਸੰਵੇਦਨਾ**

ਮਾਤਰੀ ਪ੍ਰਧਾਨ ਸਮਾਜ ਦੇ ਖਾਤਮੇ ਅਤੇ ਪਿਤਰਕੀ ਪ੍ਰਬੰਧ ਤੋਂ ਆਰੰਭ ਨਾਰੀ ਦੀ ਗੌਣ ਸਥਿਤੀ ਅਜੋਕੇ ਸਮਾਜਕ-ਸਭਿਆਚਾਰਕ ਪ੍ਰਬੰਧ ਦੇ ਸਮੁੱਚੇ ਸਿਸਟਮ ਵਿਚ ਨਿਹਿਤ ਹੈ। ਵੀਹਵੀਂ ਸਦੀ ਵਿਚ ਆਈ ਜਾਗਿਤੀ ਕਾਰਣ ਨਾਰੀ ਨਾਲ ਸੰਬੰਧਿਤ ਸਰੋਕਾਰ ਸਾਹਿਤ ਵਿਚ ਵੀ ਪੇਸ਼ ਹੁੰਦੇ ਹਨ। ਪੰਜਾਬੀ ਕਹਾਣੀ ਵਿਚ ਵੀ ਨਾਰੀ ਸ਼ੋਸ਼ਣ ਦੀਆਂ ਮਾਰਮਿਕ ਪਰਤਾਂ ਨੂੰ ਰੂਪਮਾਨ ਕੀਤਾ ਜਾਂਦਾ ਹੈ। ਵੀਹਵੀਂ ਸਦੀ ਦੇ ਅੰਤਲੇ ਦਹਾਕੇ ਤਕ ਆਉਂਦਿਆਂ ਔਰਤ ਦੀ ਵਿਲੱਖਣਤਾ ਲਈ ਜਿਸਮ ਨੂੰ ਆਧਾਰ ਬਣਾਇਆ ਜਾਂਦਾ ਹੈ। ਨਾਰੀ ਵਿਦਰੋਹ ਦੇ ਬਾਹਰਮੁਖੀ ਪ੍ਰਗਟਾਵੇ ਵਜੋਂ ਕਾਮ ਨੂੰ ਮੁਢਲੀ ਪ੍ਰੇਰਕ ਸ਼ਕਤੀ ਮੰਨਣ ਦੀ ਇੱਛਾ ਉਪਭੋਗਤਾਵਾਦੀ ਵਿਚਾਰ ਵਿੱਚੋਂ ਉਤਪੰਨ ਹੁੰਦੀ ਹੈ। ਜਿਸ ਦੀ ਪੇਸ਼ਕਾਰੀ ਦਾ ਪ੍ਰਗਟਾਵਾ ਵੀਨਾ ਵਰਮਾ, ਪਰਵੇਜ਼ ਸੰਧੂ ਅਤੇ ਨਿਰਮਲ ਜਸਵਾਲ ਆਦਿ ਦੀਆਂ ਕਹਾਣੀਆਂ ਵਿਚ ਕੀਤਾ ਗਿਆ ਹੈ। ਪ੍ਰੰਤ 2000 ਤੋਂ ਬਾਅਦ ਦੀ ਪੰਜਾਬੀ ਕਹਾਣੀ ਵਿਚ ਔਰਤ ਦੀ ਹਿੱਸੇਦਾਰੀ ਇਕ ਸੰਤੁਲਨ ਕੋਣ ਤੋਂ ਹੋਣ ਲੱਗਦੀ ਹੈ। ਔਰਤ ਦਾ ਪ੍ਰਤੀਕਿਰਿਆਵੀਂ ਰੂਪ ਮੱਧਮ ਪੈ ਕੇ ਵਿਸ਼ਲੇਸ਼ਣੀ ਸੁਭਾ ਵਾਲਾ ਬਣ ਜਾਂਦਾ ਹੈ ਅਤੇ ਇਹ ਵਿਸ਼ਲੇਸ਼ਣ ਪੂਰਵ ਗ੍ਰਹਿਾਂ ਤੋਂ ਮੁਕਤ ਅੰਦਾਜ਼ ਵਿਚ ਹੋਣ ਲੱਗਦਾ ਹੈ। **ਸੁਰਿੰਦਰ ਨੀਰ** ਦੀ ਕਹਾਣੀ **'ਵਿਸਥਾਪਨ'**, ਬਲਵੀਰ ਕੌਰ ਰੀਹਲ ਦੀ **'ਚਾਚੀ ਰੁੱਸ ਗਈ ਲਗਦੀ ਹੈ'**, **ਸਰਘੀ** ਦੀ ਕਹਾਣੀ **'ਕੁੜੀਆਂ'**, **ਤ੍ਰਿਪਤਾ ਕੇ. ਸਿੰਘ** ਦੀ ਕਹਾਣੀ **'ਸ਼ੀਸ਼ੇ ਵਿਚਲਾ ਆਦਮੀ'** ਆਦਿ ਅਨੇਕਾਂ ਕਹਾਣੀਆਂ ਇਸੇ ਪਾਸਾਰ ਨੂੰ ਸਿਰਜਦੀਆਂ ਹਨ।

**ਸੁਰਿੰਦਰ ਨੀਰ** ਦੀ ਕਹਾਣੀ **'ਵਿਸਥਾਪਨ'** ਵਿਚ ਆਧੁਨਿਕ ਅਤੇ ਸੰਵੇਦਨਸ਼ੀਲ ਔਰਤ ਦੇ ਦੁਖਾਂਤਿਕ ਪਾਸਾਰ ਨੂੰ ਇਸੇ ਪ੍ਰਸੰਗ ਵਿਚ ਰੂਪਮਾਨ ਕੀਤਾ ਗਿਆ ਹੈ। ਕਹਾਣੀ ਵਿਚ ਸਰੋਜ ਇਕ ਅਦਾਕਾਰ ਵਜੋਂ ਸਨਮੁੱਖ ਹੁੰਦੀ ਹੈ ਅਤੇ ਉਸਦੀ ਕਲਾ ਦਾ ਸਮਾਜਕ ਤੌਰ 'ਤੇ ਪ੍ਰਭਾਵ ਉਸ ਸਮੇਂ ਤਕ ਬਰਕਰਾਰ ਰਹਿੰਦਾ ਹੈ, ਜਦ ਤਕ ਸਰੋਜ ਆਪਣੇ ਕਿਰਦਾਰ ਦੀ ਭੂਮਿਕਾ ਨੂੰ ਨੈਤਿਕ -ਮਰਿਆਦਾ ਦੇ ਅੰਤਰਗਤ ਪੇਸ਼ ਕਰਦੀ ਹੈ। ਉਸ ਦੁਆਰਾ 'ਮੰਡੀ' ਨਾਟਕ ਵਿਚ ਕੋਠੇ ਵਾਲੀ ਬਾਈ ਦਾ ਕੀਤਾ ਰੋਲ ਉਸਦੀ ਸਮੁੱਚੀ ਸ਼ਖਸੀਅਤ ਨੂੰ ਨੈਤਿਕ ਮਰਿਆਦਾ ਦੇ ਉਲਟ ਕਰਾਰ ਦਿੰਦਾ ਹੈ।ਇੱਥੋਂ ਤਕ ਕਿ ਸਰੋਜ ਦਾ ਪੁੱਤਰ ਵੀ ਉਸ ਨੂੰ ਸ਼ੱਕ ਦੀ ਦ੍ਰਿਸ਼ਟੀ ਨਾਲ ਦੇਖਦਾ ਹੈ। ਲੋਕਾਂ ਦੁਆਰਾ ਕੀਤੇ ਵਿਵਹਾਰ ਤੋਂ ਸਰੋਜ ਦੀ ਮਾਨਸਿਕਤਾ ਇਸ ਕਦਰ ਕੁਚਲੀ ਜਾਂਦੀ ਹੈ ਕਿ ਉਹ ਸ਼ਹਿਰ ਛੱਡ ਕਿਧਰੇ ਦੂਰ ਇਕਾਂਤ ਵਿਚ ਵਸਣ ਦਾ ਫੈਸਲਾ ਕਰਦੀ ਹੈ। ਜੋ ਸਮਾਜ ਵਿਚ ਔਰਤ ਦੀ ਹਾਸ਼ੀਆਗਤ ਹੋਂਦ ਦਾ ਸੂਚਕ ਹੈ। ਪੁਸ਼ਕਰਨਾਥ ਕੌਲ ਕਸ਼ਮੀਰੀ ਪੰਡਤਾਂ ਦੇ ਵਿਸਥਾਪਨ 'ਤੇ ਸੀਰੀਅਲ ਬਣਾਉਣ ਲਈ ਸਰੋਜ ਦੇ ਰੋਲ ਦੀ ਪੇਸ਼ਕਾਰੀ ਦੀ ਮੰਗ ਕਰਦਾ ਉਸਨੂੰ ਲੱਭਦਾ-ਲੱਭਦਾ ਘਰ ਤਕ ਪਹੁੰਚ ਜਾਂਦਾ ਹੈ। ਪ੍ਰੰਤੂ ਸਰੋਜ ਆਪਣੇ ਅਭਿਨੈ ਅਤੇ ਸਮਾਜਕ ਪ੍ਰਬੰਧ ਵਿਚ ਔਰਤ ਦੇ ਦੁਖਾਂਤ ਨੂੰ ਕਸ਼ਮੀਰੀ ਪੰਡਤਾਂ ਦੇ ਦੁਖਾਂਤ ਨਾਲੋਂ ਵੀ ਵਧੇਰੇ ਮਾਰਮਿਕ ਰੂਪ ਵਿਚ ਬਿਆਨਦੀ ਹੈ:



*"ਵਿਸਥਾਪਨ ਅਖੇ ਤੁਸੀਂ ਸਾਡੇ ਵਿਸਥਾਪਨ ਦਾ ਦਰਦ ਮਹਿਸੂਸ ਕਰ ਸਕਦੇ ਹੋ। ਲੱਗਦਾ ਸਾਲਾ ਦਰਦ ਦਾ ਭਲਾ ਤੂੰ ਮੇਰੇ ਵਿਸਥਾਪਨ ਦੇ ਦਰਦ ਨੂੰ ਮਹਿਸੂਸ ਕਰ ਸਕਦਾ ਹੈ? ਕੋਈ ਮੈਨੂੰ ਪੁੱਛੇ ਮੈਂ ਕਿਵੇਂ ਘਰੋਂ ਬੇਘਰ ਹੋ ਕੇ ਦਰ-ਬ-ਦਰ ਹੋਈ? ਉਨ੍ਹਾਂ ਦੇ ਰੋਣੇ ਰੋਣ ਵਾਲੇ ਤਾਂ ਬਥੇਰੇ ਹਨ, ਮੇਰੇ ਜਿਹਾ ਦਾ ਰੋਣਾ ਕੌਣ ਰੋਵੇ?"*[11]

ਸਰੋਜ ਦੀ ਹੋਂਦ ਦਾ ਦੁਖਾਂਤ ਔਰਤ ਪ੍ਰਤੀ ਸਮਾਜਕ ਨਜ਼ਰੀਏ ਨੂੰ ਸਮੁੱਚੇ ਰੂਪ ਵਿਚ ਪੇਸ਼ ਕਰਦਾ ਹੈ। ਔਰਤ ਨੂੰ ਕੋਠੇ 'ਤੇ ਪਹੁੰਚਣ ਲਈ ਮਜ਼ਬੂਰ ਕਰਨ ਵਾਲੇ ਮੰਡੀ ਦੇ ਵਰਤਾਰੇ ਨੂੰ ਭ੍ਰਿਸ਼ਟ ਕਹਿਣ ਦੀ ਥਾਂ ਸਮੁੱਚਾ ਸਮਾਜ ਇੱਥੋਂ ਤਕ ਕਿ ਸਰੋਜ ਦਾ ਪੁੱਤਰ ਵੀ ਉਸੇ ਨੂੰ ਭ੍ਰਿਸ਼ਟ ਗਰਦਾਨ ਦਿੰਦੇ ਹਨ। ਸਰੋਜ ਦਾ ਕਿਰਦਾਰ ਔਰਤ ਹੋਂਦ ਬਾਰੇ ਸਵਾਲ ਉਠਾਉਂਦਾ ਹੈ, ਨਾਲ ਹੀ ਸਮਾਜਕ ਪ੍ਰਬੰਧ ਵਿਚ ਔਰਤ ਪ੍ਰਤੀ ਬਣਾਈ ਮਾਨਸਿਕਤਾ ਦੇ ਜਟਿਲ ਰੂਪ ਨੂੰ ਵੀ ਉਜਾਗਰ ਕਰਦਾ ਹੈ। ਜਿੱਥੇ ਔਰਤ ਨੂੰ ਸਿਰਫ ਆਦਰਸ਼ ਰੂਪ ਵਿਚ ਪ੍ਰਵਾਨ ਕੀਤਾ ਜਾਂਦਾ ਹੈ। ਇਹ ਕਹਾਣੀ ਸਮੁੱਚੇ ਸਮਾਜਕ-ਸਭਿਆਚਾਰਕ ਅਵਚੇਤਨ ਦੇ ਰਾਹੀਂ ਔਰਤ ਅਸਤਿਤਵ ਦੀ ਤਲਾਸ਼ ਕਰਦੀ ਹੈ।

**ਦਲਿਤ ਚੇਤਨਾ**

ਪੰਜਾਬੀ ਕਹਾਣੀ ਵਿਚ ਦਲਿਤ ਚੇਤਨਾ ਦਾ ਸੰਕਲਪ ਆਪਣਾ ਵੱਖਰਾ ਰੋਲ ਸਥਾਪਿਤ ਕਰਦਾ ਹੈ। ਆਮ ਤੌਰ 'ਤੇ ਦਲਿਤ ਸ਼ਬਦ ਦੇ ਅਰਥ ਤਾਂ ਭਾਵੇਂ ਵਸੀਹ ਹਨ। ਪਰ ਸਾਡੀ ਸਮਾਜਕ ਵਿਵਸਥਾ ਵਿਚ ਸਦੀਆਂ ਤੋਂ ਸ਼ੋਸ਼ਣ ਦਾ ਸ਼ਿਕਾਰ ਰਹੇ ਨਿਮਨ ਵਰਗ ਨਾਲ ਸੰਬੰਧਿਤ ਸਰੋਕਾਰਾਂ ਨੂੰ ਮਹੱਤਵ ਦਿੱਤੇ ਜਾਣ 'ਤੇ ਇਸ ਨੂੰ ਵੀ ਦਲਿਤ ਚੇਤਨਾ ਨਾਲ ਜੋੜਿਆ ਗਿਆ। ਦਲਿਤ ਚੇਤਨਾ ਦਾ ਸਿਧਾਂਤਕ ਆਧਾਰ ਡਾ. ਬੀ. ਆਰ. ਅੰਬੇਦਕਰ ਦੇ ਵਿਚਾਰ ਹਨ। ਜੋ ਕੇਵਲ ਆਰਥਿਕ ਆਜ਼ਾਦੀ ਦੀ ਥਾਂ ਸਮਾਜਿਕ ਕ੍ਰਾਂਤੀ ਨੂੰ ਪਹਿਲ ਦਿੰਦੇ ਹਨ ਅਤੇ ਜਿਸਦਾ ਆਧਾਰ ਜਾਤੀ ਅੰਤ ਹੈ। ਪੰਜਾਬੀ ਕਹਾਣੀ ਵਿਚ ਸ਼ੋਸ਼ਿਤ ਲੋਕਾਈ ਦੀ ਗੱਲ ਪ੍ਰਗਤੀਵਾਦ ਦੌਰਾਨ ਵੀ ਹੁੰਦੀ ਰਹੀ ਹੈ। ਪ੍ਰੰਤੂ ਇੱਥੇ ਪੰਜਾਬੀ ਕਹਾਣੀ ਦਲਿਤ ਵਰਗ ਨੂੰ ਆਰਥਿਕ ਤੌਰ 'ਤੇ ਸ਼ੋਸ਼ਿਤ ਵਿਅਕਤੀ ਨਾਲੋਂ ਨਿਖੇੜ ਕੇ ਪੇਸ਼ ਕਰਦੀ ਹੈ। **ਅਤਰਜੀਤ** ਦੀ ਕਹਾਣੀ **'ਨੂੰਹਾਂ'**, **ਹਰਜਿੰਦਰ ਸਿੰਘ ਸੂਰੇਵਾਲੀਆ** ਦੀ ਕਹਾਣੀ **'ਪਾਪਾ ਆਪਾਂ ਬਰਾੜ ਹੁੰਨੇ ਆਂ'**, **ਵਰਿਆਮ ਸੰਧੂ** ਦੀ ਕਹਾਣੀ **'ਨੌ ਬਾਰਾਂ ਦਸ'** ਅਤੇ **ਭਗਵੰਤ ਰਸੂਲਪੁਰੀ** ਦੀਆਂ ਕਹਾਣੀਆਂ **'ਜੜ੍ਹਾਂ'**, **'ਅਦਿ ਡੰਕਾ'**, **'ਰਹਿਮਤ ਮਸੀਹ ਮੱਟੂ ਦੀ ਜੀਵਨੀ'** ਤੇ **'ਸੁੱਕੀਆਂ ਕੁੰਨਾਂ'**, **'ਲੰਘ ਚੱਲੀ'** ਅਦਿ ਅਨੇਕਾਂ ਕਹਾਣੀਆਂ ਦਲਿਤ ਵਰਗ ਦੀ ਤ੍ਰਾਸਦੀ, ਜਾਤੀਗਤ ਹੀਣਤਾ ਤੇ ਆਰਥਿਕ ਅਸਾਵੇਂਪਨ ਅਤੇ ਦਲਿਤ ਵਰਗ ਵਿਚ ਉਪਜ ਰਹੀ ਰਾਜਨੀਤਿਕ ਚੇਤਨਾ ਜਿਹੇ ਲੱਛਣਾਂ ਨੂੰ ਪ੍ਰਗਟ ਕਰਦੀਆਂ ਹਨ। **ਲਾਲ ਸਿੰਘ** ਦੀ ਕਹਾਣੀ **'ਅੱਧੇ ਅਧੂਰੇ'** ਸਕੂਲ ਦੇ ਕੁਝ ਪਾਤਰਾਂ ਰਾਹੀਂ ਇਸ ਮਸਲੇ ਨੂੰ ਪੇਸ਼ ਕਰਦੀ ਹੈ। ਕਹਾਣੀ ਵਿਚ ਰਾਮਪਾਲ ਦਲਿਤ ਸ਼੍ਰੇਣੀ ਨਾਲ ਸੰਬੰਧਿਤ ਹੈ, ਜਿਸ ਨੂੰ ਹੁਣੇ ਸਕੂਲ ਮੁਖੀ ਦਾ ਅਹੁਦਾ ਮਿਲਿਆ ਹੈ। ਦੂਜੇ ਪਾਸੇ ਪੀ.ਟੀ.ਗਿੱਲ ਸਾਹਿਬ ਉੱਚ ਜਾਤੀ ਨਾਲ ਸੰਬੰਧਿਤ ਹੈ। ਜਿਸ ਲਈ ਘਰ, ਖੇਤ ਅਤੇ ਸਕੂਲ ਇੱਕੋ ਜਿਹੇ ਹਨ। ਜਦ ਜੀਅ ਚਾਹੇ ਆਉਂਦਾ-ਜਾਂਦਾ ਹੈ। ਪਰ ਰਾਮਪਾਲ ਸਥਿਤੀਆਂ ਪ੍ਰਤੀ ਚੇਤਨ ਹੋਣ 'ਤੇ ਵੀ ਗਿੱਲ ਸਾਹਿਬ ਅੱਗੇ ਅੱਧਾ ਅਧੂਰਾ ਹੀ ਰਹਿੰਦਾ ਹੈ। ਲਾਲ ਸਿੰਘ ਕਹਾਣੀ ਨੂੰ ਸਮੁੱਚੇ ਸਮਾਜਕ ਪ੍ਰਬੰਧ ਰਾਹੀਂ ਉਸਾਰਦਾ ਹੈ। ਜਿੱਥੇ ਸਮਾਜ ਵਿਚ ਨੀਵੀ ਜਾਤੀ ਦੇ ਸਮਝੇ ਜਾਂਦੇ ਲੋਕਾਂ ਕੋਲ ਸੂਝ ਵੀ ਹੈ ਅਤੇ ਸੁੰਤਤਰ ਹੋਣ ਦੇ ਸੁਪਨੇ ਵੀ ਹਨ। ਪਰ ਇਹ ਸਮਾਜ ਵਿਚਲੀ ਜਾਤੀ ਜਕੜ ਕਾਰਣ ਸ਼ੋਸ਼ਣ ਦਾ ਸ਼ਿਕਾਰ ਹਨ।ਕਹਾਣੀ ਨੂੰ ਰਾਮਪਾਲ ਦੇ ਕਾਲਜ ਦੇ ਦਿਨਾਂ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਜਦ ਸਾਰੇ ਦੋਸਤਾਂ ਵਿਚ ਕੋਈ ਉੱਚਾ ਨੀਵਾ ਨਹੀਂ ਸੀ। ਪਰ ਦਲਿਤ ਲਹਿਰ ਨਾਲ ਜੁੜਨ ਤੋਂ ਬਾਅਦ ਉਹ ਫਿਰ ਤੋਂ ਸ਼ਿੰਬੂ ਚਮਾਰ ਦਾ ਮੁੰਡਾ ਰਾਮੂ ਚਮਾਰ ਬਣ ਜਾਂਦਾ ਹੈ। ਕਹਾਣੀ ਵਿਚਲੀ

ਇਹ ਸਥਿਤੀ ਜਾਤੀ ਅੰਤ ਦੀ ਥਾਂ ਵਧ ਰਹੇ ਪਾੜੇ ਨੂੰ ਪੇਸ਼ ਕਰਦੀ ਹੈ। ਰਾਮਪਾਲ ਦੇ ਆਰਥਿਕ ਤੌਰ 'ਤੇ ਸੰਪੰਨ ਹੋਣ 'ਤੇ ਵੀ ਉਹ ਸਨਮਾਨ ਯੋਗ ਸਥਾਨ ਹਾਸਿਲ ਨਹੀਂ ਕਰ ਪਾਉਂਦਾ। ਇਸ ਤੋਂ ਇਲਾਵਾ ਕਹਾਣੀ ਵਿਚ ਧਾਰਮਿਕ ਕੱਟੜਤਾ ਅਤੇ ਧਰਮ ਦੇ ਨਾਂਅ 'ਤੇ ਆਮ ਮਨੁੱਖ ਦੇ ਕੀਤੇ ਜਾ ਸ਼ੋਸ਼ਣ ਨੂੰ ਵੀ ਪੇਸ਼ ਕੀਤਾ ਗਿਆ ਹੈ। **ਭਗਵੰਤ ਰਸੂਲਪੁਰੀ** ਦੀ ਕਹਾਣੀ **'ਜੜ੍ਹ'** ਦਲਿਤ ਚੇਤਨਾ ਦੇ ਅਹਿਮ ਪੱਖ ਨੂੰ ਸਾਡੇ ਸਾਹਮਣੇ ਲੈ ਕੇ ਆਉਂਦੀ ਹੈ। ਇਸ ਕਹਾਣੀ ਦਾ ਪਾਤਰ ਗਿਆਨ ਵਿਦੇਸ਼ੋਂ ਆ ਆਪਣੇ ਸਮਾਜ ਦੀ ਤਰੱਕੀ ਲਈ ਅੰਬੇਡਕਰ ਦੀ ਬੁੱਧ ਪੱਖੀ ਵਿਚਾਰਧਾਰਾ ਨੂੰ ਫੈਲਾਉਣਾ ਚਾਹੁੰਦਾ ਹੈ। ਬੋਧ ਵਿਹਾਰ ਬਣਾ ਕੇ ਦਲਿਤ ਲੋਕਾਂ ਨੂੰ ਆਪਣੇ ਨਾਲ ਜੋੜਨਾ ਚਾਹੁੰਦਾ ਹੈ ਪਰ ਲੋਕ ਰਵਿਦਾਸ ਦੀ ਪ੍ਰੰਪਰਾ ਨਾਲ ਅੰਦਰੋਂ ਜੁੜੇ ਹੋਏ ਹਨ। ਇਸ ਵਿਚਾਰਧਾਰਕ ਵਿਰੋਧਾਂ ਨੂੰ ਕਹਾਣੀ ਪੇਸ਼ ਕਰਦੀ ਹੈ। ਇਹ ਕਹਾਣੀ ਦਲਿਤ ਚਿੰਤਨ ਦੇ ਮੁੱਦੇ ਨੂੰ ਸਿਧਾਂਤਕ ਤੇ ਵਿਹਾਰਕ ਪੱਧਰ ਉੱਪਰ ਉਠਾਉਂਦੀ ਹੋਈ ਚਿਹਨਾਤਮਕ ਕਥਾ ਵਿਧੀ ਰਾਹੀਂ ਇਕ ਭਰਵਾਂ ਸੰਵਾਦ ਵੀ ਛੇੜਦੀ ਹੈ। ਬੋਧ ਦਰਸ਼ਨ ਤੇ ਰਵਿਦਾਸ ਦਰਸ਼ਨ ਨੂੰ ਸੰਵਾਦ 'ਚ ਉਸ ਇਸ ਤਰ੍ਹਾਂ ਪੇਸ਼ ਕਰਦਾ ਹੈ-

*"ਕਾਕਾ! ਤੂੰ ਸਿਆਣਾ ਬਣ... ਦੇਖ ਪੁੱਤ ਆਪਾਂ ਸਾਰੇ ਗੁਰੂ ਰਵਿਦਾਸ ਦੇ ਲੜ ਲੱਗੇ ਹੋਏ ਹਾਂ। ਰਵਿਦਾਸੀਏ... ਹਾਂ ਆਪਾਂ। ਆਪਣੇ ਪਿੰਡ 'ਤੇ ਗੁਰੂ ਰਵਿਦਾਸ ਦੀ ਬਹੁਤ ਮਿਹਰ ਏ, ਆਪਾਂ ਆਪਣੇ ਗੁਰੂ ਨੂੰ ਨਹੀਂ ਛੱਡਣਾ। ਆਪਣਾ ਗੁਰੂ ਰਵਿਦਾਸ ਆ। ਆਪਾਂ ਨੂੰ ਚਮੜੇ ਦਾ ਕੰਮ ਗੁਰੂ ਜੀ ਨੇ ਦਿੱਤਾ। ਪਿੰਡ 'ਚ ਬੜਾ ਸ਼ਾਨਦਾਰ ਗੁਰੂ ਰਵਿਦਾਸ ਜੀ ਦਾ ਧਾਮ ਆ। ਸਾਰੇ ਜਣੇ ਉਥੇ ਜਾਂਦੇ ਆ। ਏਕਾ ਆ ਆਪਣੀ ਬਰਾਦਰੀ ਦਾ। ਸਾਰਾ ਪਿੰਡ ਬੱਝਾ ਹੋਇਆ। ਤੂੰ ਪੁੱਤ ਪੰਜ ਕਨਾਲ 'ਚ ਪੋਲੀ ਦਾ ਬੀਅ ਨਾ ਖਿਲਾਰ... ਪਤਾ ਨ੍ਹੀਂ ਕੀ ਕਹਿੰਦਾ ਸੀ ਰੱਖਾ ਅਖੇ ਬੋਧੀਆਂ ਦਾ ਮੰਦਰ ਬਣਾਉਣ ਨੂੰ ਫਿਰਦਾ ਆਪਣਾ ਗਿਆਨ।"*[12]

ਸਮੁੱਚੇ ਤੌਰ 'ਤੇ ਇਸ ਸਮੇਂ ਨਵੀ ਜੀਵਨ ਦ੍ਰਿਸ਼ਟੀ ਤੋਂ ਉਤਪੰਨ ਸਮੱਸਿਆਵਾਂ, ਪੂੰਜੀਵਾਦੀ ਸਿਸਟਮ ਵਿਚ ਆਮ ਆਦਮੀ ਦੀ ਸਥਿਤੀ, ਪਰਿਵਾਰਿਕ ਰਿਸ਼ਤਿਆਂ ਦੀ ਖੁਰ ਰਹੀਂ ਹੋਂਦ, ਨਿੱਜੀ ਅਤੇ ਪੈਸਾ ਕੇਂਦਰਿਤ ਸੋਚ, ਕਾਮੁਕ ਅਤ੍ਰਿਪਤੀ, ਕਿਸਾਨੀ ਜੀਵਨ ਵਿਚ ਨਿਘਾਰ, ਹਾਸ਼ੀਆਗਤ ਸਮੂਹ ਰਹੇ ਨਾਰੀ ਅਤੇ ਦਲਿਤ ਪਛਾਣ ਆਦਿ ਮਾਨਵੀ ਪਾਸਾਰ ਪੰਜਾਬੀ ਕਹਾਣੀ ਵਿਚ ਪ੍ਰਗਟ ਹੁੰਦੇ ਹਨ।

**ਹਵਾਲੇ**


1. ਧਨਵੰਤ ਕੌਰ (ਡਾ.), ਕਹਾਣੀ ਸ਼ਾਸਤਰ, ਪੰਨਾ-68
2. ਬਲਦੇਵ ਸਿੰਘ ਧਾਲੀਵਾਲ (ਡਾ.), ਇੱਕੀਵੀਂ ਸਦੀ ਅਤੇ ਪੰਜਾਬੀ ਕਹਾਣੀ, ਪੰਨਾ-15

. ਵਿਸ਼ਵ ਜਯੋਤੀ ਧੀਰ, ਆਖ਼ਿਰ ਸਿਕੰਦਰ ਜਿੱਤ ਗਿਆ, ਪੰਨਾ-52

4. ਸੁਰਿੰਦਰ ਨੀਰ, ਖੁੱਲ੍ਹ ਜਾ ਸਿੰਮ ਸਿੰਮ, ਪੰਨਾ-38
5. ਰਸ਼ਪਿੰਦਰ ਰਸ਼ਿਮ, ਛਲੇਡਾ, ਪੰਨਾ-32
6. ਜਸਬੀਰ ਕੇਸਰ (ਡਾ.), (ਸੰਪਾ:ਤੇ ਅਨੁ:), ਔਰਤ ਆਜ਼ਾਦ ਹੈ?, ਪੰਨਾ-110
7. ਰਸ਼ਪਿੰਦਰ ਰਸ਼ਿਮ, ਛਲੇਡਾ, ਪੰਨਾ-18
8. ਸੁਖਵੰਤ ਕੌਰ ਮਾਨ, ਮਨਮਤੀਆਂ, ਪੰਨ-290
9. ਜਸਵੀਰ ਸਿੰਘ ਰਾਣਾ, ਖਿੱਤੀਆਂ ਘੁੰਮ ਰਹੀਆਂ ਨੇ, ਪੰਨਾ-134
10. ਉਹੀ, ਪੰਨਾ-129
11. ਸੁਰਿੰਦਰ ਨੀਰ, ਖੁੱਲ੍ਹ ਜਾ ਸਿੰਮ ਸਿੰਮ, ਪੰਨਾ-134
12. ਭਗਵੰਤ ਰਸੂਲਪੁਰੀ, ਮਰਨ ਰੁੱਤ, ਪੰਨਾ-35


ਪਤਾ- ਪਿੰਡ ਤੇ ਡਾਕ. ਭੁੱਚੋ ਕਲਾ, ਪੱਤੀ ਗਿੱਲਾਂ, ਜ਼ਿਲ੍ਹਾ ਬਠਿੰਡਾ (ਖੋਜ ਵਿਦਿਆਰਥੀ)



## ਹੁੰਗਾਰਾ

ਕਹਾਣੀ ਧਾਰਾ-42 (ਜੁਲਾਈ-ਸਤੰਬਰ, 2016) ਕਨੇਡੀਅਨ ਪੰਜਾਬੀ ਕਹਾਣੀ ਤੇ ਸਾਹਿਤ ਅੰਕ ਪੜ੍ਹਿਆ। ਚੰਗਾ ਲੱਗਾ। ਖਾਸ ਕਰਕੇ ਬਲਬੀਰ ਸੰਘੇੜਾ ਦੀ ਕਹਾਣੀ 'ਮਨੀ ਗੇਮ', ਚਾਹਲ ਦੀ 'ਸੁਰਖੀ ਦੀ ਕਥਾ ਕੱਲ ਨੂੰ', ਗੁਰਮੀਤ ਪਨਾਗ ਦੀ 'ਮੁਰਗਾਬੀਆਂ' ਅਤੇ ਸੁਰਜੀਤ ਕੌਰ ਦੀ ਕਹਾਣੀ 'ਤੇਰੇ ਬਿਨਾ ਮੈਂ' ਇਹ ਚਾਰੇ ਕਹਾਣੀਆਂ ਕਨੇਡਾ ਦੀ ਤਸਵੀਰ ਪੇਸ਼ ਕਰਦੀਆਂ ਹਨ। ਪਨਾਗ ਦੀ ਕਹਾਣੀ ਕਨੇਡੇ ਦੇ ਮੂਲ ਨਿਵਾਸੀਆਂ ਨੂੰ ਅਧਾਰ ਬਣਾ ਕੇ ਲਿਖੀ ਬਹੁਤ ਚੰਗੀ ਕਹਾਣੀ ਹੈ। ਕਨੇਡੀਅਨ ਕਹਾਣੀ ਤੇ ਕੇਂਦਰਤ ਛੇ ਲੇਖ ਵੀ ਕਾਫੀ ਜਾਣਕਾਰੀ ਦਿੰਦੇ ਹਨ। ਕਨੇਡਾ ਦਾ ਸਫ਼ਰਨਾਮਾ ਬਹੁਤ ਮੁੱਲਵਾਨ ਸੀ। ਇਸ ਨੂੰ ਪੜ੍ਹ ਕੇ ਸਾਨੂੰ ਕਾਫੀ ਗਿਆਨ ਮਿਲਿਆ। ਪਰਚੇ ਦਾ ਇਹ ਅੰਕ ਸਾਂਭਣਯੋਗ ਹੈ।

**-ਬਲਦੇਵ ਸਿੰਘ ਲਾਲੀ, ਟਰੰਟੋਂ**

ਕਹਾਣੀ ਧਾਰਾ-42 ਦੀ ਸਾਰੀ ਸਮੱਗਰੀ ਸਾਂਭਣਯੋਗ ਹੈ। ਇਸ ਅੰਕ ਦੀਆਂ ਕਹਾਣੀਆਂ, ਮੁਲਾਕਾਤਾਂ ਅਤੇ ਲੇਖ ਪਸੰਦ ਕੀਤੇ ਗਏ। ਅਤੇ ਨਾਲ ਨਾਲ ਤੁਹਾਡੇ ਵੱਲੋਂ ਲਿਖਿਆ ਸਫ਼ਰਨਾਮਾ ਵੀ ਪੜ੍ਹਨਯੋਗ ਹੈ। ਪਰ ਬਹੁਤ ਸਾਰੇ ਲੇਖਕ ਰਹਿ ਗਏ। ਜੇ ਉਹ ਵੀ ਸ਼ਾਮਿਲ ਹੁੰਦੇ ਤਾਂ ਪਰਚੇ ਦਾ ਮੁੱਲ ਹੋਰ ਵੱਧ ਜਾਣਾ ਸੀ। ਪਰ ਤੁਹਾਡਾ ਇਹ ਯਤਨ ਤਰੀਫ਼ ਕਰਨ ਯੋਗ ਹੈ। **- ਗੁਰਬਿੰਦਰ ਸਿੰਘ ਚੀਮਾ, ਫਿਰੋਜ਼ਪੁਰ**

ਮੈਂ ਕਹਾਣੀ ਧਾਰਾ ਦੀ ਪੱਕੀ ਪਾਠਕ ਹਾਂ। ਤੁਸੀਂ ਜੋ ਵਿਸ਼ੇਸ਼ ਅੰਕ ਛਾਪਦੇ ਹੋ। ਉਹ ਬਹੁਤ ਹੀ ਪੜ੍ਹਨ ਵਾਲੇ ਹੁੰਦੇ ਨੇ। ਕੈਨੇਡਾ ਦੇਸ਼ ਦੇ ਸਾਹਿਤ ਬਾਰੇ ਜੋ ਤੁਸੀਂ ਪਰਚਾ ਛਾਪਿਆ ਹੈ। ਇਹ ਮੈਨੂੰ ਬਹੁਤ ਚੰਗਾ ਲੱਗਾ। ਕਹਾਣੀਆਂ ਨੂੰ ਮੈਂ ਪਹਿਲਾਂ ਪੜ੍ਹਦੀ ਹਾਂ। ਤੁਸੀਂ ਪਹਿਲਾਂ ਵੀ ਕਾਫੀ ਚੰਗੀਆਂ ਕਹਾਣੀਆਂ ਪੜ੍ਹਨ ਨੂੰ ਦਿੰਦੇ ਹੋ। ਇਸ ਵਾਰ ਵੀ ਵਧੀਆਂ ਕਹਾਣੀਆਂ ਸਨ। ਦੀਵਾਨਾ ਜੀ ਦੀਆਂ ਕਵਿਤਾਵਾਂ ਵੀ ਚੰਗੀਆਂ ਸਨ। ਬਾਕੀ ਮੈਟਰ ਆਪਣੇ ਆਪਣੇ ਥਾਂ ਚੰਗਾ ਹੁੰਦਾ ਹੈ। ਤੁਸੀਂ ਹਰ ਵਾਰ ਪੜ੍ਹਨ ਵਾਲੀ ਸਮੱਗਰੀ ਦਿੰਦੇ ਹੋ। ਬਾਕੀ ਪਰਚਾ ਕਾਫੀ ਲੇਟ ਮਿਲਦਾ ਹੈ। ਭਵਿੱਖ ਵਿਚ ਕੋਸ਼ਿਸ਼ ਕਰੋ ਕਿ ਮੈਗਜ਼ੀਨ ਸਮੇਂ ਸਿਰ ਮਿਲ ਸਕੇ।

**-ਬਖ਼ਸ਼ਿੰਦਰ ਕੌਰ, ਤਰਨਤਾਰਨ**

'ਕਹਾਣੀ ਧਾਰਾ' ਦਾ ਨਵਾਂ ਕਨੇਡੇ ਵਾਲਾ ਅੰਕ ਮੈਂ ਬੜੇ ਧਿਆਨ ਨਾਲ ਪੜ੍ਹਿਆ ਹੈ। ਕਨੇਡਾ ਦੀ ਕਹਾਣੀ ਸਬੰਧੀ ਜਿਹੜੇ ਤੁਸੀਂ ਲੇਖ ਪ੍ਰਕਾਸ਼ਤ ਕੀਤੇ ਹਨ ਉਹ ਮੈਨੂੰ ਬਹੁਤ ਮਿਆਰੀ ਨੇ। ਇਨ੍ਹਾਂ ਨੂੰ ਪੜ੍ਹ ਕੇ ਪਤਾ ਲੱਗਾ ਕਿ ਕਨੇਡਾ ਦੀ ਕਿਸ ਕਿਸਮ ਦੀ ਕਹਾਣੀ ਲਿਖੀ ਜਾ ਰਹੀ ਹੈ। ਬਾਕੀ ਤੁਹਾਡਾ ਲਿਖਿਆ ਸਫ਼ਰਨਾਮਾ ਵੀ ਵਧੀਆ ਸੀ। ਬਾਕੀ ਕਹਾਣੀਆਂ ਵਿਚੋਂ ਪਨਾਗ, ਚਾਹਲ ਤੇ ਸੰਘੇੜਾ ਦੀਆਂ ਕਹਾਣੀਆਂ ਬਹੁਤ ਵਧੀਆ ਸਨ। ਬਾਕੀ ਹੋਰ ਮੈਟਰ ਵੀ ਵਧੀਆ ਸੀ। ਨਵੇਂ ਅੰਕ ਦੀ ਉਡੀਕ ਹੈ।

**-ਅਵਤਾਰ ਸਿੰਘ , ਸਰੀ, ਕਨੇਡਾ**

ਕਹਾਣੀ ਧਾਰਾ-42 ਅੰਕ ਵਿਚ ਅੰਮ੍ਰਿਤ ਦੀਵਾਨਾ ਦੀਆਂ ਕਵਿਤਾਵਾਂ ਬਹੁਤ ਨਿੱਗਰ ਸਨ। ਮੈਗਜ਼ੀਨ ਦੀਆਂ ਕਹਾਣੀਆਂ ਪਹਿਲਾਂ ਵਾਂਗ ਨਿੱਗਰ ਸਨ। 'ਮੁਰਗਾਬੀਆਂ' ਨਵੇਂ ਵਿਸ਼ੇ ਦੀ ਕਹਾਣੀ ਹੈ। ਜੋ ਪਸੰਦ ਆਈ। ਸੰਪਾਦਕੀ ਵਿਚ ਕਨੇਡਾ ਦਾ ਪੰਜਾਬੀ ਸਾਹਿਤ ਬਾਰੇ ਸੰਖੇਪ ਵਿਚ ਜ਼ਿਕਰ ਕੀਤਾ ਗਿਆ ਹੈ। ਇਸ ਅੰਕ ਵਿਚ ਜਿਹੜੀਆਂ ਮੁਲਾਕਾਤਾਂ ਹਨ ਖਾਸ ਕਰਕੇ ਪਾਲ ਢਿੱਲੋਂ ਤੇ ਸੰਘੇੜਾ ਦੀ ਉਹ ਵੀ ਨਿੱਗਰ ਸਨ। ਕਨੇਡਾ ਦੀ ਯਾਤਰਾ ਪੜ੍ਹਦਿਆਂ ਲੱਗਾ ਜਿਵੇਂ ਪਾਠਕ ਕਨੇਡਾ ਵਿਚ ਖੁਦ ਘੁੰਮ ਰਿਹਾ ਹੋਵੇ। ਪਰਚਾ ਦਿਨੋਂ ਦਿਨ ਤਰੱਕੀ ਕਰ ਰਿਹਾ ਹੈ। ਤੁਸੀਂ ਕਾਫੀ ਮਿਹਨਤ ਨਾਲ ਮੈਟਰ ਤਿਆਰ ਕਰਵਾਉਂਦੇ ਹੋ। 'ਕਹਾਣੀ ਧਾਰਾ' ਦੇ ਜਨ ਬੋਧ ਕਾਲਮ ਵਿਚ ਤੁਸੀਂ ਮੈਟਰ ਛਾਪਦੇ ਹੋ ਉਹ ਲਗਾਤਾਰ ਛਾਪਿਆ ਕਰੋ।

**-ਸੁਰਜੀਤ ਸਿੰਘ, ਮੁਹਾਲੀ**